ਐਤਵਾਰ, 21 ਜੂਨ, 2026
7 ਹਾੜ੍ਹ { ਨਾਨਕਸ਼ਾਹੀ 558 / ਬਿਕਰਮੀ 2083
ਜਿਲਦ/VOL. : 75
ਅੰਕ/NO. : 20

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 21 JUNE, 2026
ਜਲੰਧਰ

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

nawan zamana TV

## ਸਿੱਖਿਆ ਮੰਤਰੀ ਦੇ ਅਸਤੀਫੇ ਤੱਕ ਪ੍ਰਦਰਸ਼ਨ ਰਹੇਗਾ ਜਾਰੀ : ਦੀਪਕੇ

### ਪੁਲਸ ਵੱਲੋਂ ਪ੍ਰਦਰਸ਼ਨ ਜਾਰੀ ਰੱਖਣ ਦੀ ਇਜਾਜ਼ਤ ਦੇਣ ਤੋਂ ਨਾਂਹ



**ਨਵੀਂ ਦਿੱਲੀ** : ਦਿੱਲੀ ਪੁਲਸ ਨੇ ਕਾਕਰੋਚ ਜਨਤਾ ਪਾਰਟੀ ਨੂੰ ਸ਼ਨੀਵਾਰ ਜੰਤਰ-ਮੰਤਰ 'ਤੇ ਆਪਣਾ ਵਿਰੋਧ ਪ੍ਰਦਰਸ਼ਨ ਜਾਰੀ ਰੱਖਣ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ, ਭਾਵੇਂ ਪਾਰਟੀ ਦੇ ਸੰਸਥਾਪਕ ਅਭਿਜੀਤ ਦੀਪਕੇ ਨੇ ਦਾਅਵਾ ਕੀਤਾ ਹੈ ਕਿ ਉਹ ਸਿੱਖਿਆ ਮੰਤਰੀ ਦੇ ਅਸਤੀਫਾ ਦੇਣ ਤੱਕ ਇਥੋਂ ਨਹੀਂ ਹਿੱਲਣਗੇ। ਪੁਲਸ ਨੇ ਸੀ ਜੇ ਪੀ ਸਮਰਥਕਾਂ ਨੂੰ ਜੰਤਰ ਮੰਤਰ ਵਾਲੀ ਜਗ੍ਹਾ ਨੂੰ ਖਾਲੀ ਕਰਨ ਲਈ ਕਿਹਾ ਹੈ, ਜਿੱਥੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਅਤੇ ਹੋਰ ਲੋਕ ਕਥਿਤ ਪ੍ਰੀਖਿਆ ਬੇਨਿਯਮੀਆਂ, ਵਾਰ-ਵਾਰ ਪੇਪਰ ਲੀਕ ਹੋਣ ਅਤੇ ਸਰਕਾਰ ਤੋਂ ਜਵਾਬਦੇਹੀ ਦੀ ਮੰਗ ਨੂੰ ਲੈ ਕੇ ਪ੍ਰਦਰਸ਼ਨ ਕਰ ਰਹੇ ਹਨ। ਇਸ ਤੋਂ ਪਹਿਲਾਂ ਦੀਪਕੇ ਨੇ ਸਮਰਥਕਾਂ ਨੂੰ ਜੰਤਰ-ਮੰਤਰ 'ਤੇ ਚੱਲ ਰਹੇ ਵਿਰੋਧ ਪ੍ਰਦਰਸ਼ਨ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਸੀ ਤੇ ਵਿਸ਼ਵਾਸ ਪ੍ਰਗਟ ਕੀਤਾ ਸੀ ਕਿ ਪੁਲਸ ਪ੍ਰਦਰਸ਼ਨ ਨੂੰ ਜਾਰੀ ਰੱਖਣ ਦੀ ਇਜਾਜ਼ਤ ਦੇਵੇਗੀ। ਦੀਪਕੇ ਨੇ ਕਿਹਾ, 'ਮੈਂ ਅਧਿਕਾਰੀਆਂ ਨੂੰ ਬੇਨਤੀ ਕਰਦਾ ਹਾਂ...ਕਿਉਂਕਿ ਦੇਸ਼ ਭਰ ਦੇ ਨੌਜਵਾਨ ਇੱਥੇ ਹਨ। ਉਹ ਇੱਥੇ ਬੈਠਣਾ ਚਾਹੁੰਦੇ ਹਨ, ਜਦੋਂ ਤੱਕ ਸਾਨੂੰ ਇਨਸਾਫ਼ ਨਹੀਂ ਮਿਲਦਾ। ਮੈਂ ਦਿੱਲੀ ਪੁਲਸ ਨੂੰ ਪ੍ਰਦਰਸ਼ਨ ਦੀ ਇਜਾਜ਼ਤ ਵਧਾਉਣ ਦੀ ਬੇਨਤੀ ਕਰਦਾ ਹਾਂ। ਵਿਰੋਧ ਪ੍ਰਦਰਸ਼ਨ ਸ਼ਾਂਤਮਈ ਹੈ, ਅਸੀਂ ਸਿਰਫ਼ ਮਾਸੂਮ ਵਿਦਿਆਰਥੀ ਹਾਂ, ਜੋ ਇੱਥੇ ਬੈਠਣਾ ਚਾਹੁੰਦੇ ਹਾਂ।' ਯੂਥ ਨੇਤਾ ਨੇ ਕਿਹਾ ਕਿ ਗੱਲਬਾਤ ਦਾ ਰਸਤਾ ਖੁੱਲ੍ਹਾ ਹੈ, ਪਰ ਇਕੋ ਸ਼ਰਤ ਇਹ ਹੈ ਕਿ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਅਸਤੀਫਾ ਦੇ ਦੇਣ । ਉਨ੍ਹਾ ਦਿੱਲੀ ਪੁਲਸ ਨੂੰ ਕੇਂਦਰ ਨਾਲ ਗੱਲਬਾਤ ਖੋਲ੍ਹਣ ਦੀ ਵੀ ਬੇਨਤੀ ਕੀਤੀ ਅਤੇ ਜ਼ੋਰ ਦੇ ਕੇ ਕਿਹਾ ਕਿ ਜੇਕਰ ਗ੍ਰਿਫਤਾਰੀਆਂ ਹੁੰਦੀਆਂ ਹਨ, ਤਾਂ ਮੈਂ ਸਭ ਤੋਂ ਪਹਿਲਾਂ ਗ੍ਰਿਫਤਾਰੀ ਦੇਣ ਵਾਲਾ ਵਿਅਕਤੀ ਹੋਵਾਂਗਾ। ਸਿੱਖਿਆ ਸੁਧਾਰ ਕਾਰਕੁਨ ਅਤੇ ਇੰਜੀਨੀਅਰ ਸੋਨਮ ਵਾਂਗਚੁਕ ਸ਼ਨੀਵਾਰ ਨੂੰ ਦਿੱਲੀ ਵਿੱਚ ਕਾਕਰੋਚ ਜਨਤਾ ਪਾਰਟੀ (ਸੀ ਜੇ ਪੀ) ਦੁਆਰਾ ਆਯੋਜਿਤ ਵਿਰੋਧ ਪ੍ਰਦਰਸ਼ਨ ਵਿੱਚ ਸ਼ਾਮਲ ਹੋਏ । ਵਾਂਗਚੁਕ ਨੇ ਆਪਣੇ ਭਾਸ਼ਣ ਦੀ ਸ਼ੁਰੂਆਤ ਉਨ੍ਹਾਂ ਉਮੀਦਵਾਰਾਂ ਦੀਆਂ ਤਸਵੀਰਾਂ ਅੱਗੇ ਫੁੱਲ ਭੇਟ ਕਰਕੇ ਕੀਤੀ, ਜੋ ਨੀਟ ਪੇਪਰ ਲੀਕ ਹੋਣ ਕਾਰਨ ਪ੍ਰੀਖਿਆ ਰੱਦ ਹੋ ਜਾਣ ਦੇ ਸਿੱਟੇ ਵਜੋਂ ਖੁਦਕੁਸ਼ੀਆਂ ਕਰ ਗਏ ਸਨ। ਆਪਣੇ ਭਾਸ਼ਣ ਦੌਰਾਨ ਮਹਾਤਮਾ ਗਾਂਧੀ ਅਤੇ ਭਗਵਾਨ ਰਾਮ ਨੂੰ ਯਾਦ ਕਰਦੇ ਹੋਏ ਵਾਂਗਚੁਕ ਨੇ ਹਵਾਲਾ ਦਿੱਤਾ, 'ਰਘੂ ਕੁਲ ਰੀਤ ਸਦਾ ਚਲੀ ਆਈ, ਪ੍ਰਾਣ ਜਾਏ ਪਰ ਵਚਨ ਨਾ ਜਾਏ।' ਉਸ ਨੇ ਪ੍ਰਦਰਸ਼ਨਕਾਰੀਆਂ ਨੂੰ ਸ਼ਾਂਤੀਪੂਰਨ ਅਤੇ ਸਿਧਾਂਤਕ ਸਰਗਰਮੀ ਪ੍ਰਤੀ ਵਚਨਬੱਧ ਰਹਿਣ ਦੀ ਅਪੀਲ ਕੀਤੀ। ਉਹਨਾ ਕਿਹਾ, 'ਸਾਨੂੰ ਜਵਾਬਦੇਹੀ ਲਿਆਉਣੀ ਪਵੇਗੀ। ਇਹ ਅੰਦੋਲਨ ਸਰਕਾਰ ਤੋਂ ਸਵਾਲ ਪੁੱਛਣ ਬਾਰੇ ਹੈ।'

## 'ਆਪ' ਵੱਲੋਂ ਅਕਾਲੀ ਦਲ ਵਿਰੁੱਧ ਪੰਜਾਬ ਭਰ 'ਚ ਪ੍ਰਦਰਸ਼ਨ

**ਚੰਡੀਗੜ੍ਹ (ਗੁਰਜੀਤ ਬਿੱਲਾ/ ਸੁਰਜੀਤ ਸੁਮਨ/ਕ੍ਰਿਸ਼ਨ ਗਰਗ)**

ਆਮ ਆਦਮੀ ਪਾਰਟੀ ਨੇ ਸ਼ਨੀਵਾਰ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਇੱਕ ਗੁੰਮਰਾਹਕੁੰਨ ਅਤੇ ਫਰਜ਼ੀ ਵੀਡੀਓ ਰਾਹੀਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਖ਼ਿਲਾਫ਼ ਚਿੱਟਾ ਪਾਰਟੀ (ਸ਼੍ਰੋਮਣੀ ਅਕਾਲੀ ਦਲ), ਇਸ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਈ ਡੀ ਪਾਰਟੀ (ਭਾਜਪਾ) ਅਤੇ ਕਾਂਗਰਸ ਵਿਰੁੱਧ ਪੂਰੇ ਪੰਜਾਬ ਵਿੱਚ ਵਿਸ਼ਾਲ ਰੋਸ ਪ੍ਰਦਰਸ਼ਨ ਕੀਤੇ।'ਆਪ' ਦੇ ਮੰਤਰੀ, ਵਿਧਾਇਕ, ਸੀਨੀਅਰ ਆਗੂ, ਵਰਕਰ ਤੇ ਸਥਾਨਕ ਲੋਕ ਸੂਬੇ ਭਰ ਵਿੱਚ ਸੜਕਾਂ 'ਤੇ ਉਤਰ ਆਏ ਅਤੇ ਵਿਰੋਧੀ ਪਾਰਟੀਆਂ 'ਤੇ ਧਰਮ ਦੀ ਦੁਰਵਰਤੋਂ ਕਰਨ, ਝੂਠਾ ਪ੍ਰਚਾਰ ਫੈਲਾਉਣ ਅਤੇ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰਨ ਤੇ ਸੂਬੇ ਦੀ ਤਰੱਕੀ ਨੂੰ ਲੀਹੋਂ ਲਾਹੁਣ ਲਈ ਸਿਆਸੀ ਸਾਜ਼ਿਸ਼ਾਂ ਰਚਣ ਦੇ ਦੋਸ਼ ਲਾਏ।

ਫ਼ਰੀਦਕੋਟ, ਬਰਨਾਲਾ, ਸੰਗਰੂਰ ਤੇ ਮਾਨਸਾ ਤੋਂ ਲੈ ਕੇ ਕਪੂਰਥਲਾ, ਮੋਗਾ ਅਤੇ ਬਾਦਲ ਪਿੰਡ ਤੱਕ ਪ੍ਰਦਰਸ਼ਨਕਾਰੀਆਂ ਨੇ ਉਨ੍ਹਾਂ ਤਾਕਤਾਂ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ, ਜਿਨ੍ਹਾਂ ਨੂੰ ਉਨ੍ਹਾਂ ਪੰਜਾਬ ਵਿਰੋਧੀ ਅਤੇ ਪੰਥ ਵਿਰੋਧੀ ਦੱਸਿਆ, ਜੋ ਸਿਆਸੀ ਫਾਇਦੇ ਲਈ ਵਾਰ-ਵਾਰ ਧਾਰਮਿਕ ਭਾਵਨਾਵਾਂ ਦਾ ਸ਼ੋਸ਼ਣ ਕਰਨ ਅਤੇ ਲੋਕਾਂ ਨੂੰ ਵੰਡਣ ਦੀ ਕੋਸ਼ਿਸ਼ ਕਰਦੀਆਂ ਆਈਆਂ ਹਨ।ਉਨ੍ਹਾਂ ਦਾਅਵਾ ਕੀਤਾ ਕਿ ਜਿੱਥੇ ਵਿਰੋਧੀ ਧਿਰ ਨਫ਼ਰਤ, ਝੂਠੀਆਂ ਅਫ਼ਵਾਹਾਂ ਅਤੇ ਨਿੱਜੀ ਹਿੱਤਾਂ ਦੀ ਰਾਜਨੀਤੀ ਕਰ ਰਹੀ ਹੈ, ਉੱਥੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪਾਰਦਰਸ਼ੀ ਪ੍ਰਸ਼ਾਸਨ, ਰੁਜ਼ਗਾਰ ਦੇ ਮੌਕੇ, ਮਿਆਰੀ ਸਿੱਖਿਆ, ਭਲਾਈ ਸਕੀਮਾਂ ਅਤੇ ਵਿਕਾਸ ਪੱਖੀ ਸਿਆਸਤ ਰਾਹੀਂ ਪੰਜਾਬੀਆਂ ਦਾ ਦਿਲ ਜਿੱਤਿਆ ਹੈ।ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਅਜਿਹੀ ਵੰਡ ਪਾਉਣ ਵਾਲੀ ਰਾਜਨੀਤੀ ਨੂੰ ਵਾਰ-ਵਾਰ ਨਕਾਰਿਆ ਹੈ ਅਤੇ ਉਹ ਮੁੱਖ ਮੰਤਰੀ ਦੇ ਅਕਸ ਨੂੰ ਖ਼ਰਾਬ ਕਰਨ ਜਾਂ ਸੂਬੇ ਦੀ ਸ਼ਾਂਤੀ, ਭਾਈਚਾਰਕ ਸਾਂਝ ਅਤੇ ਤਰੱਕੀ ਨੂੰ ਭੰਗ ਕਰਨ ਦੀ ਕਿਸੇ ਵੀ ਸਾਜ਼ਿਸ਼ ਨੂੰ ਕਦੇ ਵੀ ਕਾਮਯਾਬ ਨਹੀਂ ਹੋਣ ਦੇਣਗੇ।

ਮੁਹਾਲੀ ਵਿਖੇ ਇੱਕ ਰੋਸ ਰੈਲੀ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਸ਼੍ਰੋਮਣੀ ਅਕਾਲੀ ਦਲ ਦੀਆਂ ਪੰਥ ਵਿਰੋਧੀ ਤੇ ਪੰਜਾਬ ਵਿਰੋਧੀ ਗਤੀਵਿਧੀਆਂ ਅਤੇ ਸੂਬੇ ਦੀ ਅਮਨ-ਸ਼ਾਂਤੀ ਤੇ ਭਾਈਚਾਰਕ ਸਾਂਝ ਨੂੰ ਭੰਗ ਕਰਨ ਦੀਆਂ ਵਾਰ-ਵਾਰ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਖ਼ਿਲਾਫ਼ ਪੂਰੇ ਪੰਜਾਬ ਵਿੱਚ ਸੰਕੇਤਕ ਪ੍ਰਦਰਸ਼ਨ ਕੀਤੇ ਹਨ।ਉਨ੍ਹਾ ਕਿਹਾ ਕਿ ਅੱਜ ਆਮ ਆਦਮੀ ਪਾਰਟੀ ਦੇ ਵਰਕਰ ਅਜਿਹੀਆਂ ਤਾਕਤਾਂ ਖ਼ਿਲਾਫ਼ ਆਪਣਾ ਰੋਸ ਦਰਜ ਕਰਵਾਉਣ ਲਈ ਨਾ ਸਿਰਫ਼ ਮੁਹਾਲੀ, ਬਲਕਿ ਪੂਰੇ ਪੰਜਾਬ ਵਿੱਚ ਸੜਕਾਂ 'ਤੇ ਉਤਰੇ ਹਨ।ਪੰਜਾਬ ਦੇ ਲੋਕ ਇਨ੍ਹਾਂ ਸਾਜ਼ਿਸ਼ਾਂ ਤੋਂ ਪੂਰੀ ਤਰ੍ਹਾਂ ਜਾਣੂ ਹਨ ਅਤੇ ਸੂਬੇ ਦੇ ਹਿੱਤਾਂ ਨੂੰ ਵਾਰ-ਵਾਰ ਨੁਕਸਾਨ ਪਹੁੰਚਾਉਣ ਵਾਲਿਆਂ ਨੂੰ ਕਦੇ ਸਫ਼ਲ ਨਹੀਂ ਹੋਣ ਦੇਣਗੇ।

ਉਹਨਾ ਕਿਹਾ ਕਿ ਇਨ੍ਹਾਂ ਇਤਿਹਾਸਕ ਵਿਕਾਸ ਕਾਰਜਾਂ ਨੇ ਵਿਰੋਧੀ ਪਾਰਟੀਆਂ ਨੂੰ ਬੇਚੈਨ ਕਰ ਦਿੱਤਾ ਹੈ। ਪੰਜਾਬ ਵਿੱਚ ਹੋ ਰਹੀ ਤੇਜ਼ੀ ਨਾਲ ਤਰੱਕੀ ਨੂੰ ਹਜ਼ਮ ਕਰਨ ਵਿੱਚ ਅਸਮਰਥ ਸ਼੍ਰੋਮਣੀ ਅਕਾਲੀ ਦਲ ਹੁਣ ਘਟੀਆ ਰਾਜਨੀਤੀ 'ਤੇ ਉਤਰ ਆਇਆ ਹੈ।ਇਸ ਨੇ ਸਾਡੇ ਮੁੱਖ ਮੰਤਰੀ ਦੇ ਸਾਫ਼-ਸੁਥਰੇ ਅਕਸ ਨੂੰ ਖ਼ਰਾਬ ਕਰਨ ਲਈ ਸੋਸ਼ਲ ਮੀਡੀਆ 'ਤੇ ਇੱਕ ਮਨਘੜਤ ਅਤੇ ਫਰਜ਼ੀ ਵੀਡੀਓ ਬਣਾ ਕੇ ਵਾਇਰਲ ਕਰਨ ਦੀ ਕੋਸ਼ਿਸ਼ ਕੀਤੀ ਹੈ।ਇਹ ਉਨ੍ਹਾਂ ਸਿਆਸੀ ਤਾਕਤਾਂ ਦੀ ਨਿਰਾਸ਼ਾ ਨੂੰ ਦਰਸਾਉਂਦਾ ਹੈ, ਜੋ ਜਨਤਾ ਦਾ ਸਮਰਥਨ ਗੁਆ ਚੁੱਕੀਆਂ ਹਨ ਅਤੇ ਝੂਠੇ ਪ੍ਰਚਾਰ ਰਾਹੀਂ ਦੁਬਾਰਾ ਆਪਣੀ ਹੋਂਦ ਬਚਾਉਣ ਦੀ ਨਾਕਾਮ ਕੋਸ਼ਿਸ਼ ਕਰ ਰਹੀਆਂ ਹਨ।

**ਸੰਗਰੂਰ/ਭਵਾਨੀਗੜ੍ਹ (ਪ੍ਰਵੀਨ ਸਿੰਘ, ਰਾਜ ਖੁਰਮੀ)** : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਬਦਨਾਮ ਕਰਨ ਲਈ ਸੋਸ਼ਲ ਮੀਡੀਆ 'ਤੇ ਵਾਇਰਲ ਕੀਤੀ ਗਈ ਕਥਿਤ ਫ਼ਰਜ਼ੀ ਵੀਡੀਓ ਦੇ ਵਿਰੋਧ ਵਿੱਚ ਆਮ ਆਦਮੀ ਪਾਰਟੀ ਵੱਲੋਂ ਸੰਗਰੂਰ ਵਿਖੇ ਵਿਸ਼ਾਲ ਰੋਸ ਪ੍ਰਦਰਸ਼ਨ ਕੀਤਾ ਗਿਆ।ਇਸ ਦੌਰਾਨ ਪਾਰਟੀ ਦੀ • ਬਾਕੀ ਸਫਾ 2 'ਤੇ




### ਵੀਡੀਓ ਵਿਚਲਾ ਵਿਅਕਤੀ ਲੱਭਿਆ ਜਾਵੇ : ਬਲਤੇਜ ਪੰਨੂ



**ਚੰਡੀਗੜ੍ਹ** : ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਿਚਾਲੇ ਕਥਿਤ ਵੀਡੀਓ ਨੂੰ ਲੈ ਕੇ ਹੋਈ ਗੱਲਬਾਤ ਸਾਹਮਣੇ ਆਉਣ ਦੇ ਤੁਰੰਤ ਬਾਅਦ ਸੱਤਾਧਾਰੀ ਆਮ ਆਦਮੀ ਪਾਰਟੀ ਨੇ ਆਪਣੀ ਪ੍ਰਤੀਕਿਰਿਆ ਦਿੱਤੀ ਹੈ। ਪਾਰਟੀ ਦਾ ਦਾਅਵਾ ਹੈ ਕਿ ਮੁੱਖ ਮੰਤਰੀ ਨੇ ਕਦੇ ਨਹੀਂ ਕਿਹਾ ਸੀ ਕਿ ਵੀਡੀਓ ਆਰਟੀਫੀਸ਼ੀਅਲ ਇੰਟੈਲੀਜੈਂਸ (ਏ ਆਈ) ਨਾਲ ਬਣਾਈ ਗਈ ਸੀ। ਪਾਰਟੀ ਨੇ ਮੰਗ ਕੀਤੀ ਕਿ ਵੀਡੀਓ ਵਿੱਚ ਸੀ ਐੱਮ ਦੀ ਨਕਲ ਕਰਨ ਵਾਲੇ ਵਿਅਕਤੀ ਦੀ ਪਛਾਣ ਕੀਤੀ ਜਾਵੇ।

ਪਾਰਟੀ ਦੇ ਬੁਲਾਰੇ ਬਲਤੇਜ ਸਿੰਘ ਪੰਨੂ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ ਐੱਕਸ 'ਤੇ ਗੱਲਬਾਤ ਦੀ ਵੀਡੀਓ ਕਲਿੱਪ ਸਾਂਝੀ ਕਰਦੇ ਹੋਏ ਲਿਖਿਆ, 'ਸਤਿਕਾਰਯੋਗ ਜਥੇਦਾਰ ਸਾਹਿਬ ਮੁੱਖ ਮੰਤਰੀ ਸਾਹਿਬ ਤਾਂ ਪਹਿਲੇ ਦਿਨ ਤੋਂ ਹੀ ਕਹਿ ਰਹੇ ਹਨ ਕਿ ਵੀਡੀਓ ਫੇਕ (ਨਕਲੀ) ਹੈ। ਹੁਣ ਤੁਹਾਡੀ ਹੀ ਰਿਕਾਰਡਿੰਗ ਨੇ ਇਹ ਸਾਬਿਤ ਕਰ ਦਿੱਤਾ ਹੈ ਕਿ ਮੁੱਖ ਮੰਤਰੀ ਨੇ ਇਹ ਨਹੀਂ ਕਿਹਾ ਸੀ ਕਿ ਇਹ ਵੀਡੀਓ ਏ ਆਈ ਨਾਲ ਬਣਾਈ ਹੋਈ ਹੈ।' ਪੰਨੂ ਨੇ ਕਿਹਾ ਕਿ ਕ੍ਰਿਪਾ ਕਰਕੇ ਇਹ ਵੀ ਲੱਭ ਲਓ ਕਿ ਵੀਡੀਓ ਵਿੱਚ ਐਕਟਰ ਕੌਣ ਹੈ? ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਐਡਵੋਕੇਟ ਅਰਸ਼ਦੀਪ ਸਿੰਘ ਕਲੇਰ ਨੇ ਪੰਨੂ ਦੇ ਬਿਆਨ ਦਾ ਖੰਡਨ ਕਰਦਿਆਂ ਕਿਹਾ ਕਿ 'ਆਪ' ਸਰਕਾਰ ਹਮੇਸ਼ਾ ਤੋਂ ਇਹ ਦਾਅਵਾ ਕਰਦੀ ਆ ਰਹੀ ਸੀ ਕਿ ਇਹ ਵੀਡੀਓ ਏ ਆਈ-ਜਨਰੇਟਡ ਹੈ।

## ਰੇਲ ਗੱਡੀਆਂ ਦੀ ਟੱਕਰ 'ਚ ਇਕ ਮੌਤ, 89 ਜ਼ਖਮੀ



**ਲੰਡਨ** : ਬ੍ਰਿਟੇਨ ਦੀ ਰਾਜਧਾਨੀ ਲੰਡਨ ਤੋਂ ਲਗਭਗ 60 ਮੀਲ ਦੂਰ ਉੱਤਰ ਵਿਚ ਸਥਿਤ ਬੈਡਫੋਰਡ ਇਲਾਕੇ ਵਿਚ ਇਕ ਵੱਡਾ ਰੇਲ ਹਾਦਸਾ ਵਾਪਰਿਆ ਹੈ। ਬੈਡਫੋਰਡ ਦੇ ਦੱਖਣੀ ਹਿੱਸੇ ਵਿਚ 2 ਰੇਲ ਗੱਡੀਆਂ ਦੀ ਜ਼ੋਰਦਾਰ ਟੱਕਰ ਹੋਈ। ਹਾਦਸੇ ਵਿਚ 89 ਦੇ ਕਰੀਬ ਲੋਕ ਜ਼ਖਮੀ ਦੱਸੇ ਜਾ ਰਹੇ ਹਨ। ਪ੍ਰਸ਼ਾਸਨ ਨੇ ਐਮਰਜੈਂਸੀ ਐਲਾਨ ਦਿੱਤੀ ਤੇ ਰਾਹਤ ਤੇ ਬਚਾਅ ਕੰਮ ਤੁਰੰਤ ਸ਼ੁਰੂ ਕਰ ਦਿੱਤਾ ਗਿਆ। ਸੋਸ਼ਲ ਮੀਡੀਆ 'ਤੇ ਸਾਹਮਣੇ ਆਏ ਵੀਡੀਓ ਵਿਚ ਦੇਖਿਆ ਜਾ ਸਕਦਾ ਹੈ ਕਿ ਪਟੜੀ 'ਤੇ ਖੜ੍ਹੀ ਇਕ ਟਰੇਨ ਦੇ ਪਿਛਲੇ ਹਿੱਸੇ ਨਾਲ ਦੂਜੀ ਟਰੇਨ ਦਾ ਅਗਲਾ ਹਿੱਸਾ ਬੁਰੀ ਤਰ੍ਹਾਂ ਟਕਰਾਇਆ ਹੋਇਆ ਹੈ। ਘਟਨਾ ਦੇ ਬਾਅਦ ਰੇਲ ਗੱਡੀ ਅੰਦਰ ਚੀਕ-ਚਿਹਾੜਾ ਮਚ ਗਿਆ ਤੇ ਹਫੜਾ-ਦਫੜੀ ਦਾ ਮਾਹੌਲ ਬਣ ਗਿਆ। ਰੇਲ ਗੱਡੀਆਂ ਅੰਦਰ ਫਸੇ ਯਾਤਰੀਆਂ ਨੂੰ ਬਾਹਰ ਕੱਢਿਆ ਗਿਆ।

## ਖੜਗੇ ਦੀ ਰਿਹਾਇਸ਼ 'ਤੇ ਪੰਜਾਬ ਬਾਰੇ ਅਹਿਮ ਮੀਟਿੰਗ

**ਚੰਡੀਗੜ੍ਹ** : ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਦੀ ਰਿਹਾਇਸ਼ 'ਤੇ ਪੰਜਾਬ ਬਾਰੇ ਇੱਕ ਅਹਿਮ ਮੀਟਿੰਗ ਹੋਈ, ਜਿਸ ਵਿੱਚ ਅਜੈ ਮਾਕਨ ਦੀ ਅਗਵਾਈ ਵਾਲੀ ਤਿੰਨ ਮੈਂਬਰੀ ਅਬਜ਼ਰਵਰਾਂ ਦੀ ਕਮੇਟੀ ਵੱਲੋਂ ਸੌਂਪੀ ਗਈ ਰਿਪੋਰਟ ਦੇ ਨਤੀਜਿਆਂ 'ਤੇ ਚਰਚਾ ਕੀਤੀ ਗਈ। ਮੀਟਿੰਗ ਵਿੱਚ ਕਾਂਗਰਸ ਨੇਤਾ ਅਤੇ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ, ਜਨਰਲ ਸਕੱਤਰ (ਸੰਗਠਨ) ਕੇ ਸੀ ਵੇਣੂਗੋਪਾਲ ਅਤੇ ਏ ਆਈ ਸੀ ਸੀ ਦੇ ਜਨਰਲ ਸਕੱਤਰ, ਪੰਜਾਬ ਮਾਮਲਿਆਂ ਦੇ ਇੰਚਾਰਜ ਭੁਪੇਸ਼ ਬਘੇਲ ਵੀ ਹਾਜ਼ਰ ਸਨ। ਸੂਤਰਾਂ ਨੇ ਦੱਸਿਆ ਕਿ ਮਾਕਨ ਕਮੇਟੀ ਦੀ ਰਿਪੋਰਟ ਦੇ ਨਤੀਜਿਆਂ 'ਤੇ ਚਰਚਾ ਕੀਤੀ ਗਈ ਅਤੇ ਆਪਸ ਵਿੱਚ ਲੜ ਰਹੇ ਧੜਿਆਂ ਨੂੰ ਐਡਜਸਟ ਕਰਨ ਲਈ ਵੱਖ-ਵੱਖ ਸੰਭਾਵਨਾਵਾਂ ਤੇ ਤਰੀਕਿਆਂ 'ਤੇ ਗੱਲਬਾਤ ਹੋਈ। ਅੰਤਿਮ ਫੈਸਲਾ ਲੈਣ ਤੋਂ ਪਹਿਲਾਂ ਰਾਹੁਲ ਗਾਂਧੀ ਵੱਲੋਂ ਸੀਨੀਅਰ ਨੇਤਾਵਾਂ ਨਾਲ ਸਲਾਹ-ਮਸ਼ਵਰਾ ਕਰਨ ਦੀ ਉਮੀਦ ਹੈ। ਰਾਹੁਲ ਗਾਂਧੀ ਦੇ ਵਿਦੇਸ਼ ਜਾਣ ਤੋਂ ਪਹਿਲਾਂ ਅਗਲੇ ਦੋ ਦਿਨਾਂ ਵਿੱਚ ਅੰਤਮ ਫੈਸਲਾ ਆਉਣ ਦੀ ਸੰਭਾਵਨਾ ਹੈ।

## ਖਾਲਸਾ ਟੈਕਸ ਫਿਲਹਾਲ ਟਲਿਆ

**ਸ੍ਰੀ ਅਨੰਦਪੁਰ ਸਾਹਿਬ** : ਨਿਹੰਗ ਬਾਬਾ ਅੱਛਰ ਸਿੰਘ ਮਹਾਂਕਾਲ ਦੀ ਅਗਵਾਈ ਹੇਠ ਸ਼ਨੀਵਾਰ ਇੱਕ ਵਫ਼ਦ ਨੇ ਤਹਿਸੀਲਦਾਰ ਸੰਦੀਪ ਕੁਮਾਰ ਅਤੇ ਕੀਰਤਪੁਰ ਸਾਹਿਬ ਦੇ ਐੱਸ ਐੱਚ ਓ ਰਾਹੁਲ ਕੁਮਾਰ ਨੂੰ ਮੰਗ ਪੱਤਰ ਸੌਂਪਿਆ। ਇਸ ਮੌਕੇ ਜਥੇਬੰਦੀ ਦੇ ਆਗੂਆਂ ਨੇ ਕਿਹਾ ਕਿ ਹਿਮਾਚਲ ਪ੍ਰਦੇਸ਼ ਵਿੱਚ ਪੰਜਾਬ ਦੇ ਵਾਹਨਾਂ ਅਤੇ ਯਾਤਰੀਆਂ ਨਾਲ ਹੋ ਰਹੇ ਵਿਤਕਰੇ ਨੂੰ ਲੈ ਕੇ ਲੋਕਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ, ਜਿਸ ਕਾਰਨ 'ਖਾਲਸਾ ਟੈਕਸ' ਲਗਾਉਣ ਦਾ ਫ਼ੈਸਲਾ ਕੀਤਾ ਗਿਆ ਸੀ। ਉਨ੍ਹਾ ਦੱਸਿਆ ਕਿ ਪ੍ਰਸ਼ਾਸਨ ਵੱਲੋਂ ਮਸਲੇ ਦੇ ਹੱਲ ਲਈ ਹਰ ਸੰਭਵ ਯਤਨ ਕੀਤੇ ਜਾਣ ਦਾ ਭਰੋਸਾ ਦਿੰਦਿਆਂ ਫਿਲਹਾਲ ਸੰਘਰਸ਼ ਨੂੰ ਟਾਲਣ ਦੀ ਅਪੀਲ ਕੀਤੀ ਸੀ। ਤਹਿਸੀਲਦਾਰ ਸੰਦੀਪ ਕੁਮਾਰ ਨੇ ਪੁਸ਼ਟੀ ਕੀਤੀ ਕਿ ਜਥੇਬੰਦੀ ਵੱਲੋਂ ਟੋਲ ਅਤੇ ਐਂਟਰੀ ਟੈਕਸ ਨਾਲ ਸੰਬੰਧਤ ਮੰਗਾਂ ਦਾ ਇੱਕ ਮੰਗ-ਪੱਤਰ ਸੌਂਪਿਆ ਗਿਆ ਹੈ। ਉਨ੍ਹਾ ਕਿਹਾ ਕਿ ਪ੍ਰਸ਼ਾਸਨ ਵੱਲੋਂ ਇਸ ਮਾਮਲੇ ਸੰਬੰਧੀ ਪੰਜਾਬ ਸਰਕਾਰ ਨਾਲ ਤਾਲਮੇਲ ਕੀਤਾ ਜਾ ਰਿਹਾ ਹੈ ਅਤੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨਾਲ ਜਥੇਬੰਦੀ ਦੀ ਮੀਟਿੰਗ ਕਰਵਾਉਣ ਦੇ ਯਤਨ ਕੀਤੇ ਜਾ ਰਹੇ ਹਨ, ਤਾਂ ਜੋ ਪੈਦਾ ਹੋਏ ਵਿਵਾਦ ਦਾ ਕੋਈ ਸਥਾਈ ਹੱਲ ਕੱਢਿਆ ਜਾ ਸਕੇ। ਪ੍ਰਸ਼ਾਸਨ ਵੱਲੋਂ ਮਿਲੇ ਭਰੋਸੇ ਤੋਂ ਬਾਅਦ ਨਿਹੰਗ ਸਿੰਘ ਜਥੇਬੰਦੀਆਂ ਨੇ 21 ਜੂਨ ਤੋਂ ਸ਼ੁਰੂ ਕੀਤੇ ਜਾਣ ਵਾਲੇ 'ਖਾਲਸਾ ਟੈਕਸ' ਨੂੰ ਫਿਲਹਾਲ ਮੁਲਤਵੀ ਕਰ ਦਿੱਤਾ ਹੈ।

## ਨਾਗਪੁਰ ਦੇ ਵਿਦਿਆਰਥੀ ਨੂੰ ਅਬੂ ਧਾਬੀ ਕੇਂਦਰ ਮਿਲਿਆ !

**ਨਾਗਪੁਰ** : ਮਹਾਰਾਸ਼ਟਰ ਦੇ ਨਾਗਪੁਰ ਦੇ ਇੱਕ ਵਿਦਿਆਰਥੀ ਨੂੰ ਨੈਸ਼ਨਲ ਟੈਸਟਿੰਗ ਏਜੰਸੀ ਵੱਲੋਂ ਐਤਵਾਰ ਨੂੰ ਹੋਣ ਵਾਲੀ ਨੀਟ-ਯੂ ਜੀ 2026 ਮੁੜ ਪ੍ਰੀਖਿਆ ਲਈ ਆਬੂ ਧਾਬੀ ਕੇਂਦਰ ਅਲਾਟ ਕੀਤਾ ਗਿਆ, ਜਿਸ ਤੋਂ ਬਾਅਦ ਉਸ ਦੇ ਮਾਪਿਆਂ ਨੇ ਐੱਨ ਟੀ ਏ ਕੋਲ ਇਹ ਮੁੱਦਾ ਉਠਾਇਆ ਅਤੇ ਸੁਧਾਰ ਦੀ ਮੰਗ ਕੀਤੀ। ਵਿਦਿਆਰਥੀ ਅਬਦੁੱਲਾ ਤਾਲਿਬ ਨੇ ਪ੍ਰੀਖਿਆ ਲਈ ਨਾਗਪੁਰ, ਵਰਧਾ ਅਤੇ ਭੰਡਾਰਾ ਕੇਂਦਰਾਂ ਨੂੰ ਤਰਜੀਹ ਦਿੱਤੀ ਸੀ।

ਜਦੋਂ ਉਸ ਨੂੰ ਪ੍ਰੀਖਿਆ ਕਾਰਡ ਪ੍ਰਾਪਤ ਹੋਇਆ ਤਾਂ ਉਹ ਇਹ ਦੇਖ ਕੇ ਹੈਰਾਨ ਰਹਿ ਗਿਆ ਕਿ ਉਸ ਨੂੰ ਅਬੂ ਧਾਬੀ ਵਿੱਚ ਇੱਕ ਪ੍ਰੀਖਿਆ ਕੇਂਦਰ ਅਲਾਟ ਕੀਤਾ ਗਿਆ ਹੈ । ਐੱਨ ਟੀ ਏ ਨੇ ਉਨ੍ਹਾ ਨੂੰ ਨਵਾਂ ਪ੍ਰੀਖਿਆ ਕੇਂਦਰ ਅਲਾਟ ਕਰਨ ਦਾ ਭਰੋਸਾ ਦਿੱਤਾ ਹੈ।

## ਵਪਾਰ ਸਮਝੌਤੇ ਵਿਰੁੱਧ ਕਿਸਾਨਾਂ ਦਾ ਪ੍ਰਦਰਸ਼ਨ 23 ਨੂੰ



**ਚੰਡੀਗੜ੍ਹ** : ਭਾਰਤ ਅਤੇ ਅਮਰੀਕਾ ਵਿਚਕਾਰ ਪ੍ਰਸਤਾਵਿਤ ਵਪਾਰ ਸਮਝੌਤੇ (ਟਰੇਡ ਡੀਲ) ਦੇ ਵਿਰੋਧ ਵਿੱਚ 23 ਜੂਨ ਨੂੰ ਦੇਸ਼ ਭਰ ਵਿੱਚ ਕਿਸਾਨ ਜਥੇਬੰਦੀਆਂ ਪ੍ਰਦਰਸ਼ਨ ਕਰਨਗੀਆਂ। ਭਾਰਤੀ ਕਿਸਾਨ ਯੂਨੀਅਨ (ਚੜੂਨੀ) ਦੇ ਰਾਸ਼ਟਰੀ ਪ੍ਰਧਾਨ ਗੁਰਨਾਮ ਸਿੰਘ ਚੜੂਨੀ ਨੇ ਦਾਅਵਾ ਕੀਤਾ ਹੈ ਕਿ ਇਹ ਸਮਝੌਤਾ ਦੇਸ਼ ਦੇ ਕਿਸਾਨਾਂ, ਪਸ਼ੂ ਪਾਲਕਾਂ, ਡੇਅਰੀ ਖੇਤਰ ਅਤੇ ਖੁਰਾਕ ਸੁਰੱਖਿਆ ਲਈ ਗੰਭੀਰ ਖ਼ਤਰਾ ਸਾਬਤ ਹੋ ਸਕਦਾ ਹੈ। ਚੜੂਨੀ ਨੇ ਕਿਹਾ ਕਿ ਭਾਰਤ-ਅਮਰੀਕਾ ਟਰੇਡ ਡੀਲ ਨੂੰ ਲੈ ਕੇ ਜੋ ਜਾਣਕਾਰੀਆਂ ਸਾਹਮਣੇ ਆ ਰਹੀਆਂ ਹਨ, ਉਹ ਚਿੰਤਾਜਨਕ ਹਨ। ਉਨ੍ਹਾ ਦਾ ਕਹਿਣਾ ਹੈ ਕਿ ਜੇ ਭਾਰਤੀ ਖੇਤੀਬਾੜੀ ਬਾਜ਼ਾਰ ਨੂੰ ਅਮਰੀਕੀ ਖੇਤੀਬਾੜੀ ਉਤਪਾਦਾਂ ਲਈ ਵਧੇਰੇ ਖੋਲ੍ਹ ਦਿੱਤਾ ਗਿਆ ਤਾਂ ਇਸ ਦਾ ਸਿੱਧਾ ਅਸਰ ਦੇਸ਼ ਦੇ ਕਰੋੜਾਂ ਕਿਸਾਨਾਂ ਦੀ ਰੋਜ਼ੀ-ਰੋਟੀ 'ਤੇ ਪਵੇਗਾ। ਉਨ੍ਹਾ ਕਿਹਾ ਕਿ ਫਰਵਰੀ 2025 ਤੋਂ ਭਾਰਤ ਅਤੇ ਅਮਰੀਕਾ ਵਿਚਕਾਰ ਵਪਾਰਕ ਗੱਲਬਾਤ ਚੱਲ ਰਹੀ ਹੈ ਅਤੇ ਹੁਣ ਇਹ ਅੰਤਿਮ ਪੜਾਅ 'ਤੇ ਪਹੁੰਚ ਚੁੱਕੀ ਹੈ। 23 ਅਤੇ 24 ਜੂਨ ਨੂੰ ਨਵੀਂ ਦਿੱਲੀ ਵਿੱਚ ਹੋਣ ਵਾਲੀਆਂ ਮੀਟਿੰਗਾਂ ਦੌਰਾਨ ਸਮਝੌਤੇ ਨੂੰ ਅੰਤਿਮ ਰੂਪ ਦਿੱਤੇ ਜਾਣ ਦੀਆਂ ਚਰਚਾਵਾਂ ਹਨ। ਕਿਸਾਨਾਂ ਨੂੰ ਸ਼ੱਕ ਹੈ ਕਿ ਇਸ ਸਮਝੌਤੇ ਤਹਿਤ ਖੇਤੀਬਾੜੀ, ਡੇਅਰੀ ਅਤੇ ਪੋਲਟਰੀ ਖੇਤਰਾਂ ਵਿੱਚ ਵਿਦੇਸ਼ੀ ਉਤਪਾਦਾਂ ਲਈ ਬਾਜ਼ਾਰ ਖੋਲ੍ਹਣ ਲਈ ਦਬਾਅ ਵਧ ਸਕਦਾ ਹੈ।

ਚੜੂਨੀ ਨੇ ਕਿਹਾ ਕਿ ਭਾਰਤੀ ਕਿਸਾਨ ਪਹਿਲਾਂ ਹੀ ਵਧਦੀ ਲਾਗਤ, ਮੌਸਮ ਦੀ ਮਾਰ ਅਤੇ ਬਾਜ਼ਾਰ ਦੀਆਂ ਅਨਿਸਚਿਤਤਾਵਾਂ ਨਾਲ ਜੂਝ ਰਹੇ ਹਨ। ਅਜਿਹੇ ਵਿੱਚ ਜੇਕਰ ਸਸਤੇ ਵਿਦੇਸ਼ੀ ਖੇਤੀਬਾੜੀ ਉਤਪਾਦ ਭਾਰਤੀ ਬਾਜ਼ਾਰ ਵਿੱਚ ਵੱਡੀ ਮਾਤਰਾ ਵਿੱਚ ਆਉਂਦੇ ਹਨ ਤਾਂ ਸਥਾਨਕ ਕਿਸਾਨ ਪ੍ਰਭਾਵਤ ਹੋਣਗੇ।

## 2437 ਅਪਰੈਂਟਿਸਾਂ ਨੂੰ ਬਤੌਰ ਸਹਾਇਕ ਲਾਈਨਮੈਨ ਭਰਤੀ ਕਰਨ ਦਾ ਫੈਸਲਾ



**ਚੰਡੀਗੜ੍ਹ (ਨ ਜ਼ ਸ)**- ਪੰਜਾਬ ਸਰਕਾਰ ਨੇ ਪਾਵਰਕਾਮ ਦੇ ਅਪਰੈਂਟਿਸ ਨੌਜਵਾਨਾਂ ਨੂੰ ਵੱਡੀ ਰਾਹਤ ਦਿੰਦਿਆਂ 2437 ਨੌਜਵਾਨਾਂ ਨੂੰ ਬਤੌਰ ਸਹਾਇਕ ਲਾਈਨਮੈਨ ਭਰਤੀ ਕਰਨ ਦਾ ਫੈਸਲਾ ਕੀਤਾ ਹੈ। ਇਹ ਐਲਾਨ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕੀਤਾ ਹੈ। ਚੀਮਾ ਨੇ ਕਿਹਾ ਕਿ ਪਾਵਰਕਾਮ ਵਿੱਚ ਬਤੌਰ ਅਪਰੈਂਟਿਸ ਸਿਖਲਾਈ ਲੈ ਰਹੇ ਨੌਜਵਾਨਾਂ ਨੂੰ ਹੁਣ ਕੋਈ ਨਵਾਂ ਭਰਤੀ ਲਈ ਟੈਸਟ ਨਹੀਂ ਦੇਣਾ ਪਵੇਗਾ, ਉਹਨਾਂ ਵੱਲੋਂ ਪਹਿਲਾਂ ਦਿੱਤਾ ਗਿਆ ਟੈਸਟ ਹੀ ਮਨਜ਼ੂਰ ਕੀਤਾ ਜਾਵੇਗਾ, ਪਰ ਸਹਾਇਕ ਲਾਈਨਮੈਨ ਭਰਤੀ ਹੋਣ ਵਾਲੇ ਨੌਜਵਾਨਾਂ ਤੋਂ ਪੰਜਾਬੀ ਭਾਸ਼ਾ ਦਾ ਇੱਕ ਟੈਸਟ ਜ਼ਰੂਰ ਲਿਆ ਜਾਵੇਗਾ। ਇਹ ਟੈਸਟ ਪਾਸ ਕਰਨ ਵਾਲੇ ਉਮੀਦਵਾਰਾਂ ਨੂੰ ਹੀ ਅੱਗੇ ਬਤੌਰ ਸਹਾਇਕ ਲਾਈਨਮੈਨ ਨੌਕਰੀ ਦਿੱਤੀ ਜਾਵੇਗੀ। ਜ਼ਿਕਰਯੋਗ ਹੈ ਕਿ ਪਟਿਆਲਾ ਵਿਖੇ ਪਾਵਰਕਾਮ ਦਫਤਰ ਦੇ ਬਾਹਰ 2600 ਅਪਰੈਂਟਿਸ ਨੌਜਵਾਨਾਂ ਵੱਲੋਂ ਭਰਤੀ ਦੀ ਮੰਗ ਨੂੰ ਲੈ ਕੇ ਕਈ ਦਿਨਾਂ ਤੋਂ ਸੰਘਰਸ਼ ਕੀਤਾ ਜਾ ਰਿਹਾ ਹੈ।

## ਇੱਕ ਨਗਰ ਨਿਗਮ, ਦੋ ਨਗਰ ਕੌਂਸਲਾਂ ਤੇ ਇੱਕ ਨਗਰ ਪੰਚਾਇਤ ਦੀਆਂ ਚੋਣ ਤਰੀਕਾਂ ਦਾ ਐਲਾਨ

**ਚੰਡੀਗੜ੍ਹ** : ਪੰਜਾਬ ਰਾਜ ਚੋਣ ਕਮਿਸ਼ਨ ਨੇ ਸੂਬੇ ਦੀਆਂ ਚਾਰ ਸਥਾਨਕ ਸਰਕਾਰਾਂ ਵਿਭਾਗ ਨਾਲ ਸੰਬੰਧਤ ਚੋਣਾਂ ਕਰਵਾਉਣ ਦਾ ਐਲਾਨ ਕਰ ਦਿੱਤਾ ਹੈ। ਕਮਿਸ਼ਨ ਵੱਲੋਂ ਜਾਰੀ ਆਦੇਸ਼ ਅਨੁਸਾਰ ਨਗਰ ਨਿਗਮ ਹੁਸ਼ਿਆਰਪੁਰ, ਨਗਰ ਕੌਂਸਲ ਗੁਰੂ ਹਰਸਹਾਏ ਤੇ ਜਲਾਲਾਬਾਦ ਅਤੇ ਨਗਰ ਪੰਚਾਇਤ ਮਮਦੋਟ ਦੀ ਚੋਣ ਲਈ ਵੋਟਿੰਗ 5 ਜੁਲਾਈ ਨੂੰ ਹੋਵੇਗੀ। ਕਮਿਸ਼ਨਰ ਰਾਜ ਕਮਲ ਚੌਧਰੀ ਨੇ ਐਲਾਨ ਕਰਦਿਆਂ ਕਿਹਾ ਕਿ ਨਾਮਜ਼ਦਗੀ ਪੱਤਰ 22 ਜੂਨ (ਸੋਮਵਾਰ) ਤੋਂ ਭਰਨੇ ਸ਼ੁਰੂ ਕੀਤੇ ਜਾਣਗੇ, ਜੋ ਕਿ 25 ਜੂਨ ਤੱਕ ਸਵੇਰੇ 11:00 ਵਜੇ ਤੋਂ ਦੁਪਹਿਰ 03:00 ਵਜੇ ਤੱਕ ਸੰਬੰਧਤ ਰਿਟਰਨਿੰਗ ਅਫ਼ਸਰ ਦੇ ਦਫ਼ਤਰ ਵਿਖੇ ਭਰੇ ਜਾਣਗੇ।

ਨਾਮਜ਼ਦਗੀ ਪੱਤਰਾਂ ਦੀ ਪੜਤਾਲ 26 ਜੂਨ ਨੂੰ ਹੋਵੇਗੀ ਅਤੇ ਨਾਮਜ਼ਦਗੀ ਪੱਤਰ 27 ਜੂਨ ਦੁਪਹਿਰ 3:00 ਵਜੇ ਤੱਕ ਵਾਪਸ ਲਏ ਜਾ ਸਕਣਗੇ। ਉਨ੍ਹਾ ਕਿਹਾ ਕਿ ਵੋਟਿੰਗ 5 ਜੁਲਾਈ ਨੂੰ ਸਵੇਰੇ 8:00 ਵਜੇ ਤੋਂ ਸ਼ਾਮ 4:00 ਵਜੇ ਤੱਕ ਹੋਵੇਗੀ, ਜਦੋਂ ਕਿ ਨਤੀਜੇ ਉਸੇ ਦਿਨ ਸ਼ਾਮ ਨੂੰ ਐਲਾਨੇ ਜਾਣਗੇ।

## ਪਾਵਰਕਾਮ ਦੀ ਵਾਅਦਾ-ਖ਼ਿਲਾਫ਼ੀ ਵਿਰੁੱਧ ਧਰਨਾ ਚੌਥੇ ਦਿਨ 'ਚ



**ਪਟਿਆਲਾ (ਨਵਾਂ ਜ਼ਮਾਨਾ ਸਰਵਿਸ)**

ਪਾਵਰਕਾਮ ਟ੍ਰਾਂਸਕੋ ਆਊਟਸੋਰਸ ਵਰਕਰਜ਼ ਯੂਨੀਅਨ (ਏਟਕ) ਪੰਜਾਬ ਅਤੇ ਇਸ ਦੀਆਂ ਸਹਿਯੋਗੀ ਜਥੇਬੰਦੀਆਂ ਵੱਲੋਂ ਪੀ ਐੱਸ ਪੀ ਸੀ ਐੱਲ ਦੀ ਮੈਨੇਜਮੈਂਟ ਦੇ ਅੜੀਅਲ ਰਵੱਈਏ ਅਤੇ ਵਾਅਦਾ-ਖ਼ਿਲਾਫ਼ੀ ਵਿਰੁੱਧ ਮੁੱਖ ਦਫ਼ਤਰ (ਹੈੱਡ ਆਫ਼ਿਸ) ਪਟਿਆਲਾ ਵਿਖੇ ਲਗਾਇਆ ਗਿਆ ਰੋਸ ਧਰਨਾ ਸ਼ਨੀਵਾਰ ਚੌਥੇ ਦਿਨ ਵਿੱਚ ਸ਼ਾਮਲ ਹੋ ਗਿਆ। ਮੁਲਾਜ਼ਮਾਂ ਵਿੱਚ ਮੈਨੇਜਮੈਂਟ ਅਤੇ ਸਰਕਾਰ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ।

ਜਥੇਬੰਦੀ ਦੇ ਆਗੂਆਂ ਦੱਸਿਆ ਕਿ 24 ਮਈ ਨੂੰ ਖੰਨਾ ਵਿਖੇ ਬਿਜਲੀ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ, ਸੀ ਐੱਮ ਡੀ ਪੀ ਐੱਸ ਪੀ ਸੀ ਐੱਲ ਅਤੇ ਡਾਇਰੈਕਟਰ ਸਾਹਿਬਾਨ ਨਾਲ ਇੱਕ ਉਚ ਪੱਧਰੀ ਮੀਟਿੰਗ ਹੋਈ ਸੀ। ਮੀਟਿੰਗ ਵਿੱਚ ਆਊਟਸੋਰਸ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ 'ਤੇ ਸਹਿਮਤੀ ਬਣੀ ਸੀ ਅਤੇ ਮੈਨੇਜਮੈਂਟ ਵੱਲੋਂ ਵਿਸ਼ਵਾਸ ਦਿਵਾਇਆ ਗਿਆ ਸੀ ਕਿ 15 ਜੂਨ ਤੱਕ ਨੋਟੀਫਿਕੇਸ਼ਨ ਜਾਰੀ ਕਰਕੇ ਮੁਲਾਜ਼ਮਾਂ ਨੂੰ ਆਫ਼ਰ ਲੈਟਰ ਦੇ ਦਿੱਤੇ ਜਾਣਗੇ, ਪਰ ਅਫ਼ਸੋਸ ਦੀ ਗੱਲ ਹੈ ਕਿ ਤੈਅ ਸਮਾਂ ਬੀਤ ਜਾਣ ਦੇ ਬਾਵਜੂਦ ਨਾ ਤਾਂ ਕੋਈ ਨੋਟੀਫਿਕੇਸ਼ਨ ਜਾਰੀ ਹੋਇਆ ਹੈ ਅਤੇ ਨਾ ਹੀ ਆਫ਼ਰ ਲੈਟਰ ਦਿੱਤੇ ਗਏ ਹਨ। ਜਦੋਂ ਤੱਕ ਬਿਜਲੀ ਵਿਭਾਗ ਦੀ ਮੈਨੇਜਮੈਂਟ ਆਊਟਸੋਰਸ ਮੁਲਾਜ਼ਮਾਂ ਨੂੰ ਮਹਿਕਮੇ ਵਿੱਚ ਮਰਜ਼ ਕਰਨ ਦਾ ਨੋਟੀਫਿਕੇਸ਼ਨ ਜਾਰੀ ਕਰਕੇ ਆਫ਼ਰ ਲੈਟਰ ਨਹੀਂ ਸੌਂਪਦੀ, ਉਦੋਂ ਤੱਕ ਇਹ ਅਣਮਿੱਥੇ ਸਮੇਂ ਦਾ ਧਰਨਾ ਬਿਲਕੁਲ ਖ਼ਤਮ ਨਹੀਂ ਹੋਵੇਗਾ। ਮੈਨੇਜਮੈਂਟ ਖ਼ਿਲਾਫ਼ ਰੋਸ ਵਜੋਂ ਸ਼ਨੀਵਾਰ ਸ਼ਹਿਰ ਵਿੱਚ ਇੱਕ ਵਿਸ਼ਾਲ ਰੋਡ ਸ਼ੋਅ ਕੱਢਿਆ ਗਿਆ ਅਤੇ ਪੀ ਐੱਸ ਪੀ ਸੀ ਐੱਲ ਹੈਡ ਆਫ਼ਿਸ ਪਟਿਆਲਾ ਦਾ ਸ਼ੇਰਾਂ ਵਾਲਾ ਗੇਟ ਬੰਦ ਕਰਕੇ ਰੋਸ ਪ੍ਰਦਰਸ਼ਨ ਕੀਤਾ ਗਿਆ।

ਆਗੂਆਂ ਨੇ ਜਾਣਕਾਰੀ ਦਿੱਤੀ ਕਿ 19 ਜੂਨ ਨੂੰ ਪੀ ਐੱਸ ਪੀ ਸੀ ਐੱਲ ਹੈੱਡ ਆਫ਼ਿਸ ਵਿਖੇ ਮੀਟਿੰਗ ਹੋਈ, ਜਿਸ ਵਿੱਚ ਬਿਜਲੀ ਬੋਰਡ ਦੀ ਮੈਨੇਜਮੈਂਟ ਵੱਲੋਂ ਦੋ ਡਾਇਰੈਕਟਰ ਸਾਹਿਬਾਨ , ਆਈ ਆਰ ਰਣਬੀਰ ਸਿੰਘ, ਜਥੇਬੰਦੀ ਦੇ ਪ੍ਰਧਾਨ ਹਰਵਿੰਦਰ ਸ਼ਰਮਾ ਅਤੇ ਸਾਰੇ ਜਥੇਬੰਦਕ ਆਗੂ ਸ਼ਾਮਲ ਹੋਏ ।ਸ਼ਾਮ ਛੇ ਵਜੇ ਪੀ ਐੱਸ ਟੀ ਸੀ ਐੱਲ ਗੈਸਟ ਹਾਊਸ ਮੁਹਾਲੀ ਵਿਖੇ ਸੀ ਐੱਮ ਡੀ ਨਾਲ ਮੀਟਿੰਗ ਹੋਈ। ਮੀਟਿੰਗ ਦੌਰਾਨ ਹੱਕੀ ਮੰਗਾਂ ਨੂੰ ਲੈ ਕੇ ਕਾਫੀ ਲੰਮਾ ਸਮਾਂ ਚਰਚਾ ਹੋਈ ਅਤੇ ਮੀਟਿੰਗ ਦੌਰਾਨ ਮੰਗਾਂ ਨੂੰ ਲੈ ਕੇ ਕੋਈ ਸਹਿਮਤੀ ਨਾ ਹੋਣ ਕਾਰਨ ਮੀਟਿੰਗ ਅੱਧ-ਵਿਚਾਲੇ ਟੁੱਟੀ ।ਕਰੀਬ ਇੱਕ ਘੰਟੇ ਬਾਅਦ ਫਿਰ ਤੋਂ ਮੀਟਿੰਗ ਹੋਈ, ਪਰ ਉਹ ਵੀ ਬੇਸਿੱਟਾ ਹੀ ਰਹੀ । ਆਗੂਆਂ ਚੇਤਾਵਨੀ ਦਿੱਤਾ ਹੈ ਕਿ ਜੇਕਰ 22 ਜੂਨ ਤੱਕ ਬਿਜਲੀ ਬੋਰਡ ਦੀ ਮੈਨੇਜਮੈਂਟ ਨੇ ਨੋਟੀਫਿਕੇਸ਼ਨ ਅਤੇ ਆਫ਼ਰ ਲੈਟਰ ਜਾਰੀ ਨਾ ਕੀਤੇ, ਤਾਂ ਜਥੇਬੰਦੀ ਵੱਲੋਂ ਕਿਸੇ ਵੀ ਸਮੇਂ ਹੈੱਡ ਆਫ਼ਿਸ ਦੇ ਮੇਨ ਗੇਟ ਨੂੰ ਮੁਕੰਮਲ ਤੌਰ 'ਤੇ ਬੰਦ (ਜਾਮ) ਕਰਕੇ ਤਿੱਖਾ ਪ੍ਰਦਰਸ਼ਨ ਕੀਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਪ੍ਰਸ਼ਾਸਨ ਤੇ ਮੈਨੇਜਮੈਂਟ ਦੀ ਹੋਵੇਗੀ।ਇਸ ਸੰਘਰਸ਼ ਨੂੰ ਹੋਰ ਮਜ਼ਬੂਤੀ ਦਿੰਦੇ ਹੋਏ ਆਊਟਸੋਰਸ ਇੰਪਲਾਈਜ਼ ਫੈਡਰੇਸ਼ਨ ਪੰਜਾਬ, ਸਾਂਝੀ ਥਰਮਲ ਕੰਟਰੈਕਟ ਵਰਕਰਜ਼ ਸੰਘਰਸ਼ ਕਮੇਟੀ ਪੰਜਾਬ ਅਤੇ ਹੋਰ ਕਈ ਸਹਿਯੋਗੀ ਜਥੇਬੰਦੀਆਂ, ਭਰਾਤਰੀ ਜਥੇਬੰਦੀਆਂ ਵਜੋਂ ਧਰਨੇ ਵਿੱਚ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਈਆਂ।ਧਰਨੇ ਵਿੱਚ ਹਾਜ਼ਰ ਜਥੇਬੰਦੀ ਦੇ ਪ੍ਰਮੁੱਖ ਆਗੂਆਂ ਵਿੱਚ ਸੂਬਾ ਪ੍ਰਧਾਨ ਹਰਵਿੰਦਰ ਸ਼ਰਮਾ, ਜਨਰਲ ਸਕੱਤਰ ਹਰਵਿੰਦਰ ਸਿੰਘ ਹੈਪੀ, ਮੁੱਖ ਸਲਾਹਕਾਰ ਰਮਨਦੀਪ ਸਿੰਘ ਮੋਗਾ, ਮੁੱਖ ਸਲਾਹਕਾਰ ਮਨਦੀਪ ਸ਼ਰਮਾ ਰਾਮਪੁਰਾ, ਮੁੱਖ ਸਲਾਹਕਾਰ ਹਰਜਿੰਦਰ ਸਿੰਘ ਰਾਜੂ, ਸੀਨੀਅਰ ਮੀਤ ਪ੍ਰਧਾਨ ਰਾਮ ਦੁਲਾਰ ਚੌਹਾਨ, ਮੀਤ ਪ੍ਰਧਾਨ ਮਨਦੀਪ ਸਿੰਘ ਪਟਿਆਲਾ, ਵਿੱਤ ਸਕੱਤਰ ਹਰਦੀਪ ਸਿੰਘ ਬਾਦਸ਼ਾਹਪੁਰ, ਸਹਾਇਕ ਵਿੱਤ ਸਕੱਤਰ ਸੁਖਵੀਰ ਸਿੰਘ ਸੁੱਖਾ ਲਲਤੋਂ, ਪ੍ਰੈੱਸ ਸਕੱਤਰ ਜਗਦੀਪ ਸਿੰਘ ਧਾਲੀਵਾਲ ਮਾਨਸਾ, ਸਹਾਇਕ ਪ੍ਰੈੱਸ ਸਕੱਤਰ ਕੁਲਦੀਪ ਸਿੰਘ ਬਾਗੀ ਆਦਿ ਆਗੂਆਂ ਨੇ ਸਾਥੀਆਂ ਸਮੇਤ ਸ਼ਮੂਲੀਅਤ ਕੀਤੀ ਅਤੇ ਹੱਕਾਂ ਦੀ ਪ੍ਰਾਪਤੀ ਤੱਕ ਲੜਾਈ ਜਾਰੀ ਰੱਖਣ ਦਾ ਅਹਿਦ ਲਿਆ।

## ਅੱਜ-ਨਾਮਾ

ਯੂ ਪੀ ਅੰਦਰ ਵਿਆਹਾਂ ਦਾ ਪਿਆ ਰੱਫੜ,
ਸਮਾਜੀ ਸੇਵਾ ਨੂੰ ਵਰਤ ਗਏ ਠੱਗ ਬੇਲੀ।
ਇੱਕ ਇੱਕ ਕੁੜੀ ਦੇ ਕਈ ਵਿਆਹ ਕੀਤੇ,
ਸਕੀਮ ਨੂੰ ਗਈ ਸਿਉਂਕ ਸੀ ਲੱਗ ਬੇਲੀ।
ਠੱਗਾਂ ਜਾਪਦੀ ਛੱਡੀ ਕੋਈ ਜਗ੍ਹਾ ਨਹੀਉਂ,
ਠੱਗ ਲਿਆ ਜਾਪਦਾ ਕੁੱਲ ਹੈ ਜੱਗ ਬੇਲੀ।
ਇਹੀਉ ਹਾਲਤਾਂ ਸਾਡੇ ਇਸ ਦੇਸ਼ ਅੰਦਰ,
ਫਿਰਦੇ ਨੇ ਠੱਗਾਂ ਦੇ ਵੱਗਾਂ ਦੇ ਵੱਗ ਬੇਲੀ।
ਸਕੋਰ ਬਣਾਉਣ ਨੂੰ ਰੁੱਝੀ ਤਾਂ ਰਾਜਨੀਤੀ,
ਹਰ ਕੋਈ ਦੂਜੇ ਨੂੰ ਰਿਹਾ ਹੈ ਨਿੰਦ ਬੇਲੀ।
ਚਮੜੀ ਦਿੱਸਦੀ ਉਧੇੜ ਗਏ ਠੱਗ ਸਾਰੀ,
ਭਰਦੀ ਹਉਕੇ ਨਿਮਾਣੇ ਪਈ ਹਿੰਦ ਬੇਲੀ।

-ਤੀਸ ਮਾਰ ਖਾਂ

## ਪੀ ਆਰ ਟੀ ਸੀ ਵਰਕਰਜ਼ ਐਕਸ਼ਨ ਕਮੇਟੀ ਵੱਲੋਂ ਤਿੱਖੇ ਐਕਸ਼ਨ ਦੀ ਚਿਤਾਵਨੀ

**ਪਟਿਆਲਾ** : ਸ਼ਨੀਵਾਰ ਬਿਆਨ ਜਾਰੀ ਕਰਦਿਆਂ ਪੀ ਆਰ ਟੀ ਸੀ ਵਿੱਚ ਕੰਮ ਕਰਦੀਆਂ ਜਥੇਬੰਦੀਆਂ ਸੰਬੰਧਤ ਏਟਕ, ਇੰਟਕ, ਕਰਮਚਾਰੀ ਦਲ, ਐੱਸ ਸੀ ਬੀ ਸੀ, ਸੀਟੂ ਅਤੇ ਰਿਟਾਇਰਡ ਵਰਕਰਜ਼ ਭਾਈਚਾਰਾ ਯੂਨੀਅਨ ਏਟਕ 'ਤੇ ਆਧਾਰਤ ਪੀ ਆਰ ਟੀ ਸੀ ਵਰਕਰਜ਼ ਐਕਸ਼ਨ ਕਮੇਟੀ ਦੇ ਕਨਵੀਨਰ ਨਿਰਮਲ ਸਿੰਘ ਧਾਲੀਵਾਲ ਅਤੇ ਮੈਂਬਰਾਂ ਬਲਦੇਵ ਰਾਜ ਬੱਤਾ, ਹਰਪ੍ਰੀਤ ਸਿੰਘ ਖੱਟੜਾ, ਰਾਕੇਸ਼ ਕੁਮਾਰ ਦਾਤਾਰਪੁਰੀ, ਤਰਸੇਮ ਸਿੰਘ ਅਤੇ ਮੁਹੰਮਦ ਖਲੀਲ ਨੇ ਪੰਜਾਬ ਸਰਕਾਰ ਅਤੇ ਪੀ ਆਰ ਟੀ ਸੀ ਮੈਨੇਜਮੈਂਟ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਮੁਫ਼ਤ ਸਫਰ ਸਹੂਲਤਾਂ ਦੇ ਬਦਲੇ ਬਣਦੀ ਅਦਾਇਗੀ ਪੀ ਆਰ ਟੀ ਸੀ ਨੂੰ ਨਹੀਂ ਕਰਦੀ, ਜਿਸ ਦਾ ਸਿੱਧੇ ਤੌਰ 'ਤੇ ਖਮਿਆਜ਼ਾ ਪੀ ਆਰ ਟੀ ਸੀ ਦੇ ਮੌਜੂਦਾ ਅਤੇ ਸੇਵਾ-ਮੁਕਤ ਕਰਮਚਾਰੀ ਭੁਗਤਦੇ ਹਨ, ਜਿਨ੍ਹਾਂ ਨੂੰ ਕਦੇ ਵੀ ਤਨਖਾਹ—ਪੈਨਸ਼ਨ ਸਮੇਂ ਸਿਰ ਨਹੀਂ ਮਿਲਦੀ ਅਤੇ ਇਸ ਤੋਂ ਇਲਾਵਾ ਪੇ ਕਮਿਸ਼ਨ ਦੇ ਬਕਾਏ, ਡੀ ਏ ਦੇ ਬਕਾਏ, ਫੁੱਟਕਲ ਬਕਾਏ, ਸੇਵਾ-ਮੁਕਤ ਹੋਏ ਕਰਮਚਾਰੀਆਂ ਦੇ ਸੇਵਾ-ਮੁਕਤੀ ਲਾਭ, ਮੈਡੀਕਲ ਬਿੱਲਾਂ ਦੀ ਅਦਾਇਗੀ ਆਦਿ ਵੀ ਸਾਲਾਂਬੱਧੀ ਸਮੇਂ ਤੋਂ ਨਹੀਂ ਦਿੱਤੇ ਜਾ ਰਹੇ, ਬਾਵਜੂਦ ਇਸ ਦੇ ਕਿ ਮੁਫ਼ਤ ਸਫਰ ਬਦਲੇ ਪੰਜਾਬ ਸਰਕਾਰ ਤੋਂ ਲਗਭਗ 800 ਕਰੋੜ ਰੁਪਏ ਪੀ ਆਰ ਟੀ ਸੀ ਨੇ ਲੈਣੇ ਹਨ, ਪਰ ਸਰਕਾਰ ਮੁਲਾਜ਼ਮਾਂ, ਮਜ਼ਦੂਰਾਂ ਦੀਆਂ ਮੁਸ਼ਕਲਾਂ ਦਾ ਹੱਲ ਕਰਨ ਦੀ ਬਜਾਏ ਪੂਰੀ ਤਰ੍ਹਾਂ ਬੇਪਰਵਾਹੀ ਨਾਲ ਨਜ਼ਰਅੰਦਾਜ ਕਰਦੀ ਆ ਰਹੀ ਹੈ।

ਐਕਸ਼ਨ ਕਮੇਟੀ ਦੇ ਆਗੂਆਂ ਪੀ ਆਰ ਟੀ ਸੀ ਦੀ ਮੈਨੇਜਮੈਂਟ ਦੇ ਕਰਮਚਾਰੀ ਵਿਰੋਧੀ ਧਾਰਨ ਕੀਤੇ ਹੋਏ ਰਵੱਈਏ ਸੰਬੰਧੀ ਕਿਹਾ ਕਿ ਤਨਖਾਹ ਅਤੇ ਪੈਨਸ਼ਨ ਸੰਵਿਧਾਨਕ ਤੌਰ 'ਤੇ ਅਦਾਰੇ ਦੀਆਂ ਬਾਕੀ ਅਦਾਇਗੀਆਂ ਤੋਂ ਪਹਿਲਾਂ ਦੇਣੀ ਬਣਦੀ ਹੈ, ਪਰ ਪੀ ਆਰ ਟੀ ਸੀ 'ਚ ਪ੍ਰਬੰਧਕ ਮਨਮਰਜੀ ਨਾਲ ਤਨਖਾਹਾਂ—ਪੈਨਸ਼ਨ ਤੋਂ ਪਹਿਲਾਂ ਹੋਰ ਖਰਚੇ ਕਰਨ ਨੂੰ ਤਰਜੀਹ ਦਿੰਦੇ ਹਨ, ਜਿਨ੍ਹਾਂ ਵਿੱਚ ਕਈ ਗੈਰ-ਜ਼ਰੂਰੀ ਅਤੇ ਬੇਲੋੜੇ ਵੀ ਹੁੰਦੇ ਹਨ।ਵਰਕਰਾਂ ਦੀਆਂ ਅਦਾਇਗੀਆਂ ਦੀ ਚਿੰਤਾ ਨਹੀਂ ਕੀਤੀ ਜਾ ਰਹੀ। 20 ਜੂਨ ਹੋਣ ਤੱਕ ਵੀ ਪੂਰੀ ਤਨਖਾਹ—ਪੈਨਸ਼ਨ ਵਰਕਰਾਂ ਨੂੰ ਨਸੀਬ ਨਹੀਂ ਹੋਈ। ਇਸ ਤੋਂ ਇਲਾਵਾ ਵਰਕਰਾਂ ਦੇ ਹਰ ਕਾਨੂੰਨੀ ਅਤੇ ਭਲਾਈ ਦੇ ਕੰਮਾਂ ਨੂੰ ਪੂਰੀ ਤਰ੍ਹਾਂ ਅਣਗੌਲਿਆ ਕੀਤਾ ਹੋਇਆ ਹੈ। ਕੰਟਰੈਕਟ/ਆਊਟਸੋਰਸ ਵਰਕਰਾਂ ਨੂੰ ਰੈਗੂਲਰ ਕਰਨ ਦੇ ਆਏ ਫੈਸਲਿਆਂ ਦੇ ਬਾਵਜੂਦ ਅਜਿਹੇ ਫੈਸਲੇ ਸਾਰੇ ਵਰਕਰਾਂ 'ਤੇ ਲਾਗੂ ਨਹੀਂ ਕੀਤੇ ਜਾ ਰਹੇ।ਵਰਕਰਾਂ ਨੂੰ ਅਦਾਲਤਾਂ ਵਿੱਚ ਕੇਸ ਕਰਨ ਲਈ ਹੀ ਮਜਬੂਰ ਕੀਤਾ ਜਾਂਦਾ ਹੈ।ਪੰਜਾਬ ਸਰਕਾਰ ਵੱਲੋਂ ਇੱਕ ਸਾਲ ਤੋਂ ਵੱਧ ਸਮੇਂ ਤੋਂ ਟੀ ਏ ਰੇਟ ਸੋਧ ਦਿੱਤੇ ਗਏ ਹਨ, ਪਰ ਪੀ ਆਰ ਟੀ ਸੀ ਵੱਲੋਂ ਇਹ ਰੇਟ ਅਜੇ ਤੱਕ ਲਾਗੂ ਨਾ ਕਰਕੇ ਵਰਕਰਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਐੱਨ ਪੀ ਐੱਸ ਸਕੀਮ ਲਾਗੂ ਕਰਨੀ ਲਾਜਮੀ ਸੀ, ਪਰ ਪੀ ਆਰ ਟੀ ਸੀ ਵਿੱਚ ਅਜੇ ਤੱਕ ਵੀ ਇਹ ਸਕੀਮ ਲਾਗੂ ਨਹੀਂ ਕੀਤੀ ਗਈ।ਸਰਕਾਰ ਵੱਲੋਂ 1—1—2004 ਤੋਂ ਬਾਅਦ ਵਿੱਚ ਭਰਤੀ ਹੋਏ ਕਰਮਚਾਰੀ, ਜਿਹਨਾਂ 2004 ਤੋਂ ਪਹਿਲਾਂ ਅਪਲਾਈ ਕੀਤਾ ਹੋਇਆ ਸੀ, ਉਨ੍ਹਾਂ ਨੂੰ ਪੈਨਸ਼ਨ ਦੇ ਦਾਇਰੇ ਵਿੱਚ ਲਿਆਉਣਾ ਸੀ, ਇੱਥੇ ਇਹ ਵੀ ਨਹੀਂ ਕੀਤਾ ਗਿਆ, ਪਿਛਲੇ 4 ਸਾਲ ਤੋਂ ਵੱਧ ਸਮੇਂ ਤੋਂ ਕੋਈ ਨਵੀਂ ਬੱਸ ਅਦਾਰੇ ਦੀ ਮਾਲਕੀ ਵਾਲੀ ਨਹੀਂ ਪਾਈ ਗਈ।ਸਟਾਫ ਦੀ ਬਹੁਤ ਜਿਆਦਾ ਘਾਟ ਹੋਣ ਕਾਰਨ ਵਰਕਰਾਂ ਤੋਂ ਗੈਰ-ਕਾਨੂੰਨੀ ਤੌਰ 'ਤੇ ਵਾਧੂ ਡਿਊਟੀ ਲਈ ਜਾ ਰਹੀ ਹੈ, ਛੁੱਟੀਆਂ—ਰੈਸਟਾਂ ਵਰਕਰਾਂ ਨੂੰ ਸਮੇਂ ਸਿਰ ਨਹੀਂ ਮਿਲਦੀਆਂ, ਸੇਵਾ-ਮੁਕਤ ਹੋਏ ਮੁਲਾਜ਼ਮਾਂ ਨੂੰ ਦੋ ਸਾਲ ਬਾਅਦ ਇੱਕ ਬੇਸਿਕ ਪੇ ਦੇ ਬਰਾਬਰ ਮਿਲਣ ਵਾਲਾ ਯਾਤਰਾ ਭੱਤਾ ਨਹੀਂ ਦਿੱਤਾ ਜਾ ਰਿਹਾ। ਬਣਦੀਆਂ ਤਰੱਕੀਆਂ ਨਹੀਂ ਕੀਤੀਆਂ ਜਾ ਰਹੀਆਂ। ਐਕਸ਼ਨ ਕਮੇਟੀ ਵੱਲੋਂ ਫੈਸਲਾ ਕੀਤਾ ਗਿਆ ਹੈ ਕਿ ਜੇਕਰ ਮੈਨੇਜਮੈਂਟ ਨੇ ਇਨ੍ਹਾਂ ਮਸਲਿਆਂ ਦਾ ਜਲਦੀ ਕੋਈ ਨਿਪਟਾਰਾ ਨਾ ਕੀਤਾ ਅਤੇ ਐਕਸ਼ਨ ਕਮੇਟੀ ਨਾਲ ਮੰਗ ਪੱਤਰਾਂ 'ਤੇ ਕੋਈ ਗੱਲਬਾਤ ਨਾ ਕੀਤੀ ਤਾਂ ਅਗਲਾ ਐਕਸ਼ਨ ਪ੍ਰੋਗਰਾਮ ਉਲੀਕ ਦਿੱਤਾ ਜਾਵੇਗਾ।

## ਹਨੂਮਾਨ ਮੰਦਰ 'ਚ ਉਸਾਰੀ ਅਧੀਨ ਸਲੈਬ ਡਿੱਗੀ, 5 ਮੌਤਾਂ 18 ਜ਼ਖਮੀ



**ਪੁਣੇ** : ਮਹਾਰਾਸ਼ਟਰ ਦੇ ਪਰਭਣੀ ਜ਼ਿਲ੍ਹੇ ਦੇ ਇੱਕ ਹਨੂੰਮਾਨ ਮੰਦਰ ਵਿੱਚ ਇੱਕ ਨਿਰਮਾਣ ਅਧੀਨ ਸਲੈਬ ਡਿੱਗਣ ਨਾਲ ਘੱਟੋ-ਘੱਟ 5 ਲੋਕਾਂ ਦੀ ਮੌਤ ਹੋ ਗਈ ਅਤੇ 18 ਹੋਰ ਜ਼ਖਮੀ ਹੋ ਗਏ।

ਇਹ ਦੁਖਦਾਈ ਘਟਨਾ ਪਰਭਣੀ ਦੇ ਯਸ਼ਵਾੜੀ ਪਿੰਡ ਵਿੱਚ ਵਾਪਰੀ, ਜੋ ਕਿ ਛਤਰਪਤੀ ਸੰਭਾਜੀਨਗਰ ਤੋਂ ਲਗਭਗ 190 ਕਿਲੋਮੀਟਰ ਦੂਰ ਮਾਨਵਤ ਰੋਡ 'ਤੇ ਸਥਿਤ ਹੈ। ਮੰਦਰ ਦੇ 'ਸਭਾ-ਮੰਡਪ' (ਬਾਹਰੀ ਹਾਲ) ਦੀ ਸਲੈਬ ਦੁਪਹਿਰ 3.30 ਵਜੇ ਦੇ ਕਰੀਬ ਡਿੱਗ ਗਈ। ਪੁਲਸ ਅਤੇ ਜ਼ਿਲ੍ਹਾ ਪ੍ਰਸ਼ਾਸਨ ਨੇ ਆਪਣੀਆਂ ਟੀਮਾਂ ਭੇਜੀਆਂ ਹਨ ਅਤੇ ਬਚਾਅ ਕਾਰਜ ਜਾਰੀ ਹੈ।

ਇੱਕ ਪੁਲਸ ਅਧਿਕਾਰੀ ਨੇ ਤਿੰਨ ਵਿਅਕਤੀਆਂ ਦੀ ਮੌਤ ਦੀ ਪੁਸ਼ਟੀ ਹੋਈ ਹੈ ਤੇ ਲਗਭਗ 25 ਲੋਕਾਂ ਨੂੰ ਬਚਾਇਆ ਗਿਆ ਹੈ। ਉਹਨਾ ਕਿਹਾ ਕਿ ਭਗਵਾਨ ਹਨੂੰਮਾਨ ਨਾਲ ਸੰਬੰਧਤ ਸ਼ਨੀਵਾਰ ਹੋਣ ਕਰਕੇ ਮੰਦਰ ਵਿੱਚ ਸ਼ਰਧਾਲੂਆਂ ਦੀ ਭੀੜ ਸੀ।

## ਪੈਨਸ਼ਨਰ ਭਵਨ ਦਾ ਸਥਾਪਨਾ ਦਿਵਸ ਜੋਸ਼ੋ-ਖਰੋਸ਼ ਨਾਲ ਮਨਾਇਆ



ਲੁਧਿਆਣਾ (ਸਤੀਸ਼ ਸਚਦੇਵਾ)-ਪੈਨਸ਼ਨਰ ਭਵਨ ਲੁਧਿਆਣਾ ਵਿਖੇ ਪੈਨਸ਼ਨਰ ਭਵਨ ਦਾ 24ਵਾਂ ਸਥਾਪਨਾ ਦਿਵਸ ਬਹੁਤ ਜੋਸ਼ੋ-ਖਰੋਸ਼ ਨਾਲ ਮਨਾਇਆ ਗਿਆ।ਪੈਨਸ਼ਨਰ ਭਵਨ ਦੇ ਚੇਅਰਮੈਨ ਸੁਸ਼ੀਲ ਕੁਮਾਰ ਨੇ ਜਿੱਥੇ ਸਮਾਗਮ ਦੇ ਮੁੱਖ ਮਹਿਮਾਨ ਗੁਰਮੇਲ ਸਿੰਘ ਸਰਾਂ ਨੂੰ ਜੀ ਆਇਆਂ ਕਿਹਾ, ਉੱਥੇ ਸਾਰੇ ਪਹੁੰਚੇ ਸਾਥੀਆਂ ਦਾ ਤਹਿ ਦਿਲੋਂ ਸਵਾਗਤ ਕੀਤਾ ਗਿਆ।ਸਟੇਜ ਦੀ ਕਾਰਵਾਈ ਬਹੁਤ ਸੁਚਾਰੂ ਢੰਗ ਨਾਲ ਇਸ ਸਿੰਘ ਦੇ ਜਨਰਲ ਸਕੱਤਰ ਗੁਰਚਰਨ ਸਿੰਘ ਦੁੱਗਾ ਨੇ ਚਲਾਉਂਦਿਆਂ ਪੰਜਾਬ ਸਰਕਾਰ ਨੂੰ ਮੁਲਾਜ਼ਮਾਂ ਤੇ ਪੈਨਸ਼ਨਰਾਂ ਪ੍ਰਤੀ ਅਪਣਾਏ ਅੜੀਅਲ ਵਤੀਰੇ ਦੀ ਘੋਰ ਨਿੰਦਾ ਕੀਤੀ, ਵੱਖ ਵੱਖ-ਵੱਖ ਬੁਲਾਰਿਆਂ ਨੇ ਨਿਰਮਲ ਸਿੰਘ ਲਲਤੋਂ, ਦਰਸ਼ਨ ਸਿੰਘ ਉੱਟਾਲ, ਐੱਚ ਐੱਸ ਕਾਹਲੋਂ, ਮੇਜਰ ਸਿੰਘ ਨੱਤ, ਵੀ ਸੀ ਪੁਰੀ, ਗੁਰਦਿਆਲ ਸਿੰਘ, ਜਸਵੀਰ ਸਿੰਘ ਵਾਲੀਆ, ਦਿਲਬਾਗ ਸੈਣੀ, ਗੁਰਵਿੰਦਰ ਸਿੰਘ, ਨਰਿੰਦਰ ਸ਼ਰਮਾ, ਗੁਰਮੇਲ ਸਿੰਘ ਮੈਲਡੇ, ਐੱਚ ਐੱਸ ਮਾਂਗਟ, ਸ਼ਾਮ ਸੁੰਦਰ ਸ਼ਰਮਾ, ਸੁਖਦੇਵ ਸਲੇਮਪੁਰੀ, ਸਤੀਸ਼ ਸਚਦੇਵਾ, ਕੁਲਭੂਸ਼ਨ, ਦੀਪਇੰਦਰ ਸਿੰਘ, ਕੁਲਦੀਪ ਸਿੰਘ, ਰਾਕੇਸ਼ ਆਦਿਆ, ਹਰਜੀਤ ਗਰੇਵਾਲ, ਸੰਸਥਾ ਦੇ ਕੈਸ਼ੀਅਰ ਪਵਿੱਤਰ ਸਿੰਘ ਸ਼ਾਮਲ ਹੋਏ ਸਭਨਾਂ ਨੇ ਪੰਜਾਬ ਸਰਕਾਰ ਨੂੰ ਜ਼ੋਰਦਾਰ ਸ਼ਬਦਾਂ ਵਿੱਚ ਡੀ ਏ 60% ਕਰਨ ਤੇ ਪੈਨਸ਼ਨਰਾਂ ਦੀ ਪੈਨਸ਼ਨ 2.59 ਦੇ ਗੁਣਾਂਕ ਨਾਲ ਫਿਕਸ ਕਰਨ ਦੀ ਮੰਗ ਕੀਤੀ।ਅਗਰ ਸਰਕਾਰ ਨੇ ਸਾਡੀਆਂ ਜਾਇਜ਼ ਤੇ ਹੱਕੀ ਮੰਗਾਂ ਪੂਰੀਆਂ ਨਾ ਕੀਤੀਆਂ ਤਾਂ ਮੁਲਾਜ਼ਮ ਤੇ ਪੈਨਸ਼ਨਰ ਜ਼ੋਰਦਾਰ ਸੰਘਰਸ਼ ਵਿੱਢਣਗੇ, ਜਿਸ ਦੀ ਜ਼ਿੰਮੇਵਾਰ ਪੰਜਾਬ ਸਰਕਾਰ ਹੋਵੇਗੀ।ਪੈਨਸ਼ਨ ਭਵਨ ਕਮੇਟੀ ਵੱਲੋਂ ਜਿਨ੍ਹਾਂ ਸਾਥੀਆਂ ਨੇ ਪੈਨਸ਼ਨਰ ਭਵਨ ਦੀ ਮਾਇਕ ਮੱਦਦ ਕੀਤੀ, ਉਨ੍ਹਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਅੰਤ 'ਚ ਚੇਅਰਮੈਨ ਸੁਸ਼ੀਲ ਕੁਮਾਰ ਨੇ ਆਏ ਸਾਰਿਆਂ ਦਾ ਧੰਨਵਾਦ ਕੀਤਾ।

## ਸਕਾਰਪੀਓ ਫੁੱਟਪਾਥ 'ਤੇ ਚੜ੍ਹੀ, ਜਾਨੀ ਨੁਕਸਾਨ ਤੋਂ ਬਚਾਅ



ਰਾਏਕੋਟ (ਇਕਬਾਲ ਸਿੰਘ ਦੇਹੜਕਾ)-ਬੀਤੀ ਸ਼ਾਮ ਇੱਕ ਸਕਾਰਪੀਓ (ਐੱਨ) ਗੱਡੀ ਦੇ ਫੁੱਟਪਾਥ 'ਤੇ ਚੜ੍ਹਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਮਿਲੀ ਜਾਣਕਾਰੀ ਮੁਤਾਬਕ ਗਗਨਦੀਨ ਸਪੁੱਤਰ ਮੋਹਨ ਖਾਨ ਵਾਸੀ ਸੰਗਤਪੁਰਾ ਨੇੜੇ ਬਾਬਾ ਪੂਰਨਾਂ ਦਾ ਕਿ ਬਾਬਾ ਹੈਦਰ ਸ਼ੇਖ ਮਲੇਰਕੋਟਲਾ ਦੀ ਦਰਗਾਹ ਤੋਂ ਵਾਪਸ ਆ ਰਹੇ ਸਨ ਤਾਂ ਤਕਰੀਬਨ ਸ਼ਾਮ 3 ਵਜੇ ਰਾਏਕੋਟ ਬੱਸ ਸਟੈਂਡ ਲੰਘ ਕੇ ਸਥਾਨਕ ਓਜ ਮਾਰਕੀਟ ਦੇ ਕੋਲ ਚਾਲਕ ਦੀ ਅੱਖ ਲੱਗਣ ਨਾਲ ਗੱਡੀ ਫੁੱਟਪਾਥ 'ਤੇ ਜਾ ਚੜ੍ਹੀ ਤੇ ਫੁੱਟਪਾਥ 'ਤੇ ਲੱਗੇ ਜੰਗਲਿਆਂ ਨੂੰ ਤੋੜਦੀ ਹੋਈ ਲੱਗਭੱਗ 40 ਫੁੱਟ ਅੱਗੇ ਜਾ ਕੇ ਰੁਕੀ।ਗੱਡੀ ਦੇ ਜੰਗਲਿਆਂ ਨਾਲ ਟਕਰਾਉਣ ਦਾ ਖੜਕਾ ਸੁਣ ਕੇ ਆਸ-ਪਾਸ ਦੇ ਲੋਕ ਇਕੱਠੇ ਹੋ ਗਏ ਤੇ ਸਵਾਰੀਆਂ ਨੂੰ ਗੱਡੀ ਵਿੱਚੋਂ ਬਾਹਰ ਕੱਢਿਆ।ਗੱਡੀ ਦਾ ਅਗਲਾ ਹਿੱਸਾ ਬੁਰੀ ਤਰ੍ਹਾਂ ਨਾਲ ਨੁਕਸਾਨਿਆ ਗਿਆ, ਪਰ ਚੰਗੀ ਕਿਸਮਤ ਨੂੰ ਕਿਸੇ ਦੇ ਕੋਈ ਸੱਟ ਨਹੀਂ ਲੱਗੀਆਂ।

## ਮੋਬਾਇਲ ਦੀ ਬੇਲੋੜੀ ਵਰਤੋਂ ਸਮੁੱਚੇ ਸਮਾਜ ਲਈ ਗੰਭੀਰ ਖਤਰੇ ਦੀ ਘੰਟੀ : ਕ੍ਰਿਸ਼ਨ ਆਰ ਏ



ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)-ਅਜੋਕੇ ਸਮੇਂ ਵਿੱਚ ਸਾਇੰਸ ਤੇ ਤਕਨਾਲੋਜੀ ਵੱਲੋਂ ਕੀਤੀ ਗਈ ਤਰੱਕੀ ਆਪਣੇ ਸਿਖਰਾਂ 'ਤੇ ਹੈ, ਜਿਸ ਕਾਰਨ ਸੋਸ਼ਲ ਮੀਡੀਆ ਦੀ ਅਥਾਹ ਵਰਤੋਂ ਕੀਤੀ ਜਾ ਰਹੀ ਹੈ।ਅੱਜ ਦੇ ਦੌਰ ਵਿੱਚ ਸੋਸ਼ਲ ਮੀਡੀਆ, ਮੋਬਾਇਲ ਤੇ ਕੰਪਿਊਟਰ ਮਨੁੱਖੀ ਜ਼ਿੰਦਗੀ ਦਾ ਸ਼ਰ ਤੇ ਅਨਿੱਖੜਵਾਂ ਹਿੱਸਾ ਬਣ ਚੁੱਕੇ ਹਨ।ਛੋਟੇ ਬੱਚਿਆਂ ਤੋਂ ਲੈ ਕੇ ਵੱਡ-ਵਡੇਰੀ ਉਮਰ ਦੇ ਵਿਅਕਤੀਆਂ ਵੱਲੋਂ ਮੋਬਾਇਲ ਦੀ ਧੜਾ-ਧੜ ਵਰਤੋਂ ਕੀਤੀ ਜਾ ਰਹੀ ਹੈ।ਜੇਕਰ ਆਪਣੇ ਆਸ-ਪਾਸ ਨਜ਼ਰ ਮਾਰੀ ਜਾਵੇ ਤਾਂ ਲਗਭਗ 95-96 ਪ੍ਰਤੀਸ਼ਤ ਲੋਕ ਮੋਬਾਇਲ ਦੀ ਵਰਤੋਂ ਕਰਦੇ ਨਜ਼ਰ ਆਉਂਦੇ ਹਨ।ਪੰਜਾਬ ਰਾਜ ਬਿਜਲੀ ਬੋਰਡ ਦੇ ਸੇਵਾ-ਮੁਕਤ ਅਧਿਕਾਰੀ ਤੇ ਐੱਸ.ਬੀ.ਸੀ.ਟੀ. (ਲਾਰਡ ਬੁੱਧਾ ਚੈਰੀਟੇਬਲ ਟਰੱਸਟ) ਦੇ ਮੁੱਖ ਸਲਾਹਕਾਰ ਸ੍ਰੀ ਕ੍ਰਿਸ਼ਨ ਆਰ. ਏ. ਨੇ ਸਮਾਜ ਵਿੱਚ ਮੋਬਾਇਲ ਦੀ ਦਿਨੋਂ-ਦਿਨ ਵੱਧ ਰਹੀ ਇਸ ਪ੍ਰਵਿਰਤੀ ਨੂੰ ਇੱਕ ਗੰਭੀਰ ਖਤਰੇ ਦੀ ਨਿਸ਼ਾਨੀ ਦੱਸਿਆ ਹੈ।ਉਨ੍ਹਾਂ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਜੇਕਰ ਇਸ ਭੈੜੀ ਆਦਤ ਨੂੰ ਸਮੇਂ ਸਿਰ ਨਾ ਰੋਕਿਆ ਗਿਆ, ਤਾਂ ਇਹ ਮਨੁੱਖੀ ਸਮਾਜ ਲਈ ਘਾਤਕ ਸਿੱਧ ਹੋਵੇਗੀ।ਉਨ੍ਹਾਂ ਨੇ ਅਪੀਲ ਕੀਤੀ ਕਿ ਮੋਬਾਇਲ ਦੀ ਸਿਰਫ਼ ਉਚਿਤ ਵਰਤੋਂ ਹੀ ਕੀਤੀ ਜਾਵੇ।ਵਾਹਨ ਚਲਾਉਂਦੇ ਸਮੇਂ ਵੀ ਬਹੁਤ ਸਾਰੇ ਚਾਲਕ ਮੋਬਾਇਲ ਫੋਨ ਦੀ ਵਰਤੋਂ ਕਰਦੇ ਹਨ, ਜਿਸ ਕਾਰਨ ਉਹ ਗੰਭੀਰ ਦੁਰਘਟਨਾਵਾਂ ਦੇ ਸ਼ਿਕਾਰ ਹੋ ਜਾਂਦੇ ਹਨ।ਅਜਿਹੇ ਲੋਕ ਆਪਣੇ ਨਾਲ-ਨਾਲ ਦੂਸਰਿਆਂ ਦੀ ਜਾਨ ਲਈ ਵੀ ਖਤਰਾ ਬਣਦੇ ਹਨ।ਇਸ ਲਈ ਅਸੀਂ ਸਮੂਹ ਮਾਪਿਆਂ ਨੂੰ ਬੇਨਤੀ ਕਰਦਾ ਹਾਂ ਕਿ ਉਹ ਆਪਣੇ ਬੱਚਿਆਂ ਨੂੰ ਮੋਬਾਇਲ ਦੀ ਇਸ ਭੈੜੀ ਅਲਾਮਤ ਤੋਂ ਬਚਾਉਣ।ਬੱਚਿਆਂ ਨੂੰ ਇਸ ਦਲਦਲ ਵਿੱਚੋਂ ਕੱਢ ਕੇ ਹੀ ਅਸੀਂ ਦੇਸ਼ ਦੇ ਭਵਿੱਖ ਨੂੰ ਸੁਰੱਖਿਅਤ ਕਰ ਸਕਦੇ ਹਾਂ।

## ਘੱਗਰ ਦਰਿਆ ਤੇ ਡਰੇਨਾਂ ਦੀ ਤੁਰੰਤ ਸਫਾਈ ਕਰਵਾਏ ਸਰਕਾਰ : ਅਕਾਲੀ ਦਲ ਅੰਮ੍ਰਿਤਸਰ



ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)-ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਡਿਪਟੀ ਕਮਿਸ਼ਨਰ ਸੰਗਰੂਰ ਨੂੰ ਇੱਕ ਮੰਗ ਪੱਤਰ ਸੌਂਪ ਕੇ ਘੱਗਰ ਦਰਿਆ, ਡਰੇਨਾਂ ਤੇ ਹੋਰ ਬਰਸਾਤੀ ਨਾਲਿਆਂ ਦੀ ਤੁਰੰਤ ਸਫਾਈ ਕਰਵਾਉਣ ਦੀ ਮੰਗ ਕੀਤੀ ਗਈ।ਪਾਰਟੀ ਨੇ ਚੇਤਾਵਨੀ ਦਿੱਤੀ ਕਿ ਹਰ ਸਾਲ ਬਰਸਾਤ ਦੇ ਮੌਸਮ ਦੌਰਾਨ ਘੱਗਰ ਦਰਿਆ ਤੇ ਡਰੇਨਾਂ ਦੇ ਓਵਰਫਲੋ ਹੋਣ ਕਾਰਨ ਪੰਜਾਬ ਦੇ ਕਈ ਇਲਾਕਿਆਂ ਵਿੱਚ ਭਾਰੀ ਤਬਾਹੀ ਹੁੰਦੀ ਹੈ, ਜਿਸ ਨਾਲ ਕਿਸਾਨਾਂ ਦੀਆਂ ਫਸਲਾਂ, ਘਰ, ਦੁਕਾਨਾਂ, ਸੜਕਾਂ ਅਤੇ ਸਰਕਾਰੀ ਸੰਪਤੀ ਨੂੰ ਕਰੋੜਾਂ ਰੁਪਏ ਦਾ ਨੁਕਸਾਨ ਝੱਲਣਾ ਪੈਂਦਾ ਹੈ।ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਹੇਠ ਦਿੱਤੇ ਮੰਗ ਪੱਤਰ ਵਿੱਚ ਪ੍ਰਸ਼ਾਸਨ ਤੋਂ ਮੰਗ ਕੀਤੀ ਗਈ ਕਿ ਘੱਗਰ ਦਰਿਆ, ਵੱਡੀਆਂ ਤੇ ਛੋਟੀਆਂ ਡਰੇਨਾਂ ਦੀ ਮੌਜੂਦਾ ਸਥਿਤੀ, ਸਫਾਈ ਲਈ ਕੀਤੇ ਗਏ ਕੰਮ, ਖਰਚ ਕੀਤੀ ਗਈ ਰਕਮ ਤੇ ਕੰਮ ਕਰਨ ਵਾਲੇ ਠੇਕੇਦਾਰਾਂ ਦੀ ਪੂਰੀ ਜਾਣਕਾਰੀ ਜਨਤਕ ਕੀਤੀ ਜਾਵੇ।ਪਾਰਟੀ ਨੇ ਇਹ ਵੀ ਮੰਗ ਕੀਤੀ ਕਿ ਪਿਛਲੇ ਸਾਲਾਂ ਵਿੱਚ ਆਏ ਹੜ੍ਹਾਂ ਦੌਰਾਨ ਹੋਏ ਨੁਕਸਾਨ ਤੇ ਇਸ ਦੀ ਰੋਕਥਾਮ ਲਈ ਕੀਤੀਆਂ ਤਿਆਰੀਆਂ ਬਾਰੇ ਵੀ ਲੋਕਾਂ ਨੂੰ ਜਾਣੂ ਕਰਵਾਇਆ ਜਾਵੇ।ਇਸ ਦੇ ਨਾਲ ਹੀ ਪ੍ਰਸ਼ਾਸਨ ਤੋਂ ਮੰਗ ਕੀਤੀ ਗਈ ਕਿ ਬਰਸਾਤੀ ਮੌਸਮ ਸ਼ੁਰੂ ਹੋਣ ਤੋਂ ਪਹਿਲਾਂ ਸਾਰੇ ਸੰਵੇਦਨਸ਼ੀਲ ਇਲਾਕਿਆਂ ਦਾ ਸਰਵੇ ਕਰਕੇ ਪੱਕੇ ਪ੍ਰਬੰਧ ਯਕੀਨੀ ਬਣਾਏ ਜਾਣ।ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਕਿਹਾ ਕਿ ਜੇਕਰ ਸਮੇਂ ਸਿਰ ਘੱਗਰ ਦਰਿਆ ਤੇ ਡਰੇਨਾਂ ਦੀ ਸਫਾਈ ਨਾ ਕਰਵਾਈ ਗਈ ਤਾਂ ਬਰਸਾਤੀ ਮੌਸਮ ਦੌਰਾਨ ਵੱਡਾ ਨੁਕਸਾਨ ਹੋ ਸਕਦਾ ਹੈ, ਜਿਸ ਦੀ ਜ਼ਿੰਮੇਵਾਰੀ ਸਰਕਾਰ ਤੇ ਪ੍ਰਸ਼ਾਸਨ ਦੀ ਹੋਵੇਗੀ।ਇਸ ਮੌਕੇ ਗੁਰਨੈਬ ਸਿੰਘ ਰਾਮਪੁਰਾ ਜ਼ਿਲ੍ਹਾ ਪ੍ਰਧਾਨ ਸੰਗਰੂਰ, ਹਰਜੀਤ ਸਿੰਘ ਸਜੂਮਾ ਅਡਜੈਕਟਿਵ ਮੈਂਬਰ ਪੰਜਾਬ, ਕੁਲਵੰਤ ਸਿੰਘ ਲੱਡੀ ਜ਼ਿਲ੍ਹਾ ਜਨਰਲ ਸਕੱਤਰ, ਬੀਬੀ ਹਰਪਾਲ ਕੌਰ ਸੰਗਰੂਰ, ਮਹਿੰਦਰ ਸਿੰਘ ਵਾਲੀਆ ਮੁਨਕ, ਡਾਕਟਰ ਹਰਿੰਦਰ ਸਿੰਘ ਰੂਪਾਹੇੜੀ, ਸਿਮਰਨ ਸਿੰਘ ਕਾਲੇਕਾ ਆਦਿ ਪਾਰਟੀ ਵਰਕਰ ਹਾਜ਼ਰ ਸਨ।

## ਗੁਰਪ੍ਰੀਤ ਸਿੰਘ ਕਾਂਗਰਸ ਐੱਸ ਸੀ ਸੈੱਲ ਦੇ ਬਲਾਕ ਚੇਅਰਮੈਨ ਨਿਯੁਕਤ



ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਕਾਂਗਰਸ ਪਾਰਟੀ ਪੰਜਾਬ ਐੱਸ ਸੀ ਡਿਪਾਰਟਮੈਂਟ ਦੇ ਚੇਅਰਮੈਨ ਗੁਰਪ੍ਰੀਤ ਸਿੰਘ ਲੱਕੀ ਪੱਖੋ ਦੀ ਅਗਵਾਈ 'ਚ ਗੁਰਪ੍ਰੀਤ ਸਿੰਘ ਕਲਾਲ ਮਾਜਰਾ ਨੂੰ ਬਲਾਕ ਮਹਿਲ ਕਲਾਂ ਐੱਸ ਸੀ ਸੈੱਲ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ।ਜ਼ਿਲ੍ਹਾ ਪ੍ਰਧਾਨ ਐੱਸ ਸੀ ਸੈੱਲ ਗੁਰਮੇਲ ਸਿੰਘ ਮੌੜ ਨੇ ਦੱਸਿਆ ਕਿ ਪਾਰਟੀ ਹਾਈ ਕਮਾਂਡ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਬਰਨਾਲਾ ਦੇ ਬਲਾਕਾਂ 'ਚ ਐੱਸ ਸੀ ਵਿਭਾਗ ਦੇ ਚੇਅਰਮੈਨ ਨਿਯੁਕਤ ਕੀਤੇ ਗਏ ਹਨ।ਉਨ੍ਹਾਂ ਜਲਦੀ ਹੀ ਬੂਥ ਕਮੇਟੀਆਂ, ਜਿਨ੍ਹਾਂ 'ਚ ਇੱਕ ਇਸਤਰੀ ਤੇ ਚਾਰ ਨੌਜਵਾਨਾਂ ਨੂੰ ਬੂਥ ਲੈਵਲ 'ਤੇ ਕਮੇਟੀਆਂ ਬਣਨ ਕੇ ਮਿਸ਼ਨ 2027 ਤਹਿਤ ਪੰਜਾਬ ਦੇ 'ਚ ਕਾਂਗਰਸ ਪਾਰਟੀ ਦੀ ਸਰਕਾਰ ਬਣਾਉਣ ਲਈ ਪਿੰਡ-ਪਿੰਡ ਲਾਮਬੰਦੀ ਕੀਤੀ ਜਾਵੇਗੀ।ਇਸ ਮੌਕੇ ਜਨਰਲ ਸਕੱਤਰ ਪੰਜਾਬ ਜਸਮੇਲ ਸਿੰਘ ਡੇਅਰੀਵਾਲਾ, ਨਿਰਮਲ ਸਿੰਘ ਕਲਾਲ ਮਾਜਰਾ, ਬਲਾਕ ਚੇਅਰਮੈਨ ਸ਼ਹਿਣਾ ਰੁਪਿੰਦਰ ਸਿੰਘ ਰਿਪੀ, ਬਲਾਕ ਚੇਅਰਮੈਨ ਬਰਨਾਲਾ ਨਛੱਤਰ ਸਿੰਘ, ਚੇਤਨ ਸਿੰਘ ਕਲਾਲ ਮਾਜਰਾ, ਸੰਦੀਪ ਸਿੰਘ, ਲਛਮਣ ਸਿੰਘ ਵਜੀਦਕੇ, ਅਜੀਤ ਸਿੰਘ ਫੌਜੀ ਨੇ ਨਵੇਂ ਚੁਣੇ ਚੇਅਰਮੈਨ ਗੁਰਪ੍ਰੀਤ ਸਿੰਘ ਟਾਟਾ ਨੂੰ ਵਧਾਈ ਦਿੰਦਿਆਂ ਚੜ੍ਹਦੀ ਕਲਾ ਦੀ ਕਾਮਨਾ ਕੀਤੀ।ਨਵ-ਨਿਯੁਕਤ ਚੇਅਰਮੈਨ ਗੁਰਪ੍ਰੀਤ ਸਿੰਘ ਕਲਾਲ ਮਾਜਰਾ ਨੇ ਪਾਰਟੀ ਹਾਈ ਕਮਾਂਡ, ਐੱਸ ਸੀ ਸੈੱਲ ਦੇ ਆਗੂਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਪਾਰਟੀ ਵੱਲੋਂ ਸੌਂਪੀ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਂਦੇ ਹੋਏ ਕਾਂਗਰਸ ਪਾਰਟੀ ਦੀ ਮਜ਼ਬੂਤੀ ਲਈ ਹਮੇਸ਼ਾ ਯਤਨਸ਼ੀਲ ਰਹਿਣਗੇ।

## ਗਜਿੰਦਰ ਘੋਟੇ ਨੇ ਝੋਨਾ ਲਾਉਣ ਵਾਲੇ ਮਜ਼ਦੂਰਾਂ ਨੂੰ ਖੇਤਾਂ 'ਚ ਜਾ ਕੇ ਦਿੱਤੀ ਦਵਾਈ



ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)-ਮੈਡੀਸਿਨ ਮੈਨ ਵਜੋਂ ਜਾਣੇ ਜਾਂਦੇ ਗਜਿੰਦਰ ਸਿੰਘ ਘੋਟੇ ਵੱਲੋਂ ਝੋਨਾ ਲਾਉਣ ਵਾਲੇ ਮਜ਼ਦੂਰਾਂ ਲਈ ਵਿਸ਼ੇਸ਼ ਸੇਵਾ ਸ਼ੁਰੂ ਕੀਤੀ ਗਈ ਹੈ, ਜਿਸ ਤਹਿਤ ਉਨ੍ਹਾਂ ਵੱਲੋਂ ਮਜ਼ਦੂਰਾਂ ਲਈ ਖੇਤਾਂ ਵਿੱਚ ਜਾ ਕੇ ਦਵਾਈਆਂ ਵੰਡੀਆਂ ਜਾ ਰਹੀਆਂ ਹਨ।ਮੈਡੀਸਿਨ ਮੈਨ ਗਜਿੰਦਰ ਸਿੰਘ ਘੋਟੇ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਮਜ਼ਦੂਰਾਂ ਦੇ ਝੋਨਾ ਲਾਉਣ ਦੌਰਾਨ ਪੈਰ ਤੇ ਹੱਥ ਪਾਣੀ ਵਿੱਚ ਰਹਿਣ ਕਾਰਨ ਖਾਰਸ਼ ਤੇ ਹੋਰ ਚਮੜੀ ਰੋਗ ਹੋ ਜਾਂਦੇ ਹਨ ਅਤੇ ਉਨ੍ਹਾਂ ਲਈ ਮੱਲ੍ਹਮ ਦਵਾਈਆਂ ਤੇ ਗਰਮੀ ਤੋਂ ਬਚਣ ਲਈ ਓ. ਆਰ. ਐੱਸ. ਘੋਲ ਤੇ ਮਲਟੀ ਵਿਟਾਮਿਨ ਦਵਾਈਆਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਇਹ ਸੇਵਾ ਝੋਨਾ ਲਾਏ ਜਾਣ ਤੱਕ ਜਾਰੀ ਰਹੇਗੀ ਤੇ ਕਿਸੇ ਵੀ ਮਜ਼ਦੂਰ ਨੂੰ ਦਵਾਈ ਤੋਂ ਵਾਂਝਾ ਨਹੀਂ ਰਹਿਣ ਦਿੱਤਾ ਜਾਵੇਗਾ।

# 24, 25 ਤੇ 26 ਨੂੰ ਹੜਤਾਲ ਕਰਕੇ ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਦਿੱਤਾ ਜਾਵੇਗਾ ਧਰਨਾ : ਗਿੱਲ

## ਨੀਟ ਦੇ ਟੈਸਟ ਨੂੰ ਮੁੱਖ ਰੱਖਦਿਆਂ ਹੜਤਾਲ ਨੂੰ ਦੋ ਦਿਨ ਪਿੱਛੇ ਕੀਤਾ ਗਿਆ



ਲੁਧਿਆਣਾ (ਰੈਕਟਰ ਕਥੂਰੀਆ) ਪੰਜਾਬ ਰੋਡਵੇਜ਼ ਪਨਬਸ/ਪੀ.ਆਰ.ਟੀ.ਸੀ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ 25/11 ਵੱਲੋਂ ਈਸੜੂ ਭਵਨ ਲੁਧਿਆਣਾ ਵਿਖੇ ਸਟੇਟ ਕਮੇਟੀ ਵੱਲੋਂ ਮੀਟਿੰਗ ਕੀਤੀ ਗਈ, ਜਿਸ ਵਿਚ ਪੰਜਾਬ ਦੇ 27 ਡਿੱਪੂ ਮੀਟਿੰਗ ਵਿੱਚ ਸ਼ਾਮਲ ਹੋਏ।ਮੀਟਿੰਗ ਵਿੱਚ ਸੂਬਾ ਪ੍ਰਧਾਨ ਰੇਸ਼ਮ ਸਿੰਘ ਗਿੱਲ ਤੇ ਸੂਬਾ ਸੰਸਥਾਪਕ ਕਮਲ ਕੁਮਾਰ ਨੇ ਬੋਲਦਿਆਂ ਕਿਹਾ ਕਿ ਸਰਕਾਰ ਬਣੀ ਨੂੰ 4 ਸਾਲ ਤੋਂ ਵੱਧ ਸਮਾਂ ਬੀਤ ਗਿਆ ਹੈ, ਇੱਕ ਵੀ ਮੁਲਾਜ਼ਮ ਵਿਭਾਗਾਂ ਵਿੱਚ ਪੱਕਾ ਨਹੀਂ ਕੀਤਾ ਗਿਆ ਅਤੇ ਨਾ ਹੀ ਇੱਕ ਵੀ ਵਿਭਾਗ ਦੀ ਮਾਲਕੀ ਵਾਲੀ ਸਰਕਾਰੀ ਬੱਸ ਨਹੀਂ ਪਈ ਗਈ, ਉਲਟਾ ਕਿਲੋਮੀਟਰ ਸਕੀਮ (ਪ੍ਰਾਈਵੇਟ ਬੱਸਾਂ) ਰਾਹੀਂ ਵਿਭਾਗਾਂ ਦਾ ਨਿੱਜੀਕਰਨ ਵੱਲ ਨੂੰ ਵਧ ਰਹੀ ਹੈ। ਪਹਿਲੀ ਵਾਰ ਹੋਇਆ ਹੈ ਕਿ ਪ੍ਰਾਈਵੇਟ ਕਿਲੋਮੀਟਰ ਸਕੀਮ ਦੇ ਉਦਘਾਟਨ ਮੌਕੇ ਮੁੱਖ ਮੰਤਰੀ ਪੰਜਾਬ ਵੱਲੋਂ ਨਾਰੀਅਲ ਭੰਨ ਕੇ ਪ੍ਰਾਈਵੇਟ ਬੱਸਾਂ ਪਾ ਕੇ ਵਿਭਾਗ ਨੂੰ ਪ੍ਰਾਈਵੇਟੇਸ਼ਨ ਕਰਕੇ ਆਪਣੇ ਚਹੇਤਿਆਂ ਨੂੰ ਲਾਭ ਦੇਣ ਲਈ ਕਿਲੋਮੀਟਰ ਸਕੀਮ ਬੱਸਾਂ ਪਾਈਆਂ ਜਾ ਰਹੀਆਂ ਹਨ ਅਤੇ ਇਨ੍ਹਾਂ ਬੱਸਾਂ ਨੂੰ ਪਾਉਣ ਲਈ ਮੁਲਾਜ਼ਮਾਂ ਨੂੰ ਪਿਛਲੇ 6 ਮਹੀਨਿਆਂ ਤੋਂ ਵੱਧ ਸਮੇਂ ਤੋਂ ਨਜਾਇਜ਼ ਜੇਲ੍ਹਾਂ ਵਿੱਚ ਬੰਦ ਕੀਤਾ ਹੋਇਆ ਹੈ। ਸਰਕਾਰ ਲਗਾਤਾਰ ਮੀਟਿੰਗਾਂ ਵਿੱਚ ਲਾਰੇ ਲੱਪੇ ਲਗਾ ਰਹੀ ਹੈ, ਸਰਕਾਰ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਦੇ ਮੁਲਾਜ਼ਮਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਦੀ ਬਜਾਏ ਉਲਟਾ ਮੁਲਾਜ਼ਮਾਂ ਨੂੰ ਦਬਾਉਣ 'ਤੇ ਲੱਗੀ ਹੈ। ਮੁਲਾਜ਼ਮਾਂ ਨੂੰ ਲਾਠੀਚਾਰਜ ਕਰਕੇ, ਪਰਚੇ ਦਰਜ ਕਰਕੇ ਜ਼ੁਬਾਨਬੰਦੀ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸੂਬਾ ਸਕੱਤਰ ਸ਼ਮਸ਼ੇਰ ਸਿੰਘ ਢਿੱਲੋਂ, ਬਲਜੀਤ ਸਿੰਘ ਕੈਸ਼ੀਅਰ, ਜਤਿੰਦਰ ਸਿੰਘ ਮੀਤ ਪ੍ਰਧਾਨ, ਜਤਿੰਦਰ ਸਿੰਘ ਜੁਆਇੰਟ ਸਕੱਤਰ ਨੇ ਬੋਲਦਿਆਂ ਕਿਹਾ ਕਿ ਜਥੇਬੰਦੀ ਵੱਲੋਂ 22 ਜੂਨ ਤੋਂ ਹੜਤਾਲ ਰੱਖੀ ਗਈ ਸੀ, ਪ੍ਰੰਤੂ ਅਚਾਨਕ ਨੀਟ ਦੇ ਪੇਪਰ ਦੀਆਂ ਤਰੀਕਾਂ ਆਉਣ ਕਾਰਨ ਸਰਕਾਰ ਵੱਲੋਂ ਪ੍ਰੀਖਿਆ ਵਿੱਚ ਭਾਗ ਲੈਣ ਵਾਲੇ ਫ੍ਰੀ ਸਫਰ ਸਹੂਲਤਾਂ ਪ੍ਰਦਾਨ ਕਰਨ ਦਾ ਫੈਸਲਾ ਲਿਆ ਗਿਆ ਹੈ, ਜਿਸ ਨੂੰ ਮੁੱਖ ਰੱਖ ਕੇ ਜਥੇਬੰਦੀ ਵੱਲੋਂ ਦੋ ਦਿਨ ਹੜਤਾਲ ਨੂੰ ਪਿੱਛੇ ਕੀਤਾ ਗਿਆ, ਪ੍ਰੰਤੂ ਪੰਜਾਬ ਸਰਕਾਰ ਮੁਲਾਜ਼ਮਾਂ ਦੀਆਂ ਮੰਗਾਂ ਪੂਰੀਆਂ ਕਰਨ ਤੋਂ ਪੂਰੀ ਤਰ੍ਹਾਂ ਅਸਫਲ ਨਜ਼ਰ ਆ ਰਹੀ ਹੈ।

ਸੂਬਾ ਸੀਨੀਅਰ ਮੀਤ ਪ੍ਰਧਾਨ ਹਰਕੇਸ਼ ਕੁਮਾਰ ਵਿੱਕੀ, ਜਲੌਰ ਸਿੰਘ ਜੁਆਇੰਟ ਸਕੱਤਰ ਨੇ ਸਰਕਾਰ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਇਕ ਪਾਸੇ ਸਰਕਾਰ ਕੱਚੇ ਮੁਲਾਜ਼ਮ ਪੱਕੇ ਕਰਨ ਦੇ ਐਲਾਨ ਕਰ ਰਹੀ ਹੈ, ਦੂਜੇ ਪਾਸੇ ਸਰਕਾਰ ਪੰਜਾਬ ਦੀ ਨੌਜਵਾਨੀ ਦਾ ਲਗਾਤਾਰ ਸ਼ੋਸ਼ਣ ਕਰਦੀ ਆ ਰਹੀ ਹੈ।ਯੂਨੀਅਨ ਵੱਲੋਂ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਦਿੱਤੇ ਨੋਟਿਸ ਅਨੁਸਾਰ ਰੱਖੀ ਗਈ ਹੜਤਾਲ ਨੂੰ ਬੱਚਿਆਂ ਦੇ ਨੀਟ ਦੇ ਟੈਸਟ ਨੂੰ ਮੁੱਖ ਰੱਖਦਿਆਂ ਦੋ ਦਿਨ ਲਈ ਅੱਗੇ ਕਰ ਦਿੱਤਾ ਗਿਆ ਹੈ, ਜੇਕਰ ਸਰਕਾਰ ਨੇ ਮੰਗਾਂ ਦਾ ਹੱਲ ਨਾ ਕੀਤਾ ਤਾਂ ਪੰਜਾਬ ਦੇ ਸਮੂਹ ਡਿੱਪੂਆਂ ਵਿੱਚ ਸਰਕਾਰ ਦਾ ਲਗਾਤਾਰ ਭੰਡੀ ਪ੍ਰਚਾਰ ਸ਼ੁਰੂ ਕੀਤਾ ਜਾਵੇਗਾ ਤੇ ਪੂਰੇ ਪੰਜਾਬ ਵਿੱਚ ਪਨਬੱਸ ਪੀ ਆਰ ਟੀ ਸੀ ਦੀ 24,25,26 ਜੂਨ 2026 ਨੂੰ ਮੁਕੰਮਲ ਹੜਤਾਲ ਕਰਕੇ ਮੁੱਖ ਮੰਤਰੀ ਪੰਜਾਬ ਦੀ ਰਹਾਇਸ਼ 'ਤੇ ਧਰਨਾ ਦਿੱਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਤੇ ਟਰਾਂਸਪੋਰਟ ਵਿਭਾਗ ਮੈਨੇਜਮੈਂਟ ਦੀ ਹੋਵੇਗੀ।ਮੀਟਿੰਗ ਵਿੱਚ ਪ੍ਰਦੀਪ ਕੁਮਾਰ, ਲਵਲੀ, ਗੁਰਬਾਜ ਸਿੰਘ, ਭਗਤ ਸਿੰਘ ਭਗਤਾ, ਜਗਜੀਤ ਸਿੰਘ, ਬਿਕਰਮਜੀਤ ਸਿੰਘ, ਗੁਰਵਿੰਦਰ ਸਿੰਘ, ਹਰਜਿੰਦਰ ਸਿੰਘ ਹੈਰੀ, ਸੁਖਪਾਲ ਸਿੰਘ, ਅੰਗਰੇਜ਼ ਸਿੰਘ ਸਮੇਤ ਆਦਿ ਆਗੂ ਮੀਟਿੰਗ ਵਿੱਚ ਹਾਜ਼ਰ ਹੋਏ।

## ਰਾਜ ਪੱਧਰੀ ਯੁਵਾ ਕਵੀ ਦਰਬਾਰ ਤੇ ਸਨਮਾਨ ਸਮਾਰੋਹ 28 ਨੂੰ

ਮੋਗਾ (ਇਕਬਾਲ ਸਿੰਘ ਖਹਿਰਾ)-ਮਹਿੰਦਰ ਸਾਥੀ ਯਾਦਗਾਰੀ ਮੰਚ ਮੋਗਾ ਵੱਲੋਂ 28 ਜੂਨ ਨੂੰ ਸਵੇਰੇ 10 ਵਜੇ ਡੀ ਐੱਮ ਕਾਲਜ ਮੋਗਾ ਦੇ ਆਡੀਟੋਰੀਅਮ ਵਿੱਚ ਇਨਕਲਾਬੀ ਸ਼ਾਇਰ ਮਹਿੰਦਰ ਸਾਥੀ ਦੇ ਜਨਮ ਦਿਨ ਨੂੰ ਸਮਰਪਤ ਵਿਸ਼ਾਲ ਸਾਹਿਤਕ ਸਮਾਗਮ ਕਰਵਾਇਆ ਜਾਵੇਗਾ।ਇਸ ਮੌਕੇ ਰਾਜ ਪੱਧਰੀ ਯੁਵਾ ਕਵੀ ਦਰਬਾਰ ਹੋਵੇਗਾ, ਜਿਸ ਵਿੱਚ ਯੁਵਾ ਸਾਹਿਤ ਅਕਾਦਮੀ ਐਵਾਰਡ ਜੇਤੂ ਸ਼ਾਇਰ ਰਣਧੀਰ, ਚਰਚਿਤ ਯੁਵਾ ਸ਼ਾਇਰ ਕੇਵਲ ਕ੍ਰਾਂਤੀ, ਸੁਰਿੰਦਰ ਸਿੰਘ ਬਟਾਲਾ, ਕਵਿਤਰੀ ਪੂਜਾ ਪੁੰਡਰਕ, ਸੁਰਖ਼ਾਬ, ਰਾਜਵੀਰ ਮੱਤਾ, ਗਗਨਦੀਪ ਸਿੰਘ ਦੀਪ, ਰਾਣੀ ਸ਼ਰਮਾ, ਮਨਦੀਪ ਰਤਨ, ਹਰਮਨ ਸੂਫ਼ੀ ਤੇ ਸੁਖਵਿੰਦਰ ਫਿਰੋਜ਼ਪੁਰ ਭਾਗ ਲੈਣਗੇ।ਸਮਾਗਮ ਦੀ ਪ੍ਰਧਾਨਗੀ ਨਾਮਵਰ ਵਿਅੰਗਕਾਰ ਕੇ ਗਰਗ, ਜ਼ਿਲ੍ਹਾ ਭਾਸ਼ਾ ਅਫ਼ਸਰ ਲੁਧਿਆਣਾ ਤੇ ਉੱਘੇ ਸ਼ਾਇਰ ਸੰਦੀਪ ਸ਼ਰਮਾ, ਨਾਮਵਰ ਗਜ਼ਲਗੋ ਵਾਹਿਦ, ਪ੍ਰਸਿੱਧ ਆਲੋਚਕ ਡਾਕਟਰ ਸੁਰਜੀਤ ਬਰਾੜ ਵੱਲੋਂ ਕੀਤੀ ਜਾਵੇਗੀ।ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਮੰਚ ਦੇ ਪ੍ਰਧਾਨ ਨਵਨੀਤ ਸਿੰਘ ਸੇਖਾ, ਜਨਰਲ ਸਕੱਤਰ ਗੁਰਪ੍ਰੀਤ ਧਰਮਕੋਟ, ਸੀਨੀਅਰ ਮੀਤ ਪ੍ਰਧਾਨ ਅਮਰਪ੍ਰੀਤ ਕੌਰ ਸੰਘਾ, ਮੀਤ ਪ੍ਰਧਾਨ ਧਾਮੀ ਗਿੱਲ ਨੇ ਦੱਸਿਆ ਕਿ ਸਮਾਗਮ ਵਿੱਚ ਪੰਜਾਬੀ ਦੇ ਚਰਚਿਤ ਨੌਜਵਾਨ ਕਹਾਣੀਕਾਰ ਅਲਫ਼ਾਜ਼ ਨੂੰ ਜਰਨੈਲ ਸਿੰਘ ਸੇਖਾ ਗਲਪ ਪੁਰਸਕਾਰ ਤੇ ਮਹਿੰਦਰ ਸਾਥੀ ਯਾਦਗਾਰੀ ਯੁਵਾ ਪੁਰਸਕਾਰ ਨਾਮਵਰ ਕਵਿਤਰੀ ਰੂਹੀ ਸਿੰਘ (ਪਟਿਆਲਾ) ਨੂੰ ਦਿੱਤਾ ਜਾਵੇਗਾ।ਸਮਾਗਮ ਦੌਰਾਨ ਜਰਨੈਲ ਸਿੰਘ ਆਰਟਿਸਟ ਬਾਰੇ ਪੁਸਤਕ ਲੋਕ ਅਰਪਣ ਕੀਤੀ ਜਾਵੇਗੀ।ਉਡਾਰੀ ਪ੍ਰਕਾਸ਼ਨ ਵੱਲੋਂ ਪੁਸਤਕ ਪ੍ਰਦਰਸ਼ਨੀ ਵੀ ਲਗਾਈ ਜਾਵੇਗੀ।

## ਪੰਜਾਬ 'ਚ ਅਕਾਲੀ ਸਰਕਾਰ ਦਾ ਮੁੱਢ ਕੈਨੇਡਾ ਤੋਂ ਬੰਨ੍ਹਿਆ ਗਿਆ : ਢਿੱਲੋਂ



ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਆਉਣ ਵਾਲੀ 2027 ਦੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਸ਼੍ਰੋਮਣੀ ਅਕਾਲੀ ਦਲ ਦਾ ਇੱਕ ਵਫ਼ਦ ਕੈਨੇਡਾ ਦੌਰੇ 'ਤੇ ਹੈ, ਜਿਸ ਵੱਲੋਂ ਉੱਥੇ ਵਸਦੇ ਪ੍ਰਵਾਸੀ ਪੰਜਾਬੀਆਂ ਨਾਲ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਬ੍ਰਿਟਿਸ਼ ਕੋਲੰਬੀਆਂ ਦੇ ਲੈਂਗਲੀ ਸ਼ਹਿਰ ਵਿੱਚ ਵਫ਼ਦ 'ਚ ਸ਼ਾਮਲ ਹੋਏ ਸਾਬਕਾ ਕੈਬਨਿਟ ਮੰਤਰੀ ਸ਼ਰਨਜੀਤ ਸਿੰਘ ਢਿੱਲੋਂ ਤੇ ਹਲਕਾ ਸਮਰਾਲਾ ਤੋਂ ਮੁੱਖ ਸੇਵਾਦਾਰ ਪਰਮਜੀਤ ਸਿੰਘ ਢਿੱਲੋਂ ਨੇ ਭਰਵੀਆਂ ਮੀਟਿੰਗਾਂ ਕੀਤੀਆਂ। ਉਨ੍ਹਾਂ ਕਿਹਾ ਕਿ ਜਦੋਂ ਵੀ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸੱਤਾ ਵਿੱਚ ਆਈ ਹੈ ਤਾਂ ਉਸ ਦਾ ਮੁੱਢ ਕੈਨੇਡਾ ਤੋਂ ਬੰਨ੍ਹਿਆ ਗਿਆ ਹੈ, ਕਿਉਂਕਿ ਇੱਥੇ ਬਹੁ-ਗਿਣਤੀ ਵਸਦੇ ਪ੍ਰਵਾਸੀ ਪੰਜਾਬੀਆਂ ਨੇ ਆਪਣਾ ਭਰਵਾਂ ਸਮਰਥਨ ਦਿੱਤਾ ਹੈ। ਉਕਤ ਆਗੂਆਂ ਨੇ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਦੀਆਂ ਉਮੀਦਾਂ 'ਤੇ ਖ਼ਰੀ ਨਹੀਂ ਉੱਤਰ ਰਹੀ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਕੀਤੇ ਗਏ ਕਈ ਵਾਅਦੇ ਅਜੇ ਤੱਕ ਪੂਰੇ ਨਹੀਂ ਹੋਏ, ਜਿਸ ਕਾਰਨ ਲੋਕਾਂ ਵਿੱਚ ਨਿਰਾਸ਼ਾ ਦਾ ਮਾਹੌਲ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ (ਬ) ਹੀ ਪੰਜਾਬ ਤੇ ਪੰਜਾਬੀਅਤ ਦੇ ਹੱਕਾਂ ਦੀ ਪਹਿਰੇਦਾਰ ਪਾਰਟੀ ਹੈ ਅਤੇ ਸੂਬੇ ਦੇ ਹਿੱਤਾਂ ਲਈ ਲਗਾਤਾਰ ਸੰਘਰਸ਼ ਕਰਦੀ ਆ ਰਹੀ ਹੈ। ਉਨ੍ਹਾਂ ਕਿਹਾ ਕਿ ਬਾਹਰਲੇ ਮੁਲਕਾਂ ਵਿੱਚ ਵਸਦੇ ਪੰਜਾਬੀ ਵੀ ਸੂਬੇ ਅੰਦਰ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਾਉਣ ਲਈ ਉਤਾਵਲੇ ਹਨ। ਇਸ ਮੌਕੇ ਅਕਾਲੀ ਆਗੂ ਗੁਰਪ੍ਰੀਤ ਸਿੰਘ ਝੱਬਰ, ਬਰਜਿੰਦਰ ਸਿੰਘ ਮੱਖਣ ਬਰਾੜ, ਜਸਪ੍ਰੀਤ ਸਿੰਘ ਮਾਹਲਾ, ਐਡਵੋਕੇਟ ਰਾਜਕਮਲ ਸਿੰਘ, ਮਨਪ੍ਰੀਤ ਸਿੰਘ ਝੱਬਰ, ਸਤਵਿੰਦਰਪਾਲ ਸਿੰਘ, ਹਰਜਾਪ ਸਿੰਘ ਸੰਘਾ, ਸਤਵਿੰਦਰ ਸਿੰਘ ਢੱਟ, ਗੁਰਬਖ਼ਸ਼ ਸਿੰਘ ਬਾਗੀ, ਗਾਇਕ ਕੇ.ਐੱਸ. ਮੱਖਣ, ਬਲਵਿੰਦਰ ਸਿੰਘ ਕਾਹਲਵਾਂ ਮੌਜੂਦ ਸਨ।

## ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰਜ਼ ਯੂਨੀਅਨ ਦੀ ਸੈਂਟਰ ਬਾਡੀ ਦੀ ਮੀਟਿੰਗ

### 27 ਨੂੰ ਮੋਗਾ 'ਚ ਮਨਾਈ ਜਾਵੇਗੀ ਬਾਈ ਬਲਵਿੰਦਰ ਸੰਧੂ ਦੀ ਬਰਸੀ



ਮੋਗਾ (ਇਕਬਾਲ ਸਿੰਘ ਖਹਿਰਾ)-ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰਜ਼ ਯੂਨੀਅਨ ਦੀ ਸੈਂਟਰ ਬਾਡੀ ਦੀ ਮੀਟਿੰਗ ਮੋਗੇ ਬਾਈ ਨੱਛਤਰ ਧਾਲੀਵਾਲ ਭਵਨ ਵਿੱਚ ਦੀਦਾਰ ਸਿੰਘ ਮੰਡ ਦੀ ਪ੍ਰਧਾਨਗੀ ਹੇਠ ਹੋਈ।ਹਾਜ਼ਰ ਸਾਥੀਆਂ ਨੂੰ ਸੰਬੋਧਨ ਕਰਦੇ ਹੋਏ ਚਅਰਮੈਨ ਜਗਦੀਸ਼ ਸਿੰਘ ਚਾਹਲ ਤੇ ਗੁਰਜੰਟ ਕੋਕਰੀ ਨੇ ਕਿਹਾ ਕਿ ਚੋਣਾਂ ਦੇ ਐਨ ਨਜ਼ਦੀਕ ਆ ਕੇ ਭਾਵੇਂ ਸਰਕਾਰ ਕੁਝ ਹਰਕਤ ਵਿੱਚ ਆਈ ਹੋਵੇ, ਪਰ ਕਿਸਾਨਾਂ, ਮੁਲਾਜ਼ਮਾਂ, ਮਜ਼ਦੂਰਾਂ ਨਾਲ ਸਬੰਧਤ ਮਸਲੇ ਗੰਭੀਰ ਚਰਚਾ ਕਰਦੇ ਹੋਏ ਹੱਲ ਕੀਤੇ ਜਾ ਸਕਦੇ ਸੀ।ਪਰ ਅਫਸੋਸ ਕਿ ਮੁੱਖ ਮੰਤਰੀ ਵੱਲੋਂ ਪਹਿਲੇ ਸਾਢੇ ਚਾਰ ਸਾਲ ਕਿਸੇ ਜਥੇਬੰਦੀ ਨਾਲ ਮੀਟਿੰਗ ਕਰਨਾ ਹੀ ਵਾਜਿਬ ਨਹੀਂ ਸਮਝਿਆ ਗਿਆ।ਖਾਸ ਕਰਕੇ ਰੋਡਵੇਜ਼ ਅਦਾਰਾ, ਜੋ ਰੋਜ਼ਾਨਾ ਕਮਾਈ ਕਰਕੇ ਦੇਣ ਵਾਲਾ ਹੈ, ਨੂੰ ਬਿਲਕੁਲ ਅੱਖੋਂ ਪਰੋਖੇ ਕੀਤਾ ਗਿਆ ਹੈ।ਕੇਵਲ ਮੁਫ਼ਤ ਦੀਆਂ ਰਿਉੜੀਆਂ ਨਾਲ ਸੂਬੇ ਨੂੰ ਮੁੜ ਪੈਰਾਂ ਸਿਰ ਨਹੀਂ ਕੀਤਾ ਜਾ ਸਕਦਾ, ਇਸ ਦੇ ਲਈ ਠੋਸ ਇਰਾਦਾ ਤੇ ਨੇਕ ਨੀਤੀ ਦੀ ਲੋੜ ਹੈ ਜੋ ਫਿਲਹਾਲ ਪੰਜਾਬ ਦੀ ਕਿਸੇ ਸਿਆਸੀ ਧਿਰ ਕੋਲ ਨਜ਼ਰ ਨਹੀਂ ਆ ਰਹੀ।ਸਿਆਸੀ ਵਿਰੋਧ ਨੂੰ ਨਿੱਜੀ ਦੁਸ਼ਮਣੀ ਬਣਾ ਕੇ ਇੱਕ ਧਿਰ ਬਾਕੀ ਧਿਰਾਂ ਨੂੰ ਹਰੇਕ ਤਰੀਕੇ ਨਾਲ ਨੀਵਾਂ ਦਿਖਾਉਣ ਤੇ ਘਟੀਆ ਦੂਸ਼ਣਬਾਜ਼ੀ ਕਰਨ 'ਤੇ ਬਜ਼ਿੱਦ ਹੋ ਚੁਕੀ ਹੈ।ਅਫਸੋਸ ਹੈ ਕਿ ਸੂਬੇ ਦੀ ਰਾਜਨੀਤੀ ਵਿੱਚੋਂ ਕੇਵਲ ਨੀਤੀ ਹੀ ਨਹੀਂ, ਬਲਕਿ ਨੈਤਿਕਤਾ ਵੀ ਗ਼ਾਇਬ ਹੋ ਚੁੱਕੀ ਹੈ।ਸਕੱਤਰ ਨੇ ਦੱਸਿਆ ਕਿ ਪਿਛਲੇ ਦਿਨੀਂ ਮੁੱਖ ਦਫਤਰ ਡਾਇਰੈਕਟਰ ਚੰਡੀਗੜ੍ਹ ਨਾਲ ਜਥੇਬੰਦੀ ਦੀ ਮੀਟਿੰਗ ਹੋਈ, ਜਿਸ ਵਿੱਚ ਉੱਚ ਅਧਿਕਾਰੀਆਂ ਵੱਲੋਂ ਦੱਸਿਆ ਗਿਆ ਕਿ ਮੌਤ ਹੋਏ 38 ਮੁਲਾਜ਼ਮਾਂ ਦੇ ਵਾਰਸਾਂ ਨੂੰ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ ਤੇ 384 ਨਵੀਆਂ ਬੱਸਾਂ ਜਲਦ ਵਿਭਾਗ ਵਿੱਚ ਪੈ ਰਹੀਆਂ ਹਨ।ਹਾਲਾਂਕਿ ਵਰਕਸ਼ਾਪਾਂ ਦਾ ਨਵੀਨਕਰਨ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਬਾਰੇ ਕੋਈ ਠੋਸ ਨੀਤੀ ਨਦਾਰਦ ਹੈ। ਜਥੇਬੰਦੀ ਵੱਲੋਂ 27 ਜੂਨ ਨੂੰ ਬਾਈ ਬਲਵਿੰਦਰ ਸੰਧੂ ਦੀ ਬਰਸੀ ਮੋਗਾ ਵਿਖੇ ਮਨਾਈ ਜਾ ਰਹੀ ਹੈ ਤੇ 4 ਜੁਲਾਈ ਪੁਰਾਣੀ ਪੈਨਸ਼ਨ ਬਹਾਲੀ ਸਾਂਝਾ ਮੰਚ ਦੀ ਕਨਵੈਨਸ਼ਨ ਮੋਗੇ ਕੀਤੀ ਜਾ ਰਹੀ ਹੈ।ਅੱਜ ਦੀ ਮੀਟਿੰਗ ਵਿੱਚ ਬਲਵਿੰਦਰ ਛੀਨਾ, ਅੰਗਰੇਜ ਸਿੰਘ ਮੁਕਤਸਰ, ਬਲਰਾਜ ਭੰਗੂ, ਗੁਰਜੀਤ ਸਿੰਘ ਜਲੰਧਰ, ਅਜੈ ਸਨੋਤਰਾ, ਨਵਦੀਪ ਤਰਨਤਾਰਨ, ਹਰਬੰਸ ਲੁਧਿਆਣਾ ਤੇ ਸਾਥੀ ਹਾਜ਼ਰ ਸਨ।

## ਵਿਧਾਇਕ ਭੁੱਲਰ ਨੇ ਵਪਾਰੀਆਂ ਨਾਲ ਮੀਟਿੰਗ ਕਰ ਕੇ ਸੁਣੀਆਂ ਸਮੱਸਿਆਵਾਂ

### ਪੰਜਾਬ ਸਰਕਾਰ ਵਪਾਰੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਵਚਨਬੱਧ : ਭੁੱਲਰ




ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਵਿਧਾਇਕ ਫਿਰੋਜ਼ਪੁਰ ਸ਼ਹਿਰੀ ਰਣਬੀਰ ਸਿੰਘ ਭੁੱਲਰ ਨੇ ਫਿਰੋਜ਼ਪੁਰ ਛਾਉਣੀ ਦੇ ਵਪਾਰੀਆਂ ਨਾਲ ਮੀਟਿੰਗ ਕਰ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਤੇ ਉਨ੍ਹਾਂ ਦੇ ਤੁਰੰਤ ਹੱਲ ਲਈ ਢੁੱਕਵੇਂ ਕਦਮ ਚੁੱਕਣ ਦਾ ਭਰੋਸਾ ਦਿਵਾਇਆ। ਮੀਟਿੰਗ ਦੌਰਾਨ ਵਿਧਾਇਕ ਸ. ਰਣਬੀਰ ਸਿੰਘ ਭੁੱਲਰ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਵਾਲੀ ਪੰਜਾਬ ਸਰਕਾਰ ਰਾਜ ਦੀ ਅਰਥ ਵਿਵਸਥਾ ਦੀ ਬਿਹਤਰੀ ਤੇ ਵਪਾਰੀਆਂ ਦੇ ਹਰ ਮਸਲੇ ਦੇ ਹੱਲ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਸ ਦੌਰਾਨ ਉਨ੍ਹਾਂ ਵੱਲੋਂ ਵੱਖ-ਵੱਖ ਮਾਰਕੀਟ ਐਸੋਸੀਏਸ਼ਨਾਂ ਦੇ ਨੁਮਾਇੰਦਿਆਂ ਨਾਲ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ। ਵਪਾਰੀਆਂ ਨੇ ਆਪਣੇ ਇਲਾਕਿਆਂ ਵਿੱਚ ਆ ਰਹੀਆਂ ਰੋਜ਼ਾਨਾ ਸਮੱਸਿਆਵਾਂ ਨੂੰ ਖੁੱਲ੍ਹ ਕੇ ਰੱਖਿਆ। ਇਸ ਦੌਰਾਨ ਵਿਧਾਇਕ ਭੁੱਲਰ ਨੇ ਕਿਹਾ ਕਿ ਵਪਾਰੀ ਵਰਗ ਸ਼ਹਿਰ ਦੀ ਆਰਥਿਕ ਰੀੜ੍ਹ ਦੀ ਹੱਡੀ ਹੈ ਤੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨਾ ਸਰਕਾਰ ਦੀ ਪਹਿਲੀ ਤਰਜੀਹ ਹੈ। ਇਸ ਮੌਕੇ ਵਪਾਰੀਆਂ ਨਾਲ ਵਿਕਾਸ ਕਾਰਜਾਂ, ਬਾਜ਼ਾਰਾਂ ਦੀਆਂ ਸੁਵਿਧਾਵਾਂ ਤੇ ਕਾਰੋਬਾਰ ਨਾਲ ਜੁੜੀਆਂ ਚੁਣੌਤੀਆਂ ਬਾਰੇ ਵਿਚਾਰ ਚਰਚਾ ਕੀਤੀ ਗਈ। ਉਨ੍ਹਾਂ ਵਪਾਰੀਆਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਤਰਜੀਹ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ ਤੇ ਜਿੱਥੇ ਵੀ ਲੋੜ ਪਈ, ਉੱਚ ਪੱਧਰ 'ਤੇ ਵੀ ਮਾਮਲੇ ਉਠਾਏ ਜਾਣਗੇ।

ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀਆਂ ਮੀਟਿੰਗਾਂ ਭਵਿੱਖ ਵਿਚ ਵੀ ਲਗਾਤਾਰ ਕੀਤੀਆਂ ਜਾਣਗੀਆਂ, ਤਾਂ ਜੋ ਪ੍ਰਸ਼ਾਸਨ ਤੇ ਵਪਾਰੀਆਂ ਵਿਚਕਾਰ ਸਿੱਧਾ ਸੰਪਰਕ ਬਣਿਆ ਰਹੇ ਅਤੇ ਮਸਲਿਆਂ ਦਾ ਸਮੇਂ-ਸਿਰ ਨਿਪਟਾਰਾ ਹੋ ਸਕੇ। ਇਸ ਮੌਕੇ ਸਿਵਲ ਤੇ ਪੁਲਸ ਪ੍ਰਸ਼ਾਸਨ ਦੇ ਅਧਿਕਾਰੀਆਂ ਸਮੇਤ ਵੱਖ ਵੱਖ ਵਪਾਰ ਐਸੋਸਿਏਸ਼ਨ ਦੇ ਨੁਮਾਇੰਦੇ ਹਾਜ਼ਰ ਸਨ।

## ਗੁਰੂ ਨਾਨਕ ਕਾਲਜ ਵਿਖੇ ਈ-ਆਫਿਸ ਤੇ ਈ-ਪ੍ਰਸ਼ਾਸਨ ਬਾਰੇ ਵਰਕਸ਼ਾਪ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)-ਗੁਰੂ ਨਾਨਕ ਕਾਲਜ ਸ੍ਰੀ ਮੁਕਤਸਰ ਸਾਹਿਬ ਵਿਖੇ ਪ੍ਰਿੰਸੀਪਲ ਪ੍ਰੋ. ਸਰਬਜੀਤ ਕੌਰ ਦੀ ਯੋਗ ਅਗਵਾਈ ਹੇਠ ਈ-ਆਫਿਸ ਤੇ ਈ-ਪ੍ਰਸ਼ਾਸਨ ਪ੍ਰਣਾਲੀਆਂ ਬਾਰੇ ਤਿੰਨ ਰੋਜ਼ਾ ਆਨਲਾਈਨ ਵਰਕਸ਼ਾਪ ਲਗਾਈ ਗਈ।ਇਸ ਵਰਕਸ਼ਾਪ ਵਿੱਚ ਮਨੀਬੇਨ ਨਾਨਾਵਤੀ ਮਹਿਲਾ ਕਾਲਜ ਮੁੰਬਈ ਤੋਂ ਮੈਡਮ ਕੀਆ ਮੁਖਰਜੀ ਦਫਤਰ ਸੁਪਰਡੈਂਟ ਵੱਲੋਂ ਮੁੱਖ ਬੁਲਾਰੇ ਵਜੋਂ ਸ਼ਿਰਕਤ ਕੀਤੀ ਗਈ।ਉਨ੍ਹਾਂ ਈ-ਆਫਿਸ ਪ੍ਰਣਾਲੀਆਂ, ਈ-ਪ੍ਰਸ਼ਾਸਨ ਤੇ ਡਿਜੀਟਾਈਜ਼ਡ ਦਸਤਾਵੇਜ਼ਾਂ ਦੇ ਨਿਰਮਾਣ ਬਾਰੇ ਜਾਣਕਾਰੀ ਮੁਹੱਈਆ ਕਰਵਾਈ।ਇਸ ਤਿੰਨ ਰੋਜ਼ਾ ਵਰਕਸ਼ਾਪ ਵਿੱਚ ਕਾਲਜ ਪ੍ਰਿੰਸੀਪਲ ਦੇ ਨਾਲ-ਨਾਲ ਵਿਭਾਗਾਂ ਦੇ ਮੁਖੀਆਂ ਤੇ ਦਫ਼ਤਰ ਦੇ ਸਟਾਫ ਵੱਲੋਂ ਨਵੇਂ ਵਿਚਾਰਾਂ ਦੀ ਪੜਚੋਲ ਕਰਨ ਤੇ ਨਵੀਆਂ ਚੀਜ਼ਾਂ ਸਿੱਖਣ ਲਈ ਪੂਰੇ ਉਤਸ਼ਾਹ ਨਾਲ ਹਿੱਸਾ ਲਿਆ ਗਿਆ।ਪੋਸਟ ਗ੍ਰੈਜੂਏਟ ਕੰਪਿਊਟਰ ਸਾਇੰਸ ਵਿਭਾਗ ਦੇ ਸਹਾਇਕ ਪ੍ਰੋਫੈਸਰ ਡਾ. ਸ਼ਵੇਤਾ ਡਾਰਗਨ ਨੇ ਜਾਣਕਾਰੀ ਦਿੱਤੀ ਕਿ ਇਸ ਵਰਕਸ਼ਾਪ ਦੌਰਾਨ ਮੁੱਖ ਤੌਰ 'ਤੇ ਈ ਦਫਤਰ, ਈ ਪ੍ਰਸ਼ਾਸਨ, ਦਸਤਾਵੇਜ਼ ਪ੍ਰਬੰਧਨ ਪ੍ਰਣਾਲੀ, ਅਕਾਦਮਿਕ ਡਾਟਾ ਪ੍ਰਬੰਧਨ ਪ੍ਰਣਾਲੀ, ਮਸ਼ੀਨ ਸਿਖਲਾਈ ਪ੍ਰਣਾਲੀ, ਈ ਦਾਖਲੇ ਆਦਿ ਸਬੰਧੀ ਵਿਹਾਰਕ ਜਾਣਕਾਰੀ ਦਿੱਤੀ ਗਈ।ਕਾਲਜ ਦੇ ਸਥਾਨਕੀ ਪ੍ਰਬੰਧਕੀ ਕਮੇਟੀ ਦੇ ਵਧੀਕ ਸਕੱਤਰ ਮਨਜੀਤ ਸਿੰਘ ਬਰਕੰਦੀ ਵੱਲੋਂ ਇਸ ਵਰਕਸ਼ਾਪ ਸਬੰਧੀ ਸਾਰੀ ਟੀਮ ਦਾ ਧੰਨਵਾਦ ਕੀਤਾ ਗਿਆ।

## ਸਫਾ 1 ਦਾ ਬਾਕੀ...

### 'ਆਪ' ਵੱਲੋਂ ਅਕਾਲੀ ਦਲ ਵਿਰੁੱਧ...

ਸੀਨੀਅਰ ਲੀਡਰਸ਼ਿਪ, ਅਹੁਦੇਦਾਰਾਂ ਅਤੇ ਵੱਡੀ ਗਿਣਤੀ ਵਿੱਚ ਵਰਕਰਾਂ ਨੇ ਸ਼ਮੂਲੀਅਤ ਕਰਦਿਆਂ ਵਿਰੋਧੀ ਧਿਰਾਂ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ।

ਰੋਸ ਧਰਨੇ ਨੂੰ ਸੰਬੋਧਨ ਕਰਦਿਆਂ ਪੰਜਾਬ ਇਨਫੋਟੈਕ ਦੇ ਚੇਅਰਮੈਨ ਡਾ. ਗੁਨਿੰਦਰਜੀਤ ਸਿੰਘ ਮਿੰਕੂ ਜਵੰਧਾ ਨੇ ਕਿਹਾ ਕਿ ਤਕਨੀਕ ਦੀ ਦੁਰਵਰਤੋਂ ਕਰਕੇ ਝੂਠ ਫੈਲਾਉਣ ਦੀ ਕੋਸ਼ਿਸ਼ ਕੀਤੀ ਗਈ ਹੈ, ਪਰ ਵਿਗਿਆਨਕ ਤੱਥਾਂ ਨੇ ਸੱਚਾਈ ਨੂੰ ਸਾਹਮਣੇ ਲਿਆ ਦਿੱਤਾ ਹੈ।ਉਨ੍ਹਾ ਦੱਸਿਆ ਕਿ ਕਰੀਬ 1191 ਤਕਨੀਕੀ ਅਤੇ ਵਿਗਿਆਨਕ ਮਾਪਦੰਡਾਂ 'ਤੇ ਕੀਤੀ ਗਈ ਜਾਂਚ ਅਤੇ ਦੋ ਸੁਤੰਤਰ ਫੋਰੈਂਸਿਕ ਲੈਬਾਂ ਦੀਆਂ ਰਿਪੋਰਟਾਂ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਵਾਇਰਲ ਵੀਡੀਓ ਵਿੱਚ ਦਿਖਾਈ ਦੇਣ ਵਾਲਾ ਵਿਅਕਤੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਹੀਂ। ਡਾ. ਜਵੰਧਾ ਨੇ ਦਾਅਵਾ ਕੀਤਾ ਕਿ ਫੋਰੈਂਸਿਕ ਮਾਹਰਾਂ ਵੱਲੋਂ ਕੀਤੀ ਗਈ ਜਾਂਚ ਵਿੱਚ ਵੀਡੀਓ ਵਿਚਲੇ ਵਿਅਕਤੀ ਦੀ ਸਰੀਰਕ ਬਣਤਰ, ਹਾਵ-ਭਾਵ ਅਤੇ ਹੋਰ ਬਾਇਓਮੀਟ੍ਰਿਕ ਤੱਤਾਂ ਦਾ ਮੁੱਖ ਮੰਤਰੀ ਨਾਲ ਕੋਈ ਮੇਲ ਨਹੀਂ ਪਾਇਆ ਗਿਆ।ਚੇਅਰਮੈਨ ਜਵੰਧਾ ਨੇ ਕਿਹਾ ਕਿ ਮੁੱਖ ਮੰਤਰੀ ਦੀ ਵਧ ਰਹੀ ਲੋਕਪ੍ਰਿਯਤਾ, ਲੋਕ-ਪੱਖੀ ਫ਼ੈਸਲਿਆਂ ਅਤੇ ਭ੍ਰਿਸ਼ਟਾਚਾਰ ਵਿਰੁੱਧ ਕਾਰਵਾਈਆਂ ਕਾਰਨ ਵਿਰੋਧੀ ਧਿਰਾਂ ਬੁਖਲਾਹਟ ਦਾ ਸ਼ਿਕਾਰ ਹੋ ਚੁੱਕੀਆਂ ਹਨ।

ਇਸ ਮੌਕੇ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸ਼ਾਮ ਸਿੰਗਲਾ, ਜ਼ਿਲ੍ਹਾ ਯੋਜਨਾ ਬੋਰਡ ਕਮੇਟੀ ਦੇ ਚੇਅਰਪਰਸਨ ਗੁਰਮੇਲ ਸਿੰਘ ਘਰਾਚੋਂ, ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਮੈਂਬਰ ਗੁਲਜ਼ਾਰ ਸਿੰਘ ਬੌਬੀ, ਮਾਰਕੀਟ ਕਮੇਟੀ ਸੰਗਰੂਰ ਦੇ ਚੇਅਰਮੈਨ ਅਵਤਾਰ ਸਿੰਘ ਈਲਵਾਲ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਰਣਬੀਰ ਸਿੰਘ ਢੀਂਡਸਾ ਨੇ ਦੋਸ਼ ਲਗਾਇਆ ਕਿ ਸ਼੍ਰੋਮਣੀ ਅਕਾਲੀ ਦਲ (ਬ) ਵੱਲੋਂ ਫਰਜ਼ੀ ਵੀਡੀਓ ਰਾਹੀਂ ਮੁੱਖ ਮੰਤਰੀ ਭਗਵੰਤ ਮਾਨ ਦਾ ਅਕਸ ਖ਼ਰਾਬ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਵੱਡੀ ਗਿਣਤੀ ਵਿਚ ਆਮ ਆਦਮੀ ਪਾਰਟੀ ਦੇ ਆਗੂ ਅਤੇ ਵਰਕਰ ਇਸ ਪ੍ਰਦਰਸ਼ਨ ਵਿਚ ਸ਼ਾਮਲ ਹੋਏ।

ਮੁੱਖ ਮੰਤਰੀ ਦੀ ਨਕਲੀ ਵੀਡੀਓ ਦੇ ਵਿਰੋਧ ਵਿਚ ਸ਼ਨੀਵਾਰ ਆਮ ਆਦਮੀ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਵੱਲੋਂ ਬਠਿੰਡਾ ਵਿਖੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਸੀਨੀਅਰ ਆਗੂ ਅਤੇ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਦੇ ਸਥਾਨਕ ਦਫ਼ਤਰ ਦਾ ਘਿਰਾਓ ਕਰਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਪ੍ਰਦਰਸ਼ਨਕਾਰੀਆਂ ਨੇ ਦੋਸ਼ ਲਗਾਇਆ ਕਿ ਮੁੱਖ ਮੰਤਰੀ ਦੀ ਫਰਜ਼ੀ ਵੀਡੀਓ ਨੂੰ ਲੈ ਕੇ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਮਾਮਲੇ ਨੂੰ ਲੈ ਕੇ ਪਾਰਟੀ ਵਰਕਰਾਂ ਨੇ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਆਪਣਾ ਰੋਸ ਪ੍ਰਗਟਾਇਆ। ਆਪ ਆਗੂਆਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਛਵੀ ਨੂੰ ਨੁਕਸਾਨ ਪਹੁੰਚਾਉਣ ਦੇ ਮਕਸਦ ਨਾਲ ਸੋਸ਼ਲ ਮੀਡੀਆ 'ਤੇ ਇਕ ਵੀਡੀਓ ਵਾਇਰਲ ਕੀਤੀ ਗਈ ਸੀ, ਜਿਸ ਨੂੰ ਆਮ ਆਦਮੀ ਪਾਰਟੀ ਅਤੇ ਪੰਜਾਬ ਸਰਕਾਰ ਵੱਲੋਂ ਪੂਰੀ ਤਰ੍ਹਾਂ ਫਰਜ਼ੀ ਕਰਾਰ ਦਿੱਤਾ ਗਿਆ ਹੈ।

ਉਨ੍ਹਾ ਕਿਹਾ ਕਿ ਸਰਕਾਰ ਦੇ ਦਾਅਵੇ ਅਨੁਸਾਰ ਫੋਰੈਂਸਿਕ ਜਾਂਚ ਵਿਚ ਵੀ ਇਹ ਗੱਲ ਸਪੱਸ਼ਟ ਹੋ ਚੁੱਕੀ ਹੈ ਕਿ ਵੀਡੀਓ ਵਿਚ ਦਿਖਾਈ ਦੇ ਰਿਹਾ ਵਿਅਕਤੀ ਮੁੱਖ ਮੰਤਰੀ ਨਹੀਂ, ਸਗੋਂ ਕਿਸੇ ਹਮਸ਼ਕਲ ਜਾਂ ਏ ਆਈ ਤਕਨੀਕ ਦੀ ਵਰਤੋਂ ਕਰਕੇ ਤਿਆਰ ਕੀਤਾ ਗਿਆ ਹੋ ਸਕਦਾ ਹੈ। ਇਸ ਮੌਕੇ ਵੱਡੀ ਗਿਣਤੀ ਵਿਚ ਪਾਰਟੀ ਵਰਕਰ ਤੇ ਸਮਰਥਕ ਹਾਜ਼ਰ ਸਨ।

## ਖਬਰ ਦਾ ਅਸਰ : ਪੀੜਤ ਪਰਵਾਰ ਦੀ ਮਦਦ ਲਈ ਅੱਗੇ ਆਏ ਸਮਾਜ ਸੇਵੀ

### ਮਕਾਨ ਦੀ ਛੱਤ ਪਾਉਣ ਲਈ ਦਿੱਤੀ ਆਰਥਿਕ ਸਹਾਇਤਾ



ਜਲਾਲਾਬਾਦ (ਬਲਵਿੰਦਰ ਸਿੰਘ)-ਬੀਤੇ ਦਿਨੀਂ ਤੇਜ਼ ਮੀਂਹ ਤੇ ਚੱਲੀਆਂ ਤੇਜ਼ ਹਵਾਵਾਂ ਕਾਰਨ ਪਿੰਡ ਚੱਕ ਰੋਮਾਂਵਾਲਾ ਵਾਸੀ ਮੁਖਤਿਆਰ ਸਿੰਘ ਪੁੱਤਰ ਕਸ਼ਮੀਰ ਸਿੰਘ ਦੇ ਕੱਚੇ ਮਕਾਨ ਦੀ ਛੱਤ ਡਿੱਗ ਜਾਣ ਨਾਲ ਪਰਵਾਰ ਮੁਸ਼ਕਲ ਹਾਲਤਾਂ ਦਾ ਸਾਹਮਣਾ ਕਰ ਰਿਹਾ ਸੀ।ਇਸ ਸਬੰਧੀ ਪ੍ਰਕਾਸ਼ਿਤ ਖਬਰ ਦਾ ਵੱਡਾ ਅਸਰ ਵੇਖਣ ਨੂੰ ਮਿਲਿਆ ਤੇ ਸਮਾਜ ਸੇਵੀ ਲੋਕ ਪੀੜਤ ਪਰਵਾਰ ਦੀ ਮਦਦ ਲਈ ਅੱਗੇ ਆਉਣ ਲੱਗੇ ਹਨ।ਖਬਰ ਪ੍ਰਕਾਸ਼ਤ ਹੋਣ ਤੋਂ ਬਾਅਦ ਰਾਜਨੀਤਕ, ਉਦਯੋਗਪਤੀ ਤੇ ਉੱਗੇ ਸਮਾਜ ਸੇਵੀ ਅਸ਼ੋਕ ਅਨੇਜਾ ਦੇ ਸਪੁੱਤਰ ਸਮਾਜ ਸੇਵੀ ਨੌਜਵਾਨ ਗੌਰਵ ਅਨੇਜਾ ਨੇ ਮਨੁੱਖਤਾ ਦਾ ਫਰਜ਼ ਨਿਭਾਉਂਦਿਆਂ ਪੀੜਤ ਪਰਵਾਰ ਦੇ ਘਰ ਪਹੁੰਚ ਕੇ ਮਕਾਨ ਦੀ ਨਵੀਂ ਛੱਤ ਪਾਉਣ ਲਈ ਆਰਥਿਕ ਸਹਾਇਤਾ ਰਾਸ਼ੀ ਭੇਟ ਕੀਤੀ। ਇਸ ਮੌਕੇ ਉਨ੍ਹਾਂ ਨਾਲ ਗੁਰੀ ਦਰਗਣ ਤੇ ਪਵਨ ਕੰਬੋਜ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।ਗੌਰਵ ਅਨੇਜਾ ਨੇ ਕਿਹਾ ਕਿ ਮੁਸ਼ਕਲ ਦੀ ਘੜੀ ਵਿੱਚ ਲੋੜਵੰਦ ਪਰਵਾਰਾਂ ਦਾ ਸਾਥ ਦੇਣਾ ਹਰ ਇਨਸਾਨ ਦਾ ਫਰਜ਼ ਹੈ ਤੇ ਸਮਾਜ ਦੇ ਸਮਰੱਥ ਲੋਕਾਂ ਨੂੰ ਵੀ ਅਜਿਹੇ ਪਰਵਾਰਾਂ ਦੀ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ।ਉਨ੍ਹਾਂ ਭਰੋਸਾ ਦਿਵਾਇਆ ਕਿ ਪੀੜਤ ਪਰਵਾਰ ਨੂੰ ਹਰ ਸੰਭਵ ਸਹਿਯੋਗ ਦਿੱਤਾ ਜਾਵੇਗਾ।ਪੀੜਤ ਪਰਵਾਰ ਨੇ ਗੌਰਵ ਅਨੇਜਾ, ਗੁਰੀ ਦਰਗਣ ਤੇ ਪਵਨ ਕੰਬੋਜ ਦਾ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਖਬਰ ਪ੍ਰਕਾਸ਼ਤ ਹੋਣ ਤੋਂ ਬਾਅਦ ਮਿਲੀ ਇਸ ਸਹਾਇਤਾ ਨਾਲ ਉਨ੍ਹਾਂ ਨੂੰ ਵੱਡਾ ਹੌਸਲਾ ਮਿਲਿਆ ਹੈ ਅਤੇ ਉਹ ਆਪਣੇ ਘਰ ਦੀ ਮੁੜ ਉਸਾਰੀ ਦਾ ਕੰਮ ਸ਼ੁਰੂ ਕਰ ਸਕਣਗੇ।

## ਐੱਸ.ਐੱਸ.ਪੀ. ਵੱਲੋਂ ਨਿਰਪੱਖ ਜਾਂਚ ਦੇ ਭਰੋਸੇ ਮਗਰੋਂ 'ਬੰਦ' ਦਾ ਸੱਦਾ ਮੁਲਤਵੀ

### ਬੰਦ ਦੇ ਸਮਰਥਨ ਲਈ ਸ਼ਹਿਰ ਦੀਆਂ ਤਮਾਮ ਸੰਸਥਾਵਾਂ ਦਾ ਧੰਨਵਾਦ



ਮਾਨਸਾ (ਆਤਮਾ ਸਿੰਘ ਪਮਾਰ)-ਮਾਨਸਾ ਸ਼ਹਿਰ ਦੇ ਮੰਗਾਂ/ਮਸਲਿਆਂ ਸਬੰਧੀ ਗਠਿਤ 21 ਮੈਂਬਰੀ ਕਮੇਟੀ ਨੂੰ ਐੱਸ.ਐੱਸ.ਪੀ. ਮਾਨਸਾ ਵੱਲੋਂ 'ਮਾਨਸਾ ਬੰਦ' ਦੇ ਦਿੱਤੇ ਸੱਦੇ ਸਬੰਧੀ ਮੀਟਿੰਗ ਲਈ ਬੁਲਾਇਆ ਗਿਆ ਸੀ।ਮੀਟਿੰਗ ਦੌਰਾਨ ਐੱਸ.ਐੱਸ.ਪੀ. ਮਾਨਸਾ ਵੱਲੋਂ ਅਰਪਿਤ ਚੌਧਰੀ ਤੇ ਉਨ੍ਹਾਂ ਦੇ ਰਿਸ਼ਤੇਦਾਰਾਂ 'ਤੇ ਦਰਜ ਮਾਮਲਿਆਂ ਦੀ ਪੂਰੀ ਇਮਾਨਦਾਰੀ ਤੇ ਨਿਰਪੱਖਤਾ ਨਾਲ ਜਾਂਚ ਕਰਵਾਉਣ ਦਾ ਕਮੇਟੀ ਨੂੰ ਭਰੋਸਾ ਦਿੱਤਾ ਗਿਆ।ਇਸ ਸਮੇਂ ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਜਾਂਚ ਬਿਨਾਂ ਕਿਸੇ ਸਿਆਸੀ ਦਬਾਅ ਤੇ ਭੇਦਭਾਵ ਤੋਂ ਡੀ.ਐੱਸ.ਪੀ. ਸਬ-ਡਵੀਜ਼ਨ ਤੇ ਸਬੰਧਤ ਥਾਣਾ ਮੁਖੀ ਦੀ ਅਗਵਾਈ ਵਾਲੀ 'ਸਿੱਟ' ਵੱਲੋਂ ਕੀਤੀ ਜਾਵੇਗੀ ਤੇ 30 ਜੂਨ ਤੱਕ ਹਰ ਹਾਲਤ 'ਚ ਜਾਂਚ ਮੁਕੰਮਲ ਕਰਕੇ ਰਿਪੋਰਟ ਜਨਤਕ ਕੀਤੀ ਜਾਵੇਗੀ।ਐੱਸ.ਐੱਸ.ਪੀ. ਦੇ ਇਸ ਭਰੋਸੇ ਉਪਰੰਤ 21 ਮੈਂਬਰੀ ਕਮੇਟੀ ਵੱਲੋਂ ਸ਼ਾਮ 4 ਵਜੇ ਲਕਸ਼ਮੀ ਨਾਰਾਇਣ ਮੰਦਿਰ ਮਾਨਸਾ ਵਿਖੇ 'ਮਾਨਸਾ ਬੰਦ' ਦੇ ਸੱਦੇ 'ਚ ਸਹਿਯੋਗ ਕਰ ਰਹੀਆਂ ਸ਼ਹਿਰ ਦੀਆਂ ਤਮਾਮ ਵਪਾਰਕ, ਧਾਰਮਿਕ, ਸਮਾਜਿਕ, ਰਾਜਨੀਤਕ ਤੇ ਜਨਤਕ ਜਥੇਬੰਦੀਆਂ ਦੇ ਨੁਮਾਇੰਦਿਆਂ ਤੋਂ ਇਲਾਵਾ ਸ਼ਹਿਰ ਦੇ ਮੋਹਤਬਰਾਂ ਤੇ ਵੱਖ-ਵੱਖ ਸੰਸਥਾਵਾਂ ਨਾਲ ਵਿਚਾਰ-ਚਰਚਾ ਕਰਨ ਉਪਰੰਤ ਸਭ ਦੀ ਸਹਿਮਤੀ ਨਾਲ ਫੈਸਲਾ ਕੀਤਾ ਗਿਆ ਕਿ 20 ਜੂਨ ਨੂੰ ਮਾਨਸਾ ਸ਼ਹਿਰ ਬੰਦ ਰੱਖਣ ਦਾ ਜੋ ਸੱਦਾ ਦਿੱਤਾ ਗਿਆ ਸੀ, ਉਹ ਇਨਕੁਆਰੀ ਰਿਪੋਰਟ ਆਉਣ ਦੇ ਪ੍ਰਸ਼ਾਸਨ ਵੱਲੋਂ ਮੰਗੇ ਦਸ ਦਿਨ ਦੇ ਸਮੇਂ ਤੱਕ ਮੁਲਤਵੀ ਕੀਤਾ ਜਾਂਦਾ ਹੈ।ਇਸ ਮੌਕੇ ਕਮੇਟੀ ਵੱਲੋਂ ਸਮਰੱਥਨ ਕਰਨ ਵਾਲੀਆਂ ਸਮੂਹ ਸੰਸਥਾਵਾਂ ਤੇ ਇਨਸਾਫ਼ ਪਸੰਦ ਸ਼ਹਿਰੀਆਂ ਧੰਨਵਾਦ ਕੀਤਾ ਗਿਆ।21 ਮੈਂਬਰੀ ਕਮੇਟੀ ਨੇ ਪ੍ਰਸ਼ਾਸਨ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਪਰਚਾ ਰੱਦ ਨਾ ਕੀਤਾ ਗਿਆ ਤਾਂ 'ਮਾਨਸਾ ਬੰਦ' ਸਮੇਤ ਸਮੂਹ ਸੰਸਥਾਵਾਂ ਦੇ ਸਹਿਯੋਗ ਨਾਲ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ, ਜਿਸ ਦੀ ਪੂਰੀ ਜ਼ਿੰਮੇਵਾਰੀ ਪ੍ਰਸ਼ਾਸਨ ਦੀ ਹੋਵੇਗੀ।

## ਕਾਉਂਕੇ ਵਿਖੇ ਪੀਰ ਬਾਬਾ ਰੌਸ਼ਨ ਸ਼ਾਹ ਦਾ ਮੇਲਾ ਤੇ ਭੰਡਾਰਾ ਕਰਵਾਇਆ



ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਨੇੜਲੇ ਪਿੰਡ ਕਾਉਂਕੇ ਵਿਖੇ ਪੀਰ ਬਾਬਾ ਰੌਸ਼ਨ ਸ਼ਾਹ ਜੀ ਦਾ ਸਾਲਾਨਾ ਮੇਲਾ ਤੇ ਭੰਡਾਰਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਸਵੇਰ ਸਮੇਂ ਪੀਰ ਬਾਬਾ ਰੌਸ਼ਨ ਸ਼ਾਹ ਜੀ ਦੀ ਮਜ਼ਾਰ 'ਤੇ ਮੁੱਖ ਸੇਵਾਦਾਰ ਬਾਬਾ ਬੂਟਾ ਸਿੰਘ, ਨਗਰ ਨਿਵਾਸੀਆਂ ਤੇ ਪ੍ਰਬੰਧਕ ਕਮੇਟੀ ਵੱਲੋਂ ਚਾਦਰ ਚੜ੍ਹਾਈ ਗਈ। ਮੇਲੇ ਵਿੱਚ ਕੱਵਾਲ ਲਾਲੀ ਹੰਸ ਨੇ ਸੂਫ਼ੀਆਨਾ ਮਹਿਫਲ ਸਜਾਈ। ਗਾਇਕ ਜੋੜੀ ਸੁਖਦੇਵ ਸ਼ੇਰਾ ਤੇ ਪਰਮਜੋਤ ਤੋਂ ਬਾਅਦ ਹਰਿੰਦਰ ਸੰਧੂ ਤੇ ਅਮਨ ਧਾਲੀਵਾਲ ਨੇ 'ਜੀਹਦੇ ਪਈ ਨਹੀਂ ਸਿਰਹਾਣੇ ਕੋਈ ਦਵਾਈ, ਸ਼ੁਕਰ ਮਨਾਵੇ ਰੱਬ ਦਾ', 'ਜੁਗੋ-ਜੁਗ ਰਹੇ ਵਸਦਾ ਰੱਬਾ ਮੇਰੇ ਪੇਕਿਆਂ ਦਾ ਪਿੰਡ ਵੇ', 'ਮਾਰ ਦੇਈਂ ਨਾ ਖੰਘੂਰਾ ਕਿਤੇ ਭੁੱਲ ਕੇ ਸਾਰਾ ਪਿੰਡ ਵੇਲੀਆਂ ਦਾ' ਤੇ ਗਾਇਕਾ ਜਸਪ੍ਰੀਤ ਬਰਾੜ ਨੇ 'ਬੋਲ ਜ਼ੁਬਾਨੋ ਤੀਰ ਕਮਾਨੋ ਕਦੇ ਵੀ ਵਾਪਸ ਮੁੜਦੇ ਨਾ', 'ਬੋਲਣੇ ਤੋਂ ਪਹਿਲਾਂ ਸੋਚਣਾ ਜ਼ਰੂਰੀ ਏ' ਆਦਿ ਗੀਤ ਸੁਣਾ ਕੇ ਮੇਲੀਆਂ ਦਾ ਮਨੋਰੰਜਨ ਕੀਤਾ। ਮੇਲੇ 'ਚ ਪੁੱਜੇ ਕਲਾਕਾਰਾਂ ਨੂੰ ਬਾਬਾ ਬੂਟਾ ਸਿੰਘ, ਪ੍ਰਧਾਨ ਜਸਪਾਲ ਸਿੰਘ, ਖਜ਼ਾਨਚੀ ਗੁਰਦੇਵ ਸਿੰਘ, ਗੀਤਕਾਰ ਅਵਤਾਰ ਸਿੰਘ ਕਾਉਂਕੇ, ਸਰਪੰਚ ਪੂਰਨ ਸਿੰਘ, ਬੂਟਾ ਸਿੰਘ ਕੋਰੀਆ, ਨਾਜ਼ਰ ਸਿੰਘ ਸਪੇਨ, ਬਾਬਾ ਗੁਰਦੇਵ ਸਿੰਘ, ਜੋਗਾ ਸਿੰਘ, ਗੁਰਦੇਵ ਸਿੰਘ, ਨਿਰਮਲ ਸਿੰਘ ਕੈਨੇਡਾ, ਮਹਿੰਦਰ ਸਿੰਘ ਯੂ.ਐੱਸ.ਏ., ਵਲੈਤ ਸਿੰਘ, ਮੱਘਰ ਸਿੰਘ ਇਟਲੀ, ਪਰਮਜੀਤ ਸਿੰਘ ਰਿੰਕਾ, ਧਿਆਨ ਸਿੰਘ ਆਸਟ੍ਰੇਲੀਆ, ਸਰਬਜੀਤ ਸਿੰਘ ਸਰਪੰਚ ਤੇ ਬਲਜਿੰਦਰ ਸਿੰਘ ਯੂ.ਐੱਸ.ਏ. ਨੇ ਸਨਮਾਨਤ ਕੀਤਾ। ਮੇਲੇ ਦੇ ਅਖੀਰ ਵਿੱਚ ਪ੍ਰਧਾਨ ਜਸਪਾਲ ਸਿੰਘ ਨੇ ਮੇਲੇ 'ਚ ਪੁੱਜੇ ਕਲਾਕਾਰਾਂ, ਸੰਗਤਾਂ ਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ। ਆਈਆਂ ਸੰਗਤਾਂ ਲਈ ਠੰਢੇ-ਮਿੱਠੇ ਪਾਣੀ ਦੀ ਛਬੀਲ ਤੇ ਅਤੁੱਟ ਲੰਗਰ ਵਰਤਾਏ ਗਏ।

## ਕਾਕਾ ਬਰਾੜ ਵੱਲੋਂ ਮੁੱਖ ਮੰਤਰੀ ਤੀਰਥ ਯਾਤਰਾ ਤਹਿਤ ਵੜਿੰਗ ਤੋਂ ਦੂਜੀ ਬੱਸ ਰਵਾਨਾ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)-ਸ੍ਰੀ ਮੁਕਤਸਰ ਸਾਹਿਬ ਤੋਂ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਦੇ ਵੱਲੋਂ ਪਿੰਡ ਵੜਿੰਗ ਤੋਂ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਸ਼ਰਧਾਲੂਆਂ ਦੀ ਦੂਜੀ ਬੱਸ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ।ਇਸ ਮੌਕੇ ਸੰਬੋਧਨ ਕਰਦਿਆਂ ਵਿਧਾਇਕ ਕਾਕਾ ਬਰਾੜ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਇਹ ਯੋਜਨਾ ਲੋਕਾਂ ਨੂੰ ਦੇਸ਼ ਦੇ ਪ੍ਰਮੁੱਖ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਵਾਉਣ ਲਈ ਇੱਕ ਮਹੱਤਵਪੂਰਨ ਉਪਰਾਲਾ ਹੈ।ਉਨ੍ਹਾਂ ਕਿਹਾ ਕਿ ਇਸ ਸਕੀਮ ਰਾਹੀਂ ਬਜ਼ੁਰਗਾਂ ਤੇ ਹੋਰ ਸ਼ਰਧਾਲੂਆਂ ਨੂੰ ਮੁਫ਼ਤ ਤੀਰਥ ਯਾਤਰਾ ਦੀ ਸਹੂਲਤ ਪ੍ਰਦਾਨ ਕੀਤੀ ਜਾ ਰਹੀ ਹੈ, ਜਿਸ ਦਾ ਲੋਕਾਂ ਨੂੰ ਵੱਡਾ ਲਾਭ ਮਿਲ ਰਿਹਾ ਹੈ।ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਲੋਕ ਸੋਚਾਂ ਹੀ ਸੋਚਦੇ ਰਹਿੰਦੇ ਸਨ ਕਿ ਤੀਰਥ ਯਾਤਰਾ ਤੇ ਜਾਈਏ, ਪ੍ਰੰਤੂ ਘਰਾਂ ਦੀਆਂ ਮਜਬੂਰੀਆਂ, ਤੰਗੀਆ ਪ੍ਰੇਸ਼ਾਨੀਆਂ ਉਨ੍ਹਾਂ ਨੂੰ ਇਸ ਦੀ ਇਜਾਜ਼ਤ ਨਹੀਂ ਦਿੰਦੀਆਂ ਸੀ।ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਤੀਰਥ ਯਾਤਰਾ ਉਨ੍ਹਾਂ ਸ਼ਰਧਾਲੂਆਂ ਲਈ ਵਰਦਾਨ ਸਾਬਿਤ ਹੋ ਰਹੀ ਹੈ।ਇਸ ਉਪਰਾਲੇ ਲਈ ਉਨ੍ਹਾਂ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ।ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਯਾਤਰਾ 'ਤੇ ਜਾ ਰਹੇ ਸ਼ਰਧਾਲੂਆਂ ਨੂੰ ਸ਼ੁੱਭ-ਕਾਮਨਾਵਾਂ ਦਿੰਦਿਆਂ ਉਨ੍ਹਾਂ ਦੀ ਸੁਖਦ ਤੇ ਮੰਗਲਮਈ ਯਾਤਰਾ ਦੀ ਕਾਮਨਾ ਕੀਤੀ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਲੋਕ ਭਲਾਈ ਲਈ ਵਚਨਬੱਧ ਹੈ ਤੇ ਹਰ ਵਰਗ ਦੀ ਭਲਾਈ ਲਈ ਲਗਾਤਾਰ ਕੰਮ ਕਰ ਰਹੀ ਹੈ।ਇਸ ਮੌਕੇ ਸਰਪੰਚ ਜਗਰਾਜ ਸਿੰਘ ਵੜਿੰਗ, ਸ਼ਮਸ਼ੇਰ ਸਿੰਘ ਵੜਿੰਗ, ਸੁਖਜਿੰਦਰ ਸਿੰਘ ਬੱਬਲੂ ਬਰਾੜ ਐੱਮ ਸੀ, ਵਿੱਕੀ ਨਿੱਜੀ ਸਹਾਇਕ ਕਾਕਾ ਬਰਾੜ, ਧਰਮਜੀਤ ਸਿੰਘ ਵੜਿੰਗ, ਸੇਵਕ ਵੜਿੰਗ, ਅਨਮੋਲ ਸਿੰਘ ਵੜਿੰਗ, ਹਲਕਾ ਇੰਚਾਰਜ ਲਖਵਿੰਦਰ ਸਿੰਘ, ਅਮਨਦੀਪ ਕੌਰ ਗਾਰਡ, ਕਿਰਨਪਲ ਕੌਰ, ਪ੍ਰਭਪਰਮਿੰਦਰ ਸਿੰਘ ਆਦਿ ਤੋਂ ਇਲਾਵਾ ਪਿੰਡ ਵਾਸੀ ਹਾਜ਼ਰ ਸਨ।

## ਵਰਲਡ 'ਵਰਸਿਟੀ ਦੀ ਗਤਕਾ ਟੀਮ ਵੱਲੋਂ ਦਿੱਲੀ ਬਾਡੀ ਬਿਲਡਿੰਗ ਮੁਕਾਬਲੇ 'ਚ ਸ਼ਾਨਦਾਰ ਪੇਸ਼ਕਾਰੀ



ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸ਼ੇਰੂ ਕਲਾਸਿਕ ਗਰੁੱਪ ਵੱਲੋਂ ਦਿੱਲੀ ਦੇ ਪ੍ਰਗਤੀ ਮੈਦਾਨ ਵਿੱਚ ਕਰਵਾਏ ਗਏ ਇੰਟਰਨੈਸ਼ਨਲ ਹੈਲਥ ਐਂਡ ਫਿਟਨੈੱਸ ਫੈਸਟੀਵਲ 2026 ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫ਼ਤਿਹਗੜ੍ਹ ਸਾਹਿਬ ਦੀ ਗਤਕਾ ਟੀਮ ਨੇ ਗਤਕਾ ਕੋਚ ਤਲਵਿੰਦਰ ਸਿੰਘ ਦੀ ਅਗਵਾਈ ਹੇਠ ਉਦਘਾਟਨੀ ਸਮਾਰੋਹ ਵਿੱਚ ਸਿੱਖ ਮਾਰਸ਼ਲ ਆਰਟ ਗਤਕੇ ਦੇ ਦਿਲਕਸ਼ ਜੌਹਰ ਵਿਖਾਏ।ਇਸ ਮੌਕੇ ਗਤਕੇ ਦੇ ਇਤਿਹਾਸ, ਪ੍ਰੰਪਰਾ ਤੇ ਸਿੱਖ ਕੌਮ ਦੀ ਯੋਧਾ ਵਿਰਾਸਤ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ ਗਈ, ਜਿਸ ਨਾਲ ਵਿਦੇਸ਼ੀ ਅਥਲੀਟ ਇਸ ਵਿਲੱਖਣ ਮਾਰਸ਼ਲ ਆਰਟ ਨਾਲ ਜਾਣੂ ਹੋਏ।ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. (ਡਾ.) ਪਰਿਤ ਪਾਲ ਸਿੰਘ ਨੇ ਦੱਸਿਆ ਕਿ ਯੂਨੀਵਰਸਿਟੀ ਦੀ ਗਤਕਾ ਟੀਮ ਪਿਛਲੇ ਪੰਜ ਸਾਲਾਂ ਤੋਂ ਲਗਾਤਾਰ ਆਲ ਇੰਡੀਆ ਇੰਟਰ ਯੂਨੀਵਰਸਿਟੀ ਗਤਕਾ ਚੈਂਪੀਅਨਸ਼ਿਪ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੀ ਆ ਰਹੀ ਹੈ ਤੇ ਸਮੁੱਚੀ ਰੈਂਕਿੰਗ ਵਿੱਚ ਪਹਿਲਾ ਤੇ ਦੂਜਾ ਸਥਾਨ ਹਾਸਲ ਕਰ ਰਹੀ ਹੈ।ਇਸ ਮੌਕੇ ਸਰੀਰਕ ਸਿੱਖਿਆ ਤੇ ਖੇਡ ਤਕਨਾਲੋਜੀ ਵਿਭਾਗ ਦੇ ਮੁਖੀ ਪ੍ਰੋ. ਡਾ. ਵਰਿੰਦਰ ਸਿੰਘ ਭੁੱਲਰ ਨੇ ਜਾਣਕਾਰੀ ਦਿੱਤੀ ਕਿ ਯੂਨੀਵਰਸਿਟੀ ਵਿੱਚ ਸਾਲ 2019 ਤੋਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਤੇ ਡਾ. ਸੁਰਿੰਦਰ ਪਾਲ ਸਿੰਘ ਓਬਰਾਏ ਦੇ ਸਹਿਯੋਗ ਨਾਲ ਗਤਕਾ ਖੇਡ ਦਾ ਇੱਕ ਸਾਲਾ ਡਿਪਲੋਮਾ ਕੋਰਸ ਚਲਾਇਆ ਜਾ ਰਿਹਾ ਹੈ।ਇਸ ਕੋਰਸ ਵਿੱਚ 30 ਸੀਟਾਂ ਹਨ ਤੇ ਇਹ ਦੁਨੀਆ ਦੀ ਇਕੱਲੀ ਯੂਨੀਵਰਸਿਟੀ ਹੈ ਜਿੱਥੇ ਸਿੱਖ ਮਾਰਸ਼ਲ ਆਰਟ ਗਤਕੇ ਦਾ ਇੱਕ ਸਾਲਾ ਡਿਪਲੋਮਾ ਕੋਰਸ ਕਰਵਾਇਆ ਜਾਂਦਾ ਹੈ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਚੇਅਰਮੈਨ ਖਿੱਦੋਵਾਲੀ 'ਤੇ ਗੋਲੀਆਂ ਚਲਾਉਣ ਵਾਲੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**- ਹਲਕਾ ਮਜੀਠਾ ਦੇ ਪਿੰਡ ਖਿੱਦੋਵਾਲੀ ਤੋਂ ਬਲਾਕ ਸੰਮਤੀ ਦੇ ਵਾਈਸ ਚੇਅਰਮੈਨ ਸਿਕੰਦਰ ਸਿੰਘ ਖਿੱਦੋਵਾਲੀ 'ਤੇ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਗੋਲੀਆਂ ਚਲਾਉਣ ਦੀ ਘਟਨਾ ਦੀ ਵਿਧਾਨ ਸਭਾ ਹਲਕਾ ਮਜੀਠਾ ਦੇ ਆਪ ਵੱਲੋਂ ਇੰਚਾਰਜ ਕੁਲਬੀਰ ਸਿੰਘ ਗਿੱਲ ਨੇ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਪੁਲਸ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਦੋਸ਼ੀਆਂ ਨੂੰ ਜਲਦ ਤੋਂ ਜਲਦ ਗ੍ਰਿਫ਼ਤਾਰ ਕਰਕੇ ਕਾਨੂੰਨ ਮੁਤਾਬਕ ਸਖ਼ਤ ਕਾਰਵਾਈ ਕੀਤੀ ਜਾਵੇ ਤਾਂ ਜੋ ਭਵਿੱਖ ਵਿੱਚ ਕੋਈ ਵੀ ਅਜਿਹੀ ਘਟਨਾ ਨੂੰ ਅੰਜਾਮ ਦੇਣ ਦੀ ਹਿੰਮਤ ਨਾ ਕਰੇ।ਬਲਾਕ ਸੰਮਤੀ ਮਜੀਠਾ ਦੇ ਵਾਈਸ ਚੇਅਰਮੈਨ ਸਿਕੰਦਰ ਸਿੰਘ ਖਿੱਦੋਵਾਲੀ 'ਤੇ ਬੀਤੀ ਰਾਤ ਰਸਤੇ ਵਿੱਚ ਕੁਝ ਲੋਕਾਂ ਵੱਲੋਂ ਅੰਨ੍ਹੇਵਾਹ ਫਾਇਰਿੰਗ ਕਰਕੇ ਉਨ੍ਹਾਂ ਨੂੰ ਜਾਨੋਂ ਮਾਰਨ ਦੀ ਕੋਸ਼ਿਸ਼ ਕੀਤੀ ਗਈ ਸੀ ਅਤੇ ਉਨ੍ਹਾਂ ਦੇ ਵਾਹਨ ਨੂੰ ਨੁਕਸਾਨ ਪਹੁੰਚਾਇਆ ਗਿਆ ਜਿਨ੍ਹਾਂ ਦਾ ਪਤਾ ਲੈਣ ਲਈ ਤਜਬੀਰ ਸਿੰਘ ਗਿੱਲ ਉਨ੍ਹਾਂ ਦੇ ਗ੍ਰਹਿ ਪਿੰਡ ਖਿੱਦੋਵਾਲੀ ਵਿਖੇ ਪਹੁੰਚੇ। ਉਨ੍ਹਾਂ ਨੇ ਚੇਅਰਮੈਨ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਹਰ ਔਖੀ ਘੜੀ ਵਿੱਚ ਉਨ੍ਹਾਂ ਦੇ ਨਾਲ ਖੜੇ ਹਨ। ਪੱਤਰਕਾਰਾਂ ਨੂੰ ਗੱਲਬਾਤ ਕਰਦੇ ਉਨ੍ਹਾਂ ਕਿਹਾ ਕਿ ਕਿਸੇ ਵੀ ਸ਼ਰਾਰਤੀ ਅਨਸਰ ਨੂੰ ਪੰਜਾਬ ਦਾ ਮਾਹੌਲ ਖਰਾਬ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ ਅਤੇ ਨਾਲ ਹੀ ਉਨ੍ਹਾਂ ਪੁਲਸ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਦੋਸ਼ੀ ਵਿਅਕਤੀਆਂ ਦਾ ਤੁਰੰਤ ਪਤਾ ਲਗਾ ਕੇ ਉਨ੍ਹਾਂ ਉਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ।

# 33 ਕੈਡੇਟਾਂ ਨੂੰ ਆਫ਼ਤ ਪ੍ਰਬੰਧਨ ਤੇ ਰਾਹਤ ਸਿਖਲਾਈ ਪ੍ਰਦਾਨ

**ਪਠਾਨਕੋਟ (ਦਵਿੰਦਰ ਸਿੰਘ)**- ਪ੍ਰਤਾਪ ਵਰਲਡ ਸਕੂਲ ਪਠਾਨਕੋਟ ਵਿੱਚ ਚੱਲ ਰਹੇ ਸੰਯੁਕਤ ਸਾਲਾਨਾ ਸਿਖਲਾਈ ਕੈਂਪ ਦੇ ਤਹਿਤ ਰਾਸ਼ਟਰੀ ਆਫ਼ਤ ਸੁਰੱਖਿਆ ਬਲ ਦੇ ਅਧਿਕਾਰੀਆਂ ਅਤੇ ਜਵਾਨਾਂ ਵੱਲੋਂ ਆਰਮੀ ਐਨੂਅਲ ਟ੍ਰੇਨਿੰਗ ਕੈਂਪ ਅਤੇ ਪ੍ਰੀ-ਨੇਵਲ ਕੈਂਪ ਵਿੱਚ ਭਾਗ ਲੈ ਰਹੇ ਕੈਡੇਟਾਂ ਲਈ ਇੱਕ ਗਿਆਨ ਵਧਾਊ ਅਤੇ ਵਿਹਾਰਕ ਆਫ਼ਤ ਪ੍ਰਬੰਧਨ ਸਿਖਲਾਈ ਸੈਸ਼ਨ ਆਯੋਜਿਤ ਕੀਤਾ ਗਿਆ।ਇਸ ਸੈਸ਼ਨ ਦਾ ਮੁੱਖ ਉਦੇਸ਼ ਆਫ਼ਤ ਜੋਖਮ ਘਟਾਉਣ, ਐਮਰਜੈਂਸੀ ਤਿਆਰੀ, ਬਚਾਅ ਤਕਨੀਕਾਂ, ਮੁੱਢਲੀ ਸਹਾਇਤਾ (ਫਰਸਟ ਏਡ) ਅਤੇ ਕੁਦਰਤੀ ਅਤੇ ਮਨੁੱਖੀ ਕਾਰਨਾਂ ਨਾਲ ਪੈਦਾ ਹੋਣ ਵਾਲੀਆਂ ਆਫ਼ਤਾਂ ਦੌਰਾਨ ਪ੍ਰਭਾਵਸ਼ਾਲੀ ਪ੍ਰਤੀਕਿਰਿਆ ਰਣਨੀਤੀਆਂ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ।ਮਾਹਿਰਾਂ ਨੇ ਐਮਰਜੈਂਸੀ ਸਥਿਤੀਆਂ ਨਾਲ ਨਜਿੱਠਣ ਦੇ ਵੱਖ-ਵੱਖ ਤਰੀਕਿਆਂ ਬਾਰੇ ਜਾਣਕਾਰੀ ਦਿੰਦਿਆਂ ਵਿਹਾਰਕ ਅਭਿਆਸਾਂ ਅਤੇ ਪ੍ਰਦਰਸ਼ਨਾਂ ਰਾਹੀਂ ਬਚਾਅ ਅਤੇ ਸੁਰੱਖਿਅਤ ਨਿਕਾਸੀ ਪ੍ਰਕਿਰਿਆਵਾਂ ਦਾ ਪ੍ਰਦਰਸ਼ਨ ਕੀਤਾ।ਕੈਡੇਟਾਂ ਨੇ ਸਿਖਲਾਈ ਵਿੱਚ ਉਤਸ਼ਾਹ ਨਾਲ ਭਾਗ



ਲਿਆ ਅਤੇ ਮੁੱਢਲੀ ਸਹਾਇਤਾ, ਜ਼ਖ਼ਮੀਆਂ ਨੂੰ ਸੁਰੱਖਿਅਤ ਸਥਾਨ ਤੱਕ ਪਹੁੰਚਾਉਣ, ਅਤੇ ਬਚਾਅ ਕਾਰਜਾਂ ਅਤੇ ਐਮਰਜੈਂਸੀ ਸਥਿਤੀਆਂ ਵਿੱਚ ਸਮੁਦਾਇਕ ਸਹਿਯੋਗ ਵਰਗੇ ਮਹੱਤਵਪੂਰਨ ਜੀਵਨ-ਰੱਖਿਆ ਹੁਨਰਾਂ ਦੀ ਸਿਖਲਾਈ ਪ੍ਰਾਪਤ ਕੀਤੀ।ਇਸ ਸਿਖਲਾਈ ਨੇ ਨਾ ਸਿਰਫ਼ ਕੈਡੇਟਾਂ ਦੀ ਆਫ਼ਤ ਪ੍ਰਤੀਕਿਰਿਆ ਸਮਰੱਥਾ ਨੂੰ ਮਜ਼ਬੂਤ ਕੀਤਾ, ਸਗੋਂ ਅਨੁਸ਼ਾਸਨ, ਨੇਤ੍ਰਤਵ, ਜ਼ਿੰਮੇਵਾਰੀ ਅਤੇ ਰਾਸ਼ਟਰ ਪ੍ਰਤੀ ਨਿਸ਼ਕਾਮ ਸੇਵਾ ਨੂੰ ਵੀ ਹੋਰ ਮਜ਼ਬੂਤ ਬਣਾਇਆ।ਇਸ ਮੌਕੇ ਕੈਂਪ ਕਮਾਂਡੈਂਟ ਕਰਨਲ ਨਿਸ਼ਾਂਤ ਨੇ ਟੀਮ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਵਿਹਾਰਕ ਸਿਖਲਾਈ ਸੈਸ਼ਨ ਜ਼ਿੰਮੇਵਾਰ ਅਤੇ ਲੀਡਰਸ਼ਿਪ ਦੇ ਨਿਰਮਾਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।ਉਨ੍ਹਾਂ ਕਿਹਾ ਕਿ ਅਸਲ ਜੀਵਨ ਦੀਆਂ ਆਫ਼ਤ ਪ੍ਰਤੀਕਿਰਿਆ ਤਕਨੀਕਾਂ ਦਾ ਤਜਰਬਾ ਵਿਦਿਆਰਥੀਆਂ ਵਿੱਚ ਆਤਮਵਿਸ਼ਵਾਸ, ਦ੍ਰਿੜਤਾ ਅਤੇ ਸੇਵਾ ਭਾਵਨਾ ਦਾ ਵਿਕਾਸ ਕਰਦਾ ਹੈ, ਜਿਸ ਨਾਲ ਉਹ ਜ਼ਿੰਮੇਵਾਰ ਨਾਗਰਿਕ ਅਤੇ ਭਵਿੱਖ ਦੇ ਯੋਗ ਨੇਤਾ ਬਣਦੇ ਹਨ।ਪ੍ਰਿੰ. ਸ਼ੁਭਰਾ ਰਾਣੀ ਨੇ ਟੀਮ ਦੀ ਵਚਨਬੱਧਤਾ ਦੀ ਪ੍ਰਸ਼ੰਸਾ ਕੀਤੀ ਅਤੇ ਕੈਡੇਟਾਂ ਨੂੰ ਸਮਾਜ ਸੇਵਾ ਅਤੇ ਆਪਣੇ ਭਾਈਚਾਰਿਆਂ ਵਿੱਚ ਸੁਰੱਖਿਆ ਜਾਗਰੂਕਤਾ ਵਧਾਉਣ ਲਈ ਸਿੱਖੀਆਂ ਗੱਲਾਂ ਨੂੰ ਅਮਲ ਵਿੱਚ ਲਿਆਉਣ ਲਈ ਪ੍ਰੇਰਿਤ ਕੀਤਾ।

# ਅਮਰੀਕਾ ਨਾਲ ਮੁਕਤ ਵਪਾਰ ਸਮਝੌਤਾ ਰੱਦ ਕਰੋ : ਕਾਮਰੇਡ ਗਰੇਵਾਲ

**ਪਠਾਨਕੋਟ (ਦਵਿੰਦਰ ਸਿੰਘ)**- ਕੁੱਲ ਹਿੰਦ ਕਿਸਾਨ ਸਭਾ ਜ਼ਿਲ੍ਹਾ ਪਠਾਨਕੋਟ ਅਤੇ ਗੁਰਦਾਸਪੁਰ ਦੀ ਸਾਂਝੀ ਮੀਟਿੰਗ ਕਾਮਰੇਡ ਮੋਹਨ ਸਿੰਘ ਕੇਵਲ ਕਾਲੀਆ ਦੀ ਪ੍ਰਧਾਨਗੀ ਹੇਠ ਹੋਈ ਜਿਸ ਨੂੰ ਸੰਬੋਧਨ ਕਰਨ ਲਈ ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾਈ ਜਨਰਲ ਸਕੱਤਰ ਕਾ. ਗਰੇਵਾਲ ਪਹੁੰਚੇ।ਇਸ ਵਿੱਚ ਹੋਰਨਾਂ ਤੋਂ ਇਲਾਵਾ ਕਾ. ਪਰਸ਼ੋਤਮ ਕੁਮਾਰ, ਧੀਰ ਸਿੰਘ ਸਿੱਧੂ, ਕਸ਼ਮੀਰ ਸਿੰਘ, ਵੀਰ ਸਿੰਘ, ਮੁਰਾਰੀ ਲਾਲ, ਨਵਤੇਜ ਸਿੰਘ, ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਕਾ. ਮਰੜ ਅਤੇ ਪ੍ਰੋ. ਗੁਰਦਿਆਲ ਸਿੰਘ ਨੇ ਆਪਣੇ ਵਿਚਾਰ ਪ੍ਰਗਟ ਕੀਤੇ।ਮੀਟਿੰਗ ਨੂੰ ਸੰਬੋਧਨ ਕਰਦਿਆਂ ਗਰੇਵਾਲ ਨੇ ਜੱਥੇਬੰਦੀ ਦਾ ਇਤਿਹਾਸ ਦੱਸਦਿਆਂ ਕਿਹਾ ਕਿ ਜੱਥੇਬੰਦੀ 1935 ਵਿੱਚ ਹੋਂਦ ਵਿੱਚ ਆਈ।ਇਸ ਨੇ ਖੁਸ਼ਹਿਤੈਸ਼ੀ ਦਿੱਲੀ ਮੋਰਚੇ ਸਹਿਤ ਸੈਂਕੜੇ ਘੋਲ ਲੜੇ ਅਤੇ ਹਰੇਕ ਮੋਰਚੇ ਵਿੱਚ ਜਿੱਤ ਪ੍ਰਾਪਤ ਕੀਤੀ ਅਤੇ ਕੁਰਬਾਨੀਆਂ ਦੇ ਕੇ ਕਿਸਾਨਾਂ ਦੀਆਂ ਮੰਗਾਂ ਮਨਵਾਈਆਂ।ਜੱਥੇਬੰਦੀ ਦਾ ਇਤਿਹਾਸ ਗੌਰਵਮਈ ਰਿਹਾ ਹੈ।ਹੁਣ ਵੀ ਮੰਗਾਂ ਮਨਵਾਉਣ ਦਾ ਇੱਕੋ ਰਾਹ ਏਕਾ ਅਤੇ ਸੰਘਰਸ਼ ਹੈ।ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਅਮਰੀਕਾ ਨਾਲ



**ਤਹਿਸੀਲਾਂ ਤੇ ਸਬ-ਤਹਿਸੀਲਾਂ ਸਾਹਮਣੇ ਧਰਨੇ ਦੇ ਕੇ ਮੰਗ ਪੱਤਰ ਦੇਣ ਦਾ ਐਲਾਨ**

ਮੁਕਤ ਵਪਾਰ ਸਮਝੌਤਾ ਕਰਨ ਜਾ ਰਹੀ ਹੈ ਜਿਸ ਨਾਲ ਕਿਸਾਨੀ ਉੱਜੜ ਜਾਵੇਗੀ।ਕਣਕ, ਮੱਕੀ, ਕਪਾਹ, ਦੁੱਧ, ਮੀਟ, ਮੱਛੀ ਅਮਰੀਕਾ ਤੋਂ ਆਵੇਗੀ ਅਤੇ ਉਸ ਉੱਤੇ ਭਾਰਤ ਸਰਕਾਰ ਵੱਲੋਂ ਕੋਈ ਟੈਕਸ ਨਹੀਂ ਲਗਾਇਆ ਜਾਵੇਗਾ।ਅਮਰੀਕਾ ਵਿੱਚ ਵੱਡੇ ਫਾਰਮ ਹਨ ਅਤੇ ਅਮਰੀਕਾ ਦੇ ਕਿਸਾਨਾਂ ਨੂੰ ਸਰਕਾਰ ਵੱਲੋਂ ਵੱਡੀ ਸਬਸਿਡੀ ਦਿੱਤੀ ਜਾਂਦੀ ਹੈ।ਸਸਤੇ ਬੀਜ, ਖਾਦ, ਕੀੜੇ ਮਾਰ ਦਵਾਈਆਂ ਸਸਤੀਆਂ ਮਿਲਦੀਆਂ ਹਨ।ਅਮਰੀਕਾ ਦੀ ਸਸਤੇ ਅਨਾਜ, ਮੀਟ, ਦੁੱਧ ਆਦਿ ਦਾ ਕਿਸਾਨੀ ਮੁਕਾਬਲਾ ਨਹੀਂ ਕਰ ਸਕੇਗਾ ਤੇ ਕਿਸਾਨੀ ਉੱਜੜ ਜਾਵੇਗੀ।ਉਨ੍ਹਾਂ ਨੇ ਕਿਹਾ ਕਿ ਬਿਜਲੀ ਬਿੱਲ-2025, ਬੀਜ ਬਿੱਲ -2026, ਮਨਰੇਗਾ ਦਾ ਨਾਂਅ ਬਦਲ ਕੇ ਲਿਆਂਦਾ ਨਵਾਂ ਕਾਨੂੰਨ, ਕਿਸਾਨ ਤੇ ਖੇਤ ਮਜ਼ਦੂਰ, ਗਰੀਬ ਲੋਕਾਂ ਦੇ ਹਿੱਤਾਂ ਦੇ ਵਿਰੁੱਧ ਵਿਚ ਹੈ।ਉਨ੍ਹਾਂ ਮੰਗ ਕੀਤੀ ਕਿ ਇਹ ਕਾਨੂੰਨ ਰੱਦ ਕੀਤੇ ਜਾਣ।ਉਨ੍ਹਾਂ ਨੇ ਸੰਘਰਸ਼ਾਂ ਦਾ ਸੱਦਾ ਦਿੰਦਿਆਂ ਕਿਹਾ ਕਿ ਕਿਸਾਨ ਸਭਾ ਅਤੇ ਖੇਤ ਮਜ਼ਦੂਰਾਂ ਵੱਲੋਂ 06 ਜੁਲਾਈ ਤੋਂ 10 ਜੁਲਾਈ ਤਕ ਸਾਰੀਆਂ ਤਹਿਸੀਲਾਂ, ਸਬ-ਤਹਿਸੀਲਾਂ ਦੇ ਸਾਹਮਣੇ ਧਰਨੇ ਮਾਰਕੇ ਮੰਗ ਪੱਤਰ ਦਿੱਤੇ ਜਾਣਗੇ।ਕੇਵਲ ਕਾਲੀਆ ਨੇ ਭਰੋਸਾ ਦਿੱਤਾ ਕਿ 6 ਜੁਲਾਈ ਨੂੰ ਨਰੋਟ, 7 ਜੁਲਾਈ ਨੂੰ ਧਾਰ ਅਤੇ 10 ਜੁਲਾਈ ਨੂੰ ਪਠਾਨਕੋਟ ਵਿਖੇ ਧਰਨਾ ਮਾਰ ਕੇ ਮੰਗ ਪੱਤਰ ਦਿੱਤੇ ਜਾਣਗੇ।ਕਾ. ਮਰੜ ਨੇ ਕਿਹਾ ਕਿ ਜ਼ਿਲ੍ਹਾ ਪਠਾਨਕੋਟ ਅਤੇ ਜ਼ਿਲ੍ਹਾ ਗੁਰਦਾਸਪੁਰ ਦੀਆਂ ਸਾਰੀਆ ਤਹਿਸੀਲਾਂ ਅਤੇ ਸਬ ਤਹਿਸੀਲਾਂ ਸਾਹਮਣੇ ਧਰਨੇ ਦੇ ਕੇ ਮੰਗ ਪੱਤਰ ਦਿੱਤੇ ਜਾਣਗੇ।ਇਸ ਮੌਕੇ ਕਿਸਾਨ ਆਗੂ ਹਰਦੀਪ ਸਿੰਘ, ਮਨਜੀਤ ਸਿੰਘ, ਰਿਸ਼ੀਪਾਲ ਨੇ ਵੀ ਵਿਚਾਰ-ਵਟਾਂਦਰੇ ਵਿੱਚ ਹਿੱਸਾ ਲਿਆ।

# ਸਹਿਕਾਰੀ ਖੰਡ ਮਿੱਲ ਸੇਰੋਂ ਦੀ ਮਾਲਕੀ ਤਬਦੀਲ ਕਰਨ ਦਾ ਫੈਸਲਾ ਮੰਦਭਾਗਾ : ਐੱਸ ਕੇ ਐੱਮ

**ਵਲਟੋਹਾ (ਰਣਜੀਤ ਸਿੰਘ ਵਲਟੋਹਾ)**- ਸੰਯੁਕਤ ਕਿਸਾਨ ਮੋਰਚਾ ਵੱਲੋਂ ਸੇਰੋਂ ਖੰਡ ਮਿੱਲ ਮੁੜ ਚਾਲੂ ਕਰਨ ਲਈ ਜਾਰੀ ਸੰਘਰਸ਼ ਦੇ 30ਵੇਂ ਦਿਨ ਮੋਰਚੇ ਵੱਲੋਂ ਤਰਕ ਦਿੱਤਾ ਗਿਆ ਕਿ ਪੰਜਾਬ ਦਾ ਧਰਤੀ ਹੇਠਲਾ ਪਾਣੀ ਬਚਾਉਣ ਲਈ ਇਹ ਬਹੁਤ



ਜ਼ਰੂਰੀ ਹੈ ਕਿ ਬੰਦ ਕੀਤੀਆਂ ਖੰਡ ਮਿੱਲਾਂ ਚਲਾਈਆਂ ਜਾਣ।ਆਗੂਆਂ ਨੇ ਕਿਹਾ ਕਿ ਗੰਨਾ ਇੱਕ ਅਜਿਹੀ ਫ਼ਸਲ ਹੈ ਜੋ ਝੋਨੇ ਦਾ ਸਹੀ ਬਦਲ ਬਣਦਾ ਹੈ ਤੇ ਕਿਸਾਨ ਦਾ ਘਰ ਵੀ ਪੂਰਾ ਕਰਦਾ ਹੈ।ਇਕੱਠ ਵਿੱਚ ਸੰਯੁਕਤ ਕਿਸਾਨ ਮੋਰਚਾ ਦੇ ਆਗੂ ਹਰਜਿੰਦਰ ਸਿੰਘ ਟਾਂਡਾ, ਮਨਜੀਤ ਸਿੰਘ ਬੱਗੂ, ਨਛੱਤਰ ਸਿੰਘ ਪੰਨੂ, ਜੱਸਾ ਸਿੰਘ ਕੱਦਗਿਲ, ਤਰਸੇਮ ਸਿੰਘ ਲੁਹਾਰ, ਅਮ੍ਰਿਤਪਾਲ ਸਿੰਘ ਜੋੜਾ ਨੇ ਕਿਹਾ ਕਿ ਸਰਕਾਰੀ ਖੰਡ ਮਿੱਲ ਸੇਰੋਂ ਕਿਸਾਨਾਂ ਦੇ 60 ਫੀਸਦੀ ਸ਼ੇਅਰਾਂ ਨਾਲ ਬਣੀ ਹੋਈ ਹੈ ਇਸ ਲਈ ਕਿਸਾਨਾਂ ਦਾ ਇੰਨਾ ਵੱਡਾ ਸ਼ੇਅਰ ਹੋਣ ਦੇ ਬਾਵਜੂਦ ਸਰਕਾਰ ਨੇ ਜ਼ਮੀਨ ਦੀ ਮਾਲਕੀ ਬਦਲਣ ਵੇਲੇ ਕਿਸਾਨਾਂ ਕੋਲੋਂ ਪੁੱਛਣਾ ਜ਼ਰੂਰੀ ਨਹੀਂ ਸਮਝਿਆ।ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਆਪਣੇ ਫੈਸਲੇ ਨੂੰ ਨਾ ਬਦਲਿਆ ਤਾਂ ਆਉਣ ਵਾਲੇ ਸਮੇਂ ਵਿੱਚ ਇਹ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਸਰਕਾਰਾਂ ਫ਼ਸਲੀ ਵੰਨ ਸੁਵੰਨਤਾ ਦੀ ਗੱਲ ਪ੍ਰਚਾਰ ਲਈ ਕਰਦੀਆਂ ਹਨ, ਹਕੀਕਤ ਵਿੱਚ ਨਹੀਂ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਖਚੈਨ ਸਿੰਘ, ਜਸਬੀਰ ਸਿੰਘ, ਰਵਿੰਦਰ ਸਿੰਘ ਮਿੱਡਾ ਵਲੀਪੁਰ, ਸੁਖਬਾਸ ਸਿੰਘ ਸਿੱਧੂ, ਸਰਬਜੀਤ ਸਿੰਘ, ਸਰਬਜੀਤ ਸਿੰਘ ਫੌਜੀ, ਅੰਗਰੇਜ਼ ਸਿੰਘ, ਦਿਲਬਾਗ ਸਿੰਘ, ਰੇਸ਼ਮ ਸਿੰਘ ਫੈਲੋਕੇ, ਅਮਰਿਤ ਸਿੰਘ ਚੌਧਰੀਵਾਲ, ਮਾਹੀਪਾਲ ਸਿੰਘ, ਕਾਬਲ ਸਿੰਘ ਜੌਣੇਕੇ, ਜੰਗ ਬਹਾਦਰ ਸਿੰਘ, ਸਤਨਾਮ ਸਿੰਘ ਘੜਕਾ, ਸਰਬਜੀਤ ਸਿੰਘ, ਹਰਜਿੰਦਰ ਸਿੰਘ ਉਗਰਾਹਾਂ, ਦਰਸ਼ਨ ਸਿੰਘ, ਹਰਇੰਦਰਜੀਤ ਸਿੰਘ, ਲਖਵਿੰਦਰ ਸਿੰਘ, ਹਰਪਾਲ ਸਿੰਘ, ਗੁਰਮੇਲ ਸਿੰਘ ਗੋਰਖਾ, ਹਰਭਾਗ ਸਿੰਘ, ਬੂਟਾ ਸਿੰਘ ਮੁਗਲ ਚੱਕ, ਸੁਵਿੰਦਰ ਸਿੰਘ ਮੁਗਲ ਚੱਕ, ਰਤਨ ਸਿੰਘ ਢੰਡ, ਅਮਰੀਕ ਸਿੰਘ ਫੌਜੀ, ਕਸ਼ਮੀਰ ਸਿੰਘ ਸੇਰੋਂ, ਅੰਗਰੇਜ਼ ਸਿੰਘ, ਬਲਦੇਵ ਸਿੰਘ ਸੇਰੋਂ ਸਮੇਤ ਕਈ ਆਗੂ ਹਾਜ਼ਰ ਸਨ।

# ਈਟੀਓ ਵੱਲੋਂ ਪਿੰਡ ਦਬੁਰਜੀ 'ਚ ਨਵੀਂ ਬਣੀ ਪਾਣੀ ਵਾਲੀ ਟੈਂਕੀ ਦਾ ਉਦਘਾਟਨ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**- ਪੰਜਾਬ ਦੇ ਲੋਕ ਨਿਰਮਾਣ ਮੰਤਰੀ ਅਤੇ ਹਲਕਾ ਜੰਡਿਆਲਾ ਗੁਰੂ ਦੇ ਵਿਧਾਇਕ ਹਰਭਜਨ ਸਿੰਘ ਈ.ਟੀ.ਓ. ਵੱਲੋਂ ਪਿੰਡ ਦਬੁਰਜੀ ਵਿਖੇ ਨਵੀਂ ਜਲ ਸਪਲਾਈ ਸਕੀਮ ਅਧੀਨ ਬਣੀ ਪਾਣੀ ਵਾਲੀ ਟੈਂਕੀ ਦਾ ਉਦਘਾਟਨ ਕੀਤਾ ਗਿਆ।ਇਸ ਮੌਕੇ ਪਿੰਡ ਦੁਬਰਜੀ ਦੇ ਸਰਪੰਚ ਨਿਸ਼ਾਨ ਸਿੰਘ ਗੋਲਡੀ ਤੇ ਪਿੰਡ ਵਾਸੀਆਂ ਨੇ ਮੰਤਰੀ ਜੀ ਦਾ ਨਿੱਘਾ ਸਵਾਗਤ ਕੀਤਾ ਅਤੇ ਪਿੰਡ ਨੂੰ ਮਿਲੀ ਇਸ ਅਹਿਮ ਸਹੂਲਤ ਲਈ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ।ਇਸ ਮੌਕੇ ਸੰਬੋਧਨ ਕਰਦਿਆਂ ਹਰਭਜਨ ਸਿੰਘ ਈ.ਟੀ.ਓ. ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਹਰ ਘਰ ਤੱਕ ਸਾਫ਼ ਅਤੇ ਸ਼ੁੱਧ ਪੀਣ ਵਾਲਾ ਪਾਣੀ ਪਹੁੰਚਾਉਣ ਲਈ ਵਚਨਬੱਧ ਹੈ।ਉਨ੍ਹਾਂ ਕਿਹਾ ਕਿ ਪਿੰਡ ਦਬੁਰਜੀ ਵਿੱਚ ਕਰੀਬ 51.84 ਲੱਖ ਰੁਪਏ ਦੀ ਲਾਗਤ ਨਾਲ ਇਹ ਜਲ ਸਪਲਾਈ ਸਕੀਮ ਮੁਕੰਮਲ ਕੀਤੀ ਗਈ ਹੈ, ਜਿਸ ਨਾਲ ਪਿੰਡ ਦੇ ਸਮੂਹ 132 ਘਰਾਂ ਨੂੰ ਸਿੱਧਾ ਲਾਭ ਮਿਲੇਗਾ।ਉਨ੍ਹਾਂ ਦੱਸਿਆ ਕਿ ਇਸ ਸਕੀਮ ਨੂੰ ਨਾਬਾਰਡ-30 ਤਹਿਤ ਮੁਕੰਮਲ ਕੀਤਾ ਗਿਆ ਹੈ।ਪਿੰਡ ਦੀ 825 ਦੇ ਕਰੀਬ ਆਬਾਦੀ ਨੂੰ ਹੁਣ ਨਿਯਮਤ ਅਤੇ ਸ਼ੁੱਧ ਪੀਣ ਵਾਲੇ ਪਾਣੀ ਦੀ ਸਹੂਲਤ ਉਪਲਬਧ ਹੋਵੇਗੀ।ਸਕੀਮ ਤਹਿਤ 135 ਮੀਟਰ ਡੂੰਘਾ ਟਿਊਬਵੈੱਲ ਲਗਾਇਆ ਗਿਆ ਹੈ, ਜਿਸ ਦੀ ਪਾਣੀ ਸਪਲਾਈ ਸਮਰੱਥਾ 156 ਲੀਟਰ ਪ੍ਰਤੀ ਮਿੰਟ ਹੈ।ਇਸ ਦੇ ਨਾਲ ਹੀ ਪਿੰਡ ਵਿੱਚ 4.18 ਕਿਲੋਮੀਟਰ ਲੰਬੀ ਪਾਈਪ ਲਾਈਨ ਵਿਛਾਈ ਗਈ ਹੈ ਤਾਂ ਜੋ ਹਰ ਘਰ ਤੱਕ ਪਾਣੀ ਦੀ ਨਿਰਵਿਘਨ ਸਪਲਾਈ ਯਕੀਨੀ ਬਣਾਈ ਜਾ ਸਕੇ।ਕੈਬਨਿਟ ਮੰਤਰੀ ਨੇ ਦੱਸਿਆ ਕਿ ਸਕੀਮ ਅਧੀਨ 25,000 ਲੀਟਰ ਸਮਰੱਥਾ ਵਾਲੀ ਉੱਚੀ ਪਾਣੀ ਦੀ ਟੈਂਕੀ ਬਣਾਈ ਗਈ ਹੈ ਅਤੇ ਪਾਣੀ ਦੀ ਗੁਣਵੱਤਾ ਨੂੰ ਯਕੀਨੀ ਬਣਾਉਣ ਲਈ ਕਲੋਰੀਨੇਟਰ ਯੂਨਿਟ ਵੀ ਸਥਾਪਿਤ ਕੀਤਾ ਗਿਆ ਹੈ।ਇਸ ਸਕੀਮ ਨੂੰ ਜੂਨ 2026 ਵਿੱਚ ਕਮਿਸ਼ਨ ਕੀਤਾ ਗਿਆ ਹੈ ਅਤੇ ਪਿੰਡ ਵਾਸੀਆਂ ਨੂੰ ਰੋਜ਼ਾਨਾ ਕਰੀਬ 10 ਘੰਟੇ ਪਾਣੀ ਦੀ ਸਪਲਾਈ ਮੁਹੱਈਆ ਕਰਵਾਈ ਜਾਵੇਗੀ।ਇਸ ਮੌਕੇ ਭਗਵੰਤ ਸਿੰਘ, ਰਣਜੀਤ ਸਿੰਘ, ਦੀਪਕ, ਰਣਧੀਰ ਸਿੰਘ, ਮਾਸਟਰ ਰਣਬੀਰ ਸਿੰਘ, ਬਖਤਾਵਰ ਸਿੰਘ ਸਾਬਕਾ ਮੈਂਬਰ, ਬਲਰਾਜ ਸਿੰਘ ਥਾਣੇਦਾਰ, ਸੁਖਜਿੰਦਰ ਸਿੰਘ, ਮਾਸਟਰ ਮੁਖਤਾਰ ਸਿੰਘ, ਕੁਲਵਿੰਦਰ ਸਿੰਘ, ਰਾਜਵੀਰ ਸਿੰਘ ਧੱਲੀ, ਬਲਕਾਰ ਸਿੰਘ ਅਤੇ ਰਵੀ ਸ਼ੇਰ ਸਿੰਘ ਆਦਿ ਹਾਜ਼ਰ ਸਨ।



# ਪਾਸਪੋਰਟ ਅਧਿਕਾਰੀ ਪਰਵਿੰਦਰ ਕੁਮਾਰ ਸ਼ਰਮਾ ਦਾ ਵਿਦੇਸ਼ ਮੰਤਰੀ ਵੱਲੋਂ ਸਨਮਾਨ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਪਾਸਪੋਰਟ ਅਧਿਕਾਰੀ ਪਰਵਿੰਦਰ ਕੁਮਾਰ ਸ਼ਰਮਾ ਨੂੰ ਪਾਸਪੋਰਟ ਖੇਤਰ ਵਿੱਚ ਬੇਹਤਰੀਨ ਸੇਵਾਵਾਂ ਅਤੇ ਦੇਸ਼ ਭਰ ਵਿੱਚ ਸਭ ਤੋਂ ਵਧੀਆ ਕੰਮ ਕਰਨ ਤੇ ਵਿਦੇਸ਼ ਮੰਤਰੀ ਜੈ ਸ਼ੰਕਰ ਨੇ ਸਨਮਾਨਿਤ ਕੀਤਾ ਹੈ।ਆਰਪੀਓ ਜਲੰਧਰ ਵਿੱਚ ਤਾਇਨਾਤ ਪਾਸਪੋਰਟ ਅਧਿਕਾਰੀ ਲੰਬੇ ਸਮੇਂ ਤੋਂ ਵੱਖ-ਵੱਖ ਪਾਸਪੋਰਟ ਕੇਂਦਰਾਂ 'ਚ ਆਪਣੀਆਂ ਬੇਹਤਰੀਨ ਸੇਵਾਵਾਂ ਦੇ ਚੁੱਕੇ ਹਨ।ਉਨ੍ਹਾਂ ਦੀ ਬੇਹਤਰੀਨ ਕਾਰਗੁਜ਼ਾਰੀ ਦੇ ਚਲਦਿਆਂ ਸੁਸ਼ਮਾ ਸਵਰਾਜ ਭਵਨ ਚਾਣੱਕਿਆਪੁਰੀ ਨਵੀਂ ਦਿੱਲੀ ਵਿਖੇ ਉਨ੍ਹਾਂ ਨੂੰ ਇਹ ਸਨਮਾਨ ਦਿੱਤਾ ਗਿਆ ਹੈ। ਇਸ ਮੌਕੇ ਉਨ੍ਹਾਂ ਦੱਸਿਆ ਕਿ ਇਹ ਸਨਮਾਨ ਪਾਸਪੋਰਟ ਦਫ਼ਤਰ ਅਤੇ ਉਨ੍ਹਾਂ ਦੇ ਪਰਵਾਰ ਲਈ ਬਹੁਤ ਵੱਡੀ ਸਨਮਾਨ ਦੀ ਗੱਲ ਹੈ।

# ਦਵੇਸਰ ਮੋਦਗਿਲ ਬਰਾਦਰੀ ਦੇ ਜਠੇਰਿਆਂ ਦੀ ਮੇਲ ਅੱਜ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**- ਪਵਨ ਕੁਮਾਰ ਦਵੇਸਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਠੇਰਿਆਂ ਦੀ ਸਾਲਾਨਾ ਮੇਲ 21 ਜੂਨ ਦਿਨ ਐਤਵਾਰ ਨੂੰ ਪਿੰਡ ਅਖਲਾਸਪੁਰ, ਕਸਬਾ ਧਾਰੀਵਾਲ, ਜ਼ਿਲ੍ਹਾ ਗੁਰਦਾਸਪੁਰ ਵਿਖੇ ਹੋਏਗੀ। ਉਨ੍ਹਾਂ ਦੱਸਿਆ ਕਿ ਸਵੇਰੇ 9 ਵਜੇ ਹਵਨ ਯੱਗ ਅਤੇ ਪੂਜਾ-ਅਰਚਨਾ ਉਪਰੰਤ ਭਜਨ ਮੰਡਲੀ ਵੱਲੋਂ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕੀਤਾ ਜਾਵੇਗਾ।ਲੰਗਰ ਭੰਡਾਰਾ ਅਤੁੱਟ ਵਰਤਾਇਆ ਜਾਵੇਗਾ।ਉਨ੍ਹਾਂ ਸਮੂਹ ਦਵੇਸਰ ਮੋਦਗਿਲ ਬਰਾਦਰੀ ਅਤੇ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਗਿਣਤੀ ਵਿੱਚ ਸਮਾਗਮ ਵਿੱਚ ਪਹੁੰਚ ਕੇ ਜਠੇਰਿਆਂ ਦਾ ਅਸ਼ੀਰਵਾਦ ਪ੍ਰਾਪਤ ਕਰਨ ਅਤੇ ਸੇਵਾ ਕਰਕੇ ਲਾਭ ਲੈਣ।

# ਗੁਰਦੁਆਰਾ ਬਾਬਾ ਦਰਵੇਸ਼ ਵਿਖੇ ਸਾਲਾਨਾ ਜੋੜ ਮੇਲਾ 28-29 ਨੂੰ

**ਝਬਾਲ, (ਹਰਜਿੰਦਰ ਸਿੰਘ ਸੋਨੀ)**- ਗੁਰਦੁਆਰਾ ਬਾਬਾ ਦਰਵੇਸ਼ ਪਿੰਡ ਜੌਹਲ ਰਾਜੂ ਸਿੰਘ ਵਿਖੇ ਸਾਲਾਨਾ ਜੋੜ ਮੇਲਾ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ



ਮਨਾਇਆ ਜਾ ਰਿਹਾ ਹੈ।ਇਹ ਜੋੜ ਮੇਲਾ 28 ਅਤੇ 29 ਜੂਨ ਨੂੰ ਮਨਾਇਆ ਜਾਵੇਗਾ।ਮੇਲੇ ਦੀਆਂ ਤਿਆਰੀਆਂ ਦੇ ਸੰਬੰਧ ਵਿੱਚ ਗੁਰਦੁਆਰਾ ਸਾਹਿਬ ਵਿਖੇ ਪਹਿਲੀ ਲੜੀ ਦੇ 22 ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਗਏ।ਇਸ ਮੌਕੇ ਸਮੂਹ ਸੰਗਤਾਂ ਵੱਲੋਂ ਨਾਮ ਸਿਮਰਨ ਕੀਤਾ ਗਿਆ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ।ਇਸ ਮੌਕੇ ਸੈਕਟਰੀ ਭਾਈ ਬਲਵਿੰਦਰ ਸਿੰਘ ਨੇ ਦੱਸਿਆ ਕਿ ਜੋੜ ਮੇਲੇ ਨੂੰ ਲੈ ਕੇ ਸੰਗਤਾਂ ਵਿੱਚ ਭਾਰੀ ਉਤਸ਼ਾਹ ਹੈ।28 ਅਤੇ 29 ਜੂਨ ਨੂੰ ਸਜਣ ਵਾਲੇ ਧਾਰਮਿਕ ਦੀਵਾਨਾਂ ਵਿੱਚ ਨਾਮਵਰ ਰਾਗੀ, ਢਾਡੀ, ਕਵੀਸ਼ਰ ਅਤੇ ਕਥਾਵਾਚਕ ਹਾਜ਼ਰੀ ਭਰਨਗੇ।ਇਸ ਮੌਕੇ ਭਾਈ ਬਲਵਿੰਦਰ ਸਿੰਘ (ਸੈਕਟਰੀ), ਹਰਦੀਪ ਸਿੰਘ, ਬਲਜੀਤ ਸਿੰਘ, ਨਿਰਮਲ ਸਿੰਘ, ਰਣਜੀਤ ਸਿੰਘ, ਸਰਬਜੀਤ ਸਿੰਘ, ਬਾਬਾ ਮਹਿਲ ਸਿੰਘ, ਬਾਬਾ ਬਚਨ ਸਿੰਘ, ਬਾਬਾ ਹਰਦੀਪ ਸਿੰਘ, ਬਾਬਾ ਕੰਵਲਜੀਤ ਸਿੰਘ ਅਤੇ ਸੁਖਵਿੰਦਰ ਸਿੰਘ ਪਟਵਾਰੀ ਸਮੇਤ ਇਲਾਕੇ ਦੀਆਂ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਸੰਗਤਾਂ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਅੱਠਵੀਂ ਬੋਰਡ ਦੀ ਪ੍ਰੀਖਿਆ 'ਚ ਅੱਵਲ ਆਏ ਵਿਦਿਆਰਥੀਆਂ ਦਾ ਸਨਮਾਨ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਸਿੱਖੀ ਅਤੇ ਸਿੱਖਿਆ ਨੂੰ ਸਮਰਪਿਤ ਸੰਸਥਾ ਚੀਫ਼ ਖਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਚੀਫ਼ ਖਾਲਸਾ ਦੀਵਾਨ ਸਿੱਖਿਆ ਬੋਰਡ ਵੱਲੋਂ ਅੱਠਵੀਂ ਜਮਾਤ ਦੀ ਲਈ ਗਈ ਸਾਲਾਨਾ ਪ੍ਰੀਖਿਆ ਵਿੱਚ ਅੱਵਲ ਆਏ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਲਈ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਗੋਲਡਨ ਐਵੀਨਿਊ ਅੰਮ੍ਰਿਤਸਰ ਵਿਖੇ ਇੱਕ ਸ਼ਾਨਦਾਰ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਚੀਫ਼ ਖਾਲਸਾ ਦੀਵਾਨ ਐਜੂਕੇਸ਼ਨ ਬੋਰਡ ਦੇ ਚੇਅਰਮੈਨ ਅਤੇ ਸਕੂਲ ਦੇ ਮੈਂਬਰ ਇੰਚਾਰਜ ਸ. ਜਸਪਾਲ ਸਿੰਘ ਢਿੱਲੋਂ, ਮੈਂਬਰ ਇੰਚਾਰਜ ਸ. ਅਜੀਤ ਸਿੰਘ ਬਸਰਾ, ਐਜੂਕੇਸ਼ਨ ਬੋਰਡ ਦੇ ਸਕੱਤਰ ਪ੍ਰੋ. ਭੁਪਿੰਦਰ ਸਿੰਘ ਸੇਠੀ, ਡਾਇਰੈਕਟਰ ਐਜੂਕੇਸ਼ਨ ਡਾ. ਅੰਮ੍ਰਿਤਪਾਲ ਸਿੰਘ ਚਾਵਲਾ, ਡਿਪਟੀ ਡਾਇਰੈਕਟਰ ਉਰਮਿੰਦਰ ਕੌਰ ਅਤੇ ਵੱਖ-ਵੱਖ ਆਈ. ਸੀ.ਐੱਸ.ਈ ਸਕੂਲਾਂ ਦੇ ਪ੍ਰਿੰਸੀਪਲ ਸਾਹਿਬਾਨ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਸਮਾਗਮ ਦਾ ਆਰੰਭ ਪਰਮਾਤਮਾ ਦਾ ਓਟ ਆਸਰਾ ਲੈਣ ਲਈ ਸ਼ਬਦ ਗਾਇਨ ਨਾਲ ਹੋਇਆ।ਇਸ ਖੁਸ਼ੀ ਦੇ ਮੌਕੇ ਤੇ ਸਕੂਲ ਦੇ ਬੱਚਿਆਂ ਵੱਲੋਂ ਕਲਾ ਦੀਆਂ ਵੱਖ ਵੱਖ ਵੰਨਗੀਆਂ ਲੋਕ ਗੀਤ, ਸਮੂਹ ਨਾਚ, ਲੋਕ ਨਾਚ ਭੰਗੜੇ ਨਾਲ ਸ਼ਿੰਗਾਰਿਆ ਹੋਇਆ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ।ਯੂ. ਕੇ. ਜੀ ਜਮਾਤ ਦੇ ਵਿਦਿਆਰਥੀ ਰਣਵੀਰ ਸਿੰਘ ਨੇ ਤਿੰਨ ਮਿੰਟ ਵਿੱਚ ਦਸਤਾਰ ਸਜਾ ਕੇ ਸਭਨਾਂ ਕੋਲੋਂ ਵਾਹੋ-ਵਾਹੀ ਹਾਸਲ ਕੀਤੀ।ਇਸ ਸਮਾਗਮ ਵਿੱਚ ਵਿਦਿਆਰਥੀਆਂ ਦੇ ਮਾਪੇ ਵੀ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।ਡਾਇਰੈਕਟਰ ਡਾ. ਅੰਮ੍ਰਿਤਪਾਲ ਸਿੰਘ ਚਾਵਲਾ ਨੇ ਪ੍ਰੀਖਿਆ ਦਾ ਨਤੀਜਾ ਐਲਾਨਿਆ।ਇਸ ਪ੍ਰੀਖਿਆ ਵਿੱਚ ਗੋਲਡਨ ਐਵੀਨਿਊ ਬ੍ਰਾਂਚ ਦੀ ਹੋਣਹਾਰ ਵਿਦਿਆਰਥਣ ਸੁਖਮਨ ਕੌਰ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਗੋਲਡਨ ਐਵੀਨਿਊ ਬ੍ਰਾਂਚ ਦੀ ਹੀ ਮਿਹਰਪ੍ਰੀਤ ਕੌਰ ਨੇ ਦੂਸਰਾ, ਬਸੰਤ ਐਵੀਨਿਊ ਬ੍ਰਾਂਚ ਦੀ ਆਸ਼ਮੀਨ ਕੌਰ ਨੇ ਵੀ ਦੂਸਰਾ ਅਤੇ ਬਸੰਤ ਐਵੀਨਿਊ ਬ੍ਰਾਂਚ ਦੀ ਕਨਨਪ੍ਰੀਤ ਕੌਰ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।ਚੀਫ਼ ਖਾਲਸਾ ਦੀਵਾਨ ਐਜੂਕੇਸ਼ਨ ਬੋਰਡ ਮੈਨੇਜਮੈਂਟ ਵੱਲੋਂ ਹੋਣਹਾਰ ਵਿਦਿਆਰਥੀਆਂ ਨੂੰ ਟਰਾਫੀਆਂ ਕੈਸ਼ ਪ੍ਰਾਈਜ਼, ਬੁੱਕੇ ਅਤੇ ਸਕੂਲ ਬੈਗ ਨਾਲ ਸਨਮਾਨਿਤ ਕੀਤਾ ਗਿਆ।ਆਈਆਂ ਹੋਈਆਂ ਸਨਮਾਨ ਯੋਗ ਸ਼ਖ਼ਸੀਅਤਾਂ ਨੂੰ ਹਰਿਆਲੀ ਵਿੱਚ ਵਾਧਾ ਕਰਨ ਦਾ ਸੰਦੇਸ਼ ਦੇਣ ਲਈ ਪੌਦਿਆਂ ਨਾਲ ਸਨਮਾਨਿਤ ਕੀਤਾ ਗਿਆ।ਸਕੂਲ ਦੇ ਪ੍ਰਿੰਸੀਪਲ ਸਤਬੀਰ ਕੌਰ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਹੋਰ ਮਿਹਨਤ ਕਰਨ ਅਤੇ ਹੋਰ ਵਧੇਰੇ ਅੰਕ ਹਾਸਲ ਕਰ ਪਹਿਲੇ ਨੰਬਰ ਤੇ ਆਉਣ ਦੀ ਪ੍ਰੇਰਨਾ ਦਿੱਤੀ।



# ਬੀਬਾ ਰਮਨਦੀਪ ਕੌਰ ਤੇ ਅਵਤਾਰ ਸਿੰਘ ਬਿੱਲਾ ਸੇਰੋਂ ਸਾਥੀਆਂ ਸਮੇਤ ਆਗਮਨ ਪੁਰਬ ਮੌਕੇ ਹੋਏ ਨਤਮਸਤਕ



**ਚੋਹਲਾ ਸਾਹਿਬ (ਰਮਨ ਚੱਢਾ)**- ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਚੋਹਲਾ ਸਾਹਿਬ ਵਿਖੇ ਆਗਮਨ ਪੁਰਬ ਮੌਕੇ ਕਰਵਾਏ ਜਾਂਦੇ ਸਮਾਗਮ ਵਿੱਚ ਵਿਧਾਨ ਸਭਾ ਹਲਕਾ ਸ੍ਰੀ ਖਡੂਰ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਬੀਬਾ ਰਮਨਦੀਪ ਕੌਰ ਪਤਨੀ ਸੀਨੀਅਰ ਅਕਾਲੀ ਆਗੂ ਅਤੇ ਯੂਥ ਕੋਆਰਡੀਨੇਟਰ ਅਵਤਾਰ ਸਿੰਘ ਬਿੱਲਾ ਸੇਰੋਂ ਨੇ ਅਕਾਲੀ ਆਗੂਆਂ ਤੇ ਵਰਕਰਾਂ ਸਮੇਤ ਗੁਰਦਵਾਰਾ ਪਾਤਸ਼ਾਹੀ ਪੰਜਵੀਂ ਸ੍ਰੀ ਚੋਹਲਾ ਸਾਹਿਬ ਵਿਖੇ ਨਤਮਸਤਕ ਹੋ ਕੇ ਹਾਜ਼ਰੀ ਭਰੀ। ਇਸ ਉਪਰੰਤ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਅਤੇ ਕੀਰਤਨ ਸਰਵਣ ਕੀਤਾ। ਬੀਬਾ ਰਮਨਦੀਪ ਕੌਰ ਤੇ ਅਵਤਾਰ ਸਿੰਘ ਬਿੱਲਾ ਨੇ ਹਾਜ਼ਰੀ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਸ਼੍ਰੀ ਚੋਹਲਾ ਸਾਹਿਬ ਪਵਿੱਤਰ ਧਰਤੀ ਹੈ ਅਤੇ ਇਸਦੇ ਨਾਲ ਹੀ ਵਿਧਾਨ ਸਭਾ ਹਲਕਾ ਸ਼੍ਰੀ ਖਡੂਰ ਸਾਹਿਬ ਪੰਥਕ ਹਲਕਾ ਹੈ।ਉਨ੍ਹਾਂ ਕਿਹਾ ਕਿ ਰੋਜ਼ਾਨਾ ਲੱਖਾਂ ਦੀ ਗਿਣਤੀ ਵਿੱਚ ਸੰਗਤਾਂ ਇਸ ਹਲਕੇ ਵਿੱਚ ਸਥਿਤ ਧਾਰਮਿਕ ਸਥਾਨਾਂ 'ਤੇ ਦਰਸ਼ਨ ਲਈ ਆਉਂਦੀਆਂ ਹਨ ਅਤੇ ਸਾਡਾ ਪਰਿਵਾਰ ਬਹੁਤ ਖੁਸ਼ਨਸੀਬ ਹੈ ਕਿ ਪੰਥਕ ਹਲਕੇ ਤੋਂ ਪੰਥਕ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੇ ਸਾਨੂੰ ਸੇਵਾ ਕਰਨ ਦੀ ਜ਼ਿੰਮੇਵਾਰੀ ਦਿੱਤੀ ਹੈ ਅਤੇ ਸਾਡਾ ਪਰਿਵਾਰ ਇਸ ਅਹਿਮ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣ ਲਈ ਹਮੇਸ਼ਾ ਹਾਜ਼ਿਰ ਰਹੇਗਾ।ਇਸ ਮੌਕੇ ਐੱਸ. ਜੀ. ਪੀ. ਸੀ. ਮੈਂਬਰ ਗੁਰਬਚਨ ਸਿੰਘ ਕਰਮੂੰਵਾਲ, ਸੀਨੀਅਰ ਅਕਾਲੀ ਆਗੂ ਸਿਕੰਦਰ ਸਿੰਘ ਵਰਾਣਾ, ਜ਼ਿਲ੍ਹਾ ਬੀ. ਸੀ. ਵਿੰਗ ਪ੍ਰਧਾਨ ਮਨਜਿੰਦਰ ਸਿੰਘ ਲਾਟੀ, ਰਾਜਾ ਸਰਪੰਚ ਭੈਲ, ਤਜਿੰਦਰ ਸਿੰਘ ਪ੍ਰਿੰਸ, ਜਗਦੀਪ ਸਿੰਘ ਮਿੰਟੂ, ਸਤਨਾਮ ਸਿੰਘ ਵਰਾਣਾ, ਜੰਗਸ਼ੇਰ ਸਿੰਘ ਟੋਨੀ, ਮੁਹੱਬਤ ਸਿੰਘ, ਗੁਰਮੇਜ ਸਿੰਘ, ਰਾਕੇਸ਼ ਕੁਮਾਰ, ਰਣਜੀਤ ਸਿੰਘ ਰਾਣਾ, ਨਿਰਵੈਲ ਸਿੰਘ ਨੈਲਾ ਯੂਥ ਆਗੂ ਰਾਹੁਲ ਧੀਰ, ਬਿੱਟੂ ਧੀਰ ਆਦਿ ਹਾਜ਼ਰ ਸਨ।

# ਅਵਤਾਰ ਸਿੰਘ ਬਿੱਲਾ ਸ਼ੇਰੋਂ ਨੇ ਕੀਤਾ ਦੁੱਖ ਸਾਂਝਾ

**ਚੋਹਲਾ ਸਾਹਿਬ (ਰਮਨ ਚੱਢਾ)**- ਵਿਧਾਨ ਸਭਾ ਹਲਕਾ ਸ੍ਰੀ ਖਡੂਰ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਯੂਥ ਆਗੂ ਸਰਪੰਚ ਅਵਤਾਰ ਸਿੰਘ ਬਿੱਲਾ ਸ਼ੇਰੋਂ ਵੱਲੋਂ ਹਲਕੇ ਦੀ ਫ਼ੇਰੀ ਦੌਰਾਨ ਚੰਬਾ ਕਲਾਂ ਵਿਖ਼ੇ ਕਈ



ਪਰਵਾਰਾਂ ਨਾਲ ਮੁਲਾਕਾਤ ਕੀਤੀ ਗਈ। ਚੰਬਾ ਕਲਾਂ ਤੋਂ ਦਲਜੀਤ ਸਿੰਘ ਅਤੇ ਸ੍ਰੀ ਚੋਹਲਾ ਸਾਹਿਬ ਤੋਂ ਦਇਆ ਸਿੰਘ ਫ਼ੌਜੀ ਦੇ ਅਕਾਲ ਚਲਾਣਾ ਕਰ ਜਾਣ 'ਤੇ ਬਿੱਲਾ ਸ਼ੇਰੋਂ ਨੇ ਮ੍ਰਿਤਕਾਂ ਦੇ ਪਰਿਵਾਰਕ ਮੈਂਬਰਾਂ ਨਾਲ ਹਮਦਰਦੀ ਜਤਾਈ। ਉਨ੍ਹਾਂ ਕਿਹਾ ਕਿ ਕਿਸੇ ਵੀ ਪਰਿਵਾਰ ਦੇ ਮੈਂਬਰ ਦਾ ਇਸ ਜਹਾਨੋਂ ਚਲੇ ਜਾਣਾ ਬਹੁਤ ਦੁੱਖਦਾਈ ਹੁੰਦਾ ਹੈ ਪਰ ਪ੍ਰਮਾਤਮਾ ਦੇ ਭਾਣੇ ਵਿੱਚ ਹਮੇਸ਼ਾ ਚੱਲਣਾ ਹੀ ਪੈਂਦਾ।ਇਸ ਮੌਕੇ ਐੱਸਜੀਪੀਸੀ ਮੈਂਬਰ ਗੁਰਬਚਨ ਸਿੰਘ ਕਰਮੂਵਾਲਾ, ਬੀ. ਸੀ. ਵਿੰਗ ਦੇ ਜ਼ਿਲਾ ਪ੍ਰਧਾਨ ਮਨਜਿੰਦਰ ਸਿੰਘ ਲਾਟੀ, ਸਿਕੰਦਰ ਸਿੰਘ ਵਰਾਣਾ, ਤੇਜਿੰਦਰ ਸਿੰਘ ਪ੍ਰਿੰਸ, ਸਰਪੰਚ ਖ਼ਾਨ ਰਜ਼ਾਦਾ, ਬਲਰਾਜ ਸਿੰਘ, ਜੁਗਰਾਜ ਸਿੰਘ ਅਤੇ ਪਿੰਕਾ ਆਸਟ੍ਰੇਲੀਆ ਆਦਿ ਹਾਜ਼ਰ ਸਨ।

# ਮੇਰੇ 'ਤੇ ਪਾਇਆ ਵਰਕ ਲੋਡ ਘਟਾਇਆ ਜਾਵੇ : ਮੋਹਨ ਲਾਲ

**ਬਿਆਸ (ਰੱਖੜਾ)** ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਵਿੱਚ ਜੇ ਈ ਮੋਹਨ ਲਾਲ ਨੇ ਦੱਸਿਆ ਕਿ ਉਸ ਦੀ ਡਿਊਟੀ ਬਤੌਰ ਜੇ ਈ ਟੀ ਐੱਲ ਸਬ-ਡਵੀਜ਼ਨ ਅੰਮ੍ਰਿਤਸਰ ਵਿੱਚ ਹੈ, ਪਰ ਉਸ ਨੂੰ 4 ਜ਼ਿਲ੍ਹੇ ਅੰਮ੍ਰਿਤਸਰ, ਤਰਨ ਤਾਰਨ, ਗੁਰਦਾਸਪੁਰ ਅਤੇ ਪਠਾਨਕੋਟ ਦਿੱਤੇ ਹਨ। ਉਸ ਕੋਲ ਮੈਨਪਾਵਰ ਸਿਰਫ਼ 2 ਲਾਈਨਮੈਨ ਅਤੇ 1 ਵਰਕਚਾਰਜ ਹੈ। 66 ਕੇ ਵੀ ਲਾਈਨਾਂ ਦਾ ਕੰਮ ਹਰ ਇੱਕ ਜ਼ਿਲ੍ਹੇ ਵਿੱਚ ਚੱਲ ਰਿਹਾ ਹੈ। ਸਟਾਫ ਦੀ ਘਾਟ ਹੋਣ ਕਰਕੇ ਬਹੁਤ ਹੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜੇ ਈ ਮੋਹਨ ਲਾਲ ਨੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਦੇ ਉੱਚ ਅਧਿਕਾਰੀਆਂ ਨੂੰ ਬੇਨਤੀ ਕਰਦੇ ਹੋਏ ਕਿਹਾ ਕਿ ਮੇਰੀ ਸਿਹਤ ਨੂੰ ਧਿਆਨ ਵਿੱਚ ਰੱਖਦੇ ਹੋਏ ਦੋਵਾਂ ਸਬ-ਡਵੀਜ਼ਨਾਂ ਵਿੱਚ ਸਟਾਫ਼ ਵਧਾਇਆ ਜਾਵੇ ਅਤੇ ਮੇਰੇ ਉੱਤੇ ਪਾਇਆ ਗਿਆ ਵਰਕ ਲੋਡ ਘੱਟ ਕੀਤਾ ਜਾਵੇ।



# ਮੀਟਰ ਰੀਡਰਾਂ ਦੀ ਬਿਜਲੀ ਮੰਤਰੀ ਨਾਲ ਹੋਈ ਮੀਟਿੰਗ ਰਹੀ ਬੇਸਿੱਟਾ

**ਗੁਰਦਾਸਪੁਰ, (ਜਨਕ ਮਹਾਜਨ)**- ਪੰਜਾਬ ਸਰਕਾਰ ਵੱਲੋਂ ਬਣਦਾ ਹੱਕ ਨਾ ਮਿਲਣ ਕਰਕੇ ਹੜਤਾਲ 'ਤੇ ਚੱਲ ਰਹੇ ਮੀਟਰ ਰੀਡਰਾਂ ਦੀ ਪਿਛਲੇ ਦਿਨੀਂ ਬਿਜਲੀ ਮੰਤਰੀ ਨਾਲ ਹੋਈ ਮੀਟਿੰਗ ਬੇਸਿੱਟਾ ਰਹੀ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਜਸਵਿੰਦਰ, ਪ੍ਰਧਾਨ ਰਾਜੇਸ਼, ਮੀਟਰ ਰੀਡਰ ਨਰਿੰਦਰ ਕੁਮਾਰ, ਮੀਡਰ ਰੀਟਰ ਰਾਕੇਸ਼ ਕੁਮਾਰ, ਮੀਟਰ ਰੀਡਰ ਰਾਕੇਸ਼ ਮਸੀਹਾ, ਮੀਟਰ ਰੀਡਰ ਬੂਟਾ ਢਿੱਲੋਂ ਆਦਿ ਨੇ ਦੱਸਿਆ ਕਿ ਬਿਜਲੀ ਮੰਤਰੀ ਵੱਲੋਂ 5 ਸਾਲ ਤੱਕ ਦੇ ਮੀਟਰ ਰੀਡਰਾਂ ਨੂੰ ਮਹਿਕਮੇ ਵਿਚ ਮਰਜ ਕਰਨ ਦੀ ਸਹਿਮਤੀ ਜਤਾਈ ਗਈ ਹੈ ਪਰ 5 ਸਾਲ ਤੋਂ ਘੱਟ ਸਮੇਂ ਵਾਲੇ ਮੀਟਰ ਰੀਡਰਾਂ ਨੂੰ ਪੂਰੀ ਤਰ੍ਹਾਂ ਨਾਲ ਅੱਖੋਂ-ਪਰੋਖੇ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਅਜਿਹਾ ਕਰਕੇ ਸਾਡੀ ਯੂਨੀਅਨ ਨੂੰ ਦੋਫਾੜ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਜਿਸ ਵਿਚ ਉਹ ਕਦੇ ਵੀ ਸਫ਼ਲ ਨਹੀਂ ਹੋਵੇਗੀ। ਉਨ੍ਹਾਂ ਕਿਹਾ ਪੰਜਾਬ ਸਰਕਾਰ ਠੇਕੇਦਾਰ ਨੂੰ 11 ਰੁਪਏ ਪ੍ਰਤੀ ਮੀਟਰ ਦੇ ਹਿਸਾਬ ਨਾਲ ਦਿੰਦੀ ਹੈ ਪਰ ਠੇਕੇਦਾਰ ਵੱਲੋਂ ਮੀਟਰ ਰੀਡਰ ਨੂੰ ਪ੍ਰਤੀ ਮੀਟਰ 2.45 ਰੁਪਏ ਦੇ ਹਿਸਾਬ ਨਾਲ 3 ਹਜ਼ਾਰ ਮੀਟਰ ਰੀਡਿੰਗ ਲਈ 8250 ਰੁਪਏ ਦਿੱਤੇ ਜਾਂਦੇ ਹਨ ਜਿਸ ਨਾਲ ਮੀਟਰ ਰੀਡਰਾਂ ਨਾਲ ਸਿੱਧੇ ਤੌਰ 'ਤੇ ਸ਼ੋਸ਼ਣ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਮੀਟਰ ਰੀਡਰ ਪੰਜਾਬ ਸਰਕਾਰ ਨੂੰ ਹਰ ਮਹੀਨੇ ਰੈਵੀਨਿਊ ਇਕੱਠਾ ਕਰਕੇ ਦਿੰਦੇ ਪਰ ਸਰਕਾਰ ਵੱਲੋਂ ਮੀਟਰ ਰੀਡਰਾਂ ਨੂੰ ਨਿੱਜੀ ਕੰਪਨੀਆਂ 'ਤੇ ਸਹਾਰੇ 'ਤੇ ਛੱਡਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮਹਿਕਮੇ ਵੱਲੋਂ ਮੀਟਰ ਰੀਡਰਾਂ ਨੂੰ ਡੇਂਜਰ ਜ਼ੋਨ ਤੋਂ ਬਾਹਰ ਰੱਖਿਆ ਹੋਇਆ ਹੈ ਜਦੋਂ ਕਿ ਮੀਟਰ ਰੀਡਰਾਂ ਵੱਲੋਂ ਜਿਨ੍ਹਾਂ ਬਕਸਿਆਂ ਵਿੱਚੋਂ ਮੀਟਰਾਂ ਦੀ ਰੀਡਿੰਗ ਲਈ ਜਾਂਦੀ ਹੈ, ਉਨ੍ਹਾਂ ਵਿੱਚ ਕਈ ਵਾਰ ਸੱਪ, ਜ਼ਹਿਰੀਲੇ ਕੀੜੇ ਮਕੌੜੇ, ਮਧੂ ਮੱਖੀਆਂ ਤੋਂ ਇਲਾਵਾ ਕਰੰਟ ਵਗੈਰਾ ਵੀ ਆਉਂਦਾ ਹੈ ਜੋ ਕਿਸੇ ਖ਼ਤਰੇ ਤੋਂ ਖਾਲੀ ਨਹੀਂ। ਉਨ੍ਹਾਂ ਕਿਹਾ ਇਕ ਮੀਟਰ ਰੀਡਰ ਮਹਿਕਮੇ ਦੇ ਕਈ ਅਧਿਕਾਰੀਆਂ ਦਾ ਇਕੱਲਾ ਹੀ ਕੰਮ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਇਕ ਬਿਜਲੀ ਦਾ ਕਰਮਚਾਰੀ ਮੀਟਰ ਦੀ ਰੀਡਿੰਗ ਲੈਣ ਆਉਂਦਾ ਸੀ ਜਿਸ ਤੋਂ ਬਾਅਦ ਦੁਬਾਰਾ ਫ਼ਿਰ ਇਕ ਬਿਜਲੀ ਕਰਮਚਾਰੀ ਵੱਲੋਂ ਘਰਾਂ ਵਿਚ ਬਿਜਲੀ ਬਿੱਲ ਵੰਡੇ ਜਾਂਦੇ ਸਨ। ਇਸ ਤੋਂ ਇਲਾਵਾ ਦਫ਼ਤਰਾਂ ਵਿਚ ਬਿੱਲ ਤਿਆਰ ਕੀਤੇ ਜਾਂਦੇ ਪਰ ਹੁਣ ਕੇਵਲ ਇਕ ਮੀਟਰ ਰੀਡਰ ਹੀ ਆਪਣੀ ਮਸ਼ੀਨ 'ਤੇ ਮੀਟਰ ਰੀਡਿੰਗ ਲੈ ਕੇ ਉਸੇ ਸਮੇਂ ਘਰ-ਘਰ ਜਾ ਕੇ ਬਿਜਲੀ ਬਿੱਲ ਪਹੁੰਚਾ ਰਿਹਾ ਹੈ। ਉਨ੍ਹਾਂ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਮੀਟਰ ਰੀਡਰਾਂ ਦੀਆਂ ਮੰਗਾਂ ਜਲਦ ਤੋਂ ਜਲਦ ਪੂਰੀਆਂ ਕੀਤੀਆਂ ਜਾਣ ਤਾਂ ਜੋ ਉਹ ਆਪਣਾ ਕੰਮਕਾਜ ਚਾਲੂ ਕਰਕੇ ਸਰਕਾਰ ਦੇ ਖ਼ਾਤੇ ਵਿੱਚ ਬਿਜਲੀ ਬਿੱਲਾਂ ਦਾ ਭੁਗਤਾਨ ਜਮ੍ਹਾ ਕਰਵਾ ਸਕਣ।

# ਵਾਲੀਬਾਲ ਖਿਡਾਰੀ ਜਸਕਰਨ ਨੂੰ ਰਾਸ਼ਟਰੀ ਕੈਂਪ ਤੋਂ ਬਾਹਰ ਰੱਖੇ ਜਾਣ 'ਤੇ ਪੀ. ਟੀ. ਊਸ਼ਾ ਨੂੰ ਮਿਲੇ ਸਾਂਸਦ ਔਜਲਾ

**ਛੇਹਰਟਾ, ਅੰਮ੍ਰਿਤਸਰ (ਮਨੋਜ ਕੁਮਾਰ, ਜਸਬੀਰ ਸਿੰਘ ਪੱਟੀ)** : ਅੰਮ੍ਰਿਤਸਰ ਤੋਂ ਮੈਂਬਰ ਪਾਰਲੀਮੈਂਟ ਤੇ ਪੰਜਾਬ ਵਾਲੀਬਾਲ ਐਸੋਸੀਏਸ਼ਨ ਦੇ ਪ੍ਰਧਾਨ ਗੁਰਜੀਤ ਸਿੰਘ ਔਜਲਾ ਨੇ ਸ਼ਨਿੱਚਰਵਾਰ ਨੂੰ ਭਾਰਤੀ ਓਲੰਪਿਕ ਐਸੋਸੀਏਸ਼ਨ (ਆਈਓਏ) ਦੀ ਪ੍ਰਧਾਨ ਡਾ. ਪੀ.ਟੀ. ਊਸ਼ਾ ਨਾਲ ਮੁਲਾਕਾਤ ਕਰਕੇ ਪੰਜਾਬ ਦੇ ਉਭਰਦੇ ਵਾਲੀਬਾਲ ਖਿਡਾਰੀ ਜਸਕਰਨ ਸਿੰਘ ਨਾਲ ਹੋਏ ਕਥਿਤ ਅਨਿਆਂ ਦਾ ਮੁੱਦਾ ਜ਼ੋਰਦਾਰ ਢੰਗ ਨਾਲ ਉਠਾਇਆ। ਉਨ੍ਹਾਂ ਨੇ ਪੀ. ਟੀ. ਊਸ਼ਾ ਨੂੰ ਲਿਖਤੀ ਰੂਪ ਵਿਚ ਜਸਕਰਨ ਸਿੰਘ ਨੂੰ ਭਾਰਤੀ ਸੀਨੀਅਰ ਟੀਮ ਦੇ ਸਿਖਲਾਈ ਕੈਂਪ ਤੋਂ ਬਾਹਰ ਰੱਖੇ ਜਾਣ 'ਤੇ ਚਿੰਤਾ ਪ੍ਰਗਟ ਕਰਦਿਆਂ ਇਸ ਮਾਮਲੇ ਵਿਚ ਨਿਜੀ ਦਖ਼ਲ ਦੀ ਮੰਗ ਕੀਤੀ। ਆਪਣੇ ਪੱਤਰ ਵਿੱਚ ਔਜਲਾ ਨੇ ਜ਼ਿਕਰ ਕੀਤਾ ਹੈ ਕਿ ਅੰਮ੍ਰਿਤਸਰ ਵਾਸੀ ਜਸਕਰਨ ਸਿੰਘ ਨੇ ਵਾਰਾਨਸੀ ਵਿਚ ਹੋਈ ਸੀਨੀਅਰ ਨੈਸ਼ਨਲ ਵਾਲੀਬਾਲ ਚੈਂਪੀਅਨਸ਼ਿਪ-2026 ਦੌਰਾਨ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ 'ਬੈਸਟ ਯੂਨੀਵਰਸਲ ਪਲੇਅਰ' ਦਾ ਸਨਮਾਨ ਹਾਸਲ ਕੀਤਾ ਸੀ। ਇਸ ਦੇ ਬਾਵਜੂਦ ਉਨ੍ਹਾਂ ਨੂੰ ਭਾਰਤੀ ਸੀਨੀਅਰ ਵਾਲੀਬਾਲ ਟੀਮ ਦੇ ਕੈਂਪ ਵਿੱਚ ਜਗ੍ਹਾ ਨਹੀਂ ਦਿੱਤੀ ਗਈ। ਔਜਲਾ ਨੇ ਕਿਹਾ ਕਿ ਜਦੋਂ ਰਾਸ਼ਟਰੀ ਪੱਧਰ 'ਤੇ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਖਿਡਾਰੀਆਂ ਨੂੰ ਚੋਣ ਪ੍ਰਕਿਰਿਆ ਤੋਂ ਬਾਹਰ ਰੱਖਿਆ ਜਾਂਦਾ ਹੈ ਤੇ ਘੱਟ ਉਪਲੱਬਧੀਆਂ ਵਾਲੇ ਖਿਡਾਰੀਆਂ ਨੂੰ ਮੌਕਾ ਦਿੱਤਾ ਜਾਂਦਾ ਹੈ ਤਾਂ ਇਸ ਨਾਲ ਚੋਣ ਪ੍ਰਣਾਲੀ ਦੀ ਪਾਰਦਰਸ਼ਤਾ, ਨਿਰਪੱਖਤਾ ਤੇ ਯੋਗਤਾ ਆਧਾਰਿਤ ਪ੍ਰਣਾਲੀ 'ਤੇ ਗੰਭੀਰ ਸਵਾਲ ਖੜ੍ਹੇ ਹੁੰਦੇ ਹਨ। ਉਨ੍ਹਾਂ ਕਿਹਾ ਕਿ ਖੇਡਾਂ ਵਿਚ ਪ੍ਰਤਿਭਾ ਤੇ ਪ੍ਰਦਰਸ਼ਨ ਨੂੰ ਹੀ ਤਰਜੀਹ ਮਿਲਣੀ ਚਾਹੀਦੀ ਹੈ ਅਤੇ ਕਿਸੇ ਵੀ ਖਿਡਾਰੀ ਨਾਲ ਅਨਿਆਂ ਨਹੀਂ ਹੋਣਾ ਚਾਹੀਦਾ। ਉਨ੍ਹਾਂ ਨੇ ਆਈਓਏ ਪ੍ਰਧਾਨ ਡਾ. ਪੀ. ਟੀ. ਊਸ਼ਾ ਨੂੰ ਅਪੀਲ ਕੀਤੀ ਕਿ ਜਸਕਰਨ ਸਿੰਘ ਦੇ ਚੋਣ ਮਾਮਲੇ ਦੀ ਨਿਰਪੱਖ ਸਮੀਖਿਆ ਕਰਕੇ ਇਹ ਯਕੀਨੀ ਬਣਾਇਆ ਜਾਵੇ ਕਿ ਰਾਸ਼ਟਰੀ ਟੀਮ ਵਿਚ ਚੋਣ ਦਾ ਆਧਾਰ ਸਿਰਫ਼ ਪ੍ਰਤਿਭਾ ਤੇ ਖੇਡ ਪ੍ਰਦਰਸ਼ਨ ਹੀ ਹੋਵੇ। ਇਸ ਦੇ ਨਾਲ ਹੀ ਪੰਜਾਬ ਨੂੰ ਰਾਸ਼ਟਰੀ ਵਾਲੀਬਾਲ ਦੀਆਂ ਵੱਖ-ਵੱਖ ਕਮੇਟੀਆਂ, ਚੋਣ ਬੋਰਡਾਂ, ਕੋਚਿੰਗ ਢਾਂਚਿਆਂ ਤੇ ਪ੍ਰਸ਼ਾਸਨਿਕ ਮੰਚਾਂ 'ਤੇ ਨੁਮਾਇੰਦਗੀ ਦਿੱਤੀ ਜਾਵੇ। ਗੁਰਜੀਤ ਸਿੰਘ ਔਜਲਾ ਨੇ ਵਿਸ਼ਵਾਸ ਪ੍ਰਗਟਾਇਆ ਕਿ ਇਸ ਮਾਮਲੇ ਵਿਚ ਸਮੇਂ ਸਿਰ ਦਖ਼ਲ ਨਾਲ ਖਿਡਾਰੀਆਂ ਤੇ ਖੇਡ ਜਗਤ ਨਾਲ ਜੁੜੇ ਲੋਕਾਂ ਦਾ ਭਰੋਸਾ ਹੋਰ ਮਜ਼ਬੂਤ ਹੋਵੇਗਾ ਅਤੇ ਭਾਰਤੀ ਖੇਡ ਪ੍ਰਸ਼ਾਸਨ ਵਿਚ ਪਾਰਦਰਸ਼ਤਾ, ਬਰਾਬਰ ਦੇ ਮੌਕੇ ਤੇ ਨਿਰਪੱਖਤਾ ਦੇ ਸਿਧਾਂਤਾਂ ਨੂੰ ਹੋਰ ਬਲ ਮਿਲੇਗਾ। ਉਨ੍ਹਾਂ ਕਿਹਾ ਕਿ ਪੰਜਾਬ ਨੇ ਹਮੇਸ਼ਾ ਦੇਸ਼ ਦਾ ਨਾਮ ਰੌਸ਼ਨ ਕੀਤਾ ਹੈ ਅਤੇ ਭਵਿੱਖ ਵਿਚ ਵੀ ਸੂਬੇ ਦੇ ਖਿਡਾਰੀ ਭਾਰਤ ਲਈ ਮਾਣ ਦਾ ਕਾਰਨ ਬਣਦੇ ਰਹਿਣਗੇ।

**● ਮਾਮਲੇ 'ਚ ਨਿੱਜੀ ਦਖ਼ਲ ਦੇਣ ਦੀ ਕੀਤੀ ਮੰਗ**



# ਰਸਤੇ 'ਚ ਲੱਗੇ ਲੰਗਰ ਸੰਗਤਾਂ ਜ਼ਰੂਰ ਛਕ ਕੇ ਜਾਣ : ਬਾਬਾ ਸੁੱਧ ਸਿੰਘ

**ਝਬਾਲ, (ਹਰਜਿੰਦਰ ਸਿੰਘ ਸੋਨੀ)**- ਸੱਚਖੰਡ ਸ੍ਰੀ ਹੇਮਕੁੰਟ ਸਾਹਿਬ, ਕੇਦਾਰਨਾਥ ਅਤੇ ਬਦਰੀਨਾਥ ਰਸਤੇ ਵਿੱਚ ਸਾਲਾਨਾ ਗੁਰੂ ਦੇ ਲੰਗਰ 1 ਜੂਨ ਤੋਂ ਸ਼ੁਰੂ ਹੋ ਕੇ ਲਗਾਤਾਰ ਅਤੁੱਟ ਵਰਤਾਏ ਜਾ ਰਹੇ ਹਨ।ਇਸ ਸਬੰਧੀ ਜਾਣਕਾਰੀ ਦਿੰਦਿਆਂ ਜਥੇਦਾਰ ਸੰਤ ਬਾਬਾ ਸੁੱਧ ਸਿੰਘ ਟੂਸੇ ਸ੍ਰੀ ਮਾਛੀਵਾੜਾ ਸਾਹਿਬ ਅਤੇ ਮੁੱਖ ਸੇਵਾਦਾਰ ਗੁਰਦੁਆਰਾ ਸ੍ਰੀ ਕਿਲਾ ਸਾਹਿਬ ਠੱਠਗੜ੍ਹ ਨੇੜੇ ਝਬਾਲ (ਤਰਨਤਾਰਨ) ਵਾਲਿਆਂ ਨੇ ਦੱਸਿਆ ਕਿ ਹਰ ਸਾਲ ਵਾਂਗ ਇਸ ਵਾਰ ਵੀ ਉੱਤਰਾਖੰਡ ਵਿਖੇ ਗੁਰਧਾਮਾਂ ਦੇ ਦਰਸ਼ਨ ਦੀਦਾਰੇ ਕਰਨ ਲਈ ਪੰਜਾਬ ਸਮੇਤ ਦੇਸ਼ ਭਰ ਤੋਂ ਸੰਗਤਾਂ ਪੁੱਜਦੀਆਂ ਹਨ ਜਿਨ੍ਹਾਂ ਲਈ ਰਸਤੇ ਵਿੱਚ ਹਰ ਸਾਲ ਚਾਹ, ਬਰੈੱਡ, ਪਕੌੜੇ, ਦੁੱਧ, ਜਲੇਬੀਆਂ ਤੇ ਵੱਖ-ਵੱਖ ਪਕਵਾਨਾਂ ਦੇ ਗੁਰੂ ਕੇ ਲੰਗਰ ਲਗਾਏ ਜਾਂਦੇ ਹਨ।ਸੰਤ ਬਾਬਾ ਸੁੱਧ ਸਿੰਘ ਨੇ ਗੁਰਧਾਮਾਂ ਦੇ ਦਰਸ਼ਨਾਂ ਲਈ ਜਾਣ ਅਤੇ ਦਰਸ਼ਨ ਦੀਦਾਰੇ ਕਰਕੇ ਵਾਪਸ ਆਉਣ ਵਾਲੀਆਂ ਸੰਗਤਾਂ ਨੂੰ ਬੇਨਤੀ ਕੀਤੀ ਕਿ ਲੰਗਰ ਵਾਲੇ ਸਥਾਨ 'ਤੇ ਰੁਕ ਕੇ ਲਗਾਏ ਗਏ ਲੰਗਰ ਜ਼ਰੂਰ ਛਕ ਕੇ ਜਾਣ।ਇਸ ਸਮੇਂ ਬਾਬਾ ਸਰਬਜੀਤ ਸਿੰਘ, ਬਾਬਾ ਸਤਵੰਤ ਸਿੰਘ ਸੋਨੂੰ ਸਮੇਤ ਸੇਵਾਦਾਰ ਤੇ ਸੰਗਤਾਂ ਵੀ ਹਾਜ਼ਰ ਸਨ।



# ਡਾ. ਦਲਬੀਰ ਸਿੰਘ ਵੇਰਕਾ ਦੀਆਂ ਹਲਕਾ ਜੰਡਿਆਲਾ ਗੁਰੂ ਦੇ ਪਿੰਡਾਂ 'ਚ ਚੱਲ ਰਹੀਆਂ ਸਰਗਰਮੀਆਂ ਨੇ ਛੇੜੀ ਚਰਚਾ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**- ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਜਿੱਥੋਂ ਦੇ ਸਾਬਕਾ ਵਿਧਾਇਕ ਡਾਕਟਰ ਦਲਬੀਰ ਸਿੰਘ ਵੇਰਕਾ ਵੇਰਕਾ ਆਉਣ ਵਾਲੇ ਦਿਨਾਂ ਵਿੱਚ ਕੋਈ ਸਿਆਸੀ ਧਮਾਕਾ ਕਰਨ ਜਾ ਰਹੇ ਹਨ ਜਿਸ ਦੀ ਸਾਰੇ ਹੀ ਹਲਕੇ ਵਿੱਚ ਚਰਚਾ ਛਿੜ ਪਈ ਹੈ। ਡਾਕਟਰ ਦਲਬੀਰ ਸਿੰਘ ਵੇਰਕਾ ਜੋ ਦੋ ਵਾਰ ਵਿਧਾਇਕ ਰਹਿ ਚੁੱਕੇ ਹਨ ਅਤੇ ਹਲਕਾ ਜੰਡਿਆਲਾ ਗੁਰੂ ਦੇ ਇੱਕ ਪਿੰਡ ਨਾਲ ਸੰਬੰਧਿਤ ਹੋਣ ਕਰਕੇ ਉਸਦਾ ਬਚਪਨ ਵੀ ਇਸੇ ਹਲਕੇ ਵਿੱਚ ਗੁਜ਼ਰਿਆ ਹੈ ਜਿਸ ਨੂੰ ਯਾਦ ਕਰਕੇ ਡਾਕਟਰ ਵੇਰਕਾ ਕਹਿੰਦੇ ਹਨ ਕਿ ਇਹ ਤਾਂ ਉਨ੍ਹਾਂ ਦੀ ਜਨਮ ਭੂਮੀ ਹੈ ਇਸ ਨੂੰ ਛੱਡ ਕੇ ਉਹ ਕਿੱਥੇ ਜਾ ਸਕਦੇ ਹਨ ਲੋਕਾਂ ਦਾ ਪਿਆਰ ਉਨ੍ਹਾਂ ਦੇ ਨਾਲ ਹੈ ਅਤੇ 2027 ਦੀ ਚੋਣ ਵਿੱਚ ਉਹ ਹਲਕਾ ਜੰਡਿਆਲਾ ਤੋਂ ਹੀ ਚੋਣ ਲੜ ਕੇ ਜਿੱਤਣਗੇ। ਡਾ. ਵੇਰਕਾ 2002 ਤੋਂ ਪਹਿਲਾਂ ਕਾਂਗਰਸ ਵਿੱਚ ਰਹੇ ਹਨ ਅਤੇ ਬਾਅਦ ਵਿੱਚ ਉਹ ਸ਼੍ਰੋਮਣੀ ਅਕਾਲੀ ਦਲ ਬਾਦਲ ਨਾਲ ਜੁੜ ਗਏ। ਉਸ ਵਕਤ ਹਲਕਾ ਜੰਡਿਆਲਾ ਨਾਲ ਹਲਕਾ ਵੇਰਕਾ ਹੁੰਦਾ ਸੀ ਜਿੱਥੋਂ ਉਹ 2007 ਵਿੱਚ ਵਿਧਾਇਕ ਬਣੇ ਪਰ ਹਲਕਾਬੰਦੀ ਹੋਣ ਕਰਕੇ ਵੇਰਕਾ ਹਲਕਾ ਟੁੱਟ ਗਿਆ ਤੇ ਵੇਰਕੇ ਹਲਕੇ ਨਾਲ ਸੰਬੰਧਤ ਜ਼ਿਆਦਾਤਰ ਪਿੰਡ ਜਿਹੜੇ ਆ ਉਹ ਹਲਕਾ ਜੰਡਿਆਲਾ ਵਿੱਚ ਆ ਗਏ ਜਿੱਥੇ ਉਹ ਤਕਰੀਬਨ 20 ਸਾਲ ਹਲਕਾ ਜੰਡਿਆਲਾ ਵਿੱਚ ਵਿਚਰਦੇ ਰਹੇ ਅਤੇ ਲੋਕਾਂ ਦੇ ਦੁੱਖ ਸੁੱਖ ਵਿੱਚ ਸ਼ਾਮਲ ਹੁੰਦੇ। 2017 ਦੀ ਚੋਣ ਵਿੱਚ ਆਪਣੇ ਹੀ ਦਲ ਦੇ ਆਗੂਆਂ ਵੱਲੋਂ ਚੋਰ ਦੂਜੀ ਧਿਰ ਦੀ ਮਦਦ ਕਰਨ ਕਾਰਨ ਡਾਕਟਰ ਵੇਰਕਾ ਇਲੈਕਸ਼ਨ ਹਾਰ ਗਏ ਪਰ ਚਾਰ ਸਾਲ ਉਹ ਹਲਕੇ ਦੀ ਸੇਵਾ ਵਿੱਚ ਜੁਟੇ ਰਹੇ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਹਰ ਪ੍ਰੋਗਰਾਮ ਨੂੰ ਉਹ ਸਿਰੇ ਚੜ੍ਹਾਉਂਦੇ ਰਹੇ। ਅਕਾਲੀ ਦਲ ਦੇ ਸੀਨੀਅਰ ਆਗੂਆਂ ਵੱਲੋਂ ਅਣਦੇਖੀ ਕੀਤੇ ਜਾਣ ਦੇ ਕਾਰਨ ਡਾਕਟਰ ਵੇਰਕਾ ਆਪਣੇ ਘਰ ਬੈਠ ਗਏ। ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਵੱਲੋਂ ਉਨ੍ਹਾਂ ਨੂੰ ਉਨ੍ਹਾਂ ਦੇ ਘਰ ਜਾ ਕੇ ਮਨਾਉਣ ਤੋਂ ਬਾਅਦ ਉਹ ਫਿਰ ਹਲਕੇ ਵਿੱਚ ਵਿਚਰੇ ਪਰ ਸ਼੍ਰੋਮਣੀ ਅਕਾਲੀ ਦਲ ਦੀ ਸੀਨੀਅਰ ਲੀਡਰਸ਼ਿਪ ਵੱਲੋਂ ਡਾਕਟਰ ਵੇਰਕਾ ਨੂੰ ਹਲਕਾ ਜੰਡਿਆਲਾ ਦੀ ਬਜਾਏ 2022 ਦੀ ਚੋਣ ਹਲਕਾ ਪੱਛਮੀ ਅੰਮ੍ਰਿਤਸਰ ਤੋਂ ਲੜਾਈ ਗਈ। ਨਵਾਂ ਹਲਕਾ ਹੋਣ ਕਾਰਨ ਉਹ ਇਥੋਂ ਫਿਰ ਚੋਣ ਹਾਰ ਗਏ। ਉਪਰੰਤ ਉਹ ਭਾਜਪਾ ਵਿੱਚ ਤੇ ਫਿਰ 'ਆਪ' ਵਿੱਚ ਚਲੇ ਗਏ ਪਰ ਹੁਣ ਡਾਕਟਰ ਵੇਰਕਾ ਫਿਰ ਹਲਕਾ ਜੰਡਿਆਲਾ ਦੇ ਪਿੰਡਾਂ ਵਿੱਚ ਆਪਣੀਆਂ ਸਰਗਰਮੀਆਂ ਨੂੰ ਵਧਾਉਂਦੇ ਹੋਏ ਹਲਕੇ ਦੇ ਆਪਣੇ ਨੇੜਲੇ ਸਾਥੀਆਂ ਦੇ ਕੋਲ ਵਿਚਰ ਰਹੇ ਹਨ। ਇੱਕ ਮੁਲਾਕਾਤ ਦੌਰਾਨ ਡਾ. ਦਲਬੀਰ ਸਿੰਘ ਵੇਰਕਾ ਨੇ ਕਿਹਾ ਕਿ ਹਲਕਾ ਜੰਡਿਆਲਾ ਗੁਰੂ ਨਾਲ ਉਨ੍ਹਾਂ ਦਾ ਬਹੁਤ ਪਿਆਰ ਹੈ। ਹਲਕੇ ਦੇ ਪੰਚ, ਸਰਪੰਚ ਅਤੇ ਮੋਹਤਬਰ ਆਗੂ ਉਨ੍ਹਾਂ ਨੂੰ ਚੰਗੀ ਤਰ੍ਹਾਂ ਜਾਣਦੇ ਹਨ। ਇਸ ਲਈ ਉਹ ਹਲਕਾ ਜੰਡਿਆਲਾ ਗੁਰੂ ਤੋਂ 2027 ਦੀ ਚੋਣ ਵਿੱਚ ਹਿੱਸਾ ਲੈਣਗੇ। ਭਾਵੇਂ ਕਿ ਉਨ੍ਹਾਂ ਦੇ ਪਾਰਟੀ ਨਹੀਂ ਦੱਸੀ ਕਿ ਉਹ ਚੋਣ ਕਿਸ ਪਾਰਟੀ ਵੱਲੋਂ ਲੜਨਗੇ ਪਰ ਫਿਰ ਵੀ ਕਨਸੋਅ ਹੈ ਕਿ ਉਹ ਕਿਸੇ ਪੰਥਕ ਪਾਰਟੀ ਵੱਲੋਂ ਹੀ ਚੋਣ ਲੜਨਗੇ। ਡਾ. ਵੇਰਕਾ ਦੀਆਂ ਸਰਗਰਮੀਆਂ ਨੂੰ ਵੇਖਦੇ ਹੋਏ ਚੁੱਪ ਵੱਟੀ ਬੈਠੇ ਵਿਰੋਧੀ ਧਿਰ ਦੇ ਆਗੂ ਵੀ ਸਰਗਰਮ ਹੋ ਗਏ ਹਨ।



# ਨਹਿਰ ਅਪਰਬਾਰੀ ਦੁਆਬ ਤੇ ਕਸੂਰ ਬਰਾਂਚ ਵਿਖੇ ਬਣਿਆ ਲੋਹੇ ਦਾ ਆਰਜ਼ੀ ਪੁਲ ਦੇ ਰਿਹਾ ਹਾਦਸਿਆਂ ਨੂੰ ਸੱਦਾ

**ਗੁਰਦਾਸਪੁਰ, (ਜਨਕ ਮਹਾਜਨ)**- ਗੁਰਦਾਸਪੁਰ-ਮੁਕੇਰੀਆਂ ਸੜਕ ਵਿਚਕਾਰ ਵਗਦੀ ਨਹਿਰ ਅਪਰਬਾਰੀ ਦੁਆਬ ਅਤੇ ਕਸੂਰ ਬਰਾਂਚ ਵਿਖੇ ਦੋਵਾਂ ਨਹਿਰਾਂ 'ਤੇ ਵੱਖ-ਵੱਖ ਪੁਲ ਬਣੇ ਹੋਏ ਸਨ ਅਤੇ 2005 ਵਿਚ ਇਹ ਦੋਵੇਂ ਪੁਲ ਹੇਠਾਂ ਧੱਸ ਗਏ ਸੀ ਅਤੇ ਬਾਅਦ ਵਿਚ ਲੋਕ ਨਿਰਮਾਣ ਵਿਭਾਗ ਵੱਲੋਂ ਦੋਵਾਂ ਨਹਿਰਾਂ 'ਤੇ ਇਕ ਹੀ ਪੁਲ 2007 ਵਿਚ ਨਵਾਂ ਬਣਾ ਕੇ ਮੁਕੰਮਲ ਕੀਤਾ ਗਿਆ ਸੀ। ਉਸ ਵੇਲੇ ਲੋਕਾਂ ਦੀ ਸਹੂਲਤ ਵਾਸਤੇ ਆਰਮੀ ਵੱਲੋਂ ਲੋਕ ਨਿਰਮਾਣ ਵਿਭਾਗ ਦੇ ਸਹਿਯੋਗ ਨਾਲ ਲੋਹੇ ਦਾ ਆਰਜ਼ੀ ਪੁਲ ਰੱਖਿਆ ਗਿਆ ਸੀ ਜਿਸ ਨਾਲ ਛੋਟੇ ਵਾਹਨਾਂ ਦੀ ਆਵਾਜਾਈ ਸ਼ੁਰੂ ਹੋ ਗਈ ਸੀ ਬਾਅਦ ਵਿਚ ਦੋਵਾਂ ਨਹਿਰਾਂ 'ਤੇ ਇਕ ਪੁਲ ਬਣਨ ਨਾਲ ਇਸ ਪੁਲ ਦੀ ਆਵਾਜਾਈ ਘੱਟ ਗਈ ਸੀ ਅਤੇ ਇਸ ਦਾ ਰੱਖ ਰਖਾਓ ਵੀ ਘੱਟ ਗਿਆ ਸੀ। ਮੌਜੂਦਾ ਸਮੇਂ ਵਿਚ ਇਸ ਲੋਹੇ ਦੇ ਪੁਲ ਦੀਆਂ ਪਲੇਟਾਂ ਕਈ ਜਗਾ ਤੋਂ ਟੁੱਟ ਗਈਆਂ ਹਨ ਅਤੇ ਕੁਝ ਚੋਰੀ ਹੋ ਗਈਆਂ ਹਨ। ਹੁਣ ਪੁਲ ਉਪਰ ਲੱਗੀਆਂ ਲੋਹੇ ਦੀਆਂ ਪਲੇਟਾਂ ਲੋਕ ਚੋਰੀ ਕਰਕੇ ਲੈ ਗਏ ਹਨ ਅਤੇ ਪੁਲ ਦੀ ਛੱਤ ਨੰਗੀ ਹੋਈ ਪਈ ਹੈ। ਜਦੋਂ ਲੋਕ ਪੁਲ ਤੋਂ ਲੰਘਦੇ ਹਨ ਤਾਂ ਇਹ ਲੋਹੇ ਦੇ ਗਾਰਡਰਾਂ ਵਿਚ ਫਸ ਕੇ ਸੱਟਾਂ ਆਦਿ ਲਗਵਾ ਬੈਠਦੇ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਬਾਬਾ ਬੂਟਾ ਸਿੰਘ ਨੇ ਦੱਸਿਆ ਕਿ ਇਸ ਪੁਲ ਤੋਂ ਨਾਲ ਲੱਗਦੇ ਪਿੰਡਾਂ ਗੁੰਝੀਆਂ, ਤਿੱਬੜ ਆਦਿ ਨੂੰ ਜਾਣ ਵਾਲੇ ਰਸਤੇ ਦੀ ਕਾਫ਼ੀ ਆਵਾਜਾਈ ਤੋਂ ਇਲਾਵਾ ਪੁਲ ਤਿੱਬੜੀ ਦੇ ਗੁਰਦਆਰਾ ਸਾਹਿਬ ਦੀ ਸੰਗਤ ਵੀ ਸ਼ਾਮ-ਸਵੇਰੇ ਜਾਂਦੀ ਹੈ ਅਤੇ ਉਨ੍ਹਾਂ ਨੂੰ ਵੀ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਦੱਸਿਆ ਕਿ ਇਹ ਮਾਮਲਾ ਲੋਕ ਨਿਰਮਾਣ ਵਿਭਾਗ ਦੇ ਧਿਆਨ ਹਿੱਤ ਵੀ ਲਿਆਂਦਾ ਗਿਆ ਸੀ ਅਤੇ ਉਹ ਵੀ ਪੁਲ ਦੀ ਮੁਰੰਮਤ ਵੱਲ ਕੋਈ ਧਿਆਨ ਨਹੀਂ ਦੇ ਰਹੇ ਜਿਸ ਕਰਕੇ ਇਲਾਕੇ ਦੇ ਲੋਕਾਂ ਦਾ ਮਹਿਕਮੇ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਲੋਹੇ ਦੇ ਪੁਲ ਦੀ ਮੁਰੰਮਤ ਵਾਸਤੇ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤਾਂ ਕੀਤੀਆਂ ਜਾਣ ਜਿਸ ਨਾਲ ਲੋਕਾਂ ਦਾ ਨੁਕਸਾਨ ਹੋਣ ਤੋਂ ਬਚਾਅ ਹੋ ਸਕੇ।



# ਆਰੀਆ ਸਮਾਜ ਮੰਦਰ ਵਿਖੇ ਵਿਸ਼ਵ ਯੋਗ ਦਿਵਸ ਮਨਾਇਆ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)** ਸੀ ਐੱਮ ਦੀ ਯੋਗਸ਼ਾਲਾ ਆਰੀਆ ਸਮਾਜ ਮੰਦਰ ਬੁੱਟਰ ਰੋਡ ਕਾਦੀਆਂ ਵਿਖੇ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਯੋਗ ਟ੍ਰੇਨਰ ਅਮਨਦੀਪ ਨੇ ਦੱਸਿਆ ਕਿ ਕਸਬਾ ਕਾਦੀਆਂ ਵਿੱਚ ਸੀ ਐੱਮ ਦੀ ਯੋਗਸ਼ਾਲਾ ਅਧੀਨ ਕਸਬੇ ਵਿੱਚ ਵੱਖ-ਵੱਖ 6 ਜਗ੍ਹਾ 'ਤੇ ਪਿਛਲੇ ਤਿੰਨ ਸਾਲਾਂ ਤੋਂ ਕਲਾਸਾਂ ਲਗਾਈਆਂ ਜਾਂਦੀਆਂ ਹਨ ਜਿਸ ਵਿੱਚ ਤਕਰੀਬਨ 250 ਦੇ ਕਰੀਬ ਔਰਤਾਂ ਵੱਲੋਂ ਯੋਗ ਕਲਾਸਾਂ ਲਗਾ ਕੇ ਬਿਮਾਰੀਆਂ ਤੋਂ ਨਿਜਾਤ ਪਾਈ ਜਾ ਰਹੀ ਹੈ। ਪੰਜਾਬ ਸਰਕਾਰ ਦੁਆਰਾ ਕੀਤੇ ਗਏ ਨਿਵੇਕਲੇ ਉਪਰਾਲੇ ਸਦਕਾ ਪੰਜਾਬ ਦੇ ਲੋਕ ਖੁਸ਼ ਹਨ ਅਤੇ ਅੱਜ ਯੋਗ ਕਲਾਸ ਆਰੀਆ ਸਮਾਜ ਮੰਦਰ ਵਿਖੇ ਲਗਾਈ ਗਈ। ਔਰਤਾਂ ਵੱਲੋਂ ਵੱਡੀ ਗਿਣਤੀ ਵਿੱਚ ਪਹੁੰਚ ਕੇ ਅੰਤਰਰਾਸ਼ਟਰੀ ਯੋਗ ਦਿਵਸ ਨੂੰ ਸਮਰਪਿਤ ਯੋਗ ਕੀਤਾ ਗਿਆ। ਜਾਣਕਾਰੀ ਦਿੰਦੇ ਹੋਏ ਯੋਗ ਗੁਰੂ ਅਮਰ ਦੀਪ ਨੇ ਦੱਸਿਆ ਕਿ ਜ਼ਿਲ੍ਹਾ ਕੋਆਰਡੀਨੇਟਰ ਗੁਰਪ੍ਰੀਤ ਦੀ ਦੇਖ-ਰੇਖ ਵਿੱਚ ਗੁਰਦਾਸਪੁਰ ਜ਼ਿਲ੍ਹੇ ਵਿੱਚ 996 ਕਲਾਸਾਂ ਚੱਲ ਰਹੀਆਂ ਹਨ ਅਤੇ 84 ਯੋਗ ਟ੍ਰੇਨਰਾਂ ਵੱਲੋਂ ਕਲਾਸਾਂ ਲਗਾਈਆਂ ਜਾ ਰਹੀਆਂ ਹਨ।

# ਮਾਤਾ ਬਚਿੰਤ ਕੌਰ ਸ਼ਰਮਾ ਨੂੰ ਖ਼ੂਨਦਾਨ ਕੈਂਪ ਲਾ ਕੇ ਕੀਤੀ ਸ਼ਰਧਾਂਜਲੀ ਭੇਟ



**ਮਾਨਸਾ (ਆਤਮਾ ਸਿੰਘ ਪਮਾਰ)**-ਅਪੈਕਸ ਕਲੱਬ ਮਾਨਸਾ ਵਲੋਂ ਸਵੈਇੱਛਕ ਖ਼ੂਨਦਾਨੀ ਬਲਜੀਤ ਸ਼ਰਮਾ ਦੇ ਮਾਤਾ ਸਵ: ਬਚਿੰਤ ਕੌਰ ਸ਼ਰਮਾ ਦੀ ਬਰਸੀ ਮੌਕੇ ਖ਼ੂਨਦਾਨ ਕੈਂਪ ਲਾ ਕੇ ਸ਼ਰਧਾਂਜਲੀ ਭੇਟ ਕੀਤੀ ਗਈ।ਇਸ ਮੌਕੇ ਇਲਾਕੇ ਦੇ ਨੌਜਵਾਨਾਂ, ਸਮਾਜ ਸੇਵੀਆਂ ਅਤੇ ਵੱਖ-ਵੱਖ ਜਥੇਬੰਦੀਆਂ ਦੇ ਮੈਂਬਰਾਂ ਨੇ ਵੱਡੀ ਗਿਣਤੀ 'ਚ ਸ਼ਮੂਲੀਅਤ ਕਰਕੇ ਖ਼ੂਨਦਾਨ ਕੀਤਾ।ਕਲੱਬ ਦੇ ਸਕੱਤਰ ਕਮਲ ਗਰਗ ਨੇ ਦੱਸਿਆ ਕਿ ਮਾਤਾ ਜੀ ਦੇ ਸੇਵਾ ਭਾਵ ਤੋਂ ਪ੍ਰੇਰਿਤ ਉਨ੍ਹਾਂ ਦੇ ਸਪੁੱਤਰ ਬਲਜੀਤ ਸ਼ਰਮਾਂ ਵੱਲੋਂ ਸਮਾਜਸੇਵੀ ਕੰਮਾਂ 'ਚ ਮੋਹਰੀ ਭੂਮਿਕਾ ਅਦਾ ਕਰਦਿਆਂ ਹੁਣ ਤੱਕ 140 ਵਾਰ ਖ਼ੂਨਦਾਨ ਕਰ ਚੁੱਕੇ ਹਨ।ਉਨ੍ਹਾਂ ਨੂੰ ਕਈ ਵਾਰ ਰਾਜ ਪੱਧਰੀ ਅਤੇ ਕਈ ਹੋਰ ਵੱਖ-ਵੱਖ ਸਮਾਗਮਾਂ ਮੌਕੇ ਸਨਮਾਨਤ ਵੀ ਕੀਤਾ ਜਾ ਚੁੱਕਾ ਹੈ।ਮਾਤਾ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਲੱਬ ਦੇ ਪ੍ਰਧਾਨ ਸੰਜੀਵ ਪਿੰਕਾ ਨੇ ਕਿਹਾ ਕਿ ਖ਼ੂਨਦਾਨ ਕਰਕੇ ਕਿਸੇ ਮਰੀਜ਼ ਦੀ ਜਾਨ ਬਚਾਉਣ ਤੋਂ ਵੱਡੀ ਸੇਵਾ ਹੋਰ ਕੋਈ ਨਹੀਂ ਹੋ ਸਕਦੀ ਅਤੇ ਇਸ ਪਰਿਵਾਰ ਦੇ ਮੈਂਬਰ ਖ਼ੂਨਦਾਨ ਸਮੇਤ ਮਰੀਜ਼ਾਂ ਲਈ ਦਵਾਈਆਂ ਆਦਿ ਦੇ ਪ੍ਰਬੰਧ ਕਰਨ ਲਈ ਯਤਨਸ਼ੀਲ ਰਹਿੰਦੇ ਹਨ ਅਤੇ ਲੋੜ ਪੈਣ ਕਿਸੇ ਨੂੰ ਵੀ ਖ਼ੂਨਦਾਨ ਕਰਕੇ ਪ੍ਰੇਰਿਤ ਕਰਦੇ ਰਹਿੰਦੇ ਹਨ।ਇੰਡੀਅਨ ਮੈਡੀਕਲ ਐਸੋਸੀਏਸ਼ਨ ਦੇ ਪ੍ਰਧਾਨ ਡਾ. ਜਨਕ ਰਾਜ ਸਿੰਗਲਾ ਨੇ ਦੱਸਿਆ ਕਿ ਥੈਲੇਸੀਮੀਆ ਦੀ ਬੀਮਾਰੀ ਨਾਲ ਪੀੜਤ ਬੱਚਿਆਂ ਦੀ ਜ਼ਿੰਦਗੀ ਦਾਨ ਕੀਤੇ ਗਏ ਖ਼ੂਨ ਦੇ ਸਹਾਰੇ ਹੀ ਚੱਲਦੀ ਹੈ, ਇਸ ਲਈ ਹਰੇਕ ਵਿਅਕਤੀ ਨੂੰ ਖ਼ੂਨ ਦਾਨ ਦੀ ਲਹਿਰ ਨਾਲ ਜੁੜਨਾ ਚਾਹੀਦਾ ਹੈ।ਅਗਰਵਾਲ ਸਭਾ ਮਾਨਸਾ ਦੇ ਪ੍ਰਧਾਨ ਪ੍ਰਸ਼ੋਤਮ ਬਾਂਸਲ ਨੇ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਨਾਲ ਬਰਸੀ ਮੌਕੇ ਖ਼ੂਨਦਾਨ ਕਰਕੇ ਮਾਤਾ ਜੀ ਨੂੰ ਸੱਚੀ ਸ਼ਰਧਾਂਜਲੀ ਭੇਟ ਕੀਤੀ ਗਈ ਹੈ। ਉਨ੍ਹਾਂ ਖ਼ੂਨਦਾਨੀਆਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕਰਦਿਆਂ ਇਸ ਮਹਾਨ ਕਾਰਜ ਲਈ ਧੰਨਵਾਦ ਵੀ ਕੀਤਾ।

# ਚੰਡੀਗੜ੍ਹ ਭਾਜਪਾ ਪ੍ਰਧਾਨ ਦੀਆਂ ਪੰਜਾਬੀਆਂ ਬਾਰੇ ਅਪਮਾਨਜਨਕ ਟਿੱਪਣੀਆਂ ਖ਼ਿਲਾਫ਼ ਰੋਸ ਪ੍ਰਦਰਸ਼ਨ

**■ ਬੀਬੀ ਰੰਧਾਵਾ ਦੀ ਅਗਵਾਈ 'ਚ ਕਾਂਗਰਸ ਨੇ ਫੂਕਿਆ ਪੁਤਲਾ**



**ਸਮਾਣਾ (ਗੁਰਪਿਆਰ ਸਿੰਘ ਬੱਲ)** ਕਾਂਗਰਸ ਪਟਿਆਲਾ ਦਿਹਾਤੀ ਦੇ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ ਦੀ ਅਗਵਾਈ ਹੇਠ ਸਮਾਣਾ ਵਿਖੇ ਸੈਂਕੜੇ ਕਾਂਗਰਸੀ ਵਰਕਰਾਂ ਨੇ ਚੰਡੀਗੜ੍ਹ ਭਾਜਪਾ ਪ੍ਰਧਾਨ ਜਤਿੰਦਰਪਾਲ ਮਲਹੋਤਰਾ ਵੱਲੋਂ ਪੰਜਾਬੀਆਂ ਬਾਰੇ ਕੀਤੀਆਂ ਅਪਮਾਨਜਨਕ ਟਿੱਪਣੀਆਂ ਖ਼ਿਲਾਫ਼ ਪੱਧਰ 'ਤੇ ਰੋਸ ਪ੍ਰਦਰਸ਼ਨ ਕੀਤਾ ਗਿਆ। ਜ਼ਿਕਰਯੋਗ ਹੈ ਕਿ ਚੰਡੀਗੜ੍ਹ ਵਿੱਚ ਇੱਕ ਸਮਾਗਮ ਦੌਰਾਨ ਮਲਹੋਤਰਾ ਨੇ ਪੰਜਾਬੀਆਂ ਨੂੰ ਨਿਸ਼ਾਨਾ ਬਣਾਉਂਦੀ ਵੂਲਗਰ ਕਰਨ ਦਿੱਤੀ ਸੀ।ਇਸ ਮੌਕੇ ਕਾਂਗਰਸੀ ਵਰਕਰਾਂ ਨੇ ਭਾਜਪਾ ਤੇ ਚੰਡੀਗੜ੍ਹ ਭਾਜਪਾ ਆਗੂ ਖ਼ਿਲਾਫ਼ ਨਾਅਰੇਬਾਜ਼ੀ ਕਰਦਿਆਂ ਰੋਸ ਮਾਰਚ ਕੱਢਿਆ।ਉਨ੍ਹਾਂ ਕਿਹਾ ਕਿ ਮਲਹੋਤਰਾ ਨੇ ਅਸਲ ਵਿੱਚ ਪੰਜਾਬੀਆਂ ਪ੍ਰਤੀ ਭਾਜਪਾ ਆਗੂਆਂ ਦੇ ਮਨ ਵਿੱਚ ਮੌਜੂਦ ਡੂੰਘੀ ਨਫ਼ਰਤ ਨੂੰ ਬੇਨਕਾਬ ਕਰ ਦਿੱਤਾ ਹੈ।ਬੀਬੀ ਰੰਧਾਵਾ ਨੇ ਪੰਜਾਬ ਭਾਜਪਾ ਆਗੂਆਂ, ਖ਼ਾਸ ਕਰਕੇ ਸੂਬਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੂੰ ਪੁੱਛਿਆ ਕਿ ਕੀ ਉਹ ਮਲਹੋਤਰਾ ਵੱਲੋਂ ਪੰਜਾਬੀਆਂ ਬਾਰੇ ਕੀਤੀਆਂ ਟਿੱਪਣੀਆਂ ਨਾਲ ਸਹਿਮਤ ਹਨ, ਜਿਨ੍ਹਾਂ ਵਿੱਚ ਉਹ ਖ਼ੁਦ ਵੀ ਸ਼ਾਮਲ ਹਨ।ਇਸ ਦੌਰਾਨ ਕਾਂਗਰਸੀ ਵਰਕਰਾਂ ਨੇ ਭਾਜਪਾ ਆਗੂ ਤੋਂ ਬਿਨਾਂ ਸ਼ਰਤ ਮਾਫ਼ੀ ਦੀ ਮੰਗ ਕੀਤੀ ਤੇ ਕਿਹਾ ਕਿ ਪੰਜਾਬੀਆਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਲਈ ਉਸ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਦੀ ਵੀ ਮੰਗ ਕੀਤੀ।ਇਸ ਮੌਕੇ ਜ਼ਿਲ੍ਹਾ ਕਾਂਗਰਸ ਕਿਸਾਨ ਸੈੱਲ ਪਟਿਆਲਾ ਦੇ ਪ੍ਰਧਾਨ ਬਿੱਟੂ ਧਨੌਰੀ, ਨੈਬ ਭਾਨਰੀ, ਮੰਗਤ ਮਵੀ ਤੇ ਅਸ਼ਵਨੀ ਗੁਪਤਾ ਨੇ ਹੈਰਾਨੀ ਪ੍ਰਗਟਾਈ ਕਿ ਮਲਹੋਤਰਾ ਵੱਲੋਂ ਇਹ ਟਿੱਪਣੀਆਂ ਕੀਤੇ ਕਈ ਦਿਨ ਬੀਤ ਜਾਣ ਦੇ ਬਾਵਜੂਦ ਪੰਜਾਬ ਭਾਜਪਾ ਲੀਡਰਸ਼ਿਪ ਚੁੱਪ ਕਿਉਂ ਹੈ? ਧਰਨੇ ਵਿੱਚ ਬਿੱਟੂ ਧਨੌਰੀ ਪ੍ਰਧਾਨ ਜ਼ਿਲ੍ਹਾ ਕਿਸਾਨ ਕਾਂਗਰਸ, ਨੈਬ ਸਿੰਘ ਭਾਨਰੀ ਪ੍ਰਧਾਨ ਬਲਾਕ ਕਾਂਗਰਸ ਦਿਹਾਤੀ ਸਮਾਣਾ, ਰਣਜਿੰਦਰ ਸਿੰਘ ਖੇੜੀ ਸਾਬਕਾ ਪ੍ਰਧਾਨ ਬਲਾਕ ਕਾਂਗਰਸ ਦਿਹਾਤੀ, ਮੰਗਤ ਮਵੀ ਪ੍ਰਧਾਨ ਬਲਾਕ ਕਾਂਗਰਸ, ਅਸ਼ਵਨੀ ਗੁਪਤਾ ਸਾਬਕਾ ਪ੍ਰਧਾਨ ਨਗਰ ਕੌਂਸਲ ਸਮਾਣਾ, ਸਵਰਨ ਮਠਾਰੂ, ਜੱਗਾ ਪਟਵਾਰੀ ਯੂਥ ਕਾਂਗਰਸ ਪ੍ਰਧਾਨ, ਰਤਨ ਦੀਪਾ ਐੱਮ ਸੀ, ਗੁਰਪ੍ਰੀਤ ਵੇਦਵਾਨ ਪਿੰਡ, ਗੁਰਚਰਨ ਚਾਹਲ, ਦਿਲਬਰ ਖ਼ਾਨ, ਮਨਜੀਤ ਵੜੈਚ ਸਮੇਤ ਕਈ ਸੀਨੀਅਰ ਆਗੂ ਹਾਜ਼ਰ ਸਨ।

# ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਸੁਨਾਮ 'ਚ ਵਿਸ਼ਾਲ ਕੈਂਪ ਅੱਜ

**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਭਾਰਤ ਸਵਾਭਿਮਾਨ ਨਿਆਸ, ਪਤੰਜਲੀ ਯੋਗ ਸਮਿਤੀ ਤੇ ਭਾਰਤ ਵਿਕਾਸ ਪ੍ਰੀਸ਼ਦ ਸੁਨਾਮ ਵੱਲੋਂ ਅੰਤਰਰਾਸ਼ਟਰੀ ਯੋਗ ਦਿਵਸ ਦੇ ਸਬੰਧ ਵਿੱਚ 21 ਜੂਨ ਨੂੰ ਵਿਸ਼ਾਲ ਯੋਗ ਕੈਂਪ ਸਵੇਰੇ 5:15 ਵਜੇ ਤੋਂ 7 ਵਜੇ ਤੱਕ ਸ੍ਰੀ ਗੀਤਾ ਭਵਨ ਸੁਨਾਮ ਵਿਖੇ ਕਰਵਾਇਆ ਜਾਵੇਗਾ।ਜਾਣਕਾਰੀ ਦਿੰਦਿਆਂ ਭਾਰਤ ਵਿਕਾਸ ਪ੍ਰੀਸ਼ਦ ਦੇ ਸਰਪ੍ਰਸਤ ਗੋਪਾਲ ਸ਼ਰਮਾ, ਪ੍ਰਧਾਨ ਰਾਕੇਸ਼ ਕੁਮਾਰ ਗਰਗ ਤੇ ਸਕੱਤਰ ਬਲਵਿੰਦਰ ਬਾਂਸਲ ਨੇ ਦੱਸਿਆ ਕਿ ਯੋਗ ਦਿਵਸ ਦਾ ਮੁੱਖ ਉਦੇਸ਼ ਲੋਕਾਂ ਨੂੰ ਯੋਗ ਪ੍ਰਤੀ ਜਾਗਰੂਕ ਕਰਨਾ ਤੇ ਤੰਦਰੁਸਤ ਜੀਵਨਸ਼ੈਲੀ ਅਪਣਾਉਣ ਲਈ ਪ੍ਰੇਰਿਤ ਕਰਨਾ ਹੈ।ਇਸ ਮੌਕੇ ਯੋਗ ਮਾਹਰਾਂ ਵੱਲੋਂ ਵੱਖ-ਵੱਖ ਯੋਗ ਆਸਣ, ਪ੍ਰਾਣਾਯਾਮ ਤੇ ਸਿਹਤ ਸੰਬੰਧੀ ਜਾਣਕਾਰੀ ਸਾਂਝੀ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਕਰੋ ਯੋਗ, ਰਹੋ ਨਿਰੋਗ ਦੇ ਸੰਦੇਸ਼ ਨਾਲ ਕਰਵਾਏ ਜਾ ਰਹੇ ਇਸ ਸਮਾਗਮ ਵਿੱਚ ਹਰ ਵਰਗ ਦੇ ਲੋਕਾਂ ਦਾ ਸਵਾਗਤ ਕੀਤਾ ਜਾਵੇਗਾ।

# ਵਪਾਰੀਆਂ ਵੱਲੋਂ ਚੁੱਕੇ ਹਰ ਮੁੱਦੇ ਦਾ ਸਮਾਂਬੱਧ ਹੋਵੇਗਾ ਨਿਪਟਾਰਾ : ਪ੍ਰਸ਼ਪਿੰਦਰ ਸ਼ਰਮਾ



**ਧੂਰੀ (ਮਨੋਹਰ ਸਿੰਘ ਸੱਗੂ, ਮੋਹਿਤ ਗਰਗ)**-ਪੰਜਾਬ ਰਾਜ ਵਪਾਰੀ ਕਮਿਸ਼ਨ ਦੇ ਚੇਅਰਮੈਨ ਪ੍ਰਸ਼ਪਿੰਦਰ ਸ਼ਰਮਾ ਦੀ ਅਗਵਾਈ ਹੇਠ ਬਾਗ਼ਬਾਨੀਆਂ ਰੋਡ ਸਥਿਤ ਵਪਾਰੀਆਂ ਨਾਲ ਅਹਿਮ ਮੀਟਿੰਗ ਕੀਤੀ ਗਈ।ਮੀਟਿੰਗ ਦੌਰਾਨ ਵਪਾਰੀਆਂ ਨੂੰ ਦਰਪੇਸ਼ ਮੁਸ਼ਕਲਾਂ ਤੇ ਉਨ੍ਹਾਂ ਦੇ ਹੱਲ ਸਬੰਧੀ ਵਿਸਥਾਰਪੂਰਵਕ ਚਰਚਾ ਕੀਤੀ ਗਈ।ਚੇਅਰਮੈਨ ਪ੍ਰਸ਼ਪਿੰਦਰ ਸ਼ਰਮਾ ਨੇ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਵਪਾਰੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਪੂਰੀ ਤਰ੍ਹਾਂ ਵਚਨਬੱਧ ਹੈ।ਉਨ੍ਹਾਂ ਕਿਹਾ ਕਿ ਪੰਜਾਬ ਰਾਜ ਵਪਾਰੀ ਕਮਿਸ਼ਨ ਧੂਰੀ ਹਲਕੇ ਦੇ ਹਰੇਕ ਵਪਾਰੀ ਤੱਕ ਪਹੁੰਚ ਕਰਕੇ ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਸੁਣੇਗਾ ਤੇ ਸਬੰਧਤ ਵਿਭਾਗਾਂ ਨਾਲ ਤਾਲਮੇਲ ਕਰਕੇ ਉਨ੍ਹਾਂ ਦੇ ਹੱਲ ਲਈ ਠੋਸ ਕਦਮ ਚੁੱਕੇਗਾ।ਪ੍ਰਸ਼ਪਿੰਦਰ ਸ਼ਰਮਾ ਨੇ ਕਿਹਾ ਕਿ ਵਪਾਰੀਆਂ ਵੱਲੋਂ ਮੀਟਿੰਗ ਦੌਰਾਨ ਉਠਾਏ ਗਏ ਹਰ ਮੁੱਦੇ ਨੂੰ ਗੰਭੀਰਤਾ ਨਾਲ ਲਿਆ ਜਾਵੇਗਾ ਅਤੇ ਉਨ੍ਹਾਂ ਦਾ ਸਮਾਂਬੱਧ ਢੰਗ ਨਾਲ ਨਿਪਟਾਰਾ ਕਰਵਾਉਣ ਲਈ ਹਰ ਸੰਭਵ ਯਤਨ ਕੀਤਾ ਜਾਵੇਗਾ।ਮੀਟਿੰਗ ਦੌਰਾਨ ਵਪਾਰੀਆਂ ਨੇ ਆਪਣੀਆਂ ਵੱਖ-ਵੱਖ ਸਮੱਸਿਆਵਾਂ ਅਤੇ ਮੰਗਾਂ ਸਬੰਧੀ ਜਾਣੂ ਕਰਵਾਇਆ, ਜਿਨ੍ਹਾਂ ਦੇ ਹੱਲ ਲਈ ਸਬੰਧਤ ਅਧਿਕਾਰੀਆਂ ਵੱਲੋਂ ਲੋੜੀਂਦੀ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਗਿਆ।

# ਸਰਪੰਚ ਕਿਰਨਾ ਰਾਣੀ ਨੇ ਰੱਖੀ ਚੋਪੜਾ ਪੱਤੀ ਧਰਮਸ਼ਾਲਾ ਦੀ ਨੀਂਹ, ਪੰਡੋਰੀ ਨੇ ਜਾਰੀ ਕੀਤੀ 10 ਲੱਖ ਦੀ ਗ੍ਰਾਂਟ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਗ੍ਰਾਮ ਪੰਚਾਇਤ ਵੱਲੋਂ ਬਣਾਈ ਜਾ ਰਹੀ ਚੋਪੜਾ ਪੱਤੀ ਧਰਮਸ਼ਾਲਾ ਦੀ ਨੀਂਹ ਸਰਪੰਚ ਬੀਬੀ ਕਿਰਨਾ ਰਾਣੀ ਵੱਲੋਂ ਰੱਖੀ ਗਈ, ਜਿਸ ਤੋਂ ਪਹਿਲਾਂ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਾਬਾ ਸ਼ੇਰ ਸਿੰਘ ਖ਼ਾਲਸਾ ਨੇ ਇਸ ਕਾਰਜ ਨੂੰ ਸੁੱਖ ਸ਼ਾਂਤੀ ਨਾਲ ਨੇਪਰੇ ਚਾੜ੍ਹਨ ਸਬੰਧੀ ਅਰਦਾਸ ਕੀਤੀ।ਸਰਪੰਚ ਬੀਬੀ ਕਿਰਨਾ ਰਾਣੀ ਨੇ ਦੱਸਿਆ ਕਿ ਇੱਥੋਂ ਦੇ ਲੋਕਾਂ ਦੀ ਪੁਰਜ਼ੋਰ ਮੰਗ 'ਤੇ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਵੱਲੋਂ 10 ਲੱਖ ਰੁਪਏ ਦੀ ਗ੍ਰਾਂਟ ਜਾਰੀ ਕੀਤੀ ਗਈ ਹੈ ਅਤੇ ਯੋਜਨਾਬੱਧ ਤਰੀਕੇ ਨਾਲ ਸ਼ੁਰੂ ਕਰਾਏ ਗਏ ਇਸ ਕੰਮ ਨੂੰ ਸੀਮਤ ਸਮੇਂ ਦੇ ਅੰਦਰ-ਅੰਦਰ ਮੁਕੰਮਲ ਕੀਤਾ ਜਾਵੇਗਾ।ਯੂਥ ਆਗੂ ਅਰੁਣ ਕੁਮਾਰ ਬਾਂਸਲ ਨੇ ਦੱਸਿਆ ਕਿ ਇਸ ਧਰਮਸ਼ਾਲਾ ਦਾ ਨਵ-ਨਿਰਮਾਣ ਹੋਣ ਨਾਲ ਇੱਥੋਂ ਦੇ ਵੱਡੀ ਗਿਣਤੀ 'ਚ ਲੋਕਾਂ ਨੂੰ ਲਾਭ ਹੋਵੇਗਾ, ਜਿਸ ਲਈ ਉਨ੍ਹਾਂ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।ਇਸ ਮੌਕੇ ਦਲਿਤ ਭਾਈਚਾਰੇ ਦੇ ਲੋਕਾਂ ਵਲੋਂ ਸਰਪੰਚ ਬੀਬੀ ਕਿਰਨਾ ਰਾਣੀ, ਸਰਪੰਚ ਸਰਬਜੀਤ ਸਿੰਘ ਸ਼ੰਭੂ, ਯੂਥ ਆਗੂ ਅਰੁਣ ਕੁਮਾਰ ਬਾਂਸਲ, ਲੋਕਲ ਗੁ: ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਾਬਾ ਸ਼ੇਰ ਸਿੰਘ ਖ਼ਾਲਸਾ ਤੇ ਸਮੂਹ ਪੰਚਾਇਤ ਮੈਂਬਰਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।

# ਡਾ. ਮੋਨਿਕਾ ਸੂਦ ਦਾ ਨਾਂਅ ਸਿਹਤ ਵਿਭਾਗ ਦੇ ਐਵਾਰਡ ਲਈ ਨਾਮਜ਼ਦ



**ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)**-ਸਰਕਾਰੀ ਹਸਪਤਾਲਾਂ ਵਿੱਚ ਬਹੁਤ ਸਾਰੇ ਲੋੜਵੰਦ ਲੋਕ ਆਪਣੇ ਇਲਾਜ ਲਈ ਆਉਂਦੇ ਹਨ।ਜੇਕਰ ਇਨ੍ਹਾਂ ਹਸਪਤਾਲਾਂ ਵਿੱਚ ਡਾਕਟਰ ਪੂਰੀ ਈਮਾਨਦਾਰੀ ਤੇ ਸੇਵਾ ਭਾਵਨਾ ਨਾਲ ਕੰਮ ਕਰਨ, ਤਾਂ ਆਮ ਜਨਤਾ ਵੱਲੋਂ ਸਰਕਾਰ ਦੇ ਸਿਹਤ ਕ੍ਰਾਂਤੀ ਦੇ ਉਪਰਾਲਿਆਂ ਨੂੰ ਵੱਡਾ ਹੁੰਗਾਰਾ ਮਿਲਦਾ ਹੈ।ਅਜਿਹੀ ਹੀ ਸੋਚ ਨਾਲ ਸਿਹਤ ਸੇਵਾਵਾਂ ਦੀ ਨੁਹਾਰ ਬਦਲਣ ਵਾਲੇ ਅਧਿਕਾਰੀ ਹਨ ਡਾ. ਮੋਨਿਕਾ ਸੂਦ (ਐੱਮ.ਡੀ. ਮਾਈਕ੍ਰੋਬਾਇਓਲੋਜੀ), ਜੋ ਬਤੌਰ ਸੀਨੀਅਰ ਮੈਡੀਕਲ ਅਫ਼ਸਰ (ਐੱਸ.ਐੱਮ.ਓ.) ਸੀ.ਐੱਚ.ਸੀ. ਭਾਦਸੋਂ ਵਿਖੇ ਪਿਛਲੇ ਅੱਠ ਮਹੀਨਿਆਂ ਤੋਂ ਸ਼ਾਨਦਾਰ ਸੇਵਾਵਾਂ ਨਿਭਾਅ ਰਹੇ ਹਨ।ਉਨ੍ਹਾਂ ਦੀ ਸੁਚੱਜੀ ਅਗਵਾਈ ਸਦਕਾ ਹੀ ਸੀ.ਐੱਚ.ਸੀ. ਭਾਦਸੋਂ ਦਾ ਨਾਂਅ ਪੰਜਾਬ ਭਰ ਵਿੱਚੋਂ ਪਹਿਲੇ ਸਥਾਨ 'ਤੇ ਆਇਆ ਹੈ।ਸਿਹਤ ਮੰਤਰੀ ਡਾ. ਬਲਬੀਰ ਸਿੰਘ ਦੇ ਦਿਸ਼ਾ-ਨਿਰਦੇਸ਼ਾਂ, ਡੀ.ਐੱਚ.ਐੱਸ. ਪੰਜਾਬ ਡਾ. ਹਤਿੰਦਰ ਕੌਰ ਤੇ ਰੀਜਨਲ ਡਾਇਰੈਕਟਰ ਡਾ. ਸ਼ੈਲੀ ਜੇਤਲੀ ਦੀ ਰਹਿਨੁਮਾਈ ਹੇਠ ਐੱਸ.ਐੱਮ.ਓ. ਡਾ. ਮੋਨਿਕਾ ਸੂਦ ਦੀ ਅਗਵਾਈ ਵਿੱਚ ਬਲਾਕ ਭਾਦਸੋਂ ਵਿਖੇ 4 ਮਈ ਤੋਂ 13 ਜੂਨ ਤੱਕ ਵਿਸ਼ੇਸ਼ ਅੱਖਾਂ ਦੇ ਕੈਂਪ ਲਾਏ ਗਏ।ਕੈਂਪਾਂ ਦੌਰਾਨ ਹਰ ਮਰੀਜ਼ ਤੱਕ ਜ਼ਰੂਰਤ ਅਨੁਸਾਰ ਮੁਫ਼ਤ ਐਨਕਾਂ ਤੇ ਅੱਖਾਂ ਦੇ ਅਪ੍ਰੇਸ਼ਨ ਦੀ ਸੁਵਿਧਾ ਪਹੁੰਚਾਈ ਗਈ।ਕੈਂਪਾਂ ਵਿੱਚ ਕੁੱਲ 3838 ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ, ਜਿਨ੍ਹਾਂ ਵਿੱਚੋਂ 2114 ਲੋੜਵੰਦ ਮਰੀਜ਼ਾਂ ਨੂੰ ਮੁਫ਼ਤ ਐਨਕਾਂ ਦਿੱਤੀਆਂ ਗਈਆਂ। ਮਰੀਜ਼ਾਂ ਦੀਆਂ ਅੱਖਾਂ ਦੇ ਆਪ੍ਰੇਸ਼ਨ ਤੇ ਇਲਾਜ ਕੋਲੰਬੀਆ ਏਸ਼ੀਅਨ ਸੁਪਰਸਪੈਸ਼ਲਿਟੀ ਹਸਪਤਾਲ ਪਟਿਆਲਾ ਤੇ ਡਾ. ਪ੍ਰੀਤਇੰਦਰ ਸਿੰਘ ਚੀਮਾ ਦੇ ਸਹਿਯੋਗ ਨਾਲ ਡਾ. ਮੋਨਿਕਾ ਸੂਦ, ਡਾ. ਰਵਨੀਤ ਕੌਰ ਤੇ ਬਾਕੀ ਸਟਾਫ਼ ਵੱਲੋਂ ਮਾਤਾ ਕੌਸ਼ਲਿਆ ਹਸਪਤਾਲ ਪਟਿਆਲਾ ਵਿਖੇ ਕਰਵਾਏ ਜਾ ਰਹੇ ਹਨ।

# ਸੰਤ ਨਿਰੰਕਾਰੀ ਮਿਸ਼ਨ ਵੱਲੋਂ ਅੱਜ ਮਨਾਇਆ ਜਾਵੇਗਾ ਯੋਗ ਦਿਵਸ

**ਸਮਾਣਾ (ਇਕਬਾਲ ਸਿੰਘ ਬੱਲ)**-ਸੰਤ ਨਿਰੰਕਾਰੀ ਮਿਸ਼ਨ ਵੱਲੋਂ 21 ਜੂਨ ਨੂੰ ਸਵੇਰੇ 6:00 ਵਜੇ ਦੇਸ਼ ਦੇ ਲਗਭਗ 1500 ਤੋਂ ਵੱਧ ਕੇਂਦਰਾਂ 'ਤੇ ਇੱਕੋ ਸਮੇਂ ਯੋਗ ਸੈਸ਼ਨ ਆਯੋਜਿਤ ਕੀਤੇ ਜਾਣਗੇ।ਮਿਸ਼ਨ ਦੀਆਂ ਵੱਖ-ਵੱਖ ਸ਼ਾਖਾਵਾਂ ਵਿੱਚ ਯੋਗ ਟ੍ਰੇਨਰਾਂ ਦੀ ਅਗਵਾਈ ਹੇਠ ਖੁੱਲ੍ਹੇ ਮੈਦਾਨਾਂ ਤੇ ਪਾਰਕਾਂ ਵਿੱਚ ਆਯੋਜਿਤ ਇਨ੍ਹਾਂ ਪ੍ਰੋਗਰਾਮਾਂ ਵਿੱਚ ਸ਼ਰਧਾਲੂ, ਸੇਵਾਦਲ ਦੇ ਵਲੰਟੀਅਰ ਤੇ ਸਥਾਨਕ ਨਾਗਰਿਕ ਉਤਸ਼ਾਹ ਨਾਲ ਹਿੱਸਾ ਲੈਣਗੇ।ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡੇਸ਼ਨ ਦੇ ਸਕੱਤਰ ਮਾਨਯੋਗ ਸ੍ਰੀ ਜੋਗਿੰਦਰ ਸੁਖੀਜਾ ਨੇ ਦੱਸਿਆ ਕਿ ਫਾਊਂਡੇਸ਼ਨ ਵੱਲੋਂ ਸਾਲ 2015 ਤੋਂ 'ਯੋਗ ਦਿਵਸ' ਦੀ ਦੇਸ਼ ਵਿਆਪੀ ਮੁਹਿੰਮ ਨਿਰੰਤਰ ਚਲਾਈ ਜਾ ਰਹੀ ਹੈ।ਮੌਜੂਦਾ ਸਮੇਂ ਦੀ ਰੁੱਝੀ ਅਤੇ ਚੁਣੌਤੀਪੂਰਨ ਜੀਵਨ ਸ਼ੈਲੀ ਵਿੱਚ ਸੰਤ ਨਿਰੰਕਾਰੀ ਮਿਸ਼ਨ ਦੁਆਰਾ ਕੀਤੇ ਜਾ ਰਹੇ ਅਜਿਹੇ ਜਨਹਿਤ ਕਾਰਜਾਂ ਦਾ ਮੁੱਖ ਉਦੇਸ਼ ਲੋਕਾਂ ਨੂੰ ਉਨ੍ਹਾਂ ਦੀ ਸਰਵਪੱਖੀ ਭਲਾਈ ਪ੍ਰਤੀ ਜਾਗਰੂਕ ਕਰਨਾ ਹੈ, ਤਾਂ ਜੁ ਉਹ ਯੋਗ ਨੂੰ ਰੋਜ਼ਾਨਾ ਜੀਵਨ ਦਾ ਅਨਿੱਖੜਵਾਂ ਅੰਗ ਬਣਾ ਕੇ ਇੱਕ ਸਿਹਤਮੰਦ, ਸੰਤੁਲਤ, ਊਰਜਾਵਾਨ ਤੇ ਅਨੰਦਮਈ ਜੀਵਨ ਵੱਲ ਵਧ ਸਕਣ।

# 'ਮਾਵਾਂ-ਧੀਆਂ' ਸਕੀਮ ਤਹਿਤ ਰਿਕਾਰਡ ਸੀ ਡੀ ਪੀ ਓ ਦਫ਼ਤਰ 'ਚੋਂ ਚੁੱਕ ਕੇ ਲੈ ਜਾਣਾ ਚਿੰਤਾ ਦਾ ਵਿਸ਼ਾ : ਸਰੋਜ ਛੱਪੜੀਵਾਲਾ



**ਜਲਾਲਾਬਾਦ (ਜੀਤ ਕੁਮਾਰ)**-ਪੰਜਾਬ ਸਰਕਾਰ ਵੱਲੋਂ 'ਮਾਵਾਂ-ਧੀਆਂ' ਸਕੀਮ ਚਲਾਈ ਗਈ ਹੈ, ਜਿਸ ਤਹਿਤ ਪਿੰਡਾਂ/ਸ਼ਹਿਰਾਂ ਦੀ ਵਾਰਡ ਔਰਤਾਂ ਦੀ ਗਿਣਤੀ ਅਨੁਸਾਰ 50 ਪਿੱਛੇ ਇਕ ਸਖੀ ਰੱਖੀ ਜਾਣੀ ਸੀ। ਉਨ੍ਹਾਂ ਸਖੀਆਂ ਨੇ ਫਾਰਮ ਭਰ ਕੇ ਲਾਭਪਾਤਰੀ ਔਰਤ ਨੂੰ ਦੇਣਾ ਹੈ ਤੇ ਉਹ ਔਰਤ ਆਂਗਣਵਾੜੀ ਵਰਕਰ ਕੋਲ ਆਪਣਾ ਨਾਮ ਦਰਜ ਕਰਵਾਏਗੀ। ਉਹ ਸਖੀ ਨੂੰ ਇੱਕ ਔਰਤ ਪਿੱਛੇ 300 ਰੁਪਏ ਮਿਲਣੇ ਹਨ, ਪਰ ਵਰਕਰ ਲਈ ਉਹ ਫਾਰਮ ਇਕ ਫਾਲਤੂ ਪਰਚੀ ਹੈ, ਕਿਉਂਕਿ ਵਰਕਰ ਨੇ ਔਰਤ ਦੇ ਅਸਲੀ ਪਛਾਣ ਪੱਤਰ ਤੋਂ ਆਨਲਾਈਨ ਦਰਜ ਕਰਨਾ ਹੈ, ਜਿਸ ਦੇ ਬਦਲੇ ਆਂਗਣਵਾੜੀ ਵਰਕਰ ਨੂੰ ਸਿਰਫ਼ 25 ਰੁਪਏ ਮਿਲਣੇ ਹਨ। ਸਮੇਂ-ਸਮੇਂ ਤੇ ਜਦੋਂ ਵੀ ਕਿਸੇ ਸਰਕਾਰ ਨੇ ਕੋਈ ਭਰਤੀ ਕਰਨੀ ਹੁੰਦੀ ਹੈ ਤਾਂ ਪ੍ਰੈੱਸ ਵਿੱਚ ਪਬਲਿਕ ਨੋਟਿਸ ਦਿੱਤਾ ਜਾਂਦਾ ਹੈ, ਪਰ ਪੰਜਾਬ ਸਰਕਾਰ ਨੇ ਇਸ ਤਰ੍ਹਾਂ ਨਹੀਂ ਕੀਤਾ, ਉਨ੍ਹਾਂ ਨੇ ਸਾਰੇ ਪੰਜਾਬ ਵਿੱਚ ਆਮ ਲੋਕਾਂ ਤੋਂ ਚੋਰੀ ਆਪਣੇ ਖਾਸ ਸਰਪੰਚਾਂ ਤੇ ਆਗੂਆਂ ਨੂੰ ਸਖੀਆਂ ਦੇ ਫਾਰਮ ਭਰਨ ਦਾ ਲਿੰਕ ਦਿੱਤਾ। ਸਮੇਂ ਦੇ ਅਖੌਤੀ ਆਗੂਆਂ ਨੇ ਕੁਝ ਪਿੰਡਾਂ ਵਿੱਚ ਘਰ ਦੀਆਂ ਔਰਤਾਂ ਜੋ ਕੋਰੀਆਂ ਅਨਪੜ੍ਹ ਹਨ, ਉਨ੍ਹਾਂ ਨੂੰ ਸਖੀ ਬਣਾਇਆ ਹੈ, ਇਹ ਸੋਚ ਕੇ ਕਿ ਸ਼ਾਇਦ ਉਨ੍ਹਾਂ ਦੇ ਪੁੱਤਰ ਕੰਮ ਕਰ ਲੈਣਗੇ। ਪਿੰਡ ਦੀ ਕੋਈ ਹੋਰ ਔਰਤ ਸਖੀ ਦਾ ਲਾਭ ਕਿਉਂ ਲਵੇ। ਕੁਝ ਕੁ ਲੋਕਾਂ ਨੂੰ ਆਪਣੇ ਰਿਸ਼ਤੇਦਾਰੀਆਂ ਤੋਂ ਲਿੰਕ ਮਿਲਿਆ ਤੇ ਉਨ੍ਹਾਂ ਨੇ ਵੀ ਸਖੀ ਲਈ ਅਪਲਾਈ ਕਰ ਦਿੱਤਾ, ਜਿਸ ਕਾਰਨ ਆਮ ਆਦਮੀ ਪਾਰਟੀ ਦੇ ਕੁਝ ਕੁ ਮੈਂਬਰ ਸਖੀ ਬਣਨ ਤੋਂ ਰਹਿ ਗਏ। ਉਨ੍ਹਾਂ ਅਨਪੜ੍ਹ ਸਖੀਆਂ ਦੇ ਸਰਪੰਚਾਂ ਤੇ ਆਗੂਆਂ ਨੇ ਪਿੰਡਾਂ ਵਿੱਚ ਪੂਰਾ ਲੜਾਈ ਵਾਲਾ ਮਾਹੌਲ ਬਣਾਇਆ ਹੋਇਆ ਹੈ। ਆਂਗਣਵਾੜੀ ਵਰਕਰਾਂ ਨਾਲ ਲੜਾਈ ਕੀਤੀ ਜਾ ਰਹੀ ਹੈ। ਗੁੱਸੇ ਵਿੱਚ ਆਏ ਹਲਕਾ ਜਲਾਲਾਬਾਦ ਦੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਦੇ ਵਰਕਰ ਸੀਡੀਪੀਓ ਦਫ਼ਤਰ ਤੋਂ ਮਾਵਾਂ ਧੀਆਂ ਸਕੀਮ ਦਾ ਪੂਰਾ ਕਰਨ ਲਈ ਸਾਰਾ ਰਿਕਾਰਡ ਚੁੱਕ ਕੇ ਲੈ ਗਏ। ਸੂਬਾ ਪ੍ਰਧਾਨ ਸਰੋਜ ਛਪੜੀ ਵਾਲਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਬਿਆਨ ਤੇ ਮੇਰੇ ਪਿੰਡ ਦੀਆਂ ਔਰਤਾਂ ਨੇ ਜਲਦੀ ਫਾਰਮ ਭਰਨ ਲਈ ਮੈਨੂੰ ਕਿਹਾ ਤਾਂ ਮੈਂ ਸੀਡੀਪੀਓ ਦਫ਼ਤਰ ਤੋਂ ਆਪਣੇ ਪਿੰਡ ਦੀਆਂ ਸਖੀਆਂ ਲਈ ਫਾਰਮ, ਵੋਟ ਲਿਸਟਾਂ ਸਬੰਧੀ ਰਿਕਾਰਡ ਮੰਗਿਆ, ਤਾਂ ਉੱਥੇ ਪਤਾ ਚੱਲਿਆ ਕਿ ਚੱਕ ਛੱਪੜੀ ਵਾਲਾ ਦਾ ਸਾਰਾ ਰਿਕਾਰਡ ਅੱਜ ਤੋਂ ਚਾਰ ਦਿਨ ਪਹਿਲਾਂ ਚੱਕ ਬੁੱਧੋ ਕਾ (ਲਖੋਵਾਲੀ) ਦਾ ਸਰਪੰਚ ਜੋ ਕਿ ਆਮ ਆਦਮੀ ਪਾਰਟੀ ਦਾ ਵਰਕਰ ਹੈ, ਚੁੱਕ ਕੇ ਲੈ ਗਿਆ। ਉਨ੍ਹਾਂ ਕਿਹਾ ਕਿ ਜਿਸ ਵੀ ਪਾਰਟੀ ਦੀ ਸਰਕਾਰ ਹੋਵੇ, ਉਹ ਦੱਬ ਦਬਾ ਹਮੇਸ਼ਾ ਰੱਖਦੀਆਂ ਆਈਆਂ ਹਨ, ਪਰ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਸ਼ਰੇਆਮ ਦਫਤਰ ਤੋਂ ਰਿਕਾਰਡ ਚੁੱਕ ਕੇ ਪਾਰਟੀ ਵਰਕਰ ਘਰ ਲੈ ਜਾਣ ਪੰਜਾਬ ਦੇ ਲੋਕਾਂ ਲਈ ਵੱਡਾ ਚਿੰਤਾ ਦਾ ਵਿਸ਼ਾ ਹੈ।

# ਡਾ. ਫਕੀਰ ਮੁਹੰਮਦ ਦਾ ਮੁਸਲਿਮ ਭਲਾਈ ਬੋਰਡ ਦੇ ਚੇਅਰਮੈਨ ਨਿਯੁਕਤ ਹੋਣ 'ਤੇ ਵਿਸ਼ੇਸ਼ ਸਨਮਾਨ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਸੂਬੇ ਅੰਦਰ ਮੁਸਲਿਮ ਭਾਈਚਾਰੇ ਦੀ ਭਲਾਈ ਲਈ ਪੰਜਾਬ ਸਰਕਾਰ ਵੱਲੋਂ ਮੁਸਲਿਮ ਭਲਾਈ ਬੋਰਡ ਦਾ ਗਠਨ ਕੀਤਾ ਗਿਆ ਹੈ, ਜਿਸ 'ਚ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਚੇਅਰਮੈਨ, ਵਾਈਸ ਚੇਅਰਮੈਨ ਤੇ ਹੋਰ ਵੱਖ-ਵੱਖ ਅਹੁਦੇਦਾਰ ਨਿਯੁਕਤ ਕੀਤੇ ਗਏ ਹਨ।ਇਸ ਲੜੀ ਤਹਿਤ ਮੋਗਾ ਜ਼ਿਲ੍ਹੇ ਦੇ ਮੁਸਲਿਮ ਭਾਈਚਾਰੇ ਦੀ ਭਲਾਈ ਲਈ ਡਾ. ਫਕੀਰ ਮੁਹੰਮਦ ਨਿਹਾਲ ਸਿੰਘ ਵਾਲਾ ਨੂੰ ਮੁਸਲਿਮ ਭਲਾਈ ਬੋਰਡ ਮੋਗਾ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ।ਇਸ ਮੌਕੇ ਨਿਹਾਲ ਸਿੰਘ ਵਾਲਾ ਦੇ ਸਮੁੱਚੇ ਮੁਸਲਿਮ ਭਾਈਚਾਰੇ ਵੱਲੋਂ ਨਵ-ਨਿਯੁਕਤ ਜ਼ਿਲ੍ਹਾ ਚੇਅਰਮੈਨ ਡਾ. ਫਕੀਰ ਮੁਹੰਮਦ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਮੁਸਲਿਮ ਭਲਾਈ ਬੋਰਡ ਪੰਜਾਬ ਦੇ ਨਵ-ਨਿਯੁਕਤ ਜ਼ਿਲ੍ਹਾ ਚੇਅਰਮੈਨ ਡਾ. ਫਕੀਰ ਮੁਹੰਮਦ ਨੇ ਜ਼ਿਲ੍ਹੇ ਦੇ ਸਮੁੱਚੇ ਮੁਸਲਿਮ ਭਾਈਚਾਰੇ ਨੂੰ ਭਰੋਸਾ ਦਿਵਾਇਆ ਕਿ ਉਹ ਇਸ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ ਤੇ ਜ਼ਿਲ੍ਹੇ ਮੋਗੇ ਅੰਦਰ ਮੁਸਲਿਮ ਭਾਈਚਾਰੇ ਨੂੰ ਆ ਰਹੀਆਂ ਵੱਖ-ਵੱਖ ਤਰ੍ਹਾਂ ਦੀਆਂ ਸਮੱਸਿਆਵਾਂ ਦੇ ਹੱਲ ਕਰਨ ਤੇ ਮੁਸਲਮਾਨ ਭਾਈਚਾਰੇ ਦੀ ਭਲਾਈ ਲਈ ਯਤਨਸ਼ੀਲ ਰਹਿਣਗੇ।ਇਸ ਮੌਕੇ ਉਨ੍ਹਾਂ ਨੌਸ਼ਾਦ ਆਲਮ, ਮਨਸੂਰ ਆਲਮ, ਰਮਜਲ, ਅਸਲਮ, ਦਿਲਸ਼ਾਦ, ਭੱਟੀ, ਸਾਹਿਲ, ਜਾਵੇਦ, ਜ਼ੁਲਫ਼ਾਨ, ਗੁਲਸ਼ਨ, ਆਲਮ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਮੁਸਲਿਮ ਭਾਈਚਾਰੇ ਦੇ ਲੋਕ ਹਾਜ਼ਰ ਸਨ।

# ਅਧਿਆਪਕਾਂ ਨੂੰ ਸਕੂਲਾਂ 'ਚੋਂ ਬਾਹਰ ਰੱਖਣ ਖ਼ਿਲਾਫ਼ ਡੀ ਸੀ ਨੂੰ ਸੌਂਪਿਆ ਮੰਗ ਪੱਤਰ



**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬ ਦੀ ਸਿੱਖਿਆ ਦੀ ਹਾਲਤ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ। ਅਧਿਆਪਕਾਂ ਨੂੰ ਗ਼ੈਰ ਵਿੱਦਿਅਕ ਕੰਮਾਂ 'ਚ ਉਲਝਾ ਕੇ ਸਕੂਲਾਂ ਤੋਂ ਬਾਹਰ ਕਰ ਦਿੱਤਾ ਗਿਆ ਹੈ। ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਜ਼ਿਲਾ ਇਕਾਈ ਮਾਨਸਾ ਨੇ ਗ਼ੈਰ ਵਿੱਦਿਅਕ ਕੰਮਾਂ ਨੂੰ ਵਾਪਸ ਲੈਣ ਲਈ ਪੰਜਾਬ ਸਰਕਾਰ ਤੇ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਦੇ ਨਾਂਅ ਡਿਪਟੀ ਕਮਿਸ਼ਨਰ ਰਾਹੀਂ ਮੰਗ ਪੱਤਰ ਭੇਜਿਆ ਹੈ।ਫਰੰਟ ਦੇ ਜ਼ਿਲ੍ਹਾ ਪ੍ਰਧਾਨ ਕਰਮਜੀਤ ਸਿੰਘ ਤਾਮਕੋਟ ਤੇ ਸੀਨੀਅਰ ਮੀਤ ਪ੍ਰਧਾਨ ਰਾਜਵਿੰਦਰ ਸਿੰਘ ਬਹਿਣੀਵਾਲ ਨੇ ਦੱਸਿਆ ਕਿ ਪੰਜਾਬ ਦੇ 17000 ਤੋਂ ਵੱਧ ਅਧਿਆਪਕਾਂ ਨੂੰ ਬੀ ਐੱਲ ਓਜ ਡਿਊਟੀ ਲਈ ਐੱਸ ਆਈ ਆਰ ਸਰਵੇ ਕਰਨ ਲਈ ਸਕੂਲਾਂ ਤੋਂ ਬਾਹਰ ਕਰ ਦਿੱਤਾ ਹੈ।ਉਹ ਆਉਣ ਵਾਲੇ ਮਹੀਨਿਆਂ 'ਚ ਘਰ-ਘਰ ਜਾ ਕੇ ਵੋਟਰਾਂ ਦੇ ਫਾਰਮ ਭਰਨਗੇ ਤੇ ਉਨ੍ਹਾਂ ਨੂੰ ਆਨਲਾਈਨ ਅਪਲੋਡ ਕਰਨਗੇ, ਜੋ ਇੱਕ ਲੰਮੀ ਪ੍ਰਕਿਰਿਆ ਹੈ ਤੇ ਕਈ ਮਹੀਨੇ ਤੱਕ ਚੱਲਦੀ ਰਹੇਗੀ। ਇਸੇ ਤਰ੍ਹਾਂ ਡਰੱਗ ਜਨ ਗਣਨਾ ਤੇ ਮਾਵਾਂ-ਧੀਆਂ ਸਤਿਕਾਰ ਯੋਜਨਾ ਦੇ ਨਾਂਅ 'ਤੇ ਲਗਭਗ ਵੀਹ ਹਜ਼ਾਰ ਅਧਿਆਪਕਾਂ ਨੂੰ ਸਕੂਲਾਂ ਤੋ ਬਾਹਰ ਕਰ ਦਿੱਤਾ ਹੈ। ਹਜ਼ਾਰਾਂ ਅਧਿਆਪਕ ਮਈ ਮਹੀਨੇ ਜਨਗਣਨਾ ਦਾ ਪਹਿਲਾ ਫੇਜ਼ ਕਰਕੇ ਹਟੇ ਹਨ ਤੇ ਹੁਣ ਫਰਵਰੀ 'ਚ ਦੂਜਾ ਫੇਜ਼ ਕਰਨਗੇ। ਇਸੇ ਦੌਰਾਨ ਨਵੰਬਰ ਮਹੀਨੇ ਵਿਧਾਨ ਸਭਾ ਚੋਣਾਂ ਕਰਵਾਉਣ ਦੀ ਤਿਆਰੀ ਚੱਲ ਰਹੀ ਹੈ ਤਾਂ ਲਗਭਗ ਦੋ ਮਹੀਨੇ ਹਜ਼ਾਰਾਂ ਅਧਿਆਪਕ ਉਸ ਪ੍ਰਕਿਰਿਆ ਨੂੰ ਨੇਪਰੇ ਚਾੜ੍ਹਨਗੇ। ਆਗੂਆਂ ਨੇ ਕਿਹਾ ਕਿ ਜੁਲਾਈ 'ਚ ਕੁੱਝ ਜ਼ਿਲ੍ਹਿਆਂ 'ਚ ਅਧਿਆਪਕਾਂ ਨੂੰ ਐਫ਼.ਆਈ.ਆਰ ਤੇ ਤਨਖਾਹ ਰੋਕਣ ਦੀਆਂ ਧਮਕੀਆਂ ਦੇ ਕੇ ਜ਼ਬਰੀ ਡਿਊਟੀਆਂ ਕਰਾਈਆਂ ਜਾ ਰਹੀਆਂ ਹਨ, ਜਿਸ ਨੂੰ ਫ਼ਰੰਟ ਕਦਾਚਿੱਤ ਬਰਦਾਸ਼ਤ ਨਹੀਂ ਕਰੇਗਾ।

# ਡਾ. ਹਰਜੋਤ ਨੇ ਪਲਵੀ ਨੂੰ ਸੌਂਪੀ ਮਹਿਲਾ ਸ਼ਕਤੀ ਮੋਗਾ ਸ਼ਹਿਰ ਦੀ ਜ਼ਿੰਮੇਵਾਰੀ



**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤੀ ਜਨਤਾ ਪਾਰਟੀ ਮਹਿਲਾ ਸਸ਼ਕਤੀਕਰਨ ਤੇ ਸੰਗਠਨ ਨੂੰ ਜ਼ਮੀਨੀ ਪੱਧਰ ਤੱਕ ਮਜ਼ਬੂਤ ਬਣਾਉਣ ਲਈ ਲਗਾਤਾਰ ਕੰਮ ਕਰ ਰਹੀ ਹੈ।ਇਸੇ ਕੜੀ ਤਹਿਤ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਡਾ. ਹਰਜੋਤ ਕਮਲ ਨੇ ਸਮਾਜ ਸੇਵਾ ਦੇ ਖੇਤਰ ਵਿੱਚ ਸਰਗਰਮ ਕਈ ਮਹਿਲਾਵਾਂ ਨੂੰ ਪਾਰਟੀ ਵਿੱਚ ਸ਼ਾਮਲ ਕਰਕੇ ਉਨ੍ਹਾਂ ਦਾ ਸਵਾਗਤ ਕੀਤਾ।ਪਾਰਟੀ ਵਿੱਚ ਸ਼ਾਮਲ ਹੋਈਆਂ ਮਹਿਲਾਵਾਂ ਵਿੱਚ ਪੱਲਵੀ, ਰਿਤੂ, ਕੁਸੁਮ ਤੇ ਰੀਮਾ ਮੁੱਖ ਤੌਰ 'ਤੇ ਸ਼ਾਮਲ ਹਨ।ਇਸ ਮੌਕੇ ਜ਼ਿਲ੍ਹਾ ਮਹਾਸਚਿਵ ਸ਼ਮਸ਼ੇਰ ਸਿੰਘ, ਜ਼ਿਲ੍ਹਾ ਉਪ ਪ੍ਰਧਾਨ ਗੀਤਾ ਆਰਿਆ, ਜ਼ਿਲ੍ਹਾ ਸਕੱਤਰ ਮਲਵਿੰਦਰ ਕੌਰ, ਜ਼ਿਲ੍ਹਾ ਸਕੱਤਰ ਲੀਲਾ ਗੋਇਲ, ਜ਼ਿਲ੍ਹਾ ਸਕੱਤਰ ਸ਼ਿਲਪਾ ਬਾਂਸਲ ਆਦਿ ਹਾਜ਼ਰ ਸਨ।ਭਾਜਪਾ ਨੇਤ੍ਰਿਤਵ ਨੇ ਵਿਸ਼ਵਾਸ ਜਤਾਇਆ ਕਿ ਇਹ ਮਹਿਲਾਵਾਂ ਆਪਣੇ ਸਮਾਜਿਕ ਤਜਰਬੇ ਤੇ ਜਨ ਸੇਵਾ ਦੇ ਜਜ਼ਬੇ ਦੇ ਬਲ 'ਤੇ ਸੰਗਠਨ ਨੂੰ ਨਵੀਂ ਮਜ਼ਬੂਤੀ ਪ੍ਰਦਾਨ ਕਰਨਗੀਆਂ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਡਾ. ਹਰਜੋਤ ਕਮਲ ਨੇ ਸਮਾਜ ਸੇਵਾ ਦੇ ਖੇਤਰ ਵਿੱਚ ਲੰਬੇ ਸਮੇਂ ਤੋਂ ਸਰਗਰਮ ਪੱਲਵੀ ਨੂੰ ਮੋਗਾ ਸ਼ਹਿਰ ਭਾਜਪਾ ਦਾ ਇੰਚਾਰਜ ਨਿਯੁਕਤ ਕਰਨ ਦਾ ਐਲਾਨ ਕੀਤਾ।ਉਨ੍ਹਾਂ ਕਿਹਾ ਕਿ ਮਹਿਲਾਵਾਂ ਦੀ ਭਾਗੀਦਾਰੀ ਤੋਂ ਬਿਨਾਂ ਕਿਸੇ ਵੀ ਸੰਗਠਨ ਦਾ ਸਰਵਪੱਖੀ ਵਿਕਾਸ ਸੰਭਵ ਨਹੀਂ ਹੈ ਤੇ ਭਾਜਪਾ ਮਹਿਲਾਵਾਂ ਨੂੰ ਨੇਤ੍ਰਿਤਵ ਦੀ ਮੁੱਖ ਧਾਰਾ ਵਿੱਚ ਅੱਗੇ ਲਿਆਉਣ ਲਈ ਵਚਨਬੱਧ ਹੈ।ਨਵਨਿਯੁਕਤ ਇੰਚਾਰਜ ਪੱਲਵੀ ਨੇ ਕਿਹਾ ਕਿ ਜੋ ਭਰੋਸਾ ਭਾਰਤੀ ਜਨਤਾ ਪਾਰਟੀ ਜਤਾਇਆ ਹੈ, ਉਸ ਲਈ ਮੈਂ ਧੰਨਵਾਦ ਕਰਦੀ ਹੋਈ ਮਹਿਲਾ ਸ਼ਕਤੀ ਨੂੰ ਵੱਧ ਤੋਂ ਵੱਧ ਭਾਜਪਾ ਨਾਲ ਜੋੜਨ ਤੇ ਭਾਜਪਾ ਦੀਆਂ ਨੀਤੀਆਂ ਘਰ ਘਰ ਪਹੁੰਚਾਉਣ ਲਈ ਯਤਨਸ਼ੀਲ ਰਹਾਂਗੀ।ਉਨ੍ਹਾਂ ਕਿਹਾ ਕਿ ਮਹਿਲਾ ਸ਼ਕਤੀ ਸਮਾਜ ਤੇ ਰਾਸ਼ਟਰ ਨਿਰਮਾਣ ਦੀ ਸਭ ਤੋਂ ਵੱਡੀ ਤਾਕਤ ਹੈ ਅਤੇ ਭਾਜਪਾ ਮਹਿਲਾਵਾਂ ਨੂੰ ਸਨਮਾਨ ਤੇ ਅਗਵਾਈ ਕਰਨ ਦੇ ਯੋਗ ਮੌਕੇ ਪ੍ਰਦਾਨ ਕਰ ਰਹੀ ਹੈ।ਭਾਜਪਾ ਆਗੂਆਂ ਨੇ ਵਿਸ਼ਵਾਸ ਪ੍ਰਗਟਾਇਆ ਕਿ ਮਹਿਲਾਵਾਂ ਦੀ ਵਧ ਰਹੀ ਭਾਗੀਦਾਰੀ ਨਾਲ ਸੰਗਠਨ ਹੋਰ ਮਜ਼ਬੂਤ ਹੋਵੇਗਾ ਤੇ ਸਮਾਜ ਦੇ ਵੱਖ-ਵੱਖ ਵਰਗਾਂ ਤੱਕ ਪਾਰਟੀ ਦੀਆਂ ਨੀਤੀਆਂ ਤੇ ਲੋਕ ਭਲਾਈ ਯੋਜਨਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚਾਇਆ ਜਾ ਸਕੇਗਾ।

# ਨੈਸ਼ਨਲ ਪੱਧਰੀ ਗੱਤਕਾ ਰਿਫਰੈਸ਼ਰ ਕੋਰਸ-ਕਮ-ਟ੍ਰੇਨਿੰਗ ਕੈਂਪ ਅੱਜ ਤੋਂ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਗੱਤਕਾ ਫੈਡਰੇਸ਼ਨ ਆਫ ਇੰਡੀਆ ਵੱਲੋਂ ਗੱਤਕੇ ਨੂੰ ਪ੍ਰਫੁਲਿੱਤ ਕਰਨ ਲਈ ਸ਼ੇਰ-ਏ-ਕਸ਼ਮੀਰ ਇੰਡੋਰ ਸਟੇਡੀਅਮ ਸ੍ਰੀਨਗਰ ਵਿਖੇ 21 ਤੋਂ 23 ਜੂਨ 2026 ਨੂੰ ਰਾਸ਼ਟਰ ਪੱਧਰੀ ਗੱਤਕਾ ਰਿਫਰੈਸ਼ਰ ਕੋਰਸ-ਕਮ-ਟ੍ਰੇਨਿੰਗ ਕੈਂਪ ਲਗਾਇਆ ਜਾ ਰਿਹਾ ਹੈ। ਫੈਡਰੇਸ਼ਨ ਦੇ ਜਨਰਲ ਸਕੱਤਰ ਬਲਜਿੰਦਰ ਸਿੰਘ ਤੂਰ ਨੇ ਦੱਸਿਆ ਕਿ ਗੱਤਕਾ ਇੱਕ ਨਵੀਂ ਖੇਡ ਹੈ, ਜਿਵੇਂ-ਜਿਵੇਂ ਇਹ ਖੇਡ ਅੱਗੇ ਵਧਦੀ ਜਾ ਰਹੀ ਹੈ, ਇਸ ਖੇਡ ਵਿੱਚ ਨਵੀਆਂ ਸੰਭਾਵਨਾਵਾਂ ਉੱਭਰ ਕੇ ਸਾਹਮਣੇ ਆ ਰਹੀਆਂ ਹਨ ਤੇ ਇਸ ਖੇਡ ਦੇ ਨਿਯਮਾਂ 'ਚ ਸਮੇਂ-ਸਮੇਂ 'ਤੇ ਸੋਧਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾ ਦੱਸਿਆ ਕਿ ਪਿਛਲੇ ਦਿਨੀਂ ਗੱਤਕਾ ਫੈਡਰੇਸ਼ਨ ਆਫ ਇੰਡੀਆ ਵੱਲੋਂ ਛਾਪੀ ਗੱਤਕਾ ਨਿਯਮ ਕਿਤਾਬ ਵਿੱਚ ਵੱਡੇ ਪੱਧਰ 'ਤੇ ਸੋਧਾਂ ਕੀਤੀਆਂ ਗਈਆਂ ਸਨ, ਜਿਸ ਦੀ ਜਾਣਕਾਰੀ ਦੇਣ ਲਈ ਇਹ ਤਿੰਨ ਰੋਜ਼ਾ ਗੱਤਕਾ ਰਿਫਰੈਸ਼ਰ ਕੋਰਸ-ਕਮ-ਟ੍ਰੇਨਿੰਗ ਕੈਂਪ ਲਗਾਇਆ ਜਾ ਰਿਹਾ ਹੈ, ਜਿਸ ਵਿੱਚ ਭਾਰਤ ਦੇ 16 ਰਾਜਾਂ ਤੋਂ 113 ਕੋਚ ਤੇ ਰੈਫਰੀ ਭਾਗ ਲੈਣ ਆ ਰਹੇ ਹਨ। ਉਨ੍ਹਾਂ ਨਵੇਂ ਨਿਯਮਾਂ ਦੀ ਜਾਣਕਾਰੀ ਦਿੱਤੀ ਜਾਵੇਗੀ ਤਾਂ ਜੋ ਆਉਣ ਵਾਲੇ ਸਮੇਂ 'ਚ ਉਹ ਨਿਰਪੱਖ ਤੇ ਸੁਚੱਜੇ ਢੰਗ ਦੇ ਨਾਲ ਰੈਫਰੀਸ਼ਿਪ ਕਰ ਸਕਣ। ਇਸ ਕੈਂਪ ਨੂੰ ਜੰਮੂ ਅਤੇ ਕਸ਼ਮੀਰ ਗੱਤਕਾ ਐਸੋਸੀਏਸ਼ਨ ਵੱਲੋਂ ਮੇਜ਼ਬਾਨ ਕੀਤਾ ਜਾ ਰਿਹਾ ਹੈ ਤੇ ਆਉਣ ਵਾਲੇ ਸਾਰੇ ਹੀ ਕੋਚ ਤੇ ਰੈਫ਼ਰੀਆਂ ਦੇ ਰਹਿਣ ਅਤੇ ਖਾਣ-ਪੀਣ ਦਾ ਸੁਚੱਜਾ ਪ੍ਰਬੰਧ ਕੀਤਾ ਜਾਵੇਗਾ। ਇਸ ਮੌਕੇ ਉਨ੍ਹਾਂ ਫੈਡਰੇਸ਼ਨ ਦੇ ਪ੍ਰਧਾਨ ਡਾ. ਰਜਿੰਦਰ ਸਿੰਘ ਸੋਹਲ ਦਾ ਵੀ ਧੰਨਵਾਦ ਕੀਤਾ, ਜਿਨ੍ਹਾਂ ਦੀ ਸਰਪ੍ਰਸਤੀ ਹੇਠ ਗੱਤਕਾ ਖੇਡ ਨਵੀਆਂ ਬੁਲੰਦੀਆਂ ਨੂੰ ਛੋਹ ਰਹੀ ਹੈ।

# ਸ਼ਿਵ ਲੰਗਰ ਕਮੇਟੀ ਵੱਲੋਂ ਅਮਰਨਾਥ ਯਾਤਰੀਆਂ ਲਈ 3 ਟਰੱਕ ਰਾਸ਼ਨ ਰਵਾਨਾ




**ਸਮਾਣਾ (ਗੁਰਪਿਆਰ ਸਿੰਘ ਬੱਲ)**-ਸ਼ਿਵ ਲੰਗਰ ਕਮੇਟੀ ਸਮਾਣਾ ਵੱਲੋਂ ਪਵਿੱਤਰ ਸ੍ਰੀ ਅਮਰਨਾਥ ਜੀ ਦੀ ਯਾਤਰਾ ਦੌਰਾਨ ਸ਼ਰਧਾਲੂਆਂ ਦੀ ਸੇਵਾ ਲਈ ਲਗਾਏ ਜਾਣ ਵਾਲੇ ਵਿਸ਼ਾਲ ਭੰਡਾਰੇ ਵਾਸਤੇ ਤਿੰਨ ਟਰੱਕ ਰਾਸ਼ਨ ਤੇ ਹੋਰ ਜ਼ਰੂਰੀ ਸਮੱਗਰੀ ਰਵਾਨਾ ਕੀਤੀ ਗਈ।ਇਸ ਮੌਕੇ ਨੈਸ਼ਨਲ ਐਥਲੀਟ ਪਰਨਵੀ ਗੋਇਲ ਤੇ ਉਸ ਦੀ ਦਾਦੀ ਪ੍ਰਸਿੱਧ ਸਮਾਜ ਸੇਵਕਾ ਸ਼ਸ਼ੀ ਬਾਲਾ ਗੋਇਲ ਪਤਨੀ ਜੀਵਨ ਗੋਇਲ ਨੇ ਟਰੱਕਾਂ ਨੂੰ ਝੰਡੀ ਦਿਖਾ ਕੇ ਰਵਾਨਾ ਕੀਤਾ।ਰਵਾਨਗੀ ਸਮਾਰੋਹ ਦੌਰਾਨ ਸ਼ਿਵ ਭਗਤਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ।ਇਸ ਮੌਕੇ ਅਭਿਸ਼ੇਕ ਸਿੰਗਲਾ ਪੰਚਕੂਲਾ, ਰਾਕੇਸ਼ ਸਿੰਗਲਾ ਪੰਚਕੂਲਾ, ਨਰਿੰਦਰ ਮਿੱਤਲ, ਪ੍ਰੇਮ ਗੋਇਲ ਚੰਡੀਗੜ੍ਹ (ਸਾਰੇ ਰੀਅਲ ਅਸਟੇਟ ਪ੍ਰਮੋਟਰ) ਵਿਸ਼ੇਸ਼ ਤੌਰ 'ਤੇ ਪੁੱਜੇ। ਇਸ ਮੌਕੇ ਸ਼ਿਵ ਲੰਗਰ ਕਮੇਟੀ ਦੇ ਪ੍ਰਧਾਨ ਅਮਰ ਗੋਇਲ ਤੇ ਕਮੇਟੀ ਦੇ ਪ੍ਰਮੁੱਖ ਪ੍ਰਸ਼ੋਤਮ ਕੁਮਾਰ, ਪਵਨ ਕੁਮਾਰ, ਜੀਵਨ ਗੋਇਲ ਨੇ ਦੱਸਿਆ ਕਿ ਕਮੇਟੀ ਪਿਛਲੇ ਲਗਾਤਾਰ 34 ਸਾਲਾਂ ਤੋਂ ਸ੍ਰੀ ਅਮਰਨਾਥ ਜੀ ਯਾਤਰਾ ਦੌਰਾਨ ਸ਼ਰਧਾਲੂਆਂ ਦੀ ਨਿਸ਼ਕਾਮ ਸੇਵਾ ਕਰਦੀ ਆ ਰਹੀ ਹੈ।ਉਨ੍ਹਾਂ ਕਿਹਾ ਕਿ ਇਸ ਸਾਲ 3 ਜੁਲਾਈ ਤੋਂ ਸ਼ੁਰੂ ਹੋਣ ਵਾਲੀ ਸ੍ਰੀ ਅਮਰਨਾਥ ਯਾਤਰਾ ਲਈ ਯਾਤਰੀਆਂ ਦੀਆਂ ਸਹੂਲਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਵੱਡੇ ਪੱਧਰ 'ਤੇ ਪ੍ਰਬੰਧ ਕੀਤੇ ਗਏ ਹਨ।ਉਨ੍ਹਾਂ ਦੱਸਿਆ ਕਿ ਕਮੇਟੀ ਵੱਲੋਂ ਬੁਰਾੜੀ ਮਾਰਗ 'ਤੇ ਲਗਾਇਆ ਜਾਣ ਵਾਲਾ ਵਿਸ਼ਾਲ ਭੰਡਾਰਾ ਲਗਾਤਾਰ 45 ਦਿਨ ਚੱਲੇਗਾ।

# ਸੀਨੀਅਰ ਸਿਟੀਜ਼ਨ ਪਾਰਕ 'ਚ ਯੋਗ ਕਲਾਸਾਂ ਦੇ ਸਾਧਕਾਂ ਦਾ ਸਨਮਾਨ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਸੀਨੀਅਰ ਸਿਟੀਜ਼ਨ ਪਾਰਕ, ਅਰਬਨ ਅਸਟੇਟ ਫੇਜ਼-3 ਵਿਖੇ ਤਿੰਨ ਸਾਲਾਂ ਤੋਂ ਨਿਰੰਤਰ ਚੱਲ ਰਹੀਆਂ ਯੋਗਾ ਕਲਾਸਾਂ 'ਚ ਭਾਗ ਲੈ ਰਹੇ 30 ਤੋਂ ਵੱਧ ਯੋਗ ਸਾਧਕਾਂ ਨੂੰ ਵਿਸ਼ੇਸ਼ ਸਮਾਗਮ ਦੌਰਾਨ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ।ਸਮਾਗਮ ਦੇ ਮੁੱਖ ਮਹਿਮਾਨ ਵਿਜੈ ਕੁਮਾਰ ਗੋਇਲ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਯੋਗਾ ਸਰੀਰਕ ਤੇ ਮਾਨਸਿਕ ਸਿਹਤ ਲਈ ਸਭ ਤੋਂ ਵਧੀਆ ਕਸਰਤ ਹੈ ਅਤੇ ਹਰ ਵਿਅਕਤੀ ਨੂੰ ਇਸਨੂੰ ਆਪਣੀ ਰੋਜ਼ਾਨਾ ਜੀਵਨ ਸ਼ੈਲੀ ਦਾ ਹਿੱਸਾ ਬਣਾਉਣਾ ਚਾਹੀਦਾ ਹੈ।ਵਿਸ਼ੇਸ਼ ਮਹਿਮਾਨ ਡਾ. ਮਲਕੀਤ ਸਿੰਘ ਮਾਨ, ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ, ਪਟਿਆਲਾ, ਰਮਨਦੀਪ ਕੌਰ, ਜ਼ਿਲ੍ਹਾ ਇੰਚਾਰਜ ਸੀ.ਐੱਮ. ਯੋਗਾ, ਪਟਿਆਲਾ ਤੇ ਆਸ਼ਾ ਰਾਣੀ, ਸਾਬਕਾ ਡਿਪਟੀ ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਹਾਜ਼ਰ ਸਨ।ਤਿੰਨ ਸਾਲਾਂ ਤੋਂ ਨਿਯਮਿਤ ਯੋਗਾ ਕਰ ਰਹੇ ਸਾਰੇ ਸਾਧਕਾਂ ਨੂੰ ਉਨ੍ਹਾਂ ਦੀ ਲਗਨ ਤੇ ਅਨੁਸ਼ਾਸਨ ਲਈ ਮੈਡਲ ਪ੍ਰਦਾਨ ਕੀਤੇ ਗਏ।ਸਮਾਗਮ ਵਿੱਚ ਪਹੁੰਚੇ ਸਾਰੇ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਤ ਕੀਤਾ ਗਿਆ।

# ਨਸ਼ਿਆਂ ਖ਼ਿਲਾਫ਼ ਵਿਸ਼ਾਲ ਰੈਲੀ 26 ਨੂੰ

**ਕੋਟਕਪੂਰਾ (ਰਛਪਾਲ ਭੁੱਲਰ)**

ਮਨੁੱਖਤਾ ਦੀ ਭਲਾਈ ਵਾਲੇ ਸੇਵਾ ਕਾਰਜਾਂ ਵਿੱਚ ਲਗਾਤਾਰ ਯਤਨਸ਼ੀਲ ਰਹਿਣ ਵਾਲੀ ਨਿਸ਼ਕਾਮ ਸਮਾਜਸੇਵੀ ਸੰਸਥਾ 'ਗੁੱਡ ਮੌਰਨਿੰਗ ਵੈੱਲਫੇਅਰ ਕਲੱਬ' ਦੇ ਪ੍ਰਧਾਨ ਡਾ. ਮਨਜੀਤ ਸਿੰਘ ਢਿੱਲੋਂ ਦੀ ਅਗਵਾਈ ਹੇਠ ਹੋਈ ਮੀਟਿੰਗ ਦੌਰਾਨ 26 ਜੂਨ ਨਸ਼ਾ ਵਿਰੋਧੀ ਦਿਵਸ ਨੂੰ ਨਸ਼ਿਆਂ ਖ਼ਿਲਾਫ਼ ਵਿਸ਼ਾਲ ਰੈਲੀ ਦੇ ਰੂਪ ਵਿੱਚ ਮਨਾਉਣ ਦਾ ਫੈਸਲਾ ਕੀਤਾ ਗਿਆ।ਕਲੱਬ ਦੀ ਮੀਟਿੰਗ ਦੌਰਾਨ ਵੱਖ ਵੱਖ ਅਹੁਦੇਦਾਰਾਂ ਤੇ ਮੈਂਬਰਾਂ ਨੂੰ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ।

ਆਪਣੇ ਸੰਬੋਧਨ ਦੌਰਾਨ ਡਾ. ਢਿੱਲੋਂ ਨੇ ਦੱਸਿਆ ਕਿ 26 ਜੂਨ ਨੂੰ ਸਵੇਰੇ ਠੀਕ 8.00 ਵਜੇ ਨਵੀਂ ਦਾਣਾ ਮੰਡੀ ਫਰੀਦਕੋਟ ਵਿਖੇ ਵੱਖ-ਵੱਖ ਸਮਾਜਸੇਵੀ ਸੰਸਥਾਵਾਂ/ਜਥੇਬੰਦੀਆਂ ਦੇ ਨੁਮਾਇੰਦੇ ਤੇ ਸਮਾਜ ਸੁਧਾਰਕ ਇਕੱਤਰ ਹੋਣਗੇ, ਜਿੱਥੇ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਲਈ ਵਿਚਾਰ ਵਟਾਂਦਰਾ ਕੀਤਾ ਜਾਵੇਗਾ।ਉਨ੍ਹਾ ਦੱਸਿਆ ਕਿ ਨਸ਼ਾ ਵਿਰੋਧੀ ਰੈਲੀ ਵਾਲੇ ਕਾਫਲੇ ਨੂੰ ਰਵਾਨਾ ਕਰਨ ਲਈ ਡਿਪਟੀ ਕਮਿਸ਼ਨਰ ਰਾਹੁਲ ਚਾਬਾ ਤੇ ਐੱਸ ਐੱਸ ਪੀ ਗੁਰਬੰਸ ਸਿੰਘ ਬੈਂਸ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਣਗੇ।

# ਫ਼ਿਰੋਜ਼ਪੁਰ 'ਚ ਜਲਦ ਕਰਵਾਇਆ ਜਾਵੇਗਾ ਜੂਨੀਅਰ ਹਾਕੀ ਟੂਰਨਾਮੈਂਟ : ਡਾ. ਗੁਪਤਾ

**■ ਜੂਨੀਅਰ ਏਸ਼ੀਅਨ ਕੱਪ ਜੇਤੂ ਰਸ਼ਮੀਨ ਕੌਰ ਨੂੰ ਕੀਤਾ ਸਨਮਾਨਤ ■ ਹਾਕੀ ਐਸਟਰੋਟਰਫ਼ ਸਟੇਡੀਅਮ 'ਚ ਰੋਜ਼ਾਨਾ ਦਿੱਤੀ ਜਾਂਦੀ ਹੈ ਕੋਚਿੰਗ : ਰੂਬਲ**



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**

ਹਾਕੀ ਫ਼ਿਰੋਜ਼ਪੁਰ ਐਸੋਸੀਏਸ਼ਨ ਵੱਲੋਂ ਜਲਦੀ ਹੀ ਜ਼ਿਲ੍ਹੇ ਵਿੱਚ ਜੂਨੀਅਰ ਹਾਕੀ ਟੂਰਨਾਮੈਂਟ ਕਰਵਾਇਆ ਜਾਵੇਗਾ, ਤਾਂ ਜੋ ਖਿਡਾਰੀਆਂ ਵਿੱਚ ਉਤਸ਼ਾਹ ਭਰਿਆ ਜਾ ਸਕੇ ਅਤੇ ਉਨ੍ਹਾਂ ਨੂੰ ਹਾਕੀ ਵਿੱਚ ਅੱਗੇ ਲੈ ਕੇ ਜਾ ਕੇ ਵਿਸ਼ਵ ਪੱਧਰੀ ਖਿਡਾਰੀ ਬਣਾਇਆ ਜਾ ਸਕੇ। ਇਹ ਗੱਲ ਹਾਕੀ ਫ਼ਿਰੋਜ਼ਪੁਰ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਡਾ. ਅਨਿਰੁੱਧ ਗੁਪਤਾ ਨੇ ਹਾਕੀ ਐਸਟਰੋਟਰਫ਼ ਸਟੇਡੀਅਮ ਵਿੱਚ ਕਹੀ। ਉਹ ਜਾਪਾਨ ਵਿੱਚ ਆਯੋਜਿਤ ਜੂਨੀਅਰ ਏਸ਼ੀਅਨ ਕੱਪ ਵਿੱਚ ਕਾਂਸੀ ਦਾ ਤਮਗਾ (ਬ੍ਰੌਂਜ਼ ਮੈਡਲ) ਜਿੱਤਣ ਵਾਲੀ ਰਸ਼ਮੀਨ ਕੌਰ ਦਾ ਹੌਸਲਾ ਵਧਾਉਣ ਲਈ ਉਸ ਨੂੰ ਸਨਮਾਨਤ ਕਰਨ ਪਹੁੰਚੇ ਸਨ। ਉਨ੍ਹਾਂ ਰਸ਼ਮੀਨ ਨੂੰ 11 ਹਜ਼ਾਰ ਰੁਪਏ ਦਾ ਨਗਦ ਪੁਰਸਕਾਰ ਦੇਣ ਤੋਂ ਇਲਾਵਾ ਉਸ ਨੂੰ ਓਲੰਪੀਅਨ ਬਣਨ ਦਾ ਟੀਚਾ ਮਿੱਥ ਕੇ ਹੋਰ ਮਿਹਨਤ ਕਰਨ ਦੀ ਸਲਾਹ ਦਿੱਤੀ। ਇਸ ਦੌਰਾਨ ਰਸ਼ਮੀਨ ਦੇ ਪਿਤਾ ਡਾ. ਸੁਖਵਿੰਦਰ ਸਿੰਘ ਹਾਂਡਾ ਦਾ ਵੀ ਸਨਮਾਨ ਕੀਤਾ ਗਿਆ। ਡਾ. ਅਨਿਰੁੱਧ ਗੁਪਤਾ ਨੇ ਕਿਹਾ ਕਿ ਕਿਸੇ ਸਮੇਂ ਫ਼ਿਰੋਜ਼ਪੁਰ ਦਾ ਨਾਂਅ ਹਾਕੀ ਕਾਰਨ ਪੂਰੀ ਦੁਨੀਆ ਵਿੱਚ ਪ੍ਰਸਿੱਧ ਸੀ ਤੇ ਇੱਥੋਂ ਦੇ 5 ਤੋਂ 6 ਖਿਡਾਰੀ ਭਾਰਤੀ ਟੀਮ ਵਿੱਚ ਖੇਡਦੇ ਸਨ ਤੇ ਫ਼ਰੋਜ਼ਪੁਰ ਨੇ ਹੀ ਦੇਸ਼ ਨੂੰ ਕਈ ਹਾਕੀ ਓਲੰਪੀਅਨ ਦਿੱਤੇ ਹਨ। ਉਨ੍ਹਾਂ ਕਿਹਾ ਕਿ ਐਸੋਸੀਏਸ਼ਨ ਵੱਲੋਂ 'ਮਿਸ਼ਨ ਹਾਕੀ' ਤਹਿਤ ਫ਼ਿਰੋਜ਼ਪੁਰ ਵਿੱਚ ਖੇਡ ਦੇ ਵਿਸਥਾਰ ਲਈ ਕਈ ਕਦਮ ਚੁੱਕੇ ਜਾ ਰਹੇ ਹਨ। ਉਨ੍ਹਾਂ ਵੱਲੋਂ ਖਿਡਾਰੀਆਂ ਨਾਲ ਮੁਲਾਕਾਤ ਵੀ ਕੀਤੀ ਗਈ। ਐਸੋਸੀਏਸ਼ਨ ਦੇ ਜਨਰਲ ਸਕੱਤਰ ਮਨਮੀਤ ਸਿੰਘ ਰੂਬਲ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਹਾਕੀ ਐਸਟਰੋਟਰਫ਼ ਸਟੇਡੀਅਮ ਵਿੱਚ ਰੋਜ਼ਾਨਾ ਖਿਡਾਰੀਆਂ ਨੂੰ ਸਵੇਰੇ-ਸ਼ਾਮ ਕੋਚਿੰਗ ਦੇਣ ਤੋਂ ਇਲਾਵਾ ਉਨ੍ਹਾਂ ਨੂੰ ਚੰਗੀ ਖ਼ੁਰਾਕ (ਡਾਈਟ) ਵੀ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਰਸ਼ਮੀਨ ਕੌਰ ਬਾਬਾ ਸ਼ੇਰਸ਼ਾਹਵਲੀ ਹਾਕੀ ਅਕੈਡਮੀ ਦੀ ਖਿਡਾਰਨ ਹੈ ਤੇ ਇੱਥੋਂ ਹੀ ਕੋਚਿੰਗ ਲੈਂਦੀ ਰਹੀ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਚਾਹੀਦਾ ਹੈ ਕਿ ਉਹ ਹਾਕੀ ਵਿੱਚ ਦਿਲਚਸਪੀ ਲੈਣ ਤਾਂ ਜੋ ਸਮਾਜਿਕ ਬੁਰਾਈਆਂ ਤੋਂ ਬਚਿਆ ਜਾ ਸਕੇ। ਇਸ ਮੌਕੇ ਸੇਵਾਮੁਕਤ ਡੀ.ਐੱਸ.ਓ. ਹਰਨਾਰਾਇਣ ਸਿੰਘ ਲਾਡੀ, ਬਾਬਾ ਸ਼ੇਰਸ਼ਾਹਵਲੀ ਟਰੱਸਟ ਦੇ ਮੈਨੇਜਰ ਅਸ਼ੋਕ ਪਸਰੀਚਾ, ਸਤਲੁਜ ਪ੍ਰੈੱਸ ਕਲੱਬ ਦੇ ਪ੍ਰਧਾਨ ਗੁਰਨਾਮ ਸਿੰਘ ਗਾਮਾ, ਜਸਪ੍ਰੀਤ ਸਿੰਘ ਤੂਰ, ਮਨਮਿੰਦਰ ਹਾਂਡਾ, ਕਰਨਦੀਪ ਸਿੰਘ, ਡਾ. ਪ੍ਰਗਟ ਸਿੰਘ, ਸਾਜਨਪ੍ਰੀਤ ਸਿੰਘ, ਸੁਨੀਲ ਕੁਮਾਰ ਸਮੇਤ ਹੋਰ ਪਤਵੰਤੇ ਹਾਜ਼ਰ ਸਨ।

# ਬਾਪੂ ਅਜੀਤ ਸਿੰਘ ਨੂੰ ਅੰਤਿਮ ਅਰਦਾਸ ਮੌਕੇ ਸ਼ਰਧਾਂਜਲੀਆਂ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਪੱਤਰਕਾਰ ਜਸਵਿੰਦਰ ਸਿੰਘ ਪਾਰਸ ਦੇ ਪਿਤਾ ਤੇ ਪਿੰਡ ਨਿਆਲ ਵਿਖੇ 25 ਵਰ੍ਹਿਆਂ ਤੋਂ ਵੱਧ ਗੁਰੂ ਘਰ ਵਿਖੇ ਪਾਠੀ ਸਿੰਘ ਦੀ ਸੇਵਾ ਨਿਭਾਉਣ ਵਾਲੇ ਬਾਪੂ ਅਜੀਤ ਸਿੰਘ ਨੂੰ ਵੱਖ-ਵੱਖ ਸ਼ਖ਼ਸੀਅਤਾਂ ਵੱਲੋਂ ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਪਾਤੜਾਂ ਵਿਖੇ ਰੱਖੇ ਅੰਤਿਮ ਅਰਦਾਸ ਪ੍ਰੋਗਰਾਮ ਮੌਕੇ ਸ਼ਰਧਾਂਜਲੀ ਦਿੱਤੀ ਗਈ।ਸ਼ਰਧਾਂਜਲੀ ਸਮਾਰੋਹ ਦੌਰਾਨ ਬਾਪੂ ਦੇ ਜੀਵਨ ਬਾਰੇ ਦੱਸਦੇ ਹੋਏ ਕਿਹਾ ਕਿ ਉਹ ਹੱਲਿਆਂ ਵੇਲੇ ਲਹਿੰਦੇ ਪੰਜਾਬ ਦੇ ਜ਼ਿਲ੍ਹਾ ਗੁਜਰਾਂਵਾਲਾ ਤੋਂ ਹਿਜਰਤ ਕਰਕੇ ਪਾਤੜਾਂ ਨੇੜੇ ਪਿੰਡ ਹਰਿਆਊ ਵਿਖੇ ਆਏ ਸਨ, ਜਿੱਥੇ ਉਹ ਆਪਣੇ ਖੇਤੀ ਦੇ ਧੰਦੇ ਨਾਲ ਜੁੜੇ ਰਹੇ, ਉੱਥੇ ਉਹ ਪਿੰਡ ਨਿਆਲ ਵਿਖੇ 25 ਸਾਲ ਲਗਾਤਾਰ ਗੁਰੂ ਘਰ ਦੇ ਗ੍ਰੰਥੀ ਸਿੰਘ ਦੀ ਸੇਵਾ ਵੀ ਨਿਭਾਉਂਦੇ ਰਹੇ।ਸ਼ਰਧਾਂਜਲੀ ਸਮਾਰੋਹ ਦੌਰਾਨ ਸਾਬਕਾ ਖੇਤੀਬਾੜੀ ਅਫ਼ਸਰ ਇੰਦਰਪਾਲ ਸਿੰਘ ਸੰਧੂ, ਸਾਬਕਾ ਮੁੱਖ ਖੇਤੀਬਾੜੀ ਅਫ਼ਸਰ ਪਟਿਆਲਾ ਕੁਲਦੀਪਇੰਦਰ ਸਿੰਘ ਢਿੱਲੋਂ, ਕੁਲਦੀਪ ਸਿੰਘ ਥਿੰਦ, ਕਾਂਗਰਸ ਆਗੂ ਬਲਿਹਾਰ ਸਿੰਘ ਹਰਿਆਊ, ਕਿਸਾਨ ਯੂਨੀਅਨ ਏਕਤਾ ਪ੍ਰਧਾਨ ਮਨਜੀਤ ਸਿੰਘ ਨਿਆਲ, ਅਕਾਲੀ ਦਲ ਵਾਰਸ ਪੰਜਾਬ ਦੇ ਜ਼ਿਲ੍ਹਾ ਆਗੂ ਭਗਵੰਤ ਸਿੰਘ ਸ਼ੁਤਰਾਣਾ ਤੋਂ ਇਲਾਵਾ ਪੱਤਰਕਾਰ ਭਾਈਚਾਰੇ ਨਾਲ ਸਬੰਧਤ ਮੀਡੀਆ ਕਰਮੀ ਹਾਜ਼ਰ ਸਨ।

# ਬੱਸ ਵੱਲੋਂ ਦਰੜੀ ਔਰਤ ਮਰਨ ਕਿਨਾਰੇ, ਡੀ ਐੱਸ ਪੀ ਵੱਲੋਂ ਮਾਮਲੇ ਦੇ ਹੱਲ ਦਾ ਭਰੋਸਾ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਮਨਦੀਪ ਬੱਸ ਵੱਲੋਂ ਪਿੰਡ ਗਿਆਨਾ ਦੀ ਇੱਕ ਔਰਤ ਨੂੰ ਦਰੜ ਕੇ ਮਰਨ ਕਿਨਾਰੇ ਪਈ ਹੋਣ 'ਤੇ ਇਲਾਜ ਨਾ ਕਰਾਉਣ ਵਿਰੁੱਧ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਤਲਵੰਡੀ ਸਾਬੋ, ਸੰਗਤ ਮੌੜ ਮੰਡੀ ਅਤੇ ਰਾਮਪੁਰਾ ਵੱਲੋਂ ਪਿੰਡ ਜੀਵਨ ਸਿੰਘ ਵਾਲਾ ਤੇ ਢੱਡੇ ਵਿੱਚ ਮਨਦੀਪ ਟਰਾਂਸਪੋਰਟ ਕੰਪਨੀ ਦੀਆਂ ਬੱਸਾਂ ਰੋਕ ਕੇ ਪਾਸੇ ਸਾਈਡ 'ਤੇ ਲਾਈਆਂ ਗਈਆਂ, ਪਰ ਬੱਸ ਵਾਲਿਆਂ ਵੱਲੋਂ ਬੱਸਾਂ ਟੇਡੀਆਂ ਲਾ ਕੇ ਰਾਮਪੁਰਾ ਮੌੜ ਸੜਕ ਜਾਮ ਕੀਤਾ ਗਿਆ। ਮੌਕੇ 'ਤੇ ਪਹੁੰਚੇ ਡੀਐਸਪੀ ਤਲਵੰਡੀ ਸਾਬੋ ਤਹਿਸੀਲਦਾਰ ਬਾਲਿਆਂਵਾਲੀ, ਡੀਐਸਪੀ ਮੌੜ ਤੇ ਡੀਐਸਪੀ ਫੂਲ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਜਾਮ ਖੁਲ੍ਹਵਾਇਆ ਜਾਵੇ, ਪਰ ਬੱਸਾਂ ਵਾਲਿਆਂ ਨੇ ਜਾਮ ਨਹੀਂ ਖੋਲ੍ਹਿਆ ਤੇ ਰਾਹਗੀਰਾਂ ਨੂੰ ਪ੍ਰੇਸ਼ਾਨ ਕੀਤਾ।ਪ੍ਰਸ਼ਾਸਨ ਨਾਲ ਚੱਲੀ ਗੱਲਬਾਤ ਦੇ ਗੇੜ ਦੌਰਾਨ ਡੀਐਸਪੀ ਗੁਰਪ੍ਰੀਤ ਸਿੰਘ ਨੇ ਭਰੋਸਾ ਦਿੱਤਾ ਕਿ ਸੋਮਵਾਰ ਨੂੰ ਪਰਿਵਾਰ ਨਾਲ ਬੱਸ ਮਾਲਕਾਂ ਦੀ ਮੀਟਿੰਗ ਕਰਵਾ ਕੇ ਮਸਲਾ ਹੱਲ ਕੀਤਾ ਜਾਵੇਗਾ, ਜਿਸ ਤੋਂ ਬਾਅਦ ਕਿਸਾਨਾਂ ਨੇ ਰੋਕੀਆਂ ਹੋਈਆਂ ਮਨਦੀਪ ਬੱਸਾਂ ਛੱਡ ਦਿੱਤੀਆਂ।ਜਗਦੇਵ ਸਿੰਘ ਜੋਗੇਵਾਲਾ, ਰਾਮ ਸਿੰਘ ਕੋਟ ਗੁਰੂ, ਜਸਵੀਰ ਸਿੰਘ ਬੁਰਜ ਸੇਮਾ ਤੇ ਗੁਲਾਬ ਸਿੰਘ ਜਿਉਂਦ ਨੇ ਦੱਸਿਆ ਕਿ ਪਿਛਲੀ 3 ਦਸੰਬਰ ਨੂੰ ਪਿੰਡ ਗਿਆਨਾ ਦੇ ਵਾਸੀ ਵਿਕੀ ਸਿੰਘ ਦੀ ਧਰਮਪਤਨੀ ਪਰਮਜੀਤ ਕੌਰ ਨੂੰ ਮਨਦੀਪ ਬੱਸ ਨੇ ਦਰੜ ਦਿੱਤਾ ਸੀ, ਜਿਸ ਨਾਲ ਪਰਮਜੀਤ ਕੌਰ ਗੰਭੀਰ ਜ਼ਖ਼ਮੀ ਹੋ ਗਏ ਸਨ ਤੇ ਹੁਣ ਜ਼ਿੰਦਗੀ ਮੌਤ ਨਾਲ ਜੂਝ ਰਹੇ ਹਨ। ਉਸ ਮੌਕੇ ਜਥੇਬੰਦੀ ਤੇ ਪਿੰਡ ਵਾਸੀਆਂ ਨਾਲ ਬੱਸ ਮਾਲਕਾਂ ਵੱਲੋਂ ਇਲਾਜ ਕਰਾਉਣ ਦੀ ਗੱਲ ਹੋਈ ਸੀ ਪਰ ਬਾਅਦ ਵਿੱਚ ਕੋਈ ਇਲਾਜ ਨਹੀਂ ਕਰਾਇਆ ਗਿਆ।ਇਸ ਸਮੇਂ ਮਰੀਜ਼ ਦੀ ਹਾਲਤ ਗੰਭੀਰ ਬਣੀ ਹੋਈ ਹੈ, ਪਰਵਾਰ ਵੱਲੋਂ ਇਲਾਜ ਲਈ ਦੋ 2 ਕਿਲੇ ਜ਼ਮੀਨ ਹੈ ਗਹਿਣੇ ਕਰ ਦਿੱਤੀ ਗਈ ਹੈ, ਆਰਥਿਕ ਹਾਲਤ ਬਹੁਤ ਤਰਸਯੋਗ ਹਨ।

# ਪੈਨਸ਼ਨਰ ਜੁਆਇੰਟ ਫਰੰਟ ਵੱਲੋਂ ਸੂਬਾ ਪੱਧਰ 'ਤੇ ਸੰਘਰਸ਼ ਵਿੱਢਣ ਦਾ ਐਲਾਨ

**■ 29 ਜੁਲਾਈ ਨੂੰ ਸੰਗਰੂਰ 'ਚ ਸੂਬਾ ਪੱਧਰੀ ਮਹਾਂਰੈਲੀ ਕੀਤੀ ਜਾਵੇਗੀ : ਅਰੋੜਾ, ਗੁੱਡੂ, ਜੱਸੀ**



**ਸੰਗਰੂਰ (ਪ੍ਰਵੀਨ ਸਿੰਘ)**-ਸਥਾਨਕ ਤਹਿਸੀਲ ਕੰਪਲੈਕਸ ਵਿਖੇ ਪੰਜਾਬ ਸਟੇਟ ਪੈਨਸ਼ਨਰਜ਼ ਕਨਫੈਡਰੇਸ਼ਨ ਦੇ ਸੂਬਾਈ ਸੀਨੀਅਰ ਮੀਤ ਪ੍ਰਧਾਨ ਤੇ ਮੁੱਖ ਬੁਲਾਰੇ ਰਾਜ ਕੁਮਾਰ ਅਰੋੜਾ, ਜੋ ਕਿ ਪੈਨਸ਼ਨਰ ਵੈੱਲਫੇਅਰ ਐਸੋਸੀਏਸ਼ਨ ਜ਼ਿਲ੍ਹਾ ਸੰਗਰੂਰ ਦੇ ਪ੍ਰਧਾਨ ਹਨ, ਨੇ ਕਿਹਾ ਕਿ ਪੰਜਾਬ ਸਰਕਾਰ ਦੇ ਪੈਨਸ਼ਨਰ ਵਿਰੋਧੀ ਰਵੱਈਏ ਤੇ ਪੈਨਸ਼ਨਰਾਂ ਦੀਆਂ ਮੰਗਾਂ ਦੀ ਪ੍ਰਾਪਤੀ ਲਈ ਗੌਰਮਿੰਟ ਪੈਨਸ਼ਨਰ ਜੁਆਇੰਟ ਫਰੰਟ ਵੱਲੋਂ ਜਲੰਧਰ ਦੇ ਦੇਸ਼ ਭਗਤ ਹਾਲ ਵਿੱਚ ਸੂਬਾ ਪੱਧਰੀ ਚੇਤਨਾ ਕਨਵੈਨਸ਼ਨ ਕੀਤੀ ਗਈ, ਜਿਸ ਵਿੱਚ ਪੰਜਾਬ ਦੇ ਕੋਨ-ਕੋਨੇ ਤੋਂ ਵੱਡੀ ਗਿਣਤੀ ਪੈਨਸ਼ਨਰਾਂ ਨੇ ਸ਼ਮੂਲੀਅਤ ਕੀਤੀ।ਉਨ੍ਹਾਂ ਕਿਹਾ ਕਿ ਪੰਜਾਬ ਪੈਨਸ਼ਨਰ ਜੁਆਇੰਟ ਫਰੰਟ ਪੰਜਾਬ ਸਰਕਾਰ ਵਿਰੁੱਧ ਰੋਸ ਤੇ ਖੇਦ ਵਿੱਚ ਹੈ ਕਿਉਂਕਿ ਪੰਜਾਬ ਸਰਕਾਰ ਨੇ 1 ਜਨਵਰੀ 2016 ਤੋਂ ਪਹਿਲਾਂ ਪੰਜਾਬ ਦੇ ਪੈਨਸ਼ਨਰਾਂ ਨਾਲ 6ਵੇਂ ਪੇ ਕਮਿਸ਼ਨ ਦੇ ਨਾਮ 'ਤੇ ਧੋਖਾ ਕੀਤਾ ਹੈ।ਪੈਨਸ਼ਨ ਸੋਧ ਦੀ ਸਿਫਾਰਸ਼ ਕੀਤੀ ਕੋਈ ਵੀ ਮੱਦ ਪੈਨਸ਼ਨਰਾਂ 'ਤੇ ਲਾਗੂ ਨਹੀਂ ਕੀਤੀ ਗਈ।ਮਹਿੰਗਾਈ ਭੱਤਾ 42 ਪ੍ਰਤੀਸ਼ਤ ਦੀ ਬਜਾਏ 60 ਪ੍ਰਤੀਸ਼ਤ ਦੇਣ ਲਈ ਤਿਆਰ ਨਹੀ ਹੈ।ਬਾਕੀ ਮੰਗਾਂ ਨੂੰ ਵੀ ਨਹੀਂ ਵਿਚਾਰਿਆ ਜਾ ਰਿਹਾ।ਇਸ ਬੇਰਹਿਮ ਘੁਮੰਡੀ, ਹੈਂਕੜਬਾਜ਼, ਧੋਖੇਬਾਜ਼ ਤੇ ਪੈਨਸ਼ਨਰ ਵਿਰੋਧੀ ਸਰਕਾਰ ਨੂੰ ਸਬਕ ਸਿਖਾਉਣ ਲਈ ਸੰਗਰੂਰ ਵਿਖੇ 29 ਜੁਲਾਈ ਨੂੰ ਇੱਕ ਲਾਮਿਸਾਲ ਮਹਾਂਰੈਲੀ ਕੀਤੀ ਜਾਵੇਗੀ, ਜਿਸ ਵਿੱਚ ਸਰਕਾਰ ਦੀਆਂ ਨੀਤੀਆਂ ਦਾ ਪਰਦਾਫਾਸ਼ ਕੀਤਾ ਜਾਵੇਗਾ।ਸ੍ਰੀ ਅਰੋੜਾ ਨੇ ਦੱਸਿਆ ਕਿ ਸੂਬਾ ਪੱਧਰੀ ਕਨਵੈਨਸ਼ਨ ਵਿੱਚ ਸੰਗਰੂਰ ਜ਼ਿਲ੍ਹੇ ਨਾਲ ਸੰਬੰਧਤ ਯੂਨਿਟਾਂ ਦੇ ਅਹੁਦੇਦਾਰ, ਜਿਨ੍ਹਾਂ ਵਿੱਚ ਸੰਗਰੂਰ ਦੇ ਪ੍ਰਧਾਨ ਭੁਪਿੰਦਰ ਸਿੰਘ ਜੱਸੀ, ਚੇਅਰਮੈਨ ਜੰਟ ਸਿੰਘ ਭੁੱਲਰ (ਸੋਹੀਆਂ), ਜਨਰਲ ਸਕੱਤਰ ਅਵਿਨਾਸ਼ ਸ਼ਰਮਾ, ਜ਼ਿਲ੍ਹਾ ਪ੍ਰਧਾਨ ਰਾਜ ਕੁਮਾਰ ਅਰੋੜਾ, ਚੇਅਰਮੈਨ ਰਵਿੰਦਰ ਸਿੰਘ ਗੁੱਡੂ, ਵਿੱਤ ਸਕੱਤਰ ਕਰਨੈਲ ਸਿੰਘ ਸੇਖੋਂ, ਭਵਾਨੀਗੜ੍ਹ ਦੇ ਪ੍ਰਧਾਨ ਸਤਨਾਮ ਸਿੰਘ ਸੰਧੂ, ਮਾਸਟਰ ਹਰਮੇਲ ਸਿੰਘ, ਮਾਸਟਰ ਲਛਮਣ ਸਿੰਘ, ਥਾਣੇਦਾਰ ਰੁਲਦੂ ਰਾਮ, ਸੁਨਾਮ ਤੋ ਸਕੱਤਰ ਚੇਤ ਰਾਮ ਢਿੱਲੋਂ, ਗਿਰਧਾਰੀ ਲਾਲ ਜਿੰਦਲ, ਚਮਕੌਰ ਸਿੰਘ ਸਿੱਧੂ, ਬਹਾਦਰ ਸਿੰਘ, ਧੂਰੀ ਤੋਂ ਪ੍ਰਧਾਨ ਸੁਖਦੇਵ ਸ਼ਰਮਾ, ਅਮਰਜੀਤ ਸਿੰਘ ਸਕੱਤਰ, ਦਰਸ਼ਨ ਸਿੰਘ ਧਾਂਦਰਾ, ਰਾਮ ਸਰੂਪ, ਕਰਮਜੀਤ ਸਿੰਘ, ਰਾਮ ਲਾਲ, ਗੁਲਜਾਰ ਸਿੰਘ, ਬਲਦੇਵ ਸਿੰਘ ਧਾਂਦਰਾ, ਰੂਬਲ ਬੇਨੜਾ, ਰਤਨ ਭੰਡਾਰੀ, ਬਹਾਦਰ ਸਿੰਘ ਮਾਨਾ, ਦਿੜ੍ਹਬਾ ਪ੍ਰਧਾਨ ਦਰਸ਼ਨ ਸਿੰਘ ਰੋਗਲਾ, ਜਨਰਲ ਸਕੱਤਰ ਕਸ਼ਮੀਰ ਸਿੰਘ ਰੋੜੇਵਾਲ, ਸਕੱਤਰ ਜਨਰਲ ਗੁਰਮੇਲ ਸਿੰਘ ਖਨਾਲ, ਜਸਪਾਲ ਸਿੰਘ ਪਾਲਾ ਆਦਿ ਵੱਲੋਂ ਸ਼ਿਰਕਤ ਕੀਤੀ ਗਈ।

# ਕਾਂਗਰਸੀਆਂ ਨੇ ਰਾਹੁਲ ਗਾਂਧੀ ਦਾ ਜਨਮ ਦਿਨ ਮਨਾਇਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਕਾਂਗਰਸੀ ਆਗੂਆਂ ਵੱਲੋਂ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਦਾ ਜਨਮ ਦਿਨ ਮਨਾਇਆ ਗਿਆ। ਇਸ ਮੌਕੇ ਸ਼ਹਿਰੀ ਪ੍ਰਧਾਨ ਐਡਵੋਕੇਟ ਕਪਿਲ ਆਨੰਦ ਨੇ ਆਗੂਆਂ ਸਮੇਤ ਰਾਹੁਲ ਗਾਂਧੀ ਦੇ ਜਨਮ ਦਿਨ ਮੌਕੇ ਕੇਕ ਕੱਟਿਆ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਇੱਕ ਸੂਝਵਾਨ ਤੇ ਨਿਧੜਕ ਆਗੂ ਹਨ, ਜਿਨ੍ਹਾਂ ਨੇ ਲੋਕ ਸਭਾ ਸੈਸ਼ਨ ਦੌਰਾਨ ਮੋਦੀ ਸਰਕਾਰ ਦੀਆਂ ਮਾੜੀਆਂ ਨੀਤੀਆਂ ਤੇ ਕਾਰਪੋਰੇਟ ਘਰਾਣਿਆਂ ਨਾਲ ਉਨ੍ਹਾਂ ਦੀ ਨੇੜਤਾ ਨੂੰ ਜੱਗ ਜ਼ਾਹਰ ਕੀਤਾ। ਇਸ ਮੌਕੇ ਜ਼ਿਲ੍ਹਾ ਉੱਪ ਪ੍ਰਧਾਨ ਜੇ. ਪੀ. ਸਿੰਘ ਮੱਕੜ, ਕਾਂਗਰਸੀ ਆਗੂ ਚੇਤਨ ਕੁਮਾਰ, ਵਿਨੀਤ ਕੁਮਾਰ ਝੜੌਦੀ, ਪਰਮਜੀਤ ਪੰਮੀ, ਅਮਰਜੀਤ ਕਾਲਾ, ਨੰਦ ਕਿਸ਼ੋਰ, ਜਸਦੇਵ ਸਿੰਘ, ਹਰਚੰਦ ਸਿੰਘ, ਬਿੱਟੂ ਖਾਨਪੁਰ, ਵੀਰਪਾਲ, ਰਾਜ ਕੁਮਾਰ ਮੌਜੂਦ ਸਨ।

# ਅਰਸ਼ ਡਾਲਾ ਗਰੋਹ ਦੇ 2 ਗੁਰਗੇ ਵਿਦੇਸ਼ੀ ਹਥਿਆਰਾਂ ਸਮੇਤ ਕਾਬੂ

## ਮੁਲਜ਼ਮਾਂ ਕੋਲੋਂ ਬਰੇਟਾ ਤੇ ਗਲੋਕ ਪਿਸਟਲ ਸਮੇਤ ਜ਼ਿੰਦਾ ਰੌਂਦ ਬਰਾਮਦ

**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)**

ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਨੂੰ ਅਪਰਾਧ ਮੁਕਤ ਬਣਾਉਣ ਤੇ ਡੀ.ਜੀ.ਪੀ. ਪੰਜਾਬ ਸ੍ਰੀ ਗੌਰਵ ਯਾਦਵ ਵੱਲੋਂ ਮਾੜੇ ਅਨਸਰਾਂ ਖ਼ਿਲਾਫ਼ ਵਿੱਢੀ 'ਜ਼ੀਰੋ ਟਾਲਰੈਂਸ' ਦੀ ਮੁਹਿੰਮ ਨੂੰ ਉਸ ਵੇਲੇ ਵੱਡੀ ਸਫ਼ਲਤਾ ਮਿਲੀ ਜਦੋਂ ਫ਼ਰੀਦਕੋਟ ਪੁਲਸ ਨੇ ਮੁਸਤੈਦੀ ਦਿਖਾਉਂਦਿਆਂ ਅਰਸ਼ ਡਾਲਾ ਗਰੋਹ ਦੇ ਦੋ ਸਰਗਰਮ ਗੁਰਗਿਆਂ ਨੂੰ ਨਾਜਾਇਜ਼ ਵਿਦੇਸ਼ੀ ਹਥਿਆਰਾਂ ਸਮੇਤ ਗ੍ਰਿਫ਼ਤਾਰ ਕਰਕੇ ਕਿਸੇ ਸੰਭਾਵਿਤ ਵੱਡੀ ਵਾਰਦਾਤ ਨੂੰ ਨਾਕਾਮ ਕਰ ਦਿੱਤਾ।ਇਹ ਕਾਰਵਾਈ ਆਈ. ਜੀ. ਫ਼ਰੀਦਕੋਟ ਰੇਂਜ ਸ੍ਰੀਮਤੀ ਨਿਲਾਂਬਰੀ ਜਗਦਲੇ ਦੀ ਰਹਿਨੁਮਾਈ ਤੇ ਐੱਸ.ਐੱਸ.ਪੀ. ਫ਼ਰੀਦਕੋਟ ਗੁਰਬੰਸ ਸਿੰਘ ਬੈਂਸ ਦੀ ਅਗਵਾਈ ਹੇਠ ਅੰਜਾਮ ਦਿੱਤੀ ਗਈ।ਮਿਲੀ ਜਾਣਕਾਰੀ ਮੁਤਾਬਿਕ 16 ਜੂਨ ਨੂੰ ਸਹਾਇਕ ਥਾਣੇਦਾਰ ਗੁਰਬਚਨ ਸਿੰਘ ਦੀ ਅਗਵਾਈ ਹੇਠ ਪੁਲਸ ਪਾਰਟੀ ਪਿੰਡ ਪੰਜਗਰਾਈਂ ਕਲਾਂ ਤੋਂ ਪਿੰਡ ਢਿੱਲਵਾਂ ਨੂੰ ਜਾਂਦੀ ਲਿੰਕ ਰੋਡ 'ਤੇ ਬਣੀ ਕੱਸੀ ਦੇ ਪੁਲ ਕੋਲ ਚੈਕਿੰਗ ਕਰ ਰਹੀ ਸੀ।ਇਸ ਦੌਰਾਨ ਉੱਥੇ ਖੜ੍ਹੇ ਦੋ ਨੌਜਵਾਨਾਂ ਨੇ ਪੁਲਸ ਦੀ ਸਰਕਾਰੀ ਗੱਡੀ ਦੇਖ ਕੇ ਭੱਜਣ ਦੀ ਕੋਸ਼ਿਸ਼ ਕੀਤੀ।ਪੁਲਸ ਪਾਰਟੀ ਨੇ ਸ਼ੱਕ ਦੇ ਅਧਾਰ 'ਤੇ ਮੁਸਤੈਦੀ ਨਾਲ ਦੋਵਾਂ ਨੂੰ ਕਾਬੂ ਕਰ ਲਿਆ।ਤਲਾਸ਼ੀ ਦੌਰਾਨ ਉਨ੍ਹਾਂ ਕੋਲੋਂ 01 ਵਿਦੇਸ਼ੀ ਪਿਸਟਲ .30 ਬੋਰ (ਬਰੇਟਾ) ਸਮੇਤ 02 ਰੌਂਦ ਤੇ 01 ਵਿਦੇਸ਼ੀ ਪਿਸਟਲ (ਗਲੋਕ) 9 ਐੱਮ.ਐੱਮ. ਸਮੇਤ 02 ਜ਼ਿੰਦਾ ਰੌਂਦ ਬਰਾਮਦ ਹੋਏ।



ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਉਪਜਿੰਦਰ ਸਿੰਘ ਉਰਫ਼ ਗਗਨਾ (ਵਾਸੀ ਪਿੰਡ ਪੰਜਗਰਾਈਂ ਕਲਾਂ, ਫ਼ਰੀਦਕੋਟ) ਤੇ ਤਲਵਿੰਦਰ ਸਿੰਘ ਉਰਫ਼ ਹੈਪੀ (ਵਾਸੀ ਪਿੰਡ ਕਰਮਗੜ੍ਹ, ਜ਼ਿਲ੍ਹਾ ਬਰਨਾਲਾ) ਵਜੋਂ ਹੋਈ ਹੈ।ਸ਼ੁਰੂਆਤੀ ਪੁੱਛਗਿੱਛ ਦੌਰਾਨ ਸਾਹਮਣੇ ਆਇਆ ਕਿ ਫੜੇ ਗਏ ਮੁਲਜ਼ਮਾਂ ਦੇ ਤਾਰ ਅਰਸ਼ ਡਾਲਾ ਗੈਂਗ ਨਾਲ ਜੁੜੇ ਹੋਏ ਹਨ।ਉਹ ਕੇਂਦਰੀ ਜੇਲ੍ਹ ਫ਼ਰੀਦਕੋਟ ਵਿੱਚ ਬੰਦ ਗੈਂਗਸਟਰ ਨਵਜੋਤ ਸਿੰਘ ਉਰਫ਼ ਨੀਟੂ ਦੇ ਸੰਪਰਕ ਵਿੱਚ ਸਨ।ਪੁਲਸ ਨੇ ਮੁਲਜ਼ਮ ਨੀਟੂ ਨੂੰ ਪ੍ਰੋਡਕਸ਼ਨ ਵਾਰੰਟ 'ਤੇ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ, ਜਿਸ ਦੌਰਾਨ ਕਈ ਹੋਰ ਅਹਿਮ ਖ਼ੁਲਾਸੇ ਹੋਣ ਦੀ ਉਮੀਦ ਹੈ।ਪੁਲਸ ਮੁਤਾਬਿਕ ਮੁਲਜ਼ਮਾਂ ਖ਼ਿਲਾਫ਼ ਥਾਣਾ ਸਦਰ ਕੋਟਕਪੂਰਾ ਵਿਖੇ ਅਸਲਾ ਐਕਟ ਤਹਿਤ ਮੁਕੱਦਮਾ ਨੰਬਰ 137 ਦਰਜ ਕੀਤਾ ਗਿਆ ਹੈ।ਫੜੇ ਗਏ ਦੋਵਾਂ ਮੁਲਜ਼ਮਾਂ ਤੇ ਜੇਲ੍ਹ 'ਚ ਬੰਦ ਨੀਟੂ ਖ਼ਿਲਾਫ਼ ਪਹਿਲਾਂ ਵੀ ਅਸਲਾ ਐਕਟ ਤੇ ਨਸ਼ਾ ਤਸਕਰੀ ਵਰਗੇ ਕ੍ਰਿਮੀਨਲ ਰਿਕਾਰਡ ਤਹਿਤ ਸੰਗੀਨ ਮਾਮਲੇ ਦਰਜ ਹਨ।

ਇਸ ਸਫ਼ਲ ਆਪ੍ਰੇਸ਼ਨ ਨੂੰ ਜੋਗੇਸ਼ਵਰ ਸਿੰਘ ਗੋਰਾਇਆ ਐੱਸ.ਪੀ (ਇਨਵੈਸਟੀਗੇਸ਼ਨ) ਤੇ ਅਵਤਾਰ ਸਿੰਘ ਡੀ.ਐੱਸ.ਪੀ (ਇਨਵੈਸਟੀਗੇਸ਼ਨ) ਦੀ ਸਿੱਧੀ ਸੁਪਰਵੀਜ਼ਨ ਹੇਠ ਸੀ.ਆਈ.ਏ. ਸਟਾਫ਼ ਦੇ ਇੰਚਾਰਜ ਇੰਸਪੈਕਟਰ ਅਮਰਿੰਦਰ ਸਿੰਘ ਦੀਆਂ ਟੀਮਾਂ ਵੱਲੋਂ ਅੰਜਾਮ ਦਿੱਤਾ ਗਿਆ, ਜਿਨ੍ਹਾਂ ਦੀ ਕਾਰਗੁਜ਼ਾਰੀ ਦੀ ਉੱਚ ਅਧਿਕਾਰੀਆਂ ਵੱਲੋਂ ਸ਼ਲਾਘਾ ਕੀਤੀ ਗਈ ਹੈ।

## ਪਤੀ ਦੇ ਨਜਾਇਜ਼ ਸੰਬੰਧਾਂ ਤੋਂ ਦੁਖੀ ਹੋ ਕੇ ਪਤਨੀ ਨੇ ਕੀਤੀ ਖੁਦਕੁਸ਼ੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਥਾਣਾ ਕੁੱਲਗੜ੍ਹੀ ਅਧੀਨ ਆਉਂਦੇ ਪਿੰਡ ਵਲੂਰ ਵਿਖੇ ਇਕ ਵਿਆਹੁਤਾ ਵੱਲੋਂ ਆਪਣੇ ਪਤੀ ਦੇ ਕਿਸੇ ਔਰਤ ਨਾਲ ਨਾਜਾਇਜ਼ ਸਬੰਧਾਂ ਤੋਂ ਦੁਖੀ ਹੋ ਕੇ ਉਸ ਵੱਲੋਂ ਪੱਖੇ ਨਾਲ ਚੁੰਨੀ ਬੰਨ੍ਹ ਕੇ ਫਾਹਾ ਲੈ ਕੇ ਖੁਦਕੁਸ਼ੀ ਕਰਨ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਕੁੱਲਗੜ੍ਹੀ ਪੁਲਸ ਨੇ ਔਰਤ ਦੇ ਪਤੀ ਸਮੇਤ ਦੋ ਖਿਲਾਫ 103, 3 (5) ਬੀਐੱਨਐੱਸ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਤਾਰਾ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਪਿੰਡ ਵਲੂਰ ਨੇ ਦੱਸਿਆ ਕਿ ਉਸ ਦੀ ਪੁੱਤਰੀ ਅਨਮੋਲਪ੍ਰੀਤ ਕੌਰ, ਜਿਸ ਦਾ ਵਿਆਹ ਉਡੀਕ ਸਿੰਘ ਪੁੱਤਰ ਸੁਖਚੈਨ ਸਿੰਘ ਵਾਸੀ ਪਿੰਡ ਵਲੂਰ ਨਾਲ ਹੋਇਆ ਸੀ। ਤਾਰਾ ਸਿੰਘ ਨੇ ਦੱਸਿਆ ਕਿ ਉਡੀਕ ਸਿੰਘ ਦੇ ਬਾਹਰ ਕਿਸੇ ਹੋਰ ਔਰਤ ਨਾਲ ਨਾਜਾਇਜ਼ ਸਬੰਧ ਸੀ, ਜਿਸ ਤੋਂ ਦੁਖੀ ਹੋ ਕੇ ਉਸ ਦੀ ਲੜਕੀ ਅਨਮੋਲਪ੍ਰੀਤ ਕੌਰ (25 ਸਾਲ) ਵੱਲੋਂ ਪੱਖੇ ਨਾਲ ਚੁੰਨੀ ਬੰਨ੍ਹ ਕੇ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ ਗਈ। ਇਸ ਮਾਮਲੇ ਦੀ ਜਾਂਚ ਕਰ ਰਹੇ ਇੰਸਪੈਕਟਰ ਜਸਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਵਿਆਹੁਤਾ ਔਰਤ ਦੇ ਪਤੀ ਉਡੀਕ ਸਿੰਘ ਤੇ ਤੀਰਥ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਪਿੰਡ ਝੋਕ ਹਰੀਹਰ ਖਿਲਾਫ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

## ਮੰਦਰ ਯਾਦਗਾਰ ਵਿਖੇ ਭੰਡਾਰਾ ਅੱਜ

**ਦੋਰਾਹਾ (ਹਰਮਿੰਦਰ ਸੇਠ)**-ਪੂਜਨੀਕ ਬਾਬਾ ਕੂੜਾ ਮੱਲ, ਰੁਲੀਆ ਰਾਮ ਤੇ ਸਾਵਣ ਮੱਲ (ਲੱਲ ਕਲਾਂ ਵਾਲਿਆਂ) ਦੀ ਪਵਿੱਤਰ ਯਾਦ ਵਿੱਚ ਨੀਲੋਂ ਪੁਲ ਨੇੜੇ ਸਥਿਤ ਮੰਦਰ ਯਾਦਗਾਰ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਾਲਾਨਾ ਭੰਡਾਰਾ 21 ਜੂਨ ਐਤਵਾਰ ਨੂੰ ਸ਼ਰਧਾ ਭਾਵਨਾ ਨਾਲ ਕਰਵਾਇਆ ਜਾਵੇਗਾ।ਇਸ ਸਬੰਧੀ ਜਾਣਕਾਰੀ ਦਿੰਦਿਆਂ ਆਨੰਦ ਪਰਿਵਾਰ ਦੇ ਮੈਂਬਰਾਂ ਨੇ ਦੱਸਿਆ ਕਿ ਇਹ ਭੰਡਾਰਾ ਆਪਣੇ ਬਜ਼ੁਰਗਾਂ ਦੀ ਯਾਦ ਨੂੰ ਸਮਰਪਤ ਹੁੰਦਾ ਹੈ, ਜਿਸ ਨੂੰ ਹਰ ਸਾਲ ਪੂਰੇ ਸਤਿਕਾਰ ਤੇ ਸ਼ਰਧਾ ਨਾਲ ਕੀਤਾ ਜਾਂਦਾ ਹੈ।ਪਰਿਵਾਰਕ ਮੈਂਬਰਾਂ ਨੇ ਇਲਾਕੇ ਦੀ ਸੰਗਤ ਨੂੰ ਅਪੀਲ ਕੀਤੀ ਕਿ ਉਹ ਵੱਧ ਚੜ੍ਹ ਕੇ ਇਸ ਧਾਰਮਿਕ ਸਮਾਗਮ ਵਿੱਚ ਸ਼ਾਮਲ ਹੋਣ, ਮਹਾਂਪੁਰਖਾਂ ਦਾ ਅਸ਼ੀਰਵਾਦ ਪ੍ਰਾਪਤ ਕਰਨ ਤੇ ਲੰਗਰ ਦਾ ਪ੍ਰਸਾਦ ਗ੍ਰਹਿਣ ਕਰਨ।

# ਫਾਸ਼ੀਵਾਦੀ ਹਮਲਿਆਂ ਵਿਰੋਧੀ ਫਰੰਟ ਵੱਲੋਂ ਮੋਦੀ ਸਰਕਾਰ ਖ਼ਿਲਾਫ਼ ਪ੍ਰਦਰਸ਼ਨ ਭਲਕੇ

**ਮਾਨਸਾ (ਆਤਮਾ ਸਿੰਘ ਪਮਾਰ)**

ਫਾਸ਼ੀਵਾਦੀ ਹਮਲਿਆਂ ਵਿਰੋਧੀ ਫਰੰਟ ਪੰਜਾਬ ਵੱਲੋਂ ਮੋਦੀ ਸਰਕਾਰ ਦੀਆਂ ਦੇਸ਼ ਵਿਰੋਧੀ ਤੇ ਲੋਕ ਵਿਰੋਧੀ ਨੀਤੀਆਂ ਖ਼ਿਲਾਫ਼ 22 ਜੂਨ ਨੂੰ ਸੂਬਾ ਪੱਧਰ 'ਤੇ ਜੋ ਵਿਰੋਧ ਪ੍ਰਦਰਸ਼ਨ ਕੀਤੇ ਜਾ ਰਹੇ ਹਨ, ਉਸ ਦਿਨ ਮਾਨਸਾ ਵਿਖੇ ਵੀ ਸ਼ਹਿਰ 'ਚ ਰੈਲੀ ਤੇ ਵਿਰੋਧ ਪ੍ਰਦਰਸ਼ਨ ਕੀਤਾ ਜਾਵੇਗਾ।ਸਥਾਨਕ ਬਾਬਾ ਬੂਝਾ ਸਿੰਘ ਯਾਦਗਾਰੀ ਭਵਨ ਵਿਖੇ ਹੋਈ ਫਰੰਟ ਦੀ ਜ਼ਿਲ੍ਹਾ ਪੱਧਰੀ ਮੀਟਿੰਗ ਪਿੱਛੋਂ ਸੀਪੀਆਈ ਐੱਮ ਐੱਲ ਲਿਬਰੇਸ਼ਨ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਸੁਰਿੰਦਰ ਪਾਲ ਸ਼ਰਮਾ, ਸੀਪੀਆਈ ਦੇ ਜ਼ਿਲ੍ਹਾ ਸਕੱਤਰ ਕ੍ਰਿਸ਼ਨ ਚੌਹਾਨ ਤੇ ਆਰ ਐੱਮ ਪੀ ਆਈ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਲਾਲ ਚੰਦ ਵੱਲੋਂ ਜਾਰੀ ਇੱਕ ਬਿਆਨ 'ਚ ਦੱਸਿਆ ਗਿਆ ਕਿ 22 ਜੂਨ ਨੂੰ ਸਵੇਰੇ 10 ਵਜੇ ਆਗੂ ਤੇ ਵਰਕਰ ਵੱਡੀ ਗਿਣਤੀ 'ਚ ਗੁਰਦੁਆਰਾ ਚੌਕ ਵਿਖੇ ਇੱਕਠੇ ਹੋ ਕੇ ਜਲਸਾ ਕਰਨ ਤੋਂ ਬਾਅਦ ਸ਼ਹਿਰ ਦੇ ਬਾਜ਼ਾਰਾਂ 'ਚ ਮੋਦੀ ਸਰਕਾਰ ਖ਼ਿਲਾਫ਼ ਜੋਸ਼ੀਲਾ ਮੁਜ਼ਾਹਰਾ ਕਰਨਗੇ, ਜੋ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਦੇ ਬੁੱਤ ਕੋਲ ਸਮਾਪਤ ਹੋਵੇਗਾ। ਇਨ੍ਹਾਂ ਰੋਸ ਪ੍ਰਦਰਸ਼ਨਾਂ ਰਾਹੀਂ ਕਮਿਊਨਿਸਟ ਪਾਰਟੀਆਂ ਖੇਤੀ ਤੇ ਪ੍ਰਚੂਨ ਖੇਤਰ ਨੂੰ ਤਬਾਹ ਕਰਨ ਵਾਲੇ ਵਪਾਰ ਸਮਝੌਤੇ ਨੂੰ ਰੱਦ ਕਰਨ, ਬੇਰੁਜ਼ਗਾਰੀ ਤੇ ਪੇਪਰ ਲੀਕ ਰਾਹੀਂ ਨੌਜਵਾਨਾਂ ਦੇ ਭਵਿੱਖ ਨੂੰ ਬਰਬਾਦ ਕਰਨ ਲਈ ਮੁੱਖ ਜ਼ਿੰਮੇਵਾਰ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਨੂੰ ਬਰਖ਼ਾਸਤ ਕਰਨ, ਸਾਰੀਆਂ ਖੇਤੀ ਜਿਣਸਾਂ ਦੀ ਐੱਮ ਐੱਸ ਪੀ ਉਤੇ ਖਰੀਦ ਦੀ ਗਾਰੰਟੀ ਕਰਨ, ਚਾਰ ਕਿਰਤ ਕੋਡਾਂ ਦੀ ਬਜਾਏ ਰੱਦ ਕੀਤੇ ਕਿਰਤ ਕਾਨੂੰਨ ਬਹਾਲ ਕਰਨ,



ਕੇਂਦਰ ਸਰਕਾਰ ਵੱਲੋਂ ਸੂਬਿਆਂ ਦੀ ਖ਼ੁਦਮੁਖਤਾਰੀ ਦੇ ਕੀਤੇ ਜਾ ਰਹੇ ਘਾਣ ਨੂੰ ਬੰਦ ਕਰਨ, ਚੰਡੀਗੜ੍ਹ ਨੂੰ ਪੰਜਾਬ ਦਾ ਹਵਾਲੇ ਕੀਤੇ ਜਾਣ, ਸੂਬੇ ਦੇ ਦਰਿਆਈ ਪਾਣੀਆਂ ਦੀ ਵੰਡ ਰੀਪੇਅਰੀਅਨ ਅਸੂਲ ਦੀ ਅਧਾਰ 'ਤੇ ਕੀਤੇ ਜਾਣ, ਪੰਜਾਬੀ ਬੋਲੀ ਨੂੰ ਦੇਸ਼ 'ਚ ਬਣਦਾ ਸਥਾਨ ਦਿੱਤੇ ਜਾਣ, ਪੰਜਾਬ ਦੇ ਡੈਮਾਂ ਤੇ ਹੈੱਡਵਰਕਸਾਂ ਦਾ ਕੰਟਰੋਲ ਪੰਜਾਬ ਦੇ ਹਵਾਲੇ ਕਰਨ, ਘੱਟੋ ਘੱਟ ਉਜ਼ਰਤ 26 ਹਜ਼ਾਰ ਰੁਪਏ ਪ੍ਰਤੀ ਮਹੀਨਾ ਤੇ ਕੰਮ ਦਿਹਾੜੀ ਕਾਨੂੰਨ 8 ਘੰਟੇ ਦੀ ਲਾਗੂ ਕੀਤੇ ਜਾਣ ਅਤੇ ਬਿਨਾਂ ਮੁਕੱਦਮਾ ਚਲਾਏ ਸਾਲਾਂ ਤੋਂ ਜੇਲ੍ਹਾਂ 'ਚ ਬੰਦ ਤੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਾਰੇ ਕੈਦੀਆਂ ਨੂੰ ਤੁਰੰਤ ਰਿਹਾਅ ਕੀਤੇ ਜਾਣ ਵਰਗੇ ਮੁੱਦੇ ਉਠਾਏ ਜਾਣਗੇ।ਮੀਟਿੰਗ 'ਚ ਕਾਮਰੇਡ ਰਾਜਵਿੰਦਰ ਸਿੰਘ ਰਾਣਾ, ਰਤਨ ਭੋਲਾ, ਅਮਰੀਕ ਸਿੰਘ ਫਫੜੇ, ਬੂਟਾ ਸਿੰਘ ਬਰਨਾਲਾ, ਗੁਰਸੇਵਕ ਸਿੰਘ ਮਾਨ ਬੀਬੜੀਆਂ ਵੀ ਹਾਜ਼ਰ ਸਨ।

## ਕਾਤਰਾਂ

### ਗੁਰੂ ਰਵਿਦਾਸ ਜੀ 'ਤੇ ਚੌਥਾ ਅਕਾਦਮਿਕ ਸੈਮੀਨਾਰ ਅੱਜ

**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਬਾਣੀ ਵਿਚਾਰ ਚੇਤਨਾ ਮੰਚ ਪੰਜਾਬ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ 'ਤੇ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਕਰਾਏ ਜਾ ਰਹੇ ਸੈਮੀਨਾਰਾਂ ਦੀ ਲੜੀ ਵਿੱਚ ਚੌਥਾ ਸੈਮੀਨਾਰ 21 ਜੂਨ ਨੂੰ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੇ ਪਿੰਡ ਪੰਜੋਲੀ ਵਿਖੇ ਪੰਥ ਰਤਨ ਗੁਰਚਰਨ ਸਿੰਘ ਟੌਹੜਾ ਯਾਦਗਾਰੀ ਭਵਨ ਵਿੱਚ ਕਰਵਾਇਆ ਜਾ ਰਿਹਾ ਹੈ।ਇਸ ਬਾਰੇ ਜਾਣਕਾਰੀ ਦਿੰਦਿਆਂ ਮੰਚ ਦੇ ਮੁੱਖ ਸਰਪ੍ਰਸਤ ਬਲਵਿੰਦਰ ਸਿੰਘ ਜਾਤੀਵਾਲ, ਸੂਬਾ ਪ੍ਰਧਾਨ ਗੁਰਨਾਮ ਸਿੰਘ ਅਕੀਦਾ, ਸੀਨੀਅਰ ਮੀਤ ਪ੍ਰਧਾਨ ਡਾ. ਗੁਰਮੀਤ ਸਿੰਘ ਕੱਲਰਮਾਜਰੀ, ਸੈਮੀਨਾਰ ਕੋਆਰਡੀਨੇਟਰ ਨਿਰਭੈ ਸਿੰਘ ਰੁੜਕੀ ਨੇ ਕਿਹਾ ਕਿ ਇਸ ਸੈਮੀਨਾਰ 'ਚ ਮੁੱਖ ਮਹਿਮਾਨ ਵਜੋਂ ਮਹਾਰਾਜਾ ਭੁਪਿੰਦਰਾ ਸਿੰਘ ਸਪੋਰਟਸ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਪੁਸ਼ਪਿੰਦਰ ਸਿੰਘ ਕੁੰਜੀਵਤ ਭਾਸ਼ਣ ਦੇਣਗੇ।ਪ੍ਰਬੁੱਧ ਵਿਦਵਾਨ ਸ੍ਰੀ ਨਵਜੇਤ ਗੜ੍ਹਦੀਵਾਲ ਮੁੱਖ ਅਕਾਦਮਿਕ ਖੋਜ ਭਰਪੂਰ ਪੇਪਰ ਪੜ੍ਹਨਗੇ।ਇਸ ਵੇਲੇ ਵਿਸ਼ੇਸ਼ ਮਹਿਮਾਨ ਵਜੋਂ ਮੈਂਬਰ ਐੱਸ ਜੀ ਪੀ ਸੀ ਕਰਨੈਲ ਸਿੰਘ ਪੰਜੋਲੀ ਪੁੱਜਣਗੇ ਤੇ ਸੈਮੀਨਾਰ ਦੀ ਪ੍ਰਧਾਨਗੀ ਬਲਵਿੰਦਰ ਸਿੰਘ ਜਾਤੀਵਾਲ ਕਰਨਗੇ। ਸੈਮੀਨਾਰ ਕੋਆਰਡੀਨੇਟਰ ਨਿਰਭੈ ਸਿੰਘ ਰੁੜਕੀ ਨੇ ਕਿਹਾ ਕਿ ਇਹ ਸੈਮੀਨਾਰ ਸਵੇਰੇ 10 ਵਜੇ ਤੋਂ 2 ਵਜੇ ਤੱਕ ਚੱਲੇਗਾ।ਇਸ ਵਿੱਚ ਸਾਰਿਆਂ ਨੂੰ ਆਉਣ ਦਾ ਖੁੱਲ੍ਹਾ ਸੱਦਾ ਹੈ।

### ਖ਼ੂਨੀ ਝੜਪ ਦੌਰਾਨ ਚੱਲੀ ਗੋਲੀ, ਇੱਕ ਜ਼ਖ਼ਮੀ

**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਸਰਹੱਦੀ ਵਿਧਾਨ ਸਭਾ ਹਲਕਾ ਗੁਰੂ ਹਰਸਹਾਏ ਦੇ ਪਿੰਡ ਡੋਡ ਥਾਣਾ ਲੱਖੋ ਕੇ ਬਹਿਰਾਮ ਵਿਖੇ ਗੋਲੀ ਚੱਲਣ ਦਾ ਮਾਮਲਾ ਸਾਹਮਣੇ ਆਇਆ ਹੈ।ਜਾਣਕਾਰੀ ਅਨੁਸਾਰ ਗੁਰਦੀਪ ਸਿੰਘ ਯੂਪੀ ਵਾਲੇ ਤੇ ਵਕੀਲ ਸਿੰਘ ਪੁੱਤਰ ਵੀਰ ਸਿੰਘ ਵਾਸੀ ਪਿੰਡ ਡੋਡ ਦੋਨਾਂ ਧਿਰਾਂ ਵਿਚਕਾਰ ਕਿਸੇ ਗੱਲ ਨੂੰ ਲੈ ਕੇ ਲੜਾਈ ਝਗੜਾ ਹੋਇਆ ਤੇ ਇਸ ਦੌਰਾਨ ਹੋਈ ਫਾਇਰਿੰਗ ਦੌਰਾਨ ਵਕੀਲ ਸਿੰਘ ਨਾਂ ਦੇ ਵਿਅਕਤੀ ਦੇ ਗੋਲੀ ਲੱਗੀ।ਇਸ ਘਟਨਾ ਨੂੰ ਲੈ ਕੇ ਥਾਣਾ ਲੱਖੋ ਕੇ ਬਹਿਰਾਮ ਦੀ ਪੁਲਸ ਜਾਂਚ ਵਿਚ ਜੁਟ ਗਈ ਹੈ।

### ਆਰਮੀ 'ਚ ਨੌਕਰੀ ਲਗਾਉਣ ਦਾ ਝਾਂਸਾ ਦੇ ਕੇ 1.15 ਲੱਖ ਠੱਗੇ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਮਮਦੋਟ ਵਿਖੇ ਇਕ ਵਿਅਕਤੀ ਨੂੰ ਆਰਮੀ ਵਿੱਚ ਨੌਕਰੀ ਲਗਵਾਉਣ ਦਾ ਝਾਂਸਾ ਦੇ ਕੇ ਉਸ ਨਾਲ 1 ਲੱਖ 15 ਹਜ਼ਾਰ ਰੁਪਏ ਠੱਗੀ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਥਾਣਾ ਮਮਦੋਟ ਪੁਲਸ ਨੇ ਇਕ ਵਿਅਕਤੀ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਗੁਰਦੀਪ ਸਿੰਘ ਨੇ ਦੱਸਿਆ ਕਿ ਦਰਖਾਸਤ ਨੰਬਰ 631570 ਯੂਆਈਡੀ ਮਿਤੀ 30 ਜੁਲਾਈ 2025 ਨੂੰ ਬਾਜ ਸਿੰਘ ਪੁੱਤਰ ਗੁਰਬਚਨ ਸਿੰਘ ਵਾਸੀ ਪਿੰਡ ਪਾਲੀ ਵਾਲਾ ਤਹਿ. ਜਲਾਲਾਬਾਦ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਅਮਨਦੀਪ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਪਿੰਡ ਸੈਦੇ ਕੇ ਨੌਲ ਨੇ ਉਸ ਨੂੰ ਆਰਮੀ ਵਿੱਚ ਨੌਕਰੀ ਲਗਵਾਉਣ ਦਾ ਝਾਂਸਾ ਦੇ ਕੇ 1 ਲੱਖ 15 ਹਜ਼ਾਰ ਰੁਪਏ ਦੀ ਠੱਗੀ ਮਾਰੀ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਗੁਰਦੀਪ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਮਨਦੀਪ ਸਿੰਘ ਖਿਲਾਫ ਮਾਮਲਾ ਦਰਜ ਕਰ ਲਿਆ ਹੈ ਤੇ ਅੱਗੇ ਦੀ ਕਾਰਵਾਈ ਜਾਰੀ ਹੈ।

## ਅਮਲਾ ਸਿੰਘ ਵਾਲਾ 'ਚ ਮਾਮੂਲੀ ਤਕਰਾਰ ਨੂੰ ਲੈ ਕੇ 5 ਨੌਜਵਾਨਾਂ 'ਤੇ ਜਾਨਲੇਵਾ ਹਮਲਾ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਅਮਲਾ ਸਿੰਘ ਵਾਲਾ ਵਿਖੇ ਮਾਮੂਲੀ ਤਕਰਾਰ ਨੂੰ ਲੈ ਕੇ 5 ਨੌਜਵਾਨਾਂ ਉੱਪਰ ਇੱਕ ਦਰਜਨ ਤੋਂ ਵੱਧ ਨੌਜਵਾਨਾਂ ਨੇ ਕ੍ਰਿਪਾਨਾਂ, ਰਾੜਾਂ ਤੇ ਹੋਰ ਹਥਿਆਰਾਂ ਨਾਲ ਹਮਲਾ ਕਰਕੇ ਗੰਭੀਰ ਰੂਪ 'ਚ ਜ਼ਖ਼ਮੀ ਕਰ ਦੇਣ ਦਾ ਸਮਾਚਾਰ ਮਿਲਿਆ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਜ਼ੇਰੇ ਇਲਾਜ ਰਾਜਵੀਰ ਸਿੰਘ ਪੁੱਤਰ ਜਗਤਾਰ ਸਿੰਘ ਵਾਸੀ ਅਮਲਾ ਸਿੰਘ ਵਾਲਾ ਨੇ ਦੱਸਿਆ ਕਿ ਇੱਕ ਨੌਜਵਾਨ ਦਾ ਫੋਨ 'ਤੇ ਗੱਲਾਂ ਕਰਦੇ ਸਮੇਂ ਕਿਸੇ ਦੂਸਰੇ ਨੌਜਵਾਨ ਨਾਲ ਤਕਰਾਰ ਹੋ ਗਿਆ, ਜਿਸ ਤੋਂ ਬਾਅਦ ਹਰਪ੍ਰੀਤ ਸਿੰਘ, ਹਰਦੀਪ ਸਿੰਘ, ਹਰਪ੍ਰੀਤ ਸਿੰਘ ਸੁਖਵੰਤ ਸਿੰਘ ਵਾਸੀ ਸਾਰੇ ਅਮਲਾ ਸਿੰਘ ਵਾਲਾ ਦਾਣਾ ਮੰਡੀ ਵਿਖੇ ਮਸਲਾ ਸੁਲਝਾਉਣ ਗਏ ਸੀ, ਜਿੱਥੇ ਉਕਤ ਨੌਜਵਾਨ ਨੇ ਬਾਹਰੋਂ ਹੋਰ ਦਰਜਨ ਦੇ ਕਰੀਬ ਨੌਜਵਾਨ ਬੁਲਾ ਲਏ, ਜਿਨ੍ਹਾਂ ਲੋਹੇ ਦੀਆਂ ਰਾੜਾਂ ਉੱਪਰ ਮੋਟਰਸਾਈਕਲ ਦੀਆਂ ਗਰਾਰੀਆਂ, ਕ੍ਰਿਪਾਨਾਂ ਤੇ ਹੋਰ ਮਾਰੂ ਹਥਿਆਰਾਂ ਨਾਲ ਹਮਲਾ ਕਰ ਦਿੱਤਾ, ਜਦ ਅਸੀਂ ਬਚਾਓ ਲਈ ਉੱਚੀ ਉੱਚੀ ਰੌਲਾ ਪਾਇਆ ਤਾਂ ਉਕਤ ਹਮਲਾਵਰ ਮੌਕੇ ਤੋਂ ਭੱਜ ਗਏ, ਜਿਸ ਤੋਂ ਬਾਅਦ ਸਾਨੂੰ ਸਾਡੇ ਪਰਿਵਾਰਕ ਮੈਂਬਰਾਂ ਨੇ ਸਿਵਲ ਹਸਪਤਾਲ ਬਰਨਾਲਾ ਵਿਖੇ ਇਲਾਜ ਲਈ ਦਾਖਲ ਕਰਵਾਇਆ, ਜਿੱਥੇ ਡਾਕਟਰਾਂ ਨੇ ਹਰਪ੍ਰੀਤ ਸਿੰਘ ਪੁੱਤਰ ਅਵਤਾਰ ਸਿੰਘ ਦੀ ਹਾਲਤ ਗੰਭੀਰ ਦੇਖਦਿਆਂ ਉਸ ਨੂੰ ਮੁੱਢਲੀ ਸਹਾਇਤਾ ਦੇ ਕੇ ਬਠਿੰਡਾ ਏਮਜ਼ ਹਸਪਤਾਲ ਰੈਫਰ ਕਰ ਦਿੱਤਾ।ਇਸ ਤੋਂ ਇਲਾਵਾ ਹਰਦੀਪ ਸਿੰਘ, ਹਰਪ੍ਰੀਤ ਸਿੰਘ, ਸੁਖਵੰਤ ਸਿੰਘ ਦੇ ਵੀ ਕਾਫੀ ਸੱਟਾਂ ਹਨ, ਜਿਨ੍ਹਾਂ ਦਾ ਇਲਾਜ ਸਿਵਲ ਹਸਪਤਾਲ ਬਰਨਾਲਾ ਵਿਖੇ ਚੱਲ ਰਿਹਾ ਹੈ।ਥਾਣਾ ਠੁੱਲੀਵਾਲ ਦੇ ਏ ਐੱਸ ਆਈ ਜਸਵਿੰਦਰ ਸਿੰਘ ਨੇ ਦੱਸਿਆ ਕਿ ਜ਼ਖਮੀਆਂ ਦੇ ਬਿਆਨਾਂ ਦੇ ਆਧਾਰ 'ਤੇ ਹਮਲਾਵਰਾਂ ਖਿਲਾਫ ਵੱਖ-ਵੱਖ ਧਰਾਵਾਂ ਤਹਿਤ ਕੇਸ ਦਰਜ ਕਰ ਲਿਆ ਹੈ।



# ਮੁਲਾਜ਼ਮ ਤੇ ਪੈਨਸ਼ਨਰ ਵਿਰੋਧੀ ਨੀਤੀਆਂ ਖ਼ਿਲਾਫ਼ ਸਾਂਝੇ ਫਰੰਟ ਵੱਲੋਂ ਤਿੱਖੇ ਸੰਘਰਸ਼ ਦਾ ਐਲਾਨ

- ਆਪ ਵਿਧਾਇਕਾਂ ਦੇ ਘਰਾਂ ਮੂਹਰੇ ਰੋਸ ਰੈਲੀਆਂ ਕਰਕੇ ਭੰਨੇ ਜਾਣਗੇ ਘੜੇ
- ਸਾਂਝਾ ਫਰੰਟ ਵੱਲੋਂ ਫਰੀਦਕੋਟ ਵਿਖੇ ਵਿਸ਼ਾਲ ਜ਼ਿਲ੍ਹਾ ਪੱਧਰੀ ਕਨਵੈਨਸ਼ਨ



**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੱਖਾਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਲੰਬੇ ਸਮੇਂ ਤੋਂ ਲਟਕ ਰਹੀਆਂ ਹੱਕੀ ਤੇ ਜਾਇਜ਼ ਮੰਗਾਂ ਪ੍ਰਤੀ ਧਾਰਨ ਕੀਤੇ ਅੜੀਅਲ ਰਵੱਈਏ ਖ਼ਿਲਾਫ਼ ਰੋਸ ਪ੍ਰਗਟ ਕਰਨ ਲਈ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ ਸੰਘਰਸ਼ ਦਾ ਬਿਗਲ ਵਜਾ ਦਿੱਤਾ ਗਿਆ ਹੈ।ਐਕਸ਼ਨ ਪ੍ਰੋਗਰਾਮ ਤਹਿਤ ਅੱਜ ਫਰੀਦਕੋਟ ਦੇ ਸਥਾਨਕ ਮਹਾਤਮਾ ਗਾਂਧੀ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਵਿਖੇ ਇੱਕ ਵਿਸ਼ਾਲ ਜ਼ਿਲ੍ਹਾ ਪੱਧਰੀ ਕਨਵੈਂਸ਼ਨ ਕੀਤੀ ਗਈ, ਜਿਸ ਵਿੱਚ ਸੈਂਕੜੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਸ਼ਮੂਲੀਅਤ ਕੀਤੀ।ਕਨਵੈਂਸ਼ਨ ਦੇ ਪ੍ਰਧਾਨਗੀ ਮੰਡਲ ਵਿੱਚ ਵੱਖ-ਵੱਖ ਜਥੇਬੰਦੀਆਂ ਦੇ ਪ੍ਰਮੁੱਖ ਆਗੂ ਪ੍ਰੇਮ ਚਾਵਲਾ, ਜਤਿੰਦਰ ਕੁਮਾਰ, ਇੰਦਰਜੀਤ ਸਿੰਘ ਖੀਵਾ, ਨਵਪ੍ਰੀਤ ਸਿੰਘ, ਬਲਕਾਰ ਸਿੰਘ ਸਹੋਤਾ, ਇੰਦਰਜੀਤ ਸਿੰਘ ਗਿੱਲ, ਕੁਲਵੰਤ ਸਿੰਘ ਚਾਨੀ, ਕੁਲਵਿੰਦਰ ਸਿੰਘ ਮੌੜ, ਸਿਮਰਜੀਤ ਸਿੰਘ ਬਰਾੜ, ਗੁਰਪ੍ਰੀਤ ਸਿੰਘ ਰੰਧਾਵਾ, ਜਗਤਾਰ ਸਿੰਘ ਗਿੱਲ, ਵੀਰ ਇੰਦਰਜੀਤ ਸਿੰਘ ਪੁਰੀ, ਜਸਪਾਲ ਸਿੰਘ (ਪੁਲਸ ਇੰਸਪੈਕਟਰ), ਸਰਬਜੀਤ ਸਿੰਘ (ਬਿਜਲੀ ਬੋਰਡ) ਤੇ ਪ੍ਰਿੰਸੀਪਲ ਕ੍ਰਿਸ਼ਨ ਲਾਲ ਸ਼ਾਮਲ ਸਨ।

ਕਨਵੈਂਸ਼ਨ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਬੁਲਾਰਿਆਂ ਨੇ ਭਗਵੰਤ ਮਾਨ ਸਰਕਾਰ 'ਤੇ ਤਿੱਖੇ ਹਮਲੇ ਕੀਤੇ।ਉਨ੍ਹਾਂ ਦੋਸ਼ ਲਾਇਆ ਕਿ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਹੱਲ ਕਰਨ ਦੇ ਮਾਮਲੇ ਵਿੱਚ ਇਹ ਸਰਕਾਰ ਪਿਛਲੀਆਂ ਸਾਰੀਆਂ ਹੁਕਮਰਾਨ ਸਰਕਾਰਾਂ ਨਾਲੋਂ ਵੀ ਨਖਿੱਧ ਸਾਬਿਤ ਹੋਈ ਹੈ ਤੇ ਆਉਣ ਵਾਲਾ ਸਮਾਂ ਆਮ ਆਦਮੀ ਪਾਰਟੀ ਨੂੰ ਕਦੇ ਮੁਆਫ਼ ਨਹੀਂ ਕਰੇਗਾ।

ਕਨਵੈਂਸ਼ਨ ਵਿੱਚ ਗਰਜ਼ਦੇ ਹੋਏ ਨਾਹਰਿਆਂ ਦੀ ਗੂੰਜ ਦਰਮਿਆਨ ਐਲਾਨ ਕੀਤਾ ਗਿਆ ਕਿ ਸਰਕਾਰ ਦੇ ਕੰਨ ਖੋਲ੍ਹਣ ਲਈ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਦੇ ਘਰਾਂ ਸਾਹਮਣੇ ਘੜੇ ਭੰਨ ਕੇ ਪਿੱਟ-ਸਿਆਪਾ ਕੀਤਾ ਜਾਵੇਗਾ।ਇਸ ਤਹਿਤ 11 ਜੁਲਾਈ ਨੂੰ ਫਰੀਦਕੋਟ ਤੋਂ 'ਆਪ' ਵਿਧਾਇਕ ਗੁਰਦਿੱਤ ਸਿੰਘ ਸੇਖੋਂ ਦੀ ਰਿਹਾਇਸ਼ ਸਾਹਮਣੇ ਰੋਸ ਰੈਲੀ।9 ਅਗਸਤ ਨੂੰ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੀ ਪਿੰਡ ਸੰਧਵਾਂ ਸਥਿਤ ਰਿਹਾਇਸ਼ ਅੱਗੇ ਪ੍ਰਦਰਸ਼ਨ।20 ਅਗਸਤ ਨੂੰ ਜੈਤੋ ਹਲਕੇ ਦੇ ਵਿਧਾਇਕ ਅਮੋਲਕ ਸਿੰਘ ਦੀ ਰਿਹਾਇਸ਼ ਸਾਹਮਣੇ ਘੜੇ ਭੰਨ ਮੁਜ਼ਾਹਰਾ ਕੀਤਾ ਜਾਵੇਗਾ।ਕਨਵੈਂਸ਼ਨ ਦੇ ਅਖੀਰ ਵਿੱਚ ਪੈਨਸ਼ਨਰ ਆਗੂ ਇੰਦਰਜੀਤ ਸਿੰਘ ਖੀਵਾ ਨੇ ਸਮੂਹ ਹਾਜ਼ਰੀਨ ਨੂੰ ਖੜ੍ਹੇ ਕਰਵਾ ਕੇ ਸਹੁੰ ਚੁਕਾਈ ਕਿ ਆਉਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਮੁਲਾਜ਼ਮ ਤੇ ਪੈਨਸ਼ਨਰ ਆਮ ਆਦਮੀ ਪਾਰਟੀ ਨੂੰ ਵੋਟਾਂ ਨਹੀਂ ਪਾਉਣਗੇ ਤੇ ਇਸ ਹੰਕਾਰੀ ਸਰਕਾਰ ਨੂੰ ਪੰਜਾਬ ਦੀ ਸੱਤਾ ਤੋਂ ਲਾਂਭੇ ਕਰਕੇ ਸਬਕ ਸਿਖਾਉਣਗੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸੋਮ ਨਾਥ ਅਰੋੜਾ, ਮਨੋਹਰ ਸਿੰਘ ਧੁੰਨਾ, ਅਜੀਤ ਸਿੰਘ ਖਾਲਸਾ, ਸੂਰਤ ਸਿੰਘ ਮਾਹਲਾ, ਬਿਕਰਮ ਸਿੰਘ ਢਿੱਲੋਂ (ਪ੍ਰਧਾਨ ਮਨਿਸਟੀਰੀਅਲ ਸਟਾਫ਼ ਸਿਹਤ ਵਿਭਾਗ), ਅਮੀ ਚੰਦ (ਨਗਰ ਕੌਂਸਲ), ਬਿਸ਼ਨ ਕੁਮਾਰ ਅਰੋੜਾ, ਪ੍ਰਦੀਪ ਸਿੰਘ ਬਰਾੜ, ਪ੍ਰਿੰਸੀਪਲ ਗੁਰਦੀਪ ਕੌਰ, ਇੰਜੀਨੀਅਰ ਜੀਤ ਸਿੰਘ, ਉਪਿੰਦਰ ਸਿੰਘ, ਰਾਜ ਧਾਲੀਵਾਲ, ਅਮਰਜੀਤ ਸਿੰਘ ਵਾਲੀਆ, ਇਕਬਾਲ ਸਿੰਘ (ਪੰਜਾਬ ਪੁਲਸ), ਸੁਰਜੀਤ ਸਿੰਘ, ਹਰਿੰਦਰ ਸਿੰਘ, ਇੰਦਰਜੀਤ ਸਿੰਘ, ਕੁਲਵੰਤ ਸਿੰਘ ਜੌਹਲ, ਹਾਕਮ ਸਿੰਘ (ਪੰਜਾਬ ਪੁਲਸ), ਰਮੇਸ਼ ਕੌਸ਼ਲ, ਪਰਮਜੀਤ ਸਿੰਘ ਪੰਮਾ, ਸੁਖਮੰਦਰ ਸਿੰਘ ਸੰਧਵਾਂ, ਮਦਨ ਲਾਲ ਲੈਕਚਰਾਰ, ਮਲਕੀਤ ਸਿੰਘ ਭਾਣਾ, ਸੁਖਦਰਸ਼ਨ ਸਿੰਘ ਗਿੱਲ ਤੇ ਗੁਰਿੰਦਰ ਸਿੰਘ ਮਣੀ ਆਦਿ ਆਗੂ ਵੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

## ਟਰੱਕ ਤੇ ਦੋ ਕਾਰਾਂ ਦੀ ਟੱਕਰ, ਗੰਭੀਰ ਜ਼ਖ਼ਮੀ ਮਜ਼ਦੂਰ ਪੀ ਜੀ ਆਈ ਰੈਫ਼ਰ



**ਰਾਏਕੋਟ (ਸੰਤੋਖ ਗਿੱਲ)**-ਰਾਜੋਆਨਾ ਕਲਾਂ ਦੇ ਇੱਟ ਭੱਠੇ 'ਤੇ ਕੰਮ ਕਰਨ ਵਾਲੇ ਦਰਜਨ ਮਜ਼ਦੂਰਾਂ ਨੂੰ ਉੱਤਰ ਪ੍ਰਦੇਸ਼ ਦੇ ਸਾਂਵਲੀ ਪਿੰਡ ਨੂੰ ਵਾਪਸ ਛੱਡਣ ਜਾ ਰਹੇ ਟਰੱਕ ਦੀ ਸ਼ਹਿਰ ਦੇ ਤਾਜਪੁਰ ਚੌਕ ਵਿੱਚ ਦੋ ਕਾਰਾਂ ਨਾਲ ਟੱਕਰ ਵਿੱਚ ਇਕ ਮਜ਼ਦੂਰ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ, ਜਿਸ ਨੂੰ ਪੀ.ਜੀ.ਆਈ. ਚੰਡੀਗੜ੍ਹ ਰੈਫ਼ਰ ਕਰ ਦਿੱਤਾ ਗਿਆ ਹੈ।ਥਾਣਾ ਰਾਏਕੋਟ ਸ਼ਹਿਰੀ ਦੀ ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ। ਟਰੱਕ ਡਰਾਈਵਰ ਇਮਰਾਨ ਤੇ ਮਜ਼ਦੂਰ ਧਰਮਿੰਦਰ ਨੇ ਦੱਸਿਆ ਕਿ ਪਿੰਡ ਰਾਜੋਆਨਾ ਕਲਾਂ ਦੇ ਭੱਠੇ 'ਤੇ ਕੰਮ ਕਰਨ ਵਾਲੇ 12 ਪ੍ਰਵਾਸੀ ਮਜ਼ਦੂਰ ਵਾਪਸ ਜਾ ਰਹੇ ਸਨ।ਤਾਜਪੁਰ ਚੌਕ ਵਿੱਚ ਸਾਹਮਣੇ ਤੋਂ ਆ ਰਹੀ ਸਵਿਫ਼ਟ ਕਾਰ ਨੂੰ ਬਚਾਉਂਦਿਆਂ ਬੇਕਾਬੂ ਹੋ ਕੇ ਟਰੱਕ ਚੌਕ ਵਿੱਚ ਦੁਕਾਨਾਂ ਨਾਲ ਜਾ ਟਕਰਾਇਆ।

ਇਸੇ ਦੌਰਾਨ ਇੱਕ ਮਹਿੰਦਰਾ ਐਕਸ.ਯੂ.ਵੀ. 700 ਕਾਰ ਵੀ ਹਾਦਸੇ ਦੀ ਲਪੇਟ ਵਿੱਚ ਆ ਗਈ। ਹਾਦਸੇ ਦੌਰਾਨ ਟਰੱਕ ਵਿੱਚ ਬੈਠਾ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ, ਜਿਸ ਨੂੰ ਲੁਧਿਆਣਾ ਦੇ ਸਿਵਲ ਹਸਪਤਾਲ ਲਿਜਾਇਆ ਗਿਆ, ਜਿੱਥੋਂ ਹਾਲਤ ਨਾਜ਼ੁਕ ਹੋਣ ਕਾਰਨ ਚੰਡੀਗੜ੍ਹ ਦੇ ਪੀ.ਜੀ.ਆਈ. ਰੈਫ਼ਰ ਕਰ ਦਿੱਤਾ ਗਿਆ।ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਤਾਜਪੁਰ ਚੌਕ 'ਤੇ ਪਹਿਲਾਂ ਵੀ ਕਈ ਹਾਦਸੇ ਵਾਪਰ ਚੁੱਕੇ ਹਨ।ਲੋਕਾਂ ਨੇ ਪ੍ਰਸ਼ਾਸਨ ਤੋਂ ਇੱਥੇ ਸੁਰੱਖਿਆ ਪ੍ਰਬੰਧ ਤੇ ਟ੍ਰੈਫ਼ਿਕ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਯਕੀਨੀ ਬਣਾਉਣ ਦੀ ਮੰਗ ਕੀਤੀ ਹੈ।

# ਸ਼੍ਰੋਮਣੀ ਅਕਾਲੀ ਦਲ ਵੱਲੋਂ ਪਾਰਟੀ ਦੇ ਬੀ ਐੱਲ ਏ ਨਾਲ ਮੀਟਿੰਗ



**ਜਗਰਾਉਂ (ਨਛੱਤਰ ਸੰਧੂ)-ਸ਼੍ਰੋਮਣੀ ਅਕਾਲੀ ਦਲ ਦੇ ਕੋਰ ਕਮੇਟੀ ਮੈਂਬਰ ਤੇ ਸਾਬਕਾ ਵਿਧਾਇਕ ਐੱਸ. ਆਰ. ਕਲੇਰ ਦੀ** ਅਗਵਾਈ ਹੇਠ ਹਲਕੇ ਦੇ ਬੀ.ਐੱਲ.ਏ. ਨਾਲ ਇੱਕ ਭਰਵੀਂ ਮੀਟਿੰਗ ਕੀਤੀ ਗਈ।ਮੀਟਿੰਗ ਵਿੱਚ ਵੱਡੀ ਗਿਣਤੀ ਵਿੱਚ ਪਾਰਟੀ ਆਗੂਆਂ ਤੇ ਵਰਕਰਾਂ ਨੇ ਸ਼ਮੂਲੀਅਤ ਕੀਤੀ।ਇਸ ਮੌਕੇ ਐੱਸ. ਆਰ. ਕਲੇਰ ਨੇ ਬੂਥ ਪੱਧਰ 'ਤੇ ਸੰਗਠਨ ਨੂੰ ਹੋਰ ਮਜ਼ਬੂਤ ਕਰਨ ਤੇ ਬੀ.ਐੱਲ.ਏ. ਨੂੰ ਆਪਣੀਆਂ ਜ਼ਿੰਮੇਵਾਰੀਆਂ ਪੂਰੀ ਤਨਦੇਹੀ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ।ਉਨ੍ਹਾਂ ਕਿਹਾ ਕਿ ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਹੋਰ ਮਜ਼ਬੂਤ ਬਣਾਉਣ ਲਈ ਹਰ ਵਰਕਰ ਦੀ ਅਹਿਮ ਭੂਮਿਕਾ ਹੈ।ਮੀਟਿੰਗ ਦੌਰਾਨ ਐੱਸ.ਜੀ.ਪੀ.ਸੀ. ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਵੀ ਆਪਣੇ ਵਿਚਾਰ ਸਾਂਝੇ ਕਰਦਿਆਂ ਪਾਰਟੀ ਦੀ ਮਜ਼ਬੂਤੀ ਤੇ ਆਉਣ ਵਾਲੀਆਂ ਗਤੀਵਿਧੀਆਂ ਸਬੰਧੀ ਵਰਕਰਾਂ ਨੂੰ ਇਕਜੁੱਟ ਹੋ ਕੇ ਕੰਮ ਕਰਨ ਦਾ ਸੱਦਾ ਦਿੱਤਾ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀਆਂ ਨੀਤੀਆਂ ਤੇ ਸਿਧਾਂਤਾਂ ਨੂੰ ਘਰ-ਘਰ ਤੱਕ ਪਹੁੰਚਾਉਣ ਲਈ ਹਰ ਵਰਕਰ ਨੂੰ ਸਰਗਰਮ ਭੂਮਿਕਾ ਨਿਭਾਉਣੀ ਚਾਹੀਦੀ ਹੈ।ਇਸ ਮੌਕੇ ਸਾਬਕਾ ਚੇਅਰਮੈਨ ਦੀਦਾਰ ਸਿੰਘ ਮਲਕ, ਕੌਂਸਲਰ ਦਵਿੰਦਰਜੀਤ ਸਿੰਘ ਸਿੱਧੂ, ਸੀਨੀਅਰ ਅਕਾਲੀ ਆਗੂ ਹਰੀ ਸਿੰਘ ਕਾਉਂਕੇ, ਸੀਨੀਅਰ ਅਕਾਲੀ ਆਗੂ ਦੀਪਇੰਦਰ ਸਿੰਘ ਭੰਡਾਰੀ, ਪ੍ਰਧਾਨ ਹਰਦੇਵ ਸਿੰਘ ਬੋਬੀ, ਸੀਨੀਅਰ ਯੂਥ ਆਗੂ ਸੰਦੀਪ ਸਿੰਘ ਮੱਲ੍ਹਾ, ਸਰਕਲ ਪ੍ਰਧਾਨ ਸ਼ਿਵਰਾਜ ਸਿੰਘ, ਸਰਕਲ ਪ੍ਰਧਾਨ ਰਣਧੀਰ ਸਿੰਘ ਚਕਰ, ਸਰਕਲ ਪ੍ਰਧਾਨ ਪਰਮਿੰਦਰ ਸਿੰਘ ਚੀਮਾ, ਸਰਕਲ ਪ੍ਰਧਾਨ ਸਰਪ੍ਰੀਤ ਸਿੰਘ ਕਾਉਂਕੇ, ਸਰਕਲ ਪ੍ਰਧਾਨ ਕੁਲਦੀਪ ਸਿੰਘ ਗਿੱਦੜਵਿੰਡੀ, ਸਰਕਲ ਪ੍ਰਧਾਨ ਮਨਦੀਪ ਸਿੰਘ ਗਾਲਿਬ, ਸਰਕਲ ਪ੍ਰਧਾਨ ਤਜਿੰਦਰਪਾਲ ਸਿੰਘ ਕੰਨੀਆ, ਸਰਕਲ ਪ੍ਰਧਾਨ ਚਰਨਜੀਤ ਸਿੰਘ ਚੀਨੂ, ਪ੍ਰਧਾਨ ਸਤਪਾਲ ਕੌਰ ਗਰੇਵਾਲ, ਆਈਟੀ ਵਿੰਗ ਹਲਕਾ ਪ੍ਰਧਾਨ ਸੁਖਦੇਵ ਸਿੰਘ ਜੱਗਾ, ਆਈਟੀ ਵਿੰਗ ਕੋਆਰਡੀਨੇਟਰ ਗੁਰਪ੍ਰੀਤ ਸਿੰਘ ਬੱਸੂਵਾਲ, ਸੀਨੀਅਰ ਅਕਾਲੀ ਆਗੂ ਸਤਨਾਮ ਸਿੰਘ ਬੱਸੂਵਾਲ, ਪੱਲੇਦਾਰ ਯੂਨੀਅਨ ਦੇ ਸੂਬਾ ਪ੍ਰਧਾਨ ਅਵਤਾਰ ਸਿੰਘ ਬਿੱਲਾ, ਪ੍ਰਧਾਨ ਬੂਟਾ ਸਿੰਘ ਭੰਮੀਪੁਰਾ, ਪ੍ਰਧਾਨ ਗੁਰਤੇਜ ਸਿੰਘ ਚੀਮਾ, ਗੋਪਾਲ ਸਿੰਘ ਨੰਬਰਦਾਰ, ਪ੍ਰਧਾਨ ਰੇਸ਼ਮ ਸਿੰਘ ਮਾਣੂੰਕੇ, ਮਨਜੀਤ ਸਿੰਘ ਫੌਜੀ, ਸਤਨਾਮ ਸਿੰਘ ਜਗਰਾਉਂ, ਕਮਲਦੀਪ ਸਿੰਘ ਜਗਰਾਉਂ, ਮਿੰਟੂ ਸਵੱਦੀ, ਸੁਰਿੰਦਰ ਸਿੰਘ ਪਰਜੀਆਂ ਬਿਹਾਰੀਪੁਰ, ਪ੍ਰਧਾਨ ਕੇਵਲ ਸਿੰਘ ਹਠੂਰ, ਪ੍ਰਧਾਨ ਚੇਤਨਜੀਤ ਸਿੰਘ ਚਕਰ, ਹਰਪਾਲ ਸਿੰਘ ਹਠੂਰ, ਪ੍ਰਧਾਨ ਗੁਰਕੀਰਤ ਸਿੰਘ ਚੀਮਾ, ਲਖਵੀਰ ਸਿੰਘ ਭਮੀਪੁਰਾ, ਪ੍ਰਧਾਨ ਸੁਖਪ੍ਰੀਤ ਸਿੰਘ ਜਗਰਾਉਂ, ਪ੍ਰਧਾਨ ਸ਼ੌਕਤ ਅਲੀ ਤੋਂ ਇਲਾਵਾ ਹੋਰ ਕਈ ਅਕਾਲੀ ਆਗੂ ਤੇ ਵਰਕਰ ਸਾਹਿਬਾਨ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

## ਆਸਰਾ ਕਾਲਜ 'ਚ ਇਲੈਕਟ੍ਰੀਕਲ ਇੰਜੀਨੀਅਰਿੰਗ ਦੇ ਕੋਰਸ ਸ਼ੁਰੂ

**ਭਵਾਨੀਗੜ੍ਹ (ਰਾਜ ਖੁਰਮੀ)**-ਪਟਿਆਲਾ-ਸੰਗਰੂਰ ਨੈਸ਼ਨਲ ਹਾਈਵੇ 'ਤੇ ਸਥਿਤ ਆਸਰਾ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਨੇ ਤਕਨੀਕੀ ਸਿੱਖਿਆ ਦੇ ਖੇਤਰ ਵਿੱਚ ਇਕ ਹੋਰ ਅਹਿਮ ਕਦਮ ਚੁੱਕਦਿਆਂ ਸਾਲ 2026-27 ਤੋਂ ਡਿਪਲੋਮਾ ਇਨ ਇਲੈਕਟ੍ਰੀਕਲ ਇੰਜੀਨੀਅਰਿੰਗ ਤੇ ਬੀ. ਟੈੱਕ. ਇਨ ਇਲੈਕਟ੍ਰੀਕਲ ਇੰਜੀਨੀਅਰਿੰਗ ਦੇ ਨਵੇਂ ਕੋਰਸ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ।ਸੰਸਥਾ ਵੱਲੋਂ ਇਹ ਕੋਰਸ ਵਿਦਿਆਰਥੀਆਂ ਨੂੰ ਆਧੁਨਿਕ ਤਕਨੀਕੀ ਸਿੱਖਿਆ ਦੇ ਨਾਲ-ਨਾਲ ਰੋਜ਼ਗਾਰ ਦੇ ਬਿਹਤਰ ਮੌਕੇ ਪ੍ਰਦਾਨ ਕਰਨ ਦੇ ਮੰਤਵ ਨਾਲ ਸ਼ੁਰੂ ਕੀਤੇ ਜਾ ਰਹੇ ਹਨ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸੰਸਥਾ ਦੇ ਚੇਅਰਮੈਨ ਡਾ. ਆਰ. ਕੇ. ਗੋਇਲ ਨੇ ਦੱਸਿਆ ਕਿ ਇਹ ਕੋਰਸ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ, ਪੰਜਾਬ ਸਟੇਟ ਬੋਰਡ ਆਫ਼ ਟੈਕਨੀਕਲ ਐਜੂਕੇਸ਼ਨ, ਚੰਡੀਗੜ੍ਹ ਅਤੇ ਆਲ ਇੰਡੀਆ ਕੌਂਸਲ ਫਾਰ ਟੈਕਨੀਕਲ ਐਜੂਕੇਸ਼ਨ (ਏਆਈਸੀਟੀਈ) ਨਵੀਂ ਦਿੱਲੀ ਤੋਂ ਮਾਨਤਾ ਪ੍ਰਾਪਤ ਹਨ।ਉਨ੍ਹਾਂ ਕਿਹਾ ਕਿ ਇਲੈਕਟ੍ਰੀਕਲ ਇੰਜੀਨੀਅਰਿੰਗ ਵਰਗੇ ਖੇਤਰ ਵਿੱਚ ਮਾਹਰਾਂ ਦੀ ਵੱਧ ਰਹੀ ਮੰਗ ਨੂੰ ਦੇਖਦਿਆਂ ਇਹ ਕੋਰਸ ਵਿਦਿਆਰਥੀਆਂ ਲਈ ਸੁਨਹਿਰੀ ਮੌਕਾ ਸਾਬਿਤ ਹੋਣਗੇ।

ਉਨ੍ਹਾਂ ਦੱਸਿਆ ਕਿ ਆਸਰਾ ਕਾਲਜ ਆਫ਼ ਇੰਜੀਨੀਅਰਿੰਗ ਵਿੱਚ ਪਹਿਲਾਂ ਤੋਂ ਹੀ ਐੱਮ.ਟੈੱਕ, ਬੀ.ਟੈੱਕ ਤੇ ਡਿਪਲੋਮਾ ਪੱਧਰ 'ਤੇ ਕੰਪਿਊਟਰ, ਮਕੈਨੀਕਲ, ਇਲੈਕਟ੍ਰਾਨਿਕਸ ਤੇ ਸਿਵਲ ਇੰਜੀਨੀਅਰਿੰਗ ਦੇ ਕੋਰਸ ਸਫ਼ਲਤਾਪੂਰਵਕ ਚਲਾਏ ਜਾ ਰਹੇ ਹਨ।ਇਸ ਤੋਂ ਇਲਾਵਾ ਪੈਰਾ-ਮੈਡੀਕਲ ਖੇਤਰ ਦੇ ਬੀ.ਪੀ.ਟੀ., ਬੀ.ਐੱਸ.ਸੀ. ਆਪ੍ਰੇਸ਼ਨ ਥੀਏਟਰ, ਮੈਡੀਕਲ ਲੈਬ ਸਾਇੰਸ ਤੇ ਰੇਡੀਓਲੋਜੀ ਸਮੇਤ ਕਈ ਕੋਰਸ ਵੀ ਵਿਦਿਆਰਥੀਆਂ ਦੀ ਪਹਿਲੀ ਪਸੰਦ ਬਣੇ ਹੋਏ ਹਨ।

# ਪ੍ਰਵਾਸੀ ਭਾਰਤੀ ਔਰਤ ਦੇ ਘਰ ਨੂੰ ਚੋਰਾਂ ਨੇ ਚਾਰ ਦਿਨਾਂ 'ਚ ਦੂਜੀ ਵਾਰ ਲੁੱਟਿਆ, ਪਿੰਡ 'ਚ ਡਰ ਦਾ ਮਾਹੌਲ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਵਜੀਦਕੇ ਖੁਰਦ ਵਿਖੇ ਅਣਪਛਾਤਿਆਂ ਵੱਲੋਂ ਇੱਕ ਪ੍ਰਵਾਸੀ ਭਾਰਤੀ ਔਰਤ ਧਰਮਿੰਦਰ ਕੌਰ ਪੁੱਤਰੀ ਸੇਵਾ ਸਿੰਘ ਦੇ ਘਰ ਨੂੰ ਚਾਰ ਦਿਨਾਂ ਦੇ ਅੰਦਰ ਹੀ ਦੂਜੀ ਵਾਰ ਨਿਸ਼ਾਨਾ ਬਣਾਉਣ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ਕਾਰਨ ਇਲਾਕੇ ਵਿੱਚ ਕਾਫੀ ਡਰ ਦਾ ਮਾਹੌਲ ਬਣ ਗਿਆ ਹੈ।ਇਸ ਘਰ ਵਿੱਚ ਛੁੱਟੀਆਂ ਕੱਟਣ ਆਈ ਧਰਮਿੰਦਰ ਕੌਰ ਦੀ ਛੋਟੀ ਭੈਣ ਜਗਜੀਵਨ ਕੌਰ ਨੇ ਦੱਸਿਆ ਕਿ ਪਹਿਲਾਂ 16-17 ਜੂਨ ਦੀ ਰਾਤ ਨੂੰ ਚੋਰਾਂ ਨੇ ਕੰਧ ਟੱਪ ਕੇ ਤੇ ਖਿੜਕੀ ਦੇ ਸ਼ੀਸ਼ੇ ਤੋੜ ਕੇ 40 ਹਜ਼ਾਰ ਰੁਪਏ ਨਕਦ ਤੇ ਚਾਂਦੀ ਦੇ ਗਹਿਣੇ ਚੋਰੀ ਕਰ ਲਏ ਸਨ, ਜਿਸ ਦੀ ਸ਼ਿਕਾਇਤ ਠੁੱਲੀਵਾਲ ਪੁਲਸ ਨੂੰ ਕੀਤੀ ਗਈ ਸੀ, ਪਰ ਪੁਲਸ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ।



ਇਸ ਘਟਨਾ ਤੋਂ ਬਾਅਦ ਉਹ ਬਹੁਤ ਡਰ ਗਈ ਤੇ ਰਾਤ ਨੂੰ ਆਪਣੇ ਗੁਆਂਢੀਆਂ ਦੇ ਘਰ ਸੌਣ ਲੱਗ ਪਈ। ਬੀਤੀ ਵੀਰਵਾਰ ਦੀ ਰਾਤ ਨੂੰ ਚੋਰਾਂ ਨੇ ਸੁੰਨੇ ਘਰ ਦਾ ਫਾਇਦਾ ਚੁੱਕਦਿਆਂ ਦੁਬਾਰਾ ਧਾਵਾ ਬੋਲ ਦਿੱਤਾ ਤੇ ਜਦੋਂ ਅੱਜ ਸਵੇਰੇ ਜਗਜੀਵਨ ਕੌਰ ਆਪਣੇ ਘਰ ਵਾਪਸ ਆਈ ਤਾਂ ਉਸ ਨੇ ਦੇਖਿਆ ਕਿ ਦੋਵੇਂ ਕਮਰਿਆਂ ਦੇ ਜਿੰਦੇ ਟੁੱਟੇ ਹੋਏ ਸਨ ਤੇ ਸਾਰਾ ਸਾਮਾਨ ਖਿੱਲਰਿਆ ਪਿਆ ਸੀ।ਉਨ੍ਹਾਂ ਦੱਸਿਆ ਕਿ ਚੋਰ ਘਰ ਦੀਆਂ ਚਾਬੀਆਂ ਤੇ ਇਕ ਪੁਰਾਣਾ ਮੋਬਾਈਲ ਫੋਨ ਵੀ ਲੈ ਗਏ।ਇਸ ਲਗਾਤਾਰ ਦੂਜੀ ਘਟਨਾ ਤੋਂ ਬਾਅਦ ਪੀੜਤ ਪਰਵਾਰ ਨੇ ਪੁਲਸ ਤੋਂ ਮੰਗ ਕੀਤੀ ਹੈ ਕਿ ਇਨ੍ਹਾਂ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਵਿਅਕਤੀਆਂ ਨੂੰ ਤੁਰੰਤ ਕਾਬੂ ਕੀਤਾ ਜਾਵੇ।ਥਾਣਾ ਠੁੱਲੀਵਾਲ ਦੇ ਮੁੱਖ ਅਫ਼ਸਰ ਗੁਰਪਾਲ ਸਿੰਘ ਨੇ ਪੁਲਸ ਪਾਰਟੀ ਸਮੇਤ ਮੌਕੇ 'ਤੇ ਪਹੁੰਚ ਕੇ ਸਾਰੇ ਹਾਲਾਤ ਦਾ ਜਾਇਜ਼ਾ ਲਿਆ ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਰੋਸਾ ਦਿਵਾਇਆ ਕਿ ਇਸ ਚੋਰੀ ਦੀ ਘਟਨਾ ਨੂੰ ਅੰਜਾਮ ਦੇਣ ਵਾਲੇ ਦੋਸ਼ੀਆਂ ਦੀ ਜਲਦ ਹੀ ਪਛਾਣ ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।ਇਸ ਮੌਕੇ ਮੁਹਤਬਰ ਦਾਰਾ ਸਿੰਘ, ਨੰਬਰਦਾਰ ਦਵਿੰਦਰ ਸਿੰਘ ਵਜੀਦਕੇ, ਨਛੱਤਰ ਸਿੰਘ, ਸਾਹਬ ਸਿੰਘ ਪੱਪੂ ਆਦਿ ਨੇ ਕਿਹਾ ਕਿ ਇਸ ਘਟਨਾ ਕਾਰਨ ਪਿੰਡ 'ਚ ਡਰ ਦਾ ਮਾਹੌਲ ਹੈ।ਉਨ੍ਹਾਂ ਐੱਸ.ਐੱਸ.ਪੀ. ਬਰਨਾਲਾ ਤੋਂ ਮੰਗ ਕੀਤੀ ਕਿ ਦੋਸ਼ੀਆਂ ਖਿਲਾਖ਼ ਸਖ਼ਤ ਕਾਰਵਾਈ ਕਰ ਕੇ ਇਸ ਪਰਵਾਰ ਤੇ ਪਿੰਡ ਦੇ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ।

# ਐੱਸ ਕੇ ਐੱਮ ਵੱਲੋਂ ਮੋਦੀ ਸਰਕਾਰ ਨੂੰ ਭਾਰਤ-ਅਮਰੀਕਾ ਖੁੱਲ੍ਹੇ ਵਪਾਰਕ ਸਮਝੌਤੇ 'ਤੇ ਦਸਤਖਤ ਨਾ ਕਰਨ ਦੀ ਚੇਤਾਵਨੀ

- 28 ਜੁਲਾਈ ਨੂੰ ਨਵੀਂ ਦਿੱਲੀ 'ਚ ਐੱਸ ਕੇ ਐੱਮ ਦੀ ਆਲ ਇੰਡੀਆ ਕਨਵੈਨਸ਼ਨ
- 29 ਜੁਲਾਈ ਨੂੰ ਟਾਲਕਟੋਰਾ ਸਟੇਡੀਅਮ 'ਚ ਐੱਸ ਕੇ ਐੱਮ ਤੇ ਸੀ ਟੀ ਯੂ ਦੀ ਕੌਮੀ ਮਜ਼ਦੂਰ-ਕਿਸਾਨ ਕਨਵੈਨਸ਼ਨ

**ਲੁਧਿਆਣਾ (ਐੱਮ ਐੱਸ ਭਾਟੀਆ)**

ਨਵੀਂ ਦਿੱਲੀ 'ਚ ਹੋਈ ਐੱਸਕੇਐੱਮ ਦੀ ਕੌਮੀ ਕੌਂਸਲ ਮੀਟਿੰਗ ਨੇ ਮੋਦੀ ਸਰਕਾਰ ਨੂੰ ਅਮਰੀਕਾ ਨਾਲ ਖੁੱਲ੍ਹੇ ਵਪਾਰਕ ਸਮਝੌਤੇ 'ਤੇ ਦਸਤਖਤ ਕਰਨ ਖਿਲਾਫ ਚੇਤਾਵਨੀ ਦਿੱਤੀ ਹੈ।ਕਿਸਾਨਾਂ ਨੂੰ ਸੱਦਾ ਦਿੱਤਾ ਕਿ ਜੇ ਕੇਂਦਰ ਸਰਕਾਰ ਭਾਰਤ-ਅਮਰੀਕਾ ਖੁੱਲ੍ਹੇ ਵਪਾਰਕ ਸਮਝੌਤੇ 'ਤੇ ਦਸਤਖਤ ਕਰਦੀ ਹੈ ਤਾਂ ਅਗਲੇ ਦਿਨ ਵੱਡਾ ਵਿਰੋਧ ਸ਼ੁਰੂ ਕੀਤਾ ਜਾਵੇਗਾ।ਵਿਰੋਧ ਦਾ ਰੂਪ ਤੇ ਥਾਂ ਸੰਬੰਧਤ ਸੂਬਾ ਤਾਲਮੇਲ ਕਮੇਟੀਆਂ ਦੇ ਮੈਂਬਰ ਤੇ ਮੈਂਬਰ ਜਥੇਬੰਦੀਆਂ ਤੈਅ ਕਰਨਗੀਆਂ।ਮੀਟਿੰਗ 'ਚ ਫੈਸਲਾ ਹੋਇਆ ਕਿ ਦੇਸ਼ ਭਰ ਦੇ ਕਿਸਾਨ ਸੰਘਰਸ਼ ਤੇਜ਼ ਕਰਨ, ਜਦ ਤੱਕ ਕੇਂਦਰ ਸਰਕਾਰ ਸੀ 2+50% 'ਤੇ ਐੱਮ ਐੱਸ ਪੀ ਦਾ ਕਾਨੂੰਨ ਗਰੰਟੀ ਖਰੀਦ ਨਾਲ ਨਹੀਂ ਬਣਾਉਂਦੀ, ਵੱਖ-ਵੱਖ ਖੁੱਲ੍ਹੇ ਵਪਾਰਕ ਸਮਝੌਤੇ ਰੱਦ ਨਹੀਂ ਕਰਦੀ ਤੇ ਪੂਰਾ ਕਰਜ਼ਾ ਮੁਆਫੀ ਨਹੀਂ ਕਰਦੀ।9 ਅਗਸਤ 'ਭਾਰਤ ਛੱਡੋ ਦਿਵਸ' ਮੌਕੇ 'ਤੇ 10 ਅਗਸਤ 2026 ਨੂੰ ਵਿਰੋਧ ਦਿਵਸ ਮਨਾਇਆ ਜਾਵੇਗਾ।ਰੇਲ ਰੋਕੋ, ਰਸਤਾ ਰੋਕੋ, ਜੇਲ੍ਹ ਭਰੋ ਸਮੇਤ ਵੱਖ-ਵੱਖ ਸੰਘਰਸ਼ ਹੋਣਗੇ।ਐਕਸ਼ਨ ਦਾ ਰੂਪ ਸੂਬਾ ਤਾਲਮੇਲ ਕਮੇਟੀਆਂ ਤੇ ਐੱਸਕੇਐੱਮ ਦੀਆਂ ਮੈਂਬਰ ਜਥੇਬੰਦੀਆਂ ਤੈਅ ਕਰਨਗੀਆਂ।

ਮੀਟਿੰਗ ਨੇ ਮੋਦੀ ਸਰਕਾਰ ਦੀ ਨਿੰਦਾ ਕੀਤੀ, ਜਿਸ ਨੇ ਅਮਰੀਕੀ ਖੇਤੀ ਕੰਪਨੀਆਂ ਤੇ ਅਡਾਨੀ ਵਰਗੇ ਇਜ਼ਾਰੇਦਾਰਾਂ ਦੇ ਹਿੱਤ 'ਚ ਝੂਠਾ ਐੱਮ ਐੱਸ ਪੀ ਐਲਾਨਿਆ, ਖਰੀਦ ਸਿਸਟਮ ਤਬਾਹ ਕੀਤਾ ਤੇ ਐੱਫਸੀਆਈ ਦੇ ਗੋਦਾਮਾਂ-ਸਾਈਲੋ 'ਤੇ ਕਾਰਪੋਰੇਟ ਇਜ਼ਾਰੇਦਾਰੀ ਨੂੰ ਵਧਾਵਾ ਦਿੱਤਾ।ਐੱਸਕੇਐੱਮ ਯੂਰੀਆ, ਡੀਜ਼ਲ ਤੇ ਰਸੋਈ ਗੈਸ ਦੀਆਂ ਵਧਦੀਆਂ ਕੀਮਤਾਂ ਤੇ ਕਾਲਾਬਾਜ਼ਾਰੀ ਖਿਲਾਫ ਵਿਰੋਧ ਕਰੇਗਾ।ਮੀਟਿੰਗ ਨੇ ਸਾਲ 'ਚ 200 ਦਿਨ ਕੰਮ 600 ਰੁਪਏ ਦਿਹਾੜੀ 'ਤੇ ਰੁਜ਼ਗਾਰ ਗਰੰਟੀ ਤੇ ਪ੍ਰਵਾਸੀ ਮਜ਼ਦੂਰਾਂ ਦੀ ਘੱਟੋ-ਘੱਟ ਤਨਖਾਹ 26,000 ਰੁਪਏ ਕਰਨ ਦੀ ਮੰਗ ਦੁਹਰਾਈ।ਐੱਸਕੇਐੱਮ 28 ਜੁਲਾਈ ਨੂੰ ਨਵੀਂ ਦਿੱਲੀ 'ਚ ਆਲ ਇੰਡੀਆ ਕਨਵੈਨਸ਼ਨ ਕਰੇਗਾ ਤਾਂ ਜੋ ਅਗਲੇ ਪੜਾਅ ਦੀ ਮੁਹਿੰਮ ਦਾ ਐਲਾਨ ਹੋ ਸਕੇ।ਮਜ਼ਦੂਰਾਂ, ਖੇਤ ਮਜ਼ਦੂਰਾਂ, ਵਿਦਿਆਰਥੀਆਂ, ਨੌਜਵਾਨਾਂ ਨਾਲ ਤਾਲਮੇਲ ਕਰਕੇ ਏਕਤਾ ਬਣਾਈ ਜਾਵੇਗੀ।ਇਸ ਲਈ ਕੇਂਦਰੀ ਟਰੇਡ ਯੂਨੀਅਨਾਂ ਨਾਲ ਮਿਲ ਕੇ 29 ਜੁਲਾਈ 2026 ਨੂੰ ਟਾਲਕਟੋਰਾ ਸਟੇਡੀਅਮ, ਨਵੀਂ ਦਿੱਲੀ 'ਚ ਕੌਮੀ ਮਜ਼ਦੂਰ-ਕਿਸਾਨ ਕਨਵੈਨਸ਼ਨ ਹੋਵੇਗੀ।ਪਾਣੀ ਦੇ ਹੱਕਾਂ ਤੇ ਪਾਣੀ ਸੰਕਟ 'ਤੇ ਨਵੀਂ ਨੀਤੀ ਲਈ ਵਿਸ਼ੇਸ਼ ਮੀਟਿੰਗ ਹੋਵੇਗੀ।ਮੀਟਿੰਗ ਨੇ ਨੀਟ ਪੇਪਰ ਲੀਕ ਮਾਮਲੇ 'ਚ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦੇ ਅਸਤੀਫੇ ਦੀ ਮੰਗ ਵਾਲੇ ਵਿਦਿਆਰਥੀ ਅੰਦੋਲਨ ਦਾ ਸਮਰਥਨ ਕੀਤਾ।ਮੀਟਿੰਗ ਨੇ ਹਿਸਾਰ 'ਚ ਪਾਣੀ ਸੰਕਟ, ਛੋਸਰਾ-ਛਿੰਦਵਾੜਾ 'ਚ ਪ੍ਰਮਾਣੂ ਬਿਜਲੀ ਘਰ ਵਿਰੋਧੀ ਸੰਘਰਸ਼ ਤੇ ਓਡੀਸ਼ਾ 'ਚ ਜ਼ਮੀਨ ਐਕਵਾਇਰ ਖਿਲਾਫ ਆਦਿਵਾਸੀ ਸੰਘਰਸ਼ ਨੂੰ ਸਮਰਥਨ ਦਿੱਤਾ। ਮੀਟਿੰਗ ਦੀ ਪ੍ਰਧਾਨਗੀ ਹੰਨਾਨ ਮੁੱਲਾ, ਸਤਿਆਵਾਨ, ਰਾਜਨ ਖਿਰਸਾਗਰ, ਡਾ. ਦਰਸ਼ਨ ਪਾਲ, ਡਾ. ਸੁਨੀਲਮ, ਡਾ. ਆਸ਼ੀਸ਼ ਮਿੱਤਲ ਤੇ ਪ੍ਰੇਮ ਸਿੰਘ ਗਹਿਲਾਵਤ 'ਤੇ ਅਧਾਰਤ ਪ੍ਰਧਾਨਗੀ ਮੰਡਲ ਨੇ ਕੀਤੀ।ਰਮਿੰਦਰ ਸਿੰਘ ਪਟਿਆਲਾ ਨੇ ਸਵਾਗਤ ਕੀਤਾ ਤੇ ਪੀ. ਕ੍ਰਿਸ਼ਨਾਪ੍ਰਸਾਦ ਨੇ ਸਮਾਪਤੀ ਟਿੱਪਣੀ ਕੀਤੀ।

# ਨਜਾਇਜ਼ ਅਸਲੇ, ਨਸ਼ੀਲੀਆਂ ਗੋਲੀਆਂ ਤੇ ਕਾਰ ਸਮੇਤ 2 ਨਾਮੀ ਅਪਰਾਧੀ ਗ੍ਰਿਫ਼ਤਾਰ



**ਮਾਲੇਰਕੋਟਲਾ (ਅਸਗਰ ਪਰਿਹਾਰ)**

ਸ਼ਨੀਵਾਰ ਦੁਪਹਿਰ ਐੱਸ.ਐੱਸ.ਪੀ. ਮਾਲੇਰਕੋਟਲਾ ਗੁਰਮੀਤ ਸਿੰਘ ਨੇ ਆਪਣੇ ਦਫਤਰ ਵਿਖੇ ਬੁਲਾਈ ਪ੍ਰੈੱਸ ਕਾਨਫਰੰਸ ਦੌਰਾਨ ਮੀਡੀਆ ਨੂੰ ਜਾਣਕਾਰੀ ਦਿੰਦੇ ਦੱਸਿਆ ਕਿ ਜ਼ਿਲ੍ਹਾ ਪੁਲਸ ਵੱਲੋਂ ਮਾੜੇ ਅਨਸਰਾਂ ਤੇ ਨਸ਼ਾ ਤਸਕਰਾਂ ਖ਼ਿਲਾਫ਼ ਚਲਾਈ ਗਈ ਵਿਸ਼ੇਸ਼ ਮੁਹਿੰਮ ਤਹਿਤ ਦੋ ਵੱਖ-ਵੱਖ ਮਾਮਲਿਆਂ ਵਿੱਚ ਵੱਡੀ ਸਫ਼ਲਤਾ ਹਾਸਲ ਕੀਤੀ ਹੈ।ਪੁਲਸ ਨੇ ਮੁਖ਼ਬਰਾਂ ਦੀ ਪੱਕੀ ਇਤਲਾਹ 'ਤੇ ਕਾਰਵਾਈ ਕਰਦਿਆਂ 2 ਨਾਮੀ ਦੋਸ਼ੀਆਂ ਨੂੰ ਭਾਰੀ ਮਾਤਰਾ ਵਿੱਚ ਨਜਾਇਜ਼ ਅਸਲੇ, ਜ਼ਿੰਦਾ ਕਾਰਤੂਸਾਂ, ਨਸ਼ੀਲੀਆਂ ਗੋਲੀਆਂ ਤੇ ਇੱਕ ਸਵਿਫ਼ਟ ਕਾਰ ਸਮੇਤ ਗ੍ਰਿਫ਼ਤਾਰ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ ਹੈ।ਐੱਸ.ਐੱਸ.ਪੀ. ਗੁਰਮੀਤ ਸਿੰਘ ਨੇ ਦੱਸਿਆ ਕਿ ਥਾਣਾ ਸਦਰ ਅਹਿਮਦਗੜ੍ਹ ਅਧੀਨ ਆਉਂਦੀ ਚੌਕੀ ਜੋੜੇਪੁਲ ਦੇ ਇੰਚਾਰਜ ਏ.ਐੱਸ.ਆਈ. ਕੁਲਵੀਰ ਸਿੰਘ ਦੀ ਅਗਵਾਈ ਹੇਠ ਪੁਲਸ ਟੀਮ ਨੂੰ ਇਤਲਾਹ ਮਿਲੀ ਸੀ ਕਿ ਇੱਕ ਨੌਜਵਾਨ ਨਜਾਇਜ਼ ਅਸਲੇ ਸਮੇਤ ਘੁੰਮ ਰਿਹਾ ਹੈ।ਪੁਲਸ ਨੇ ਤੁਰੰਤ ਕਾਰਵਾਈ ਕਰਦਿਆਂ ਰੁੜਕੀ ਤੋਂ ਮੰਨਵੀ ਰੋਡ 'ਤੇ ਰੇਡ ਕਰਕੇ ਜਸਕਰਨ ਸਿੰਘ ਉਰਫ਼ ਘੋੜਾ ਪੁੱਤਰ ਜਰਨੈਲ ਸਿੰਘ ਵਾਸੀ ਪਿੰਡ ਭੈਣੀ ਖੁਰਦ (ਮੁਹੰਮਦ ਨਗਰ), ਥਾਣਾ ਅਮਰਗੜ੍ਹ ਨੂੰ ਕਾਬੂ ਕਰ ਲਿਆ।ਦੋਸ਼ੀ ਦੀ ਤਲਾਸ਼ੀ ਲੈਣ 'ਤੇ ਉਸ ਕੋਲੋਂ ਇੱਕ ਦੇਸੀ ਕੱਟਾ 315 ਬੋਰ (ਲੱਕੜ ਦੇ ਮੁੱਠੇ ਵਾਲਾ) ਤੇ ਖੱਬੇ ਪਾਸਿਓਂ ਇੱਕ ਪਿਸਤੌਲ 32 ਬੋਰ ਸਮੇਤ ਮੈਗਜ਼ੀਨ ਤੇ 2 ਜ਼ਿੰਦਾ ਰੌਂਦ ਬਰਾਮਦ ਹੋਏ।ਪੁੱਛਗਿੱਛ ਦੌਰਾਨ ਸਾਹਮਣੇ ਆਇਆ ਕਿ ਦੋਸ਼ੀ ਮਾਲੇਰਕੋਟਲਾ ਸ਼ਹਿਰ ਵਿੱਚ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਦੀ ਫ਼ਿਰਾਕ ਵਿੱਚ ਸੀ।ਇਸ ਖ਼ਿਲਾਫ਼ ਪਹਿਲਾਂ ਵੀ ਥਾਣਾ ਅਮਰਗੜ੍ਹ ਤੇ ਥਾਣਾ ਸਿਟੀ-1 ਮਾਲੇਰਕੋਟਲਾ ਵਿਖੇ ਵੱਖ-ਵੱਖ ਸੰਗੀਨ ਧਾਰਾਵਾਂ ਤਹਿਤ 2 ਮੁਕੱਦਮੇ ਦਰਜ ਹਨ।

ਦੂਜੇ ਮਾਮਲੇ ਦੀ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਐੱਸ.ਐੱਸ.ਪੀ. ਗੁਰਮੀਤ ਸਿੰਘ ਨੇ ਦੱਸਿਆ ਕਿ ਥਾਣਾ ਅਮਰਗੜ੍ਹ ਦੇ ਮੁੱਖ ਅਫ਼ਸਰ ਐੱਸ ਆਈ ਜਗਸੀਰ ਸਿੰਘ ਵੱਲੋਂ ਪਿੰਡ ਰਾਮਪੁਰ ਭਿੰਡਰਾਂ ਦੇ ਰਕਬੇ ਤੋਂ ਕਈ ਮੁਕੱਦਮਿਆਂ ਵਿੱਚ ਫ਼ਰਾਰ ਚੱਲ ਰਹੇ ਇੱਕ ਨਾਮੀ ਦੋਸ਼ੀ ਯੋਗੇਸ਼ ਉਰਫ਼ ਦੱਦੂ ਪੁੱਤਰ ਰਾਜੇਸ਼ ਕੁਮਾਰ ਵਾਸੀ ਧੱਕਾ ਬਸਤੀ, ਸੰਗਰੂਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।ਦੋਸ਼ੀ ਕੋਲੋਂ ਇੱਕ ਸਵਿਫ਼ਟ ਕਾਰ, ਇੱਕ ਨਜਾਇਜ਼ ਪਿਸਤੌਲ ਸਮੇਤ ਚਾਰ ਜ਼ਿੰਦਾ ਕਾਰਤੂਸ ਤੇ 300 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਗਈਆਂ ਹਨ।ਉਨ੍ਹਾਂ ਦੱਸਿਆ ਕਿ ਮੁੱਢਲੀ ਜਾਂਚ ਵਿੱਚ ਪਤਾ ਲੱਗਾ ਹੈ ਕਿ ਕਥਿਤ ਦੋਸ਼ੀ ਨੇ ਆਪਣੀ ਪਛਾਣ ਤੇ ਅਪਰਾਧਿਕ ਗਤੀਵਿਧੀਆਂ ਨੂੰ ਲੁਕਾਉਣ ਲਈ ਸਵਿਫ਼ਟ ਕਾਰ 'ਤੇ ਜਾਲ੍ਹੀ ਨੰਬਰ ਪਲੇਟ ਲਗਾਈ ਹੋਈ ਸੀ।

ਪੁਲਸ ਮੁਤਾਬਕ ਇਹ ਦੋਸ਼ੀ ਥਾਣਾ ਸਿਟੀ ਬੁਢਲਾਡਾ (ਜ਼ਿਲ੍ਹਾ ਮਾਨਸਾ) ਵਿਖੇ ਦਰਜ ਇੱਕ ਕਤਲ ਦੇ ਕੇਸ ਵਿੱਚ ਲੋੜੀਂਦਾ ਸੀ।ਇਸ ਤੋਂ ਇਲਾਵਾ ਉਸ ਖ਼ਿਲਾਫ਼ ਸੰਗਰੂਰ ਵਿਖੇ ਚੋਰੀ, ਲੁੱਟ-ਖੋਹ, ਇਰਾਦਾ ਕਤਲ ਅਤੇ ਅਸਲਾ ਐਕਟ ਤਹਿਤ ਪਹਿਲਾਂ ਹੀ 7 ਮੁਕੱਦਮੇ ਦਰਜ ਹਨ।ਐਸ.ਐਸ.ਪੀ. ਗੁਰਮੀਤ ਸਿੰਘ ਨੇ ਦੱਸਿਆ ਕਿ ਦੋਵਾਂ ਦੋਸ਼ੀਆਂ ਖ਼ਿਲਾਫ਼ ਸਬੰਧਤ ਥਾਣਿਆਂ ਵਿੱਚ ਮੁਕੱਦਮੇ ਦਰਜ ਕਰਕੇ ਅਗਲੇਰੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਗਈ ਹੈ।

# ਮਧੀਰ ਦੇ ਲੁੱਕ ਮਿਕਸ ਪਲਾਂਟ ਨੂੰ ਕਰਵਾਇਆ ਬੰਦ

## ਲੋਕਾਂ ਦੀਆਂ ਜਾਇਜ਼ ਮੰਗਾਂ ਨੂੰ ਦੇਵਾਂਗੇ ਪਹਿਲ : ਡਿੰਪੀ ਢਿੱਲੋਂ

**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**

ਕਰਵਾਉਣ ਦੀ ਮੰਗ ਨੂੰ ਲੈ ਕੇ ਪਿੰਡ ਵਾਸੀਆਂ, ਕਿਸਾਨ ਯੂਨੀਅਨਾਂ ਤੇ ਉਨ੍ਹਾਂ ਦੇ ਸਹਿਯੋਗੀਆਂ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਪੱਕਾ ਧਰਨਾ ਲਗਾ ਕੇ ਸੰਘਰਸ਼ ਕੀਤਾ ਜਾ ਰਿਹਾ ਸੀ।ਇਸ ਮਸਲੇ ਨੂੰ ਹੱਲ ਕਰਨ ਲਈ ਹਲਕਾ ਗਿੱਦੜਬਾਹਾ ਦੇ ਵਿਧਾਇਕ ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਅਹਿਮ ਭੂਮਿਕਾ ਨਿਭਾਈ, ਜਿਸ ਦੇ ਨਤੀਜੇ ਵਜੋਂ ਪਲਾਂਟ ਮਾਲਕਾਂ ਤੇ ਪਿੰਡ ਵਾਸੀਆਂ ਵਿਚਾਲੇ ਸਹਿਮਤੀ ਬਣ ਗਈ ਅਤੇ ਧਰਨਾ ਸਮਾਪਤ ਕਰ ਦਿੱਤਾ ਗਿਆ।ਜਾਣਕਾਰੀ ਅਨੁਸਾਰ ਪਿੰਡ ਵਾਸੀਆਂ ਦਾ ਕਹਿਣਾ ਸੀ ਕਿ ਪਲਾਂਟ ਕਾਰਨ ਉਨ੍ਹਾਂ ਨੂੰ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ, ਜਿਸ ਕਰਕੇ ਉਹ ਲਗਾਤਾਰ ਸੰਘਰਸ਼ ਕਰ ਰਹੇ ਸਨ।ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਵਿਧਾਇਕ ਡਿੰਪੀ ਢਿੱਲੋਂ ਨੇ ਦੋਵਾਂ ਧਿਰਾਂ ਨਾਲ ਗੱਲਬਾਤ ਕੀਤੀ ਤੇ ਆਪਸੀ ਸਹਿਮਤੀ ਨਾਲ ਮਸਲੇ ਦਾ ਹੱਲ ਕੱਢਣ ਲਈ ਯਤਨ ਕੀਤੇ।ਇਸ ਮੌਕੇ ਪਲਾਂਟ ਮਾਲਕਾਂ ਨੇ ਭਰੋਸਾ ਦਿੱਤਾ ਕਿ ਉਹ ਲੁੱਕ ਮਿਕਸ ਪਲਾਂਟ ਨੂੰ ਮੌਜੂਦਾ ਥਾਂ ਤੋਂ ਹਟਾ ਕੇ ਕਿਸੇ ਹੋਰ ਉਚਿਤ ਸਥਾਨ 'ਤੇ ਤਬਦੀਲ ਕਰਨਗੇ।ਇਸ ਭਰੋਸੇ ਤੋਂ ਬਾਅਦ ਨੋ ਮੈਂਬਰੀ ਕਮੇਟੀ, ਪਿੰਡ ਵਾਸੀਆਂ ਤੇ ਕਿਸਾਨ ਯੂਨੀਅਨ ਦੇ ਆਗੂਆਂ ਨੇ ਆਪਣੀ ਸਹਿਮਤੀ ਦਿੰਦੇ ਹੋਏ ਆਪਣਾ ਧਰਨਾ ਸਮਾਪਤ ਕਰਨ ਦਾ ਐਲਾਨ ਕਰ ਦਿੱਤਾ।ਧਰਨਾ ਸਮਾਪਤੀ ਮੌਕੇ ਪਿੰਡ ਵਾਸੀਆਂ, ਕਿਸਾਨ ਯੂਨੀਅਨ ਦੇ ਆਗੂਆਂ ਤੇ ਪਲਾਂਟ ਪ੍ਰਬੰਧਕਾਂ ਨੇ ਵਿਧਾਇਕ ਹਰਦੀਪ ਸਿੰਘ ਡਿੰਪੀ ਢਿੱਲੋਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਦੋਵਾਂ ਧਿਰਾਂ ਵਿਚਾਲੇ ਪੁਲ ਦਾ ਕੰਮ ਕਰਕੇ ਮਸਲੇ ਨੂੰ ਸ਼ਾਂਤੀਪੂਰਵਕ ਢੰਗ ਨਾਲ ਹੱਲ ਕਰਵਾਇਆ ਹੈ।ਉਨ੍ਹਾਂ ਕਿਹਾ ਕਿ ਵਿਧਾਇਕ ਦੇ ਯਤਨਾਂ ਨਾਲ ਇਲਾਕੇ ਵਿੱਚ ਆਪਸੀ ਭਾਈਚਾਰਾ ਤੇ ਸ਼ਾਂਤੀ ਬਣੀ ਰਹੀ ਹੈ।ਵਿਧਾਇਕ ਡਿੰਪੀ ਢਿੱਲੋਂ ਨੇ ਕਿਹਾ ਕਿ ਲੋਕਾਂ ਦੀਆਂ ਜਾਇਜ਼ ਮੰਗਾਂ ਤੇ ਵਿਕਾਸ ਕਾਰਜਾਂ ਵਿਚਾਲੇ ਸੰਤੁਲਨ ਬਣਾਈ ਰੱਖਣਾ ਉਨ੍ਹਾਂ ਦੀ ਪਹਿਲ ਹੈ।ਉਨ੍ਹਾਂ ਆਸ ਪ੍ਰਗਟਾਈ ਕਿ ਇਸ ਸਮਝੌਤੇ ਨਾਲ ਪਿੰਡ ਵਿੱਚ ਸੁਖਾਵਾਂ ਮਾਹੌਲ ਬਣੇਗਾ ਤੇ ਸਾਰੇ ਧਿਰ ਮਿਲਜੁਲ ਕੇ ਇਲਾਕੇ ਦੀ ਤਰੱਕੀ ਲਈ ਕੰਮ ਕਰਨਗੇ।



# ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਦੀ ਮੀਟਿੰਗ 24 ਨੂੰ

**ਜਲੰਧਰ (ਰਾਜੇਸ਼ ਥਾਪਾ)**- ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਵਲੋਂ ਪਿਛਲੇ ਦਿਨੀ ਮਿਤੀ 20 ਜੂਨ ਨੂੰ ਲੁਧਿਆਣਾ ਵਿਖੇ ਕੀਤੀ ਸੂਬਾ ਪੱਧਰੀ ਮੀਟਿੰਗ ਵਿੱਚ ਉਲੀਕੇ ਸੰਘਰਸ਼ਾਂ ਨੂੰ ਅਮਲੀ ਰੂਪ ਦੇਣ



ਲਈ ਸਾਂਝਾ ਫਰੰਟ ਜ਼ਿਲ੍ਹਾ ਜਲੰਧਰ ਦੀ ਇੱਕ ਅਹਿਮ ਮੀਟਿੰਗ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਸਾਥੀ ਪਿਆਰਾ ਸਿੰਘ,ਪ੍ਰੇਮ ਲਾਲ,ਰਾਮ ਕਿਸ਼ਨ,ਪ੍ਰਸ਼ਦਿਰ ਕੁਮਾਰ ਵਿਰਦੀ ਅਤੇ ਵੇਦ ਰਾਜ ਗੜ੍ਹਾ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਮੁਲਾਜ਼ਮ ਅਤੇ ਪੈਨਸ਼ਨਰ ਜੱਥੇਬੰਦੀਆਂ ਦੇ ਆਗੂਆਂ ਵਲੋਂ ਸ਼ਮੂਲੀਅਤ ਕੀਤੀ ਗਈ।ਮੀਟਿੰਗ ਦੇ ਸ਼ੁਰੂ ਵਿੱਚ ਪਟਿਆਲਾ ਵਿਖੇ ਸਹਾਇਕ ਲਾਈਨਮੈਨਾਂ 'ਤੇ ਪਟਿਆਲਾ ਪੁਲਿਸ ਵਲੋਂ ਕੀਤੇ ਵਹਿਸ਼ਿਆਨਾ ਲਾਠੀਚਾਰਜ ਦੇ ਵਿਰੋਧ ਵਿੱਚ ਮਤਾ ਪੇਸ਼ ਕੀਤਾ ਗਿਆ। ਸਾਂਝੇ ਫਰੰਟ ਦੇ ਸੂਬਾ ਆਗੂ ਤੀਰਥ ਸਿੰਘ ਬਾਸੀ ਵਲੋਂ ਫਰੰਟ ਵੱਲੋਂ ਪਿਛਲੇ ਦਿਨਾਂ ਅੰਦਰ ਕੀਤੀਆਂ ਸੂਬਾਈ ਮੀਟਿੰਗਾਂ ਦੀ ਕਾਰਵਾਈ ਅਤੇ ਫੈਸਲਿਆਂ ਸਬੰਧੀ ਜਾਣਕਾਰੀ ਦਿੱਤੀ। ਇਸ ਮੌਕੇ ਸ਼ਿਵ ਕੁਮਾਰ ਤਿਵਾੜੀ, ਮਾਸਟਰ ਮਨੋਹਰ ਲਾਲ ਅਤੇ ਸਾਥੀ ਬਲਵਿੰਦਰ ਕੁਮਾਰ ਵਲੋਂ ਕੇਂਦਰ ਸਰਕਾਰ ਵਲੋਂ ਅਪਣਾਈਆਂ ਜਾ ਰਹੀਆਂ ਮੁਲਾਜ਼ਮ-ਪੈਨਸ਼ਨਰ ਵਿਰੋਧੀ ਨੀਤੀਆਂ ਸਬੰਧੀ ਖੁੱਲ੍ਹ ਕੇ ਵਿਚਾਰ ਚਰਚਾ ਕੀਤੀ ਗਈ ਅਤੇ ਸਾਂਝੇ ਫਰੰਟ ਨੂੰ ਹੋਰ ਵੀ ਮਜ਼ਬੂਤ ਕਰਨ ਅਤੇ ਸੂਬਾ ਕਮੇਟੀ ਵਲੋਂ ਐਲਾਨੇ ਗਏ ਸੰਘਰਸ਼ਾਂ ਨੂੰ ਪੂਰੀ ਦ੍ਰਿੜਤਾ ਨਾਲ ਲਾਗੂ ਕਰਨ ਤੇ ਵੀ ਜ਼ੋਰ ਦਿੱਤਾ।ਇਸ ਮੌਕੇ ਆਪਣੇ ਨਿੱਜੀ ਫਾਇਦੇ ਲਈ ਸਾਂਝੇ ਫਰੰਟ ਨੂੰ ਨੁਕਸਾਨ ਪਹੁੰਚਾਉਣ ਵਾਲਿਆਂ ਤੋਂ ਆਪਣੇ ਕੇਡਰ ਨੂੰ ਸੁਚੇਤ ਕਰਨ ਸਬੰਧੀ ਵੀ ਅਪੀਲ ਕੀਤੀ ਗਈ। ਸੂਬਾ ਕਨਵੈਨਸ਼ਨ ਦੇ ਫੈਸਲਿਆਂ ਦੀ ਪਹਿਲੀ ਕੜੀ ਨੂੰ ਲਾਗੂ ਕਰਨ ਸਬੰਧੀ ਮੀਟਿੰਗ ਵਿੱਚ ਆਗੂਆਂ ਵਲੋਂ ਵਿਚਾਰ-ਚਰਚਾ ਕਰਨ ਉਪਰੰਤ ਮਿਤੀ 24 ਜੂਨ ਨੂੰ ਜ਼ਿਲ੍ਹਾ ਪੱਧਰੀ ਸਾਂਝੀ ਮੀਟਿੰਗ ਕਰਨ ਦਾ ਫੈਸਲਾ ਕੀਤਾ ਗਿਆ।ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਮਿਤੀ 24 ਜੂਨ ਨੂੰ ਹੋ ਰਹੀ ਸਾਂਝੀ ਮੀਟਿੰਗ ਨੂੰ ਸਫਲ ਬਣਾਉਣ ਲਈ ਮੁਲਾਜ਼ਮ ਅਤੇ ਪੈਨਸ਼ਨਰ ਜੱਥੇਬੰਦੀਆਂ ਦੇ ਆਗੂਆਂ ਵਲੋਂ ਭਰਵੀਂ ਸ਼ਮੂਲੀਅਤ ਦਾ ਯਕੀਨ ਦਿਵਾਇਆ।ਇਸ ਮੀਟਿੰਗ ਵਿੱਚ ਮਹਿੰਦਰ ਰਾਮ ਝੁੱਗੀਆਲ,ਅਵਤਾਰ ਸਿੰਘ, ਜੋਗਿੰਦਰ ਸਿੰਘ, ਠੇਠ੍ਹ ਰਾਮ,ਬਾਲ ਕ੍ਰਿਸ਼ਨ, ਹਰਿੰਦਰ ਸਿੰਘ, ਰਮੇਸ਼ ਚੰਦਰ, ਵਿਦਿਆ ਸਾਗਰ, ਕੁਲਵੰਤ ਸਿੰਘ, ਜੋਗਿੰਦਰ ਸਿੰਘ ਮਹਿੰਦੀਪੁਰ ਆਦਿ ਆਗੂ ਵੀ ਹਾਜ਼ਰ ਸਨ।

## ਐਡਵੋਕੇਟ ਰਜਿੰਦਰ ਮੰਡ ਦੇ ਬੇਵਕਤੀ ਵਿਛੋੜੇ ਨਾਲ ਲੋਕ-ਹਿਤੈਸ਼ੀ ਲਹਿਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ : ਇਪਟਾ

**ਚੰਡੀਗੜ੍ਹ (ਗੁਰਜੀਤ ਬਿੱਲਾ)** ਨਵਾਂ ਜ਼ਮਾਨਾ ਦੀ ਸੰਚਾਲਕ ਸੰਸਥਾ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ ਜਲੰਧਰ ਦੇ ਟਰੱਸਟੀ ਤੇ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਮੈਂਬਰ ਐਡਵੋਕੇਟ ਰਜਿੰਦਰ ਮੰਡ ਦੇ ਬੇਵਕਤੀ ਵਿਛੋੜੇ 'ਤੇ ਦੁੱਖ ਜ਼ਾਹਿਰ ਕਰਦਿਆਂ ਨਾਟਕਕਾਰ, ਨਾਟ-ਨਿਰਦੇਸ਼ਕ ਅਤੇ ਇਪਟਾ, ਪੰਜਾਬ ਦੇ ਪ੍ਰਧਾਨ ਸੰਜੀਵਨ ਸਿੰਘ ਨੇ ਕਿਹਾ ਕਿ ਐਡਵੋਕੇਟ ਮੰਡ ਨੇ ਜਲੰਧਰ ਵਿੱਚ ਸਾਹਿਤਕ, ਰੰਗਮੰਚ ਸੰਸਥਾਵਾਂ ਦੀ ਦੁਨੀਆਂ ਵਿੱਚ ਅਹਿਮ ਅਤੇ ਜ਼ਿਕਰਯੋਗ ਹਿੱਸਾ ਪਾਇਆ।



ਉਹ ਲੋਕ-ਹਿਤੈਸ਼ੀ ਅਤੇ ਪ੍ਰਗਤੀਸ਼ੀਲ ਲਹਿਰ ਵਿਚ ਸਰਗਰਮ ਸਨ। ਇਪਟਾ, ਪੰਜਾਬ ਦੇ ਜਨਰਲ ਸਕੱਤਰ ਇੰਦਰਜੀਤ ਰੂਪੋਵਾਲੀ ਅਤੇ ਇਪਟਾ, ਚੰਡੀਗੜ੍ਹ ਦੇ ਪ੍ਰਧਾਨ ਬਲਕਾਰ ਸਿੱਧੂ ਤੇ ਜਨਰਲ ਸਕੱਤਰ ਕਮਲ ਨੈਨ ਸਿੰਘ ਸੇਖੋਂ ਅਤੇ ਸਰਘੀ ਪਰਵਾਰ ਦੇ ਰੰਗਕਰਮੀ ਕੁੱਕੂ ਦੀਵਾਨ, ਰੰਜੀਵਨ ਸਿੰਘ, ਨਰਿੰਦਰ ਨਸਰੀਨ, ਲਖਵਿੰਦਰ ਸਿੰਘ ਅਤੇ ਕਿੱਟੂ ਰਾਗ ਨੇ ਦੁੱਖੀ ਪ੍ਰੀਵਾਰ ਦੇ ਦੁੱਖ ਵਿਚ ਸ਼ਾਮਿਲ ਹੁੰਦਿਆਂ ਕਿਹਾ ਕਿ ਐਡਵੋਕੇਟ ਰਜਿੰਦਰ ਮੰਡ ਦੇ ਦੇਹਾਂਤ ਨਾਲ ਲੋਕ-ਹਿਤੈਸ਼ੀ ਅਤੇ ਪ੍ਰਗਤੀਸ਼ੀਲ ਲਹਿਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

## ਸ਼ਰਧਾਂਜਲੀ ਸਮਾਗਮ 'ਤੇ ਵਿਸ਼ੇਸ਼ — ਰੌਸ਼ਨੀ 'ਚ ਛੁਪਿਆ 'ਨੇਰ੍ਹ ਖਾ ਰਿਹੇ ਧਰਤੀ ਦੇ ਲਾਲ

ਸਮਰਾਲਾ ਲਾਗੇ ਪਿੰਡ ਦੀਵਾਲਾ ਦੇ ਅਧਿਆਪਕ, ਜਮਹੂਰੀ ਅਤੇ ਇਨਕਲਾਬੀ ਵਿਚਾਰਾਂ ਦੇ ਧਾਰਨੀ ਕੁਲਵੰਤ ਸਿੰਘ ਮਾਸਟਰ ਕੁਲਵੰਤ ਤਰਕ ਦੇ ਸਪੁੱਤਰ ਪ੍ਰਦੀਪ ਰਾਜਾ ਨੂੰ ਭਰ ਜਵਾਨੀ ਵਿੱਚ ਨਾਮੁਰਾਦ ਬਿਮਾਰੀ ਨੇ ਸਾਥੋਂ ਖੋਹ ਲਿਆ। ਮੁਢਲੀ ਸਿੱਖਿਆ ਪਿੰਡ ਦੀਵਾਲਾ ਦੇ ਸਰਕਾਰੀ ਸਕੂਲ ਤੋਂ ਪ੍ਰਾਪਤ ਕਰਨ ਉਪਰੰਤ ਰਾਜੇ ਨੇ ਸਰਕਾਰੀ ਹਾਈ ਸਕੂਲ ਬਗਲੀ ਕਲਾਂ (ਨੇੜੇ ਸਮਰਾਲਾ) ਦਾਖ਼ਲਾ ਲਿਆ, ਜਿੱਥੇ ਉਸ ਦੇ ਪਿਤਾ ਕੁਲਵੰਤ ਤਰਕ ਬਤੌਰ ਇੰਚਾਰਜ ਅਧਿਆਪਕ ਦੀਆਂ ਸੇਵਾਵਾਂ ਅਦਾ ਕਰਦੇ ਸਨ।

ਕੁਲਵੰਤ ਤਰਕ ਆਪਣੇ ਸਕੂਲ ਵਿੱਚ ਅਧਿਆਪਕਾਂ, ਸਟਾਫ਼, ਵਿਦਿਆਰਥੀਆਂ ਅਤੇ ਇਲਾਕੇ ਵਿੱਚ ਇਉਂ ਜਾਣੇ ਜਾਂਦੇ ਹਨ ਕਿ ਉਹ ਸਿਰਫ਼ ਕਿਤਾਬੀ ਸਿਲੇਬਸ ਨਹੀਂ ਪੜ੍ਹਾਉਂਦੇ, ਉਹ ਜ਼ਿੰਦਗੀ, ਸਮਾਜ ਅਤੇ ਮਾਨਵੀ ਕਦਰਾਂ-ਕੀਮਤਾਂ ਨੂੰ ਸਮਝਣ ਦਾ ਬਹੁ-ਰੰਗੀ ਸਿਲੇਬਸ ਪੜ੍ਹਾਉਂਦੇ ਰਹੇ ਹਨ। ਖੇਡਾਂ ਦੀ ਦੁਨੀਆ, ਸਾਹਿਤ ਸੰਸਾਰ, ਘਰ ਪਰਵਾਰ ਅਤੇ ਸਮਾਜ ਅੰਦਰ ਉਹਨਾਂ ਦੇ ਪੜ੍ਹਾਏ ਵਿਦਿਆਰਥੀਆਂ ਨੇ ਉਚੇਰੀਆਂ ਮੱਲਾਂ ਮਾਰੀਆਂ।



14 ਮਈ 1990 ਦੀ ਗੱਲ ਹੈ, ਜਦੋਂ ਸਰਕਾਰੀ ਹਾਈ ਸਕੂਲ ਬਗਲੀ ਕਲਾਂ ਪ੍ਰਦੀਪ ਰਾਜਾ ਆਪਣੀ ਜਮਾਤ ਵਿੱਚ ਪੜ੍ਹ ਰਿਹਾ ਸੀ ਤਾਂ ਉਸ ਦੇ ਅਧਿਆਪਕ ਪਿਤਾ ਕੁਲਵੰਤ ਤਰਕ ਉਪਰ ਦਹਿਸ਼ਤਗਰਦਾਂ ਵੱਲੋਂ ਕਾਤਲਾਨਾ ਹਮਲਾ ਹੋਇਆ। ਦਹਿਸ਼ਤ ਦਾ ਕਹਿਰ ਉਹਨਾਂ ਸਮਿਆਂ 'ਚ ਐਨਾ ਸਿਖਰ 'ਤੇ ਸੀ ਕਿ ਜਦੋਂ ਹਥਿਆਰਬੰਦ ਹਮਲਾਵਰਾਂ ਨੇ ਮਾਸਟਰ ਕੁਲਵੰਤ ਤਰਕ 'ਤੇ ਗੋਲੀਆਂ ਵਰ੍ਹਾਈਆਂ ਤਾਂ ਇੱਕ ਵਾਰ ਸਕੂਲ ਵਿੱਚ ਸਹਿਮ ਦਾ ਛੱਟਾ ਵਰਤ ਗਿਆ। ਸਕੂਲ ਸਟਾਫ਼ ਇੱਕ ਵਾਰ ਤਾਂ ਕਮਰਿਆਂ ਅੰਦਰ ਵੜ ਗਿਆ। ਪ੍ਰਦੀਪ ਰਾਜਾ ਵਿਆਕੁਲ ਹੋਇਆ ਅੰਦਰ ਗੇੜਾ ਪਾਉਂਦਾ ਰਿਹਾ। ਬਿਨਾਂ ਚਾਰਦੀਵਾਰੀ ਵਾਲੇ ਸਕੂਲ ਦੇ ਖੁੱਲ੍ਹੇ ਲਾਅਨ ਵਿਚ ਲਹੂ-ਲੁਹਾਣ ਕੁਲਵੰਤ ਤਰਕ ਨੇ ਇਕੱਲਿਆਂ ਡਟ ਕੇ ਮੁਕਾਬਲਾ ਕੀਤਾ ਅਤੇ ਦੂਜਾ ਭੱਜ ਨਿਕਲਿਆ। ਐਨਾ ਕੁਲਵੰਤ ਤਰਕ ਦੇ ਗੋਲੀਆਂ ਲੱਗਣ ਕਾਰਨ ਵਗਦੇ ਖੂਨ ਨੇ ਉਹਨਾਂ ਨੂੰ ਐਨਾ ਨਿਢਾਲ ਕਰ ਦਿੱਤਾ ਕਿ ਫੜਿਆ ਦਹਿਸ਼ਤਗਰਦ ਗੁਰਚਰਨ ਛੁੱਟ ਗਿਆ। ਮਾਸਟਰ ਤਰਕ ਨੂੰ ਉਸ ਦਾ ਪਿੱਛਾ ਕੀਤਾ, ਪਰ ਅਖ਼ੀਰ ਨੂੰ ਹਫ਼ ਕੇ ਉਹ ਆਪ ਹਸਪਤਾਲ ਦੀ ਕੰਧ ਕੋਲ ਜਾ ਡਿੱਗੇ।

ਹਮਲਾ ਐਨਾ ਘਾਤਕ ਸੀ ਕਿ ਬੇਹੋਸ਼ ਮਾਸਟਰ ਨੂੰ ਪਹਿਲਾਂ ਸਰਕਾਰੀ ਹਸਪਤਾਲ ਸਮਰਾਲਾ ਲਿਜਾਣ ਪਿੱਛੋਂ ਤੁਰੰਤ ਸੀ ਐੱਮ ਸੀ ਲੁਧਿਆਣਾ ਦਾਖਲ ਕਰਵਾਉਣਾ ਪਿਆ, ਜਿੱਥੇ ਅਪਰੇਸ਼ਨ ਉਪਰੰਤ ਉਹਨਾਂ ਦੇ ਜਿਸਮ ਅੰਦਰ ਖ਼ਾਸ ਕਰਕੇ ਜਬਾੜ੍ਹੇ ਵਿੱਚੋਂ ਗੋਲੀਆਂ ਕੱਢੀਆਂ।

ਦਹਿਸ਼ਤ ਨੂੰ ਲੋਹਾ ਕਰਨ ਲਈ ਸਮਰਾਲਾ ਸ਼ਹਿਰ ਦੀਆਂ ਸੜਕਾਂ 'ਤੇ 27 ਮਈ 1990 ਨੂੰ ਇਲਾਕੇ ਦੀਆਂ ਦੋ ਦਰਜਨ ਦੇ ਕਰੀਬ ਜਥੇਬੰਦੀਆਂ ਨੇ 'ਜਬਰ ਤੇ ਫ਼ਿਰਕਾਪ੍ਰਸਤੀ ਵਿਰੋਧੀ ਕਾਫ਼ਲਾ' ਵੱਲੋਂ ਸ਼ਹਿਰ 'ਚ ਰਵਾਇਤੀ ਹਥਿਆਰਾਂ, ਬੈਨਰਾਂ, ਝੰਡਿਆਂ ਨਾਲ ਲੈਸ ਹੋ ਕੇ ਰੋਹ ਭਰਪੂਰ ਮੁਜ਼ਾਹਰਾ ਕੀਤਾ। ਇਸ ਮੁਜ਼ਾਹਰੇ ਨੇ ਲੋਕਾਂ ਨੂੰ ਆਪੋ ਵਿੱਚ ਜੋੜਦਿਆਂ ਦਹਿਸ਼ਤ ਦੀਆਂ ਸਾਜ਼ਿਸ਼ਾਂ ਨੂੰ ਬੇਨਕਾਬ ਕਰਨ ਲਈ ਅੱਗੇ ਆਉਣ ਦਾ ਸੱਦਾ ਦਿੱਤਾ।

ਆਪਣੇ ਆਪ ਵਿੱਚ ਇਹ ਇੱਕ ਲਾਮਿਸਾਲ ਸਰਗਰਮੀ ਸੀ।

ਰੰਗਮੰਚ ਕਰਦਿਆਂ ਅਦਾਕਾਰ ਵੱਲੋਂ ਕੌਮਾਂਤਰੀ ਮਜ਼ਦੂਰ ਦਿਹਾੜੇ ਮੌਕੇ ਮਨਾਈ ਜਾਂਦੀ ਸੂਬਾਈ ਸਮਾਗਮ ਨਾਟਕਾਂ ਅਤੇ ਗੀਤਾਂ ਭਰੀ ਰਾਤ ਮੌਕੇ ਵੀ ਨਾਟਕ ਵਿਚ ਭੂਮਿਕਾ ਅਦਾ ਕੀਤੀ। ਰਾਜਾ ਹੈੱਲਥ ਕਲੱਬ ਦੇ ਨਾਮ 'ਤੇ ਸਮਰਾਲਾ ਵਿਖੇ ਉਸ ਨੇ ਜਿੰਮ ਵੀ ਕਈ ਵਰ੍ਹੇ ਚਲਾਇਆ।

ਰੰਗਮੰਚ ਅਤੇ ਜਿੰਮ ਤੋਂ ਅਗਲੀਆਂ ਪੌੜੀਆਂ ਚੜ੍ਹਦਿਆਂ ਉਸ ਨੇ ਮੁੰਬਈ ਦਾ ਰਾਹ ਫੜ ਲਿਆ। ਫ਼ਿਲਮ ਇੰਡਸਟਰੀ ਵਿੱਚ ਉਸ ਨੇ ਇੱਕ ਪ੍ਰਭਾਵਸ਼ਾਲੀ ਥਾਂ ਬਣਾਇਆ। ਉਸ ਨੇ ਹੋਰਨਾਂ ਨਾਲ਼ ਕੰਮ ਕਰਨ ਤੋਂ ਇਲਾਵਾ ਖ਼ੁਦ ਵੀ ਕੁਝ ਫ਼ਿਲਮਾਂ ਦਾ ਨਿਰਦੇਸ਼ਨ ਕੀਤਾ। ਬੱਚਿਆਂ ਨਾਲ ਜੁੜੇ ਬਲਾਤਕਾਰ ਵਰਗੇ ਕੋਹਜ਼ ਤੇ ਇੱਕ ਫ਼ਿਲਮ ਤੋਂ ਇਲਾਵਾ ਵਿਆਹੁਤਾ ਜੋੜਿਆਂ ਦੇ ਜੀਵਨ ਸਿਲਸਿਲੇ ਬਾਰੇ ਵੀ ਫ਼ਿਲਮਾਂ ਬਣਾਈਆਂ। ਉਸ ਮੌਕੇ ਰਾਜੇ ਦੀ ਜੀਵਨ ਸਾਥਣ ਅਤੇ ਇਕਲੌਤਾ ਬੇਟਾ ਵੀ ਮੁੰਬਈ ਰਹਿੰਦੇ ਰਹੇ।

ਮੁੰਬਈ ਕਦਮ ਰੱਖਣ ਉਪਰੰਤ ਉਹ ਪਹਿਲੀ ਵਾਰ 2024 ਵਿੱਚ ਬਿਮਾਰ ਹੋਣ ਉਪਰੰਤ ਵੱਧ-ਘੱਟ ਰੂਪ ਵਿੱਚ ਉਹ ਕਿਸੇ ਨਾ ਕਿਸੇ ਤਰ੍ਹਾਂ ਅਜਿਹੇ ਤੋਂ ਪੀੜਤ ਰਹੇ। ਉਹ ਪੰਜਾਬ ਪਰਤ ਆਏ।ਇਲਾਜ ਕਰਾਉਣ ਲਈ ਲੰਮਾ ਅਰਸਾ ਪੀ ਜੀ ਆਈ ਵਿੱਚ ਜ਼ਿੰਦਗੀ-ਮੌਤ ਦਾ ਸੰਘਰਸ਼ ਜਾਰੀ ਰਿਹਾ। ਉਹਨਾਂ ਦੀ ਜ਼ਿੰਦਗੀ ਦਾ 'ਚ 11 ਜੂਨ 2026 ਅਜਿਹਾ ਕਾਲਾ ਦਿਨ ਆਇਆ, ਜਦੋਂ ਉਹ ਸਦੀਵੀ ਵਿਛੋੜਾ ਦੇ ਗਏ।

ਮਾਸਟਰ ਕੁਲਵੰਤ ਤਰਕ ਨੇ ਆਪ ਨੂੰ ਮਿਲੀ ਨਵੀਂ ਜ਼ਿੰਦਗੀ ਨੂੰ ਨਵੇਂ ਅਰਥ ਦਿੱਤੇ। ਉਹਨਾਂ ਅਧਿਆਪਕ ਯੂਨੀਅਨ, ਜਬਰ ਤੇ ਫ਼ਿਰਕਾਪ੍ਰਸਤੀ ਵਿਰੋਧੀ ਫਰੰਟ, ਲੋਕ ਮੋਰਚਾ ਪੰਜਾਬ ਅਤੇ ਅਧਰਸ਼ਨ ਗਲੀਨ ਹੇਟ ਵਿਚਾਰੀ ਜਮਹੂਰੀ ਫਰੰਟ ਪੰਜਾਬ ਤੋਂ ਇਲਾਵਾ ਸਮੇਂ-ਸਮੇਂ ਅਖ਼ਬਾਰਾਂ ਵਿੱਚ ਮਹੱਤਵਪੂਰਨ ਮੁੱਦਿਆਂ 'ਤੇ ਰਚਨਾਵਾਂ ਲਿਖਣ ਦਾ ਸਿਲਸਿਲਾ ਜਾਰੀ ਰੱਖਿਆ।

ਅੱਜ ਜਦੋਂ ਉਸ ਦਾ ਜਵਾਨ ਪੁੱਤ ਰਾਜਾ ਪਰਵਾਰ ਵਿੱਚੋਂ ਵਿਛੜ ਗਿਆ ਹੈ ਤਾਂ ਕੁਲਵੰਤ ਤਰਕ ਨੇ 21 ਜੂਨ 2026 ਨੂੰ ਆਪਣੇ ਜੱਦੀ ਪਿੰਡ ਦੀਵਾਲਾ ਵਿਖੇ ਹੋ ਰਹੇ ਰਾਜਾ ਯਾਦਗਾਰੀ ਸਮਾਗਮ ਮੌਕੇ ਡੂੰਘੇ ਪੰਡਾਲ ਨਾਲ ਵਾਅਦਾ ਕੀਤਾ ਹੈ ਕਿ ਮੇਰਾ ਇਕਲੌਤਾ ਪੁੱਤਰ ਹੀ ਨਹੀਂ ਸੀ ਰਾਜਾ, ਮਿਹਨਤਕਸ਼ ਲੋਕਾਂ ਦਾ ਵੀ ਸਾਂਝਾ ਧੀਆਂ-ਪੁੱਤ ਮੰਦੇ ਸਨ। ਇਸ ਲੋਕ ਦੋਖੀ ਨਿਜ਼ਾਮ ਤੋਂ ਮੁਕਤੀ ਹਾਸਲ ਕਰਨ ਲਈ ਬੰਬਦ ਅਕਾਲੀਆਂ, ਗਦਰੀ ਬਾਬਿਆਂ, ਭਗਤ, ਸਰਾਭਿਆਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਜੂਝ ਰਹੇ ਕਾਫ਼ਲਿਆਂ ਵਿੱਚੋਂ ਹੀ ਮੈਂ ਵੀ ਆਪਣੇ ਰਾਜੇ ਪੁੱਤ ਦਾ ਚਿਹਰਾ ਵੇਖਦਾ ਅਤੇ ਨਿਹਾਰਦਾ ਰਹਾਂਗਾ।

-ਅਮੋਲਕ ਸਿੰਘ

ਸੰਪਰਕ 98778-68710

## ਜਸਵੀਰ ਸਿੰਘ ਗੜ੍ਹੀ ਨੇ ਖੁੱਲ੍ਹੀ ਕਚਹਿਰੀ ਲਾ ਕੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ

**ਫਿਲੌਰ (ਨਿਰਮਲ)**- ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਵੱਲੋਂ ਆਪਣੇ ਫਿਲੌਰ ਦੌਰੇ ਦੌਰਾਨ ਵੱਖ-ਵੱਖ ਥਾਵੀਂ ਖੁੱਲ੍ਹੀ ਕਚਹਿਰੀ ਲਾ ਕੇ ਲੋਕਾਂ ਦੀਆਂ



ਸਮੱਸਿਆਵਾਂ ਦੀ ਸੁਣਵਾਈ ਕਰਦਿਆਂ ਅਧਿਕਾਰੀਆਂ ਨੂੰ ਮੌਕੇ 'ਤੇ ਲੋੜੀਂਦੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ। ਆਪਣੇ ਦੌਰੇ ਦੌਰਾਨ ਚੇਅਰਮੈਨ ਗੜ੍ਹੀ ਨੇ ਪਿੰਡ ਨਗਰ ਵਿਖੇ ਹਾਈਵੇ 'ਤੇ ਖੜ੍ਹਦੇ ਗੰਦੇ ਪਾਣੀ ਦੀ ਨਿਕਾਸੀ ਦੇ ਮਾਮਲੇ ਦਾ ਜਾਇਜ਼ਾ ਲੈਣ ਲਈ ਮੌਕੇ ਦਾ ਦੌਰਾ ਕੀਤਾ। ਮਾਮਲੇ ਦੀ ਸੁਣਵਾਈ ਕਰਦਿਆਂ ਗੜ੍ਹੀ ਨੇ ਸਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਸਮੱਸਿਆ ਦਾ ਪੱਕਾ ਹੱਲ ਕਰਨ ਦੇ ਨਿਰਦੇਸ਼ ਦਿੱਤੇ।ਉਨ੍ਹਾਂ ਇਸ ਮੌਕੇ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਬਿਹਤਰ ਨਾਗਰਿਕ ਸਹੂਲਤਾਂ ਮੁਹੱਈਆ ਕਰਵਾਉਣ ਦੀ ਵਚਨਬੱਧਤਾ ਵੀ ਦੁਹਰਾਈ। ਇਸ ਮੌਕੇ ਐਸ.ਡੀ.ਐਮ. ਫਿਲੌਰ, ਤਹਿਸੀਲਦਾਰ, ਬੀ.ਡੀ.ਪੀ.ਓ., ਸਮੇਤ ਹੋਰ ਪ੍ਰਸ਼ਾਸਨਿਕ ਅਧਿਕਾਰੀ ਵੀ ਮੌਜੂਦ ਸਨ। ਗੜ੍ਹੀ ਨੇ ਪਿੰਡ ਮਿਓਵਾਲ ਦੇ ਇੱਕ ਦਲਿਤ ਨੌਜਵਾਨ, ਜਿਸ ਦੀ ਬੀਤੇ ਦਿਨੀਂ ਹਿਰਾਸਤ ਦੌਰਾਨ ਮੌਤ ਹੋ ਗਈ ਸੀ, ਦੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਇਸ ਦੌਰਾਨ ਪਿੰਡ ਮੌਤੇ ਵਿਖੇ ਚੇਅਰਮੈਨ ਗੜ੍ਹੀ ਦੇ ਯਤਨਾਂ ਸਦਕਾ ਦੋ ਧਿਰਾਂ ਵਿਚਕਾਰ ਚੱਲ ਰਿਹਾ ਮਸਲਾ ਆਪਸੀ ਰਜ਼ਾਮੰਦੀ ਨਾਲ ਸੁਲਝਾਅ ਲਿਆ ਗਿਆ। ਆਪਣੇ ਦੌਰੇ ਦੌਰਾਨ ਚੇਅਰਮੈਨ ਗੜ੍ਹੀ ਨੇ ਜਿਥੇ ਪਿੰਡ ਅਕਲਪੁਰ ਵਿਖੇ ਡੇਰਾ ਬੂਝਾ ਦਾਸ ਵਿਖੇ ਨਤਮਸਤਕ ਹੁੰਦਿਆਂ ਗੱਦੀਨਸ਼ੀਨ ਬਾਬਾ ਜਸਪਾਲ ਸਿੰਘ ਦਾ ਆਸ਼ੀਰਵਾਦ ਲਿਆ ਉਥੇ ਡੇਰਾ ਬਾਬਾ ਮੰਗਾ ਰਾਮ ਵਿਖੇ ਨਤਮਸਤਕ ਹੋ ਕੇ ਸੰਤ ਪਰਮਜੀਤ ਦਾਸ ਜੀ ਦਾ ਆਸ਼ੀਰਵਾਦ ਹਾਸਲ ਕੀਤਾ।ਉਨ੍ਹਾਂ ਰਾਮ ਮੰਦਿਰ ਕੁਟੀਆ ਗੁਰਾਇਆ ਵਿਖੇ ਵੀ ਮੱਥਾ ਟੇਕਿਆ, ਜਿਥੇ ਸੂਬੇ ਦੇ ਲੋਕਾਂ ਦੀ ਤਰੱਕੀ ਤੇ ਖੁਸ਼ਹਾਲੀ ਲਈ ਪ੍ਰਾਰਥਨਾ ਕੀਤੀ।ਇਸ ਦੌਰੇ ਦੌਰਾਨ ਉਨ੍ਹਾਂ ਦੇ ਨਾਲ ਸੂਬਾ ਜੁਆਇੰਟ ਸਕੱਤਰ 'ਆਪ' ਪ੍ਰਿੰ. ਪ੍ਰੇਮ ਕੁਮਾਰ ਤੋਂ ਇਲਾਵਾ 'ਆਪ' ਆਗੂ ਹਰਜਿੰਦਰ ਕੌਰ ਸੰਧੂ, ਅੰਗਰੇਜ਼ ਸਿੰਘ, ਕਮਲੇਸ਼ ਕੁਮਾਰ, ਜਗਦੀਸ਼ ਸਿੰਘ ਰਾਮਾ, ਸਰਪੰਚ ਮੋਰੋਂ ਹਰਦੀਪ ਸਿੰਘ, ਕਿਰਪਾਲ ਸਿੰਘ ਪਾਲੀ ਅਤੇ ਵੱਡੀ ਗਿਣਤੀ ਲੋਕ ਮੌਜੂਦ ਸਨ।

## ਮਨਰੇਗਾ ਕਮਰਚਾਰੀਆਂ ਦੀ ਕਲਮ ਛੋੜ ਹੜਤਾਲ ਜਾਰੀ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਮਨਰੇਗਾ ਕਰਮਚਾਰੀ ਯੂਨੀਅਨ ਪੰਜਾਬ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਸ਼ੁਰੂ ਕੀਤੀ ਕਲਮ ਛੋੜ ਹੜਤਾਲ 17 ਵੇਂ ਦਿਨ ਵੀ ਜਾਰੀ ਰਹੀ। ਮਨਰੇਗਾ ਕਰਮਚਾਰੀ ਪਿਛਲੇ 6 ਮਹੀਨਿਆਂ ਦੀ ਤਨਖਾਹ ਜਾਰੀ ਕਰਨ ਅਤੇ ਸੇਵਾਵਾਂ ਰੈਗੂਲਰ ਕਰਵਾਉਣ ਦੀ ਮੰਗ ਕਰ ਰਹੇ ਹਨ। ਕਰਮਚਾਰੀਆਂ ਦੇ ਹੜਤਾਲ 'ਤੇ ਜਾਣ ਕਾਰਨ ਪਿੰਡਾਂ 'ਚ ਅਧੀਨ ਕੰਮ ਠੱਪ ਪਏ ਹੋਏ ਹਨ। ਸਥਾਨਕ ਬੀ ਡੀ ਪੀ ਓ ਦਫ਼ਤਰ ਵਿਖੇ ਧਰਨੇ 'ਤੇ ਬੈਠੇ ਮਨਰੇਗਾ



ਕਰਮਚਾਰੀਆਂ ਜੀ ਆਰ ਐਸ ਰਾਮਮੂਰਤੀ ਤੇ ਰਾਜਿੰਦਰ ਕੁਮਾਰ ਨੇ ਦਸਿਆ ਕਿ ਉਹ ਪਿਛਲੇ 18 ਸਾਲਾਂ ਤੋਂ ਨਿਗੁਣੀਆਂ ਤਨਖਾਹਾਂ 'ਤੇ ਕੰਮ ਕਰ ਰਹੇ ਹਨ। ਕੇਂਦਰ ਸਰਕਾਰ ਵੱਲੋਂ ਮਨਰੇਗਾ ਰੱਦ ਕਰਕੇ ਨਵੀਂ ਬਣਾਈ ਵੀਬੀ ਜੀ ਰਾਮ ਜੀ ਯੋਜਨਾ, ਜੋ ਕਿ ਪਹਿਲੀ ਜੁਲਾਈ ਤੋਂ ਦੇਸ਼ ਭਰ 'ਚ ਲਾਗੂ ਹੋਣ ਜਾ ਰਹੀ ਹੈ, ਵਿੱਚ ਉਨ੍ਹਾਂ ਦੀਆਂ ਸੇਵਾਵਾਂ ਬਾਰੇ ਕੋਈ ਜ਼ਿਕਰ ਨਹੀਂ ਹੈ। ਮਨਰੇਗਾ ਕਰਮਚਾਰੀ ਪੰਜਾਬ ਸਰਕਾਰ ਤੋਂ ਉਨ੍ਹਾਂ ਦੀਆਂ ਸੇਵਾਵਾਂ ਪੰਚਾਇਤੀ ਵਿਭਾਗ 'ਚ ਮਰਜ ਕਰਨ ਦੀ ਮੰਗ ਕਰ ਰਹੇ ਹਨ। ਉਨ੍ਹਾਂ ਨੂੰ ਪਿਛਲੇ 6 ਮਹੀਨਿਆਂ ਤੋਂ ਕੇਂਦਰ ਵੱਲੋਂ ਮਨਰੇਗਾ ਬਜਟ ਨਾ ਭੇਜੇ ਜਾਣ ਕਾਰਨ ਤਨਖਾਹਾਂ ਨਹੀਂ ਮਿਲੀਆਂ ਹਨ। ਪੰਚਾਇਤਾਂ ਵੱਲੋਂ ਮਨਰੇਗਾ ਅਧੀਨ ਕਰਵਾਏ ਵਿਕਾਸ ਕਾਰਜਾਂ 'ਚ ਖਰਚ ਕੀਤੀ ਕਰੋੜਾਂ ਰੁਪਏ ਦੀ ਰਾਸ਼ੀ ਦੀ ਅਦਾਇਗੀ ਵੀ ਨਹੀਂ ਹੋਈ। ਪੰਚਾਇਤਾਂ ਦੇਣਦਾਰੀਆਂ ਕਾਰਨ ਕਰਜ਼ੇ ਥੱਲ੍ਹੇ ਆ ਗਈਆਂ ਹਨ। ਹੜਤਾਲ ਕਾਰਨ ਪਿੰਡਾਂ 'ਚ ਵਿਕਾਸ ਕਾਰਜ ਠੱਪ ਹਨ। ਮਨਰੇਗਾ ਵਰਕਰ ਵੀ ਫਾਕੇ ਕੱਟਣ ਲਈ ਮਜਬੂਰ ਹੋ ਗਏ ਹਨ। ਪੰਚਾਇਤ ਯੂਨੀਅਨ ਤਲਵਾੜਾ ਨੇ ਮਨਰੇਗਾ ਕਰਮਚਾਰੀਆਂ ਦੇ ਹੱਕ 'ਚ ਹਾਅ ਦਾ ਨਾਅਰਾ ਮਾਰਿਆ ਹੈ, ਉਥੇ ਹੀ ਮਨਰੇਗਾ ਤਹਿਤ ਕਰਵਾਏ ਕੰਮਾਂ ਦੀ ਅਦਾਇਗੀ ਤੁਰੰਤ ਕਰਨ ਦੀ ਮੰਗ ਕੀਤੀ ਹੈ। ਜ਼ਿਲ੍ਹਾ ਉਪ ਪ੍ਰਧਾਨ ਏ ਪੀ ਓ ਮਹਿੰਦ ਕੁਮਾਰ ਨੇ ਦੱਸਿਆ ਕਿ ਮਨਰੇਗਾ ਕਰਮਚਾਰੀ ਯੂਨੀਅਨ ਪੰਜਾਬ ਨੇ ਆਪਣੀਆਂ ਮੰਗਾਂ ਦੀ ਪ੍ਰਾਪਤੀ ਲਈ ਮੰਗਲਵਾਰ ਨੂੰ ਵਿੱਤ ਮੰਤਰੀ ਹਰਪਾਲ ਚੀਮਾ ਦੇ ਦਿੜ੍ਹਬਾ ਮੰਡੀ ਸਥਿਤ ਦਫ਼ਤਰ ਦੇ ਘਿਰਾਓ ਦਾ ਐਲਾਨ ਕੀਤਾ ਹੈ। ਜਿਸ ਵਿੱਚ ਮਨਰੇਗਾ ਕਰਮਚਾਰੀਆਂ ਤੋਂ ਇਲਾਵਾ ਮਨਰੇਗਾ ਵਰਕਰ, ਪੰਚਾਇਤ ਯੂਨੀਅਨਾਂ ਦੇ ਨੁਮਾਇੰਦੇ ਅਤੇ ਹੋਰ ਭਰਾਤਰੀ ਜਥੇਬੰਦੀਆਂ ਸ਼ਾਮਲ ਹੋਣਗੀਆਂ।

## ਐਡਵੋਕੇਟ ਰਜਿੰਦਰ ਸਿੰਘ ਮੰਡ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

**ਬੰਗਾ (ਅਵਤਾਰ ਕਲੇਰ)** ਨਵਾਂ ਜ਼ਮਾਨਾ ਅਖ਼ਬਾਰ ਚਲਾਉਣ ਵਾਲੀ ਸੰਸਥਾ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ ਦੇ ਟਰੱਸਟੀ, ਸੀ ਪੀ ਆਈ ਜ਼ਿਲ੍ਹਾ ਜਲੰਧਰ ਦੇ ਸਾਬਕਾ ਜ਼ਿਲ੍ਹਾ



ਸਕੱਤਰ ਐਡਵੋਕੇਟ ਰਜਿੰਦਰ ਸਿੰਘ ਮੰਡ ਦੀ ਬੇਵਕਤੀ ਹੋਈ ਮੌਤ 'ਤੇ ਸੀ ਪੀ ਆਈ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੇ ਹਾਂ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੀ ਪੀ ਆਈ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸਕੱਤਰ ਕਾਮਰੇਡ ਜਸਵਿੰਦਰ ਸਿੰਘ ਭੰਗਲ, ਮੀਤ ਸਕੱਤਰ ਨਰੰਜਣ ਦਾਸ ਮੇਹਲੀ, ਤਹਿਸੀਲ ਬਲਾਚੌਰ ਦੇ ਸਕੱਤਰ ਕਾਮਰੇਡ ਪਰਮਿੰਦਰ ਮੇਨਕਾ, ਬਲਾਕ ਬੰਗਾ ਦੇ ਸਕੱਤਰ ਕਾਮਰੇਡ ਗੁਰਮੁੱਖ ਸਿੰਘ ਫਰਾਲਾ ਨੇ ਦੱਸਿਆ ਕਿ ਕਾਮਰੇਡ ਮੰਡ ਪਹਿਲਾਂ ਜਲੰਧਰ ਦੋ-ਤਿੰਨ ਦਿਨ ਹਸਪਤਾਲ ਦਾਖਲ ਰਹੇ ਪਰ ਸਿਹਤ ਵਿੱਚ ਸੁਧਾਰ ਨਾ ਹੋਇਆ। ਫਿਰ ਲੁਧਿਆਣਾ ਡੀ ਐਮ ਸੀ ਚਲੇ ਗਏ ਉਥੇ ਹੀ ਸਾਨੂੰ ਸਾਰਿਆਂ ਨੂੰ ਅਲਵਿਦਾ ਕਹਿ ਗਏ। ਵਕਾਲਤ ਦੇ ਕਾਰਜ ਵਿੱਚ ਉਹ ਮਿਹਨਤਕਸ਼ ਆਵਾਮ ਨੂੰ ਨਿਆਂ ਦਿਵਾ ਕੇ ਜ਼ਿਆਦਾ ਖੁਸ਼ ਹੁੰਦੇ ਸਨ। ਆਗੂਆਂ ਨੇ ਕਿਹਾ ਕਿ ਮੰਡ ਦੀ ਮੌਤ ਨਾਲ ਅਗਾਂਹਵਧੂ ਤਾਕਤਾਂ ਨੂੰ ਵੱਡਾ ਘਾਟਾ ਪਿਆ ਹੈ। ਅਮਰਜੀਤ ਮੇਹਲੀ ਗੁਰਬਖਸ਼ ਕੌਰ ਰਾਹੋਂ, ਬੀਬੀ ਸ਼ੀਲਾ ਰਾਣੀ ਮੇਹਲੀ, ਪੱਤਰਕਾਰ ਅਵਤਾਰ ਕਲੇਰ, ਸਤਨਾਮ ਚਾਹਲ, ਹੁਸਨ ਲਾਲ, ਜੁਝਾਰ ਸਿੰਘ ਕੁੱਕੜ ਮਜਾਰਾ, ਨਰਿੰਦਰ ਕਾਲੀਆ ਆਦਿ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

## ਪੀਰ ਬਾਬਾ ਮੇਹਰ ਸ਼ਾਹ ਦਾ ਸਲਾਨਾ ਉਰਸ ਕਰਵਾਇਆ

**ਆਦਮਪੁਰ (ਪਰਮਜੀਤ ਸਿੰਘ)**- ਆਦਮਪੁਰ ਰੇਲਵੇ ਰੋਡ 'ਤੇ ਸਥਿਤ ਪੀਰਾਂ ਵਾਲੀ ਗਲੀ ਵਿਖੇ ਸੱਚਾ ਦਰਬਾਰ ਸੱਚੀ ਸਰਕਾਰ ਹਜ਼ੂਰ ਸ਼ਹਿਨਸ਼ਾਹ ਪੀਰ ਬਾਬਾ ਮੇਹਰ ਸ਼ਾਹ ਦੇ ਦਰਬਾਰ 'ਤੇ ਸਲਾਨਾ ਉਰਸ ਦਰਬਾਰ ਦੇ ਮੁੱਖ ਸੇਵਾਦਾਰ ਸਾਈਂ ਰਾਮ ਮੂਰਤੀ (ਬਿੱਲੇ ਸ਼ਾਹ) ਦੀ ਦੇਖ-ਰੇਖ ਹੇਠ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਬਹੁਤ



ਹੀ ਸ਼ਰਧਾਪੂਰਵਕ ਅਤੇ ਧੂਮਧਾਮ ਨਾਲ ਮਨਾਇਆ ਗਿਆ। ਮੇਲੇ ਸੰਬੰਧੀ ਜਾਣਕਾਰੀ ਦਿੰਦੇ ਹੋਏ ਗੱਦੀਨਸ਼ੀਨ ਅਤੇ ਜਗਜਾਹਰ ਬਾਬਾ ਸਾਈਂ ਉਦੇਸ਼ੀਆਂ ਨੇ ਦੱਸਿਆ ਕਿ ਮੇਲੇ ਦੇ ਪਹਿਲੇ ਦਿਨ ਸ਼ਾਮ ਨੂੰ ਮਹਿੰਦੀ ਤੇ ਚਿਰਾਗ ਰੋਸ਼ਨ ਕਰਨ ਦੀ ਰਸਮ ਕੀਤੀ ਗਈ, ਦੂਸਰੇ ਦਿਨ ਝੰਡੇ ਦੀ ਅਤੇ ਚਾਦਰ ਦੀ ਰਸਮ ਦਰਬਾਰ ਦੇ ਮੁੱਖ ਸੇਵਾਦਾਰ ਸਾਈਂ ਰਾਮ ਮੂਰਤੀ (ਬਿੱਲੇ ਸ਼ਾਹ) ਤੇ ਸਮੂਹ ਸੰਗਤਾਂ ਵੱਲੋਂ ਅਦਾ ਕੀਤੀ ਗਈ। ਉਪਰੰਤ ਮਸ਼ਹੂਰ ਕਵਾਲਾਂ ਵੱਲੋਂ ਕਵਾਲੀਆਂ ਪੇਸ਼ ਕਰ ਦਰਬਾਰ 'ਚ ਹਾਜ਼ਰੀ ਲਗਵਾਈ ਗਈ। ਸਲਾਨਾ ਉਰਸ 'ਚ ਵਿਸ਼ੇਸ਼ ਤੌਰ 'ਤੇ ਬਾਬਾ ਹਰਬੰਸ ਸ਼ਾਹ ਕਾਦਰੀ ਆਦਮਪੁਰ ਗੱਦੀਨਸ਼ੀਨ ਦਰਬਾਰ ਹਜ਼ਰਤ ਪੀਰ ਭਗਤੂ ਸ਼ਾਹ ਜੀ ਕਾਦਰੀ, ਸਾਈਂ ਰਾਮ ਸ਼ਾਹ ਕਾਦਰੀ ਚੋਮੋ ਵਾਲੇ, ਸਾਈਂ ਜਿੰਦੀ ਸ਼ਾਹ ਤੇ ਹੋਰ ਸੰਤ ਮਹਾਂਪੁਰਸ਼ਾ ਨੇ ਸ਼ਿਰਕਤ ਕੀਤੀ। ਆਈਆਂ ਸੰਗਤਾਂ 'ਚ ਅਤੁੱਟ ਲੰਗਰ, ਚਾਹ ਪਕੌੜੇ ਤੇ ਠੰਢੇ ਮਿੱਠੇ ਜਲ ਦੀ ਛਬੀਲ ਵਰਤਾਈ ਗਈ। ਇਸ ਮੌਕੇ ਇਕਬਾਲ ਆਦਮਪੁਰ, ਲਹਿਬਰ ਲੰਬੜ ਮਲਕੋ ਤਰਾੜ ਵਾਲੇ, ਗੋਸਾ, ਦੀਪਾ, ਬੰਟੀ, ਦਮਨ, ਪ੍ਰਿੰਸ, ਨੀਲਮ, ਪੂਨਮ, ਰਿਤਕਾ, ਪ੍ਰੀਤ, ਰੈਨੂ, ਅਮਨੀ ਅਤੇ ਬਲਵੀਰੋ ਤੇ ਹੋਰ ਸੇਵਾਦਾਰ ਹਾਜ਼ਰ ਸਨ।

## ਸਾਂਝੇ ਮੋਰਚੇ ਦੀ ਹੋਈ ਇਤਿਹਾਸਕ ਜਿੱਤ, ਸਕੂਲ ਬਣਨਾ ਹੋਇਆ ਸ਼ੁਰੂ : ਬਾਲੀ, ਪੱਬਵਾਂ

**ਨੂਰਮਹਿਲ ( ਰਾਜੇਸ਼ ਥਾਪਾ)**- ਸਰਕਾਰੀ ਸਕੂਲ ਬਚਾਉ ਮੋਰਚਾ ਨੂਰਮਹਿਲ ਵੱਲੋਂ, ਜੋ ਵੱਖ ਵੱਖ ਜਥੇਬੰਦੀਆਂ ਤੇ ਅਧਾਰਤ ਬਣਿਆਂ ਹੋਇਆ ਹੈ, ਨੇ ਇੱਕ ਸਾਂਝੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਦੱਸਿਆ ਹੈ ਕਿ ਨੂਰਮਹਿਲ ਦਾ ਸਰਕਾਰੀ ਹਾਈ ਸਕੂਲ ਲੜਕਿਆਂ ਦਾ ਸੀ, ਜੋ ਨੂਰਮਹਿਲ ਸਰਾਂ ਦੇ ਵਿੱਚ 2006 ਵਿੱਚ ਚੱਲ ਰਿਹਾ ਸੀ, ਨੂੰ ਸਰਾਂ ਵਿੱਚੋਂ ਚੁਕਵਾ ਦਿੱਤਾ ਗਿਆ ਸੀ। ਇਹ ਸਕੂਲ ਅੰਗਰੇਜਾਂ ਦੇ ਟਾਇਮ ਦੇ ਵੇਲੇ ਦਾ ਪੁਰਾਣਾ ਸਕੂਲ ਸੀ। ਜਿਸ ਵਿੱਚ ਗਰੀਬ ਮਾਪਿਆਂ ਦੇ ਬੱਚੇ ਪੜਦੇ ਸਨ। ਪਰ ਇਸ ਨੂੰ ਕਿਸੇ ਵੀ ਸਿਆਸੀ ਪਾਰਟੀਆ ਨੇ ਚਲਾਉਣ ਦੀ ਲੋੜ ਨਾ ਸਮਝੀ, ਜਿਸ ਨਾਲ ਗਰੀਬ ਬੱਚਿਆਂ ਦਾ ਬਹੁਤ ਨੁਕਸਾਨ ਹੋਇਆ। ਇਸ ਸਕੂਲ ਨੂੰ ਚਾਲੂ ਕਰਾਉਣ ਲਈ ਸਰਕਾਰੀ ਸਕੂਲ ਬਚਾਉ ਮੋਰਚਾ ਲੱਗਭਗ ਪਿਛਲੇ 21 ਸਾਲ ਤੋਂ ਲੜਦਾ ਆ ਰਿਹਾ ਹੈ। ਜਿਸ ਦੀ ਅਗਵਾਈ ਲੋਕ ਰੱਖਿਆ ਕਮੇਟੀ ਦੇ ਆਗੂ ਬਾਲ ਕ੍ਰਿਸ਼ਨ ਬਾਲੀ ਅਤੇ ਪੇਂਡੂ ਮਜਦੂਰ ਯੂਨੀਅਨ ਦੇ ਆਗੂ ਹੰਸ ਰਾਜ ਪੱਬਵਾਂ ਕਰਦੇ ਆ ਰਹੇ ਹਨ। ਸਾਂਝੇ ਮੋਰਚੇ ਦੀਆਂ ਜਥੇਬੰਦੀਆਂ ਦੇ ਸੰਘਰਸ਼ ਸਦਕਾ ਵੱਖ ਵੱਖ ਸਮੇਂ ਅਨੁਸਾਰ ਗ੍ਰਾਂਟਾਂ ਜਾਰੀ ਹੋਈਆਂ ਜਿਸ ਨੂੰ ਸਕੂਲ ਨੂੰ ਚਾਲੂ ਕਰਨ ਦਾ ਕੰਮ ਸਰਕਾਰ ਵੱਲੋਂ ਸ਼ੁਰੂ ਕਰ ਦਿੱਤਾ ਗਿਆ ਹੈ ਅਤੇ ਕੰਮ ਚਲਦਾ ਹੈ। ਸਾਂਝੇ



ਜਥੇਬੰਦੀਆਂ ਦੀ ਇਹ ਇਕ ਇਤਿਹਾਸਕ ਅੰਕਿਤ ਜਿੱਤ ਹੋਈ ਹੈ । ਸਾਂਝੇ ਮੰਚ ਨੇ ਨਗਰ ਕੌਂਸਲ ਨੂਰਮਹਿਲ ਦੇ ਈ ਓ ਸਾਹਿਬ ਨੂਰਮਹਿਲ ਤੋਂ ਜੋਰਦਾਰ ਮੰਗ ਕੀਤੀ ਹੈ ਕਿ ਸੀਵਰੇਜ ਦਾ ਪਾਣੀ ਸਕੂਲ ਦੀਆਂ ਨੀਹਾਂ ਵਿੱਚ ਪੈ ਰਿਹਾ ਹੈ ਨੂੰ ਜਲਦੀ ਬੰਦ ਕਰਕੇ, ਇਸ ਪਾਣੀ ਦਾ ਬਦਲਵਾਂ ਪ੍ਰਬੰਧ ਕੀਤਾ ਜਾਵੇ। ਸਕੂਲ ਬਚਾਉ ਮੋਰਚਾ ਵਿੱਚ ਸ਼ਾਮਿਲ ਜਥੇਬੰਦੀਆਂ ਜੋ ਇਸ ਮਸਲੇ ਸਬੰਧੀ ਲਗਾਤਾਰ ਸੰਘਰਸ਼ਸ਼ੀਲ ਹਨ, ਨਵਾਂ ਜ਼ਮਾਨਾ ਦੇ ਪੱਤਰਕਾਰ ਬਾਲ ਕ੍ਰਿਸ਼ਨ ਬਾਲੀ, ਪੇਂਡੂ ਮਜਦੂਰ ਯੂਨੀਅਨ ਆਗੂ ਹੰਸ ਰਾਜ ਪੱਬਵਾਂ, ਕਿਰਤੀ ਕਿਸਾਨ ਯੂਨੀਅਨ ਆਗੂ ਸੰਤੋਖ ਸਿੰਘ ਸੰਧੂ, ਸ਼੍ਰੋਮਣੀ ਰੱਘਰੇਟਾ ਦਲ ਦੇ ਪ੍ਰਧਾਂਨ ਬਲਵੀਰ ਸਿੰਘ ਚੀਮਾ, ਭਾਰਤੀ ਕਿਸਾਨ ਯੂਨੀਅਨ ਦੋਆਬਾ ਦੇ ਬਲਾਕ ਪ੍ਰਧਾਨ ਰਛਪਾਲ ਸਿੰਘ ਗਰਚਾ ਸ਼ਾਦੀਪੁਰ, ਪੰਜਾਬ ਸਟੂਡੈਂਟਸ ਯੂਨੀਅਨ ਜ਼ਿਲ੍ਹਾ ਪ੍ਰਧਾਨ ਰਮਨਦੀਪ ਕੌਰ, ਨੌਜਵਾਨ ਭਾਰਤ ਸਭਾ ਦੇ ਜ਼ਿਲ੍ਹਾ ਪ੍ਰਧਾਨ ਮੰਗਲਜੀਤ ਪੰਡੋਰੀ, ਸੀਨੀਅਰ ਪੱਤਰਕਾਰ ਰਾਜੇਸ਼ ਥਾਪਾ, ਦੇਸ਼ ਭਗਤ ਯਾਦਗਾਰ ਹਾਲ ਦੇ ਟਰੱਸਟੀ ਅਤੇ ਉਘੇ ਸ਼ੋਸ਼ਲ ਵਰਕਰ ਸੁਰਿੰਦਰ ਕੁਮਾਰੀ ਕੋਛੜ ਹਨ। ਉਪਰੋਕਤ ਜਥੇਬੰਦੀਆਂ ਦੀ ਸਰਕਾਰ ਤੋਂ ਪੁਰਜ਼ੋਰ ਮੰਗ ਹੈ ਕਿ+1 ਅਤੇ+2 ਦੀਆਂ ਕਲਾਸਾਂ ਬਿਠਾਕੇ ਸਕੂਲ ਨੂੰ ਜਲਦੀ ਚਾਲੂ ਕੀਤਾ ਜਾਵੇ।

## ਸਾਲਾਨਾ ਮੇਲਾ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ

**ਕਪੂਰਥਲਾ (ਪ੍ਰੀਤ ਸੰਗੋਜਲਾ)**- ਪੀਰ ਬਾਬਾ ਮਸਤ ਦੋ ਰੁੱਖਾਂ ਵਾਲੀ ਸਰਕਾਰ ਦਾ ਸਲਾਨਾ ਮੇਲਾ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੜੀ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਗਿਆ । ਜਾਣਕਾਰੀ ਦਿੰਦਿਆਂ ਮੁੱਖ ਸੇਵਾਦਾਰ ਬਾਬਾ ਮਦਨ ਮੋਹਨ ਜੀ ਨੇ ਦੱਸਿਆ ਕਿ ਇਹ ਮੇਲਾ ਹਰ 18 ਤੇ 19 ਜੂਨ ਨੂੰ ਐਨ ਆਰ ਆਈ ਅਤੇ ਪਿੰਡ ਦੇ ਸਹਿਯੋਗ ਨਾਲ ਪਿੰਡ ਡੇਰੇ ਲੱਖਣ ਕਲਾਂ ਜ਼ਿਲ੍ਹਾ ਕਪੂਰਥਲਾ ਵਿਖੇ ਮਨਾਇਆ



ਗਿਆ। ਇਸ ਮੌਕੇ ਤੇ ਵਿਸ਼ੇਸ਼ ਤੌਰ 'ਤੇ ਯੁਵਰਾਜ ਭੁਪਿੰਦਰ ਸਿੰਘ, ਪ੍ਰੀਤ ਸੰਗੋਜਲਾ ਜ਼ਿਲ੍ਹਾ ਪ੍ਰਧਾਨ ਕਪੂਰਥਲਾ ਜਰਨਲਿਸਟ ਪ੍ਰੈੱਸ ਕਲੱਬ ਰਜਿ ਪੰਜਾਬ, ਐਡਵੋਕੇਟ ਹਰਜੀਤ ਸਿੰਘ, ਸੁਖਵਿੰਦਰ ਸੋਹੀ ਜਨਰਲ ਸਕੱਤਰ, ਹਰਜਿੰਦਰ ਸਿੰਘ ਐਸ ਐਚ ਓ ਫਿਲਵਾਂ, ਬਾਬਾ ਵਿਜੇ ਕੁਮਾਰ ਜੀ ਮੁਖ ਸੇਵਾਦਾਰ ਪੀਰ ਬਾਬਾ ਕਾਨੇ ਸ਼ਾਹ ਜੀ ਹਮੀਰਾ, ਬਾਬਾ ਰਜਿੰਦਰ ਢਿਲੋਂ, ਬੀਬੀ ਸ਼ੱਬੋ ਸਰਕਾਰ ਮੁੱਖ ਸੇਵਾਦਾਰ ਪੰਜ ਪੀਰ ਕਪੂਰਥਲਾ, ਪਰਮਜੀਤ ਕਾਲੀਆ, ਸੰਦੀਪ ਦੇਵਗਨ ,ਬਲਜੀਤ ਸਿੰਘ ਹਮੀਰਾ, ਐਡਵੋਕੇਟ ਪਰਮਿੰਦਰ ਸਿੰਘ, ਸਾਈ ਅਭੀ ਦਮੂਲੀਆ, ਮਨਜੀਤ ਸਿੰਘ ਡੋਗਰਾਵਾਲ, ਕਾਲਾ ਸਰਪੰਚ ਆਦਿ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਇਸ ਮੌਕੇ ਪੰਜਾਬ ਦੇ ਮਸ਼ਹੂਰ ਸਿੰਗਰਾ ਨੇ ਆਪਣੀ ਕਲਾ ਦਿਖਾਈ, ਜਿਨਾਂ ਵਿੱਚ ਬਲਵਿੰਦਰ ਸੋਨੂ, ਦਲਵਿੰਦਰ ਦਿਆਲਪੁਰੀ ,ਗਿੱਲ ਸਿਸਟਰ ਅਤੇ ਕਵਾਲ ਤਾਰਿਕ ਹੁਸੈਨ ਆਦਿ ਨੇ ਹਾਜ਼ਰੀ ਭਰੀ । ਆਈਆਂ ਹੋਈਆਂ ਸੰਗਤਾਂ ਨੂੰ ਰੱਬ ਦੇ ਰੰਗ ਵਿੱਚ ਰੰਗ ਦਿੱਤਾ। ਇਸ ਮੌਕੇ ਆਈਆਂ ਹੋਈਆਂ ਸੰਗਤਾਂ ਲਈ ਠੰਡੇ ਮਿੱਠੇ ਜਲ ਦੀ ਛਬੀਲ ਅਤੇ ਲੰਗਰ ਦਾ ਵੀ ਖਾਸ ਪ੍ਰਬੰਧ ਕੀਤਾ ਗਿਆ। ਇਸ ਮੌਕੇ ਆਈਆਂ ਹੋਈਆਂ ਸੰਗਤਾਂ ਵੱਲੋਂ ਬਾਬਾ ਮਦਨ ਮੋਹਨ ਜੀ ਦਾ ਆਸ਼ੀਰਵਾਦ ਵੀ ਪ੍ਰਾਪਤ ਕੀਤਾ ਗਿਆ।

## ਏ ਜੀ ਆਈ ਇੰਫਰਾ ਅੱਜ ਅੰਤਰਰਾਸ਼ਟਰੀ ਯੋਗ ਦਿਵਸ ਮਨਾਏਗੀ

**ਜਲੰਧਰ (ਰਾਜੇਸ਼ ਥਾਪਾ)**- ਇਲਾਕੇ ਦੀ ਪ੍ਰਮੁੱਖ ਰੀਅਲ ਐਸਟੇਟ ਅਤੇ ਇੰਫਰਾਸਟਰਕਚਰ ਕੰਪਨੀ ਏਜੀਆਈ ਇੰਫਰਾ ਲਿਮਿਟੇਡ, ਜੋ ਖੇਡਾਂ, ਤੰਦਰੁਸਤੀ ਅਤੇ ਸਿਹਤਮੰਦ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਨ ਲਈ ਜਾਣੀ ਜਾਂਦੀ ਹੈ, 21 ਜੂਨ ਨੂੰ ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਇੱਕ ਵਿਸ਼ਾਲ ਯੋਗ ਸਮਾਗਮ ਕਰਵਾਏਗੀ। ਇਹ ਜਾਣਕਾਰੀ ਕੰਪਨੀ ਦੀ ਹੋਲ ਟਾਈਮ ਡਾਇਰੈਕਟਰ ਸਿਮਰਨ ਨੇ ਦਿੱਤੀ।ਅੰਤਰਰਾਸ਼ਟਰੀ ਯੋਗ ਦਿਵਸ ਹਰ ਸਾਲ 21 ਜੂਨ ਨੂੰ ਪੂਰੀ ਦੁਨੀਆ ਵਿੱਚ ਮਨਾਇਆ ਜਾਂਦਾ ਹੈ। ਸਾਲ 2014 ਵਿੱਚ ਸੰਯੁਕਤ ਰਾਸ਼ਟਰ ਨੇ ਇਸ ਨੂੰ ਮਾਨਤਾ ਦਿੱਤੀ ਸੀ।ਸਿਮਰਨ ਨੇ ਦੱਸਿਆ ਕਿ ਇਹ ਯੋਗ ਸਮਾਗਮ ਏ ਜੀ ਆਈ ਇੰਫਰਾ ਲਿਮਿਟੇਡ ਦੇ ਮਾਣਯੋਗ ਰਿਹਾਇਸ਼ੀ ਪ੍ਰੋਜੈਕਟ ਉਰਬਾਨਾ ਦੇ ਗਲਾਸ ਪੈਲੇਸ ਅਰੀਨਾ, 66 ਫੁੱਟ ਰੋਡ, ਜਲੰਧਰ ਵਿਖੇ ਕਰਵਾਇਆ ਜਾਵੇਗਾ।ਇਹ ਪ੍ਰੋਗਰਾਮ ਤਜਰਬੇਕਾਰ ਯੋਗ ਅਧਿਆਪਕਾਂ ਅਤੇ ਯੋਗ ਡਾਕਟਰਾਂ ਦੀ ਦੇਖ-



ਰੇਖ ਹੇਠ ਕਰਵਾਇਆ ਜਾਵੇਗਾ ਤਾਂ ਜੋ ਭਾਗ ਲੈਣ ਵਾਲਿਆਂ ਨੂੰ ਯੋਗ ਦਾ ਪੂਰਾ ਲਾਭ ਮਿਲ ਸਕੇ।ਉਨ੍ਹਾਂ ਕਿਹਾ ਕਿ ਇਸ ਸਮਾਗਮ ਦਾ ਮੁੱਖ ਮਕਸਦ ਸਭ ਲਈ ਚੰਗੀ ਸਿਹਤ, ਤੰਦਰੁਸਤੀ ਅਤੇ ਭਾਈਚਾਰਕ ਭਲਾਈ ਹੋਵੇਗਾ। ਸਿਮਰਨ ਨੇ ਕਿਹਾ ਕਿ ਅੱਜ ਦੀ ਭੱਜਦੌੜ ਭਰੀ ਜ਼ਿੰਦਗੀ ਵਿੱਚ ਤਣਾਅ, ਚਿੰਤਾ ਅਤੇ ਜੀਵਨ ਸ਼ੈਲੀ ਨਾਲ ਜੁੜੀਆਂ ਬਿਮਾਰੀਆਂ ਲਗਾਤਾਰ ਵੱਧ ਰਹੀਆਂ ਹਨ। ਅਜਿਹੇ ਸਮੇਂ ਵਿੱਚ ਯੋਗ ਸਰੀਰ ਅਤੇ ਮਨ ਨੂੰ ਤੰਦਰੁਸਤ ਰੱਖਣ ਦਾ ਇੱਕ ਸੌਖਾ ਅਤੇ ਕੁਦਰਤੀ ਤਰੀਕਾ ਹੈ। ਯੋਗ ਨਾਲ ਸਰੀਰ ਲਚਕੀਲਾ ਅਤੇ ਮਜ਼ਬੂਤ ਬਣਦਾ ਹੈ, ਮਨ ਸ਼ਾਂਤ ਰਹਿੰਦਾ ਹੈ, ਧਿਆਨ ਵਧਦਾ ਹੈ ਅਤੇ ਤਣਾਅ ਘਟਦਾ ਹੈ।ਸਮਾਗਮ ਵਿੱਚ ਸ਼ਾਮਲ ਹੋਣ ਵਾਲੇ ਸਾਰੇ ਭਾਗੀਦਾਰਾਂ ਲਈ ਹਲਕੇ ਜਲਪਾਨ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਸਿਮਰਨ ਨੇ ਅੱਗੇ ਦੱਸਿਆ ਕਿ ਜੇਕਰ ਨਿਵਾਸੀਆਂ ਵੱਲੋਂ ਚੰਗਾ ਉਤਸ਼ਾਹ ਅਤੇ ਸਹਿਯੋਗ ਮਿਲਦਾ ਹੈ ਤਾਂ ਏਜੀਆਈ ਇੰਫਰਾ ਲਿਮਿਟੇਡ ਆਪਣੀਆਂ ਰਿਹਾਇਸ਼ੀ ਸੋਸਾਇਟੀਆਂ ਵਿੱਚ ਨਿਯਮਿਤ ਯੋਗ ਕਲਾਸਾਂ ਸ਼ੁਰੂ ਕਰਨ ਬਾਰੇ ਵੀ ਵਿਚਾਰ ਕਰ ਰਹੀ ਹੈ। ਇਸ ਲਈ ਯੋਗ ਅਧਿਆਪਕਾਂ ਦੀਆਂ ਸੇਵਾਵਾਂ ਲਈਆਂ ਜਾਣਗੀਆਂ ਤਾਂ ਜੋ ਯੋਗ ਸਿਰਫ਼ ਇੱਕ ਦਿਨ ਦਾ ਪ੍ਰੋਗਰਾਮ ਨਾ ਰਹਿ ਕੇ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਬਣ ਸਕੇ।

## ਚੋਣ ਡਿਊਟੀਆਂ ਦੀ ਆੜ ਵਿੱਚ ਤਬਾਦਲਿਆਂ 'ਤੇ ਰੋਕ ਲਾਉਣੀ ਗੈਰ ਵਾਜਬ : ਡੀ ਟੀ ਐੱਫ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, ਸੂਬਾ ਜਨਰਲ ਸਕੱਤਰ ਮਹਿੰਦਰ ਕੌੜਿਆਂਵਾਲੀ ਅਤੇ ਸੂਬਾ ਵਿੱਤ ਸਕੱਤਰ ਅਸ਼ਵਨੀ ਅਵਸਥੀ ਨੇ ਮੁੱਖ ਚੋਣ ਅਫ਼ਸਰ ਪੰਜਾਬ ਵੱਲੋਂ ਜਾਰੀ ਕੀਤੇ ਉਸ ਪੱਤਰ ਦਾ ਸਖ਼ਤ ਵਿਰੋਧ ਕੀਤਾ ਹੈ, ਜਿਸ ਰਾਹੀਂ ਐੱਸ ਆਈ ਆਰ (ਸਪੈਸ਼ਲ ਇਨਟੈਂਸਿਵ ਰਿਵੀਜ਼ਨ) 2026 ਦੌਰਾਨ ਚੋਣ ਡਿਊਟੀਆਂ ਨਾਲ ਜੁੜੇ ਅਧਿਆਪਕਾਂ, ਕੰਪਿਊਟਰ ਫੈਕਲਟੀਆਂ ਅਤੇ ਨਾਨ-ਟੀਚਿੰਗ ਸਟਾਫ਼ ਦੇ ਤਬਾਦਲੇ ਰੋਕਣ ਦੀ ਹਦਾਇਤ ਜਾਰੀ ਕੀਤੀ ਗਈ ਹੈ।ਡੀ ਟੀ ਐੱਫ ਆਗੂਆਂ ਨੇ ਕਿਹਾ ਕਿ ਚੋਣ ਕਮਿਸ਼ਨ ਦੀਆਂ ਹਦਾਇਤਾਂ ਵਿੱਚ ਸਪੱਸ਼ਟ ਤੌਰ 'ਤੇ ਕੇਵਲ ਉਹਨਾਂ ਅਧਿਕਾਰੀਆਂ ਦੇ ਤਬਾਦਲੇ ਨਾ ਕਰਨ ਦੀ ਗੱਲ ਕੀਤੀ ਗਈ ਹੈ ਜੋ ਸਿੱਧੇ ਤੌਰ 'ਤੇ ਚੋਣ ਪ੍ਰਕਿਰਿਆ ਦੇ ਨਿਰਵਹਨ ਨਾਲ ਜੁੜੇ ਡੀ ਈ ਓ ਈ ਆਰ ਓ ਅਤੇ ਏ ਈ ਆਰ ਓ ਵਰਗੇ ਅਹੁਦਿਆਂ 'ਤੇ ਤਾਇਨਾਤ ਹਨ ਪਰ ਪੰਜਾਬ ਦੇ ਸਿੱਖਿਆ ਵਿਭਾਗ ਅਤੇ ਚੋਣ ਅਧਿਕਾਰੀਆਂ ਵੱਲੋਂ ਇਸ ਦੀ ਗਲਤ ਵਿਆਖਿਆ ਕਰਦਿਆਂ ਹਜ਼ਾਰਾਂ ਅਧਿਆਪਕਾਂ ਅਤੇ ਹੋਰ ਕਰਮਚਾਰੀਆਂ ਦੇ ਤਬਾਦਲੇ ਰੋਕਣ ਦਾ ਫ਼ੈਸਲਾ ਕੀਤਾ ਗਿਆ ਹੈ, ਜੋ ਕਿ ਨਾ ਸਿਰਫ਼ ਨਿਯਮਾਂ ਦੇ ਉਲਟ ਹੈ, ਸਗੋਂ ਮੁਲਾਜ਼ਮਾਂ ਦੇ ਹੱਕਾਂ 'ਤੇ ਵੀ ਸਿੱਧਾ ਹਮਲਾ ਹੈ।ਆਗੂਆਂ ਨੇ ਕਿਹਾ ਕਿ ਅਧਿਆਪਕ ਪਹਿਲਾਂ ਹੀ ਗੈਰ-ਵਿੱਦਿਅਕ ਕੰਮਾਂ ਦੇ ਬੋਝ ਹੇਠ ਦੱਬੇ ਹੋਏ ਹਨ। ਸਕੂਲਾਂ ਵਿੱਚ ਪੜ੍ਹਾਈ ਦੇ ਕੰਮ ਤੋਂ ਇਲਾਵਾ ਵੱਖ-ਵੱਖ ਸਰਵੇਖਣਾਂ, ਜਨਗਣਨਾ ਅਤੇ ਚੋਣੀ ਡਿਊਟੀਆਂ ਕਾਰਨ ਸਿੱਖਿਆ ਦਾ ਕੰਮ ਪ੍ਰਭਾਵਿਤ ਹੋ ਰਿਹਾ ਹੈ। ਹੁਣ ਤਬਾਦਲਿਆਂ 'ਤੇ ਰੋਕ ਲਗਾ ਕੇ ਅਧਿਆਪਕਾਂ ਨੂੰ ਹੋਰ ਮਾਨਸਿਕ ਪਰੇਸ਼ਾਨੀ ਵਿੱਚ ਧੱਕਿਆ ਜਾ ਰਿਹਾ ਹੈ। ਕਈ ਅਧਿਆਪਕ ਪਰਿਵਾਰਕ, ਸਿਹਤ ਅਤੇ ਪ੍ਰਸ਼ਾਸਨਿਕ ਕਾਰਨਾਂ ਕਰਕੇ ਤਬਾਦਲਿਆਂ ਦੀ ਉਡੀਕ ਕਰ ਰਹੇ ਹਨ, ਪਰ ਇਸ ਪੱਤਰ ਰਾਹੀਂ ਉਨ੍ਹਾਂ ਦੇ ਜਾਇਜ਼ ਹੱਕਾਂ ਨੂੰ ਰੋਕਿਆ ਜਾ ਰਿਹਾ ਹੈ।

## ਵਿਧਾਇਕ ਰੰਧਾਵਾ ਵੱਲੋਂ ਸਰਕਾਰੀ ਦਫ਼ਤਰਾਂ ਦਾ ਅਚਨਚੇਤ ਨਿਰੀਖਣ

**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਹਲਕਾ ਡੇਰਾਬੱਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਵੱਲੋਂ ਸਵੇਰੇ ਵੱਖ-ਵੱਖ ਸਰਕਾਰੀ ਦਫ਼ਤਰਾਂ ਦਾ ਅਚਨਚੇਤ ਨਿਰੀਖਣ ਕੀਤਾ ਗਿਆ। ਇਸ ਦੌਰਾਨ ਜਿੱਥੇ ਉਨ੍ਹਾਂ ਨੇ ਦਫ਼ਤਰਾਂ ਦੇ ਹਾਜ਼ਰੀ ਰਜਿਸਟਰ ਚੈੱਕ ਕੀਤੇ, ਉੱਥੇ ਹੀ ਮੁਲਾਜ਼ਮਾਂ ਦੀ ਹਾਜ਼ਰੀ



ਅਤੇ ਕੰਮਕਾਜ ਦੀ ਸਥਿਤੀ ਦਾ ਜਾਇਜ਼ਾ ਲੈਂਦਿਆਂ ਅਧਿਕਾਰੀਆਂ ਨੂੰ ਲੋਕ ਹਿਤੈਸ਼ੀ ਪ੍ਰਸ਼ਾਸਨ ਮੁਹੱਈਆ ਕਰਵਾਉਣ ਦੇ ਸਖ਼ਤ ਨਿਰਦੇਸ਼ ਜਾਰੀ ਕੀਤੇ। ਵਿਧਾਇਕ ਰੰਧਾਵਾ ਦੀ ਇਸ ਅਚਨਚੇਤ ਕਾਰਵਾਈ ਨਾਲ ਸਰਕਾਰੀ ਅਧਿਕਾਰੀਆਂ ਅਤੇ ਕਰਮਚਾਰੀਆਂ ਵਿੱਚ ਹੜਕੰਪ ਮੱਚ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਸ਼ੁੱਕਰਵਾਰ ਸਵੇਰੇ ਠੀਕ 7:35 ਵਜੇ ਹੀ ਹਰਕਤ ਵਿੱਚ ਆ ਗਏ। ਉਨ੍ਹਾਂ ਨੇ ਸਭ ਤੋਂ ਪਹਿਲਾਂ ਸਿਵਲ ਹਸਪਤਾਲ ਡੇਰਾਬੱਸੀ ਦਾ ਦੌਰਾ ਕੀਤਾ। ਇਸ ਤੋਂ ਬਾਅਦ ਉਨ੍ਹਾਂ ਨਗਰ ਕੌਂਸਲ ਦਫ਼ਤਰ, ਸਥਾਨਕ ਪੁਲਿਸ ਸਟੇਸ਼ਨ ਅਤੇ ਬੀ.ਡੀ.ਪੀ.ਓ. (ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ) ਦਫ਼ਤਰ ਦਾ ਅਚਨਚੇਤ ਨਿਰੀਖਣ ਕਰਕੇ ਉੱਥੋਂ ਦੀ ਪ੍ਰਸ਼ਾਸਨਿਕ ਕਾਰਜਪ੍ਰਣਾਲੀ ਨੂੰ ਬਾਰੀਕੀ ਨਾਲ ਦੇਖਿਆ। ਇਸ ਦੌਰਾਨ ਉਨ੍ਹਾਂ ਦਫ਼ਤਰਾਂ ਵਿੱਚ ਮੌਜੂਦ ਹਾਜ਼ਰੀ ਰਜਿਸਟਰਾਂ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਚੈੱਕ ਕੀਤਾ ਅਤੇ ਦੇਰੀ ਨਾਲ ਆਉਣ ਵਾਲੇ ਮੁਲਾਜ਼ਮਾਂ ਬਾਰੇ ਰਿਪੋਰਟ ਤਿਆਰ ਕਰਨ ਦੇ ਨਿਰਦੇਸ਼ ਦਿੱਤੇ। ਸਭ ਤੋਂ ਪਹਿਲਾਂ ਸਿਵਲ ਹਸਪਤਾਲ ਪਹੁੰਚੇ ਵਿਧਾਇਕ ਰੰਧਾਵਾ ਨੇ ਉੱਥੇ ਮੌਜੂਦ ਡਾਕਟਰਾਂ, ਪੈਰਾ-ਮੈਡੀਕਲ ਸਟਾਫ਼ ਅਤੇ ਹੋਰ ਕਰਮਚਾਰੀਆਂ ਦੀ ਹਾਜ਼ਰੀ ਦੀ ਜਾਂਚ ਕੀਤੀ। ਉਨ੍ਹਾਂ ਨੇ ਹਸਪਤਾਲ ਦੇ ਵੱਖ-ਵੱਖ ਵਾਰਡਾਂ, ਐਮਰਜੈਂਸੀ ਰੂਮ ਤੇ ਓ.ਪੀ.ਡੀ. ਦਾ ਦੌਰਾ ਕਰਕੇ ਮਰੀਜ਼ਾਂ ਨੂੰ ਮਿਲ ਰਹੀਆਂ ਸਿਹਤ ਸਹੂਲਤਾਂ ਬਾਰੇ ਜਾਣਕਾਰੀ ਲਈ। ਸਿਵਲ ਹਸਪਤਾਲ ਤੋਂ ਬਾਅਦ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨਗਰ ਕੌਂਸਲ ਅਤੇ ਬੀ.ਡੀ.ਪੀ.ਓ. ਦਫ਼ਤਰ ਪਹੁੰਚੇ। ਇੱਥੇ ਉਨ੍ਹਾਂ ਨੇ ਹਾਜ਼ਰੀ ਰਜਿਸਟਰਾਂ ਦੀ ਪੜਤਾਲ ਕਰਨ ਦੇ ਨਾਲ-ਨਾਲ ਦਫ਼ਤਰੀ ਕੰਮਕਾਜ ਅਤੇ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਨਾਗਰਿਕ ਸੇਵਾਵਾਂ (ਸੇਵਾ ਕੇਂਦਰ ਨਾਲ ਸਬੰਧਤ ਕੰਮਾਂ) ਬਾਰੇ ਵਿਸਥਾਰਪੂਰਵਕ ਜਾਣਕਾਰੀ ਹਾਸਲ ਕੀਤੀ।

## ਵਿਧਵਾ ਤੇ ਬੇਸਹਾਰਾ ਮਹਿਲਾਵਾਂ ਲਈ 305 ਕਰੋੜ ਦੀ ਵਿੱਤੀ ਸਹਾਇਤਾ ਜਾਰੀ : ਡਾ. ਬਲਜੀਤ ਕੌਰ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਜਦੋਂ ਕਿਸੇ ਪਰਿਵਾਰ ਦਾ ਕਮਾਉਣ ਵਾਲਾ ਮੈਂਬਰ ਸਾਥ ਛੱਡ ਜਾਂਦਾ ਹੈ ਤਾਂ ਮਹਿਲਾਵਾਂ ਨੂੰ ਅਕਸਰ ਸਭ ਤੋਂ ਵੱਧ ਆਰਥਿਕ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਜਿਹੇ ਸਮੇਂ ਵਿੱਚ ਪੰਜਾਬ ਸਰਕਾਰ ਦੀ ਵਿਧਵਾ ਅਤੇ ਨਿਆਸ਼ਰਿਤ ਮਹਿਲਾਵਾਂ ਲਈ ਪੈਨਸ਼ਨ ਸਕੀਮ ਸੂਬੇ ਦੀਆਂ ਲੱਖਾਂ ਮਹਿਲਾਵਾਂ ਲਈ ਆਰਥਿਕ ਸੁਰੱਖਿਆ ਅਤੇ ਸਨਮਾਨ ਦਾ ਅਹਿਮ ਆਧਾਰ ਬਣ ਰਹੀ ਹੈ। ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਇਸ ਗੱਲ ਲਈ ਵਚਨਬੱਧ ਹੈ ਕਿ ਕੋਈ ਵੀ ਲੋੜਵੰਦ ਮਹਿਲਾ ਆਰਥਿਕ ਤੰਗੀ ਕਾਰਨ ਆਪਣੇ ਸਨਮਾਨ ਅਤੇ ਬੁਨਿਆਦੀ ਜ਼ਰੂਰਤਾਂ ਤੋਂ ਵਾਂਝੀ ਨਾ ਰਹੇ। ਇਹ ਪ੍ਰਗਟਾਵਾ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕੀਤਾ। ਸਕੀਮ ਸੰਬੰਧੀ ਜਾਣਕਾਰੀ ਸਾਂਝੀ ਕਰਦਿਆਂ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਮਈ ਮਹੀਨੇ ਤੱਕ ਵਿਧਵਾ ਅਤੇ ਨਿਆਸ਼ਰਿਤ ਮਹਿਲਾਵਾਂ ਲਈ ਚਲਾਈ ਜਾ ਰਹੀ ਇਸ ਸਕੀਮ ਤਹਿਤ 305 ਕਰੋੜ ਰੁਪਏ ਤੋਂ ਵੱਧ ਦੀ ਰਕਮ ਜਾਰੀ ਕੀਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਸੂਬੇ ਭਰ ਵਿੱਚ 6.91 ਲੱਖ ਤੋਂ ਵੱਧ ਮਹਿਲਾਵਾਂ ਇਸ ਸਕੀਮ ਦਾ ਲਾਭ ਪ੍ਰਾਪਤ ਕਰ ਰਹੀਆਂ ਹਨ, ਜਿਸ ਨਾਲ ਉਨ੍ਹਾਂ ਨੂੰ ਆਰਥਿਕ ਸੁਰੱਖਿਆ ਮਿਲ ਰਹੀ ਹੈ ਅਤੇ ਉਹ ਆਤਮ-ਵਿਸ਼ਵਾਸ ਨਾਲ ਆਪਣਾ ਜੀਵਨ ਬਤੀਤ ਕਰਨ ਲਈ ਸਮਰੱਥ ਹੋ ਰਹੀਆਂ ਹਨ। ਉਨ੍ਹਾਂ ਅੱਗੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਵਿੱਤੀ ਸਾਲ 2026-27 ਦੌਰਾਨ ਇਸ ਸਕੀਮ ਦੇ ਪ੍ਰਭਾਵਸ਼ਾਲੀ ਸੰਚਾਲਨ ਅਤੇ ਵੱਧ ਤੋਂ ਵੱਧ ਯੋਗ ਮਹਿਲਾਵਾਂ ਤੱਕ ਲਾਭ ਪਹੁੰਚਾਉਣ ਲਈ 1200 ਕਰੋੜ ਰੁਪਏ ਤੋਂ ਵੱਧ ਦੀ ਰਾਸ਼ੀ ਦਾ ਉਪਬੰਧ ਕੀਤਾ ਗਿਆ ਹੈ।ਡਾ. ਬਲਜੀਤ ਕੌਰ ਨੇ ਅੱਗੇ ਦੱਸਿਆ ਕਿ ਇਹ ਸਕੀਮ 58 ਸਾਲ ਤੋਂ ਘੱਟ ਉਮਰ ਦੀਆਂ ਵਿਧਵਾ ਅਤੇ ਨਿਆਸ਼ਰਿਤ ਮਹਿਲਾਵਾਂ ਲਈ ਉਪਲਬਧ ਹੈ। ਇਸ ਤੋਂ ਇਲਾਵਾ, 30 ਸਾਲ ਜਾਂ ਇਸ ਤੋਂ ਵੱਧ ਉਮਰ ਦੀਆਂ ਅਣਵਿਆਹੀਆਂ ਮਹਿਲਾਵਾਂ ਵੀ ਇਸ ਸਕੀਮ ਦਾ ਲਾਭ ਲੈ ਸਕਦੀਆਂ ਹਨ। ਬਿਨੈਕਾਰ ਦੇ ਪਰਵਾਰ ਦੀ ਸਾਲਾਨਾ ਆਮਦਨ 60,000 ਰੁਪਏ ਤੋਂ ਵੱਧ ਨਹੀਂ ਹੋਣੀ ਚਾਹੀਦੀ।

## ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ

**ਜਲੰਧਰ ( ਸੈਲੀ ਐਲਬਰਟ)**- ਲਾਇਲਪੁਰ ਖਾਲਸਾ ਕਾਲਜ ਦੇ ਐਨ ਐਸ ਐਸ ਯੂਨਿਟ ਨੇ ਮਾਈ ਭਾਰਤ ਦਫਤਰ ਜਲੰਧਰ ਦੇ ਸਹਿਯੋਗ ਨਾਲ ਸਵੇਰੇ ਅੰਤਰਰਾਸ਼ਟਰੀ ਯੋਗ ਦਿਵਸ ਮਨਾਉਣ ਲਈ ਇੱਕ ਯੋਗ ਸੈਸ਼ਨ ਦਾ ਆਯੋਜਨ ਕੀਤਾ। ਪ੍ਰਿੰਸੀਪਲ ਡਾ. ਰਛਪਾਲ ਸਿੰਘ ਸੰਧੂ



ਇਸ ਸਮਾਗਮ ਦੇ ਮੁੱਖ ਮਹਿਮਾਨ ਸਨ। ਉਨ੍ਹਾਂ ਨੇ ਯੋਗ ਨੂੰ ਭਾਰਤ ਦੀਆਂ ਸਭ ਤੋਂ ਅਮੀਰ ਵਿਰਾਸਤਾਂ ਵਿੱਚੋਂ ਇੱਕ ਵਜੋਂ ਸ਼ਲਾਘਾ ਕੀਤੀ ਜੋ ਹੁਣ ਵਿਸ਼ਵ ਪੱਧਰ 'ਤੇ ਮਾਨਤਾ ਪ੍ਰਾਪਤ ਹੈ। ਉਨ੍ਹਾਂ ਅੱਗੇ ਕਿਹਾ ਕਿ ਮੌਜੂਦਾ ਸਥਿਤੀ ਵਿੱਚ, ਜਿੱਥੇ ਤਣਾਅ ਅਤੇ ਅਲਹਿਦਗੀ ਮਨੁੱਖੀ ਸਰੀਰ 'ਤੇ ਉਲਟਾ ਪ੍ਰਭਾਵ ਪਾ ਰਹੀ ਹੈ, ਯੋਗਾ ਮਨ, ਸਰੀਰ ਅਤੇ ਆਤਮਾ ਨੂੰ ਸੰਤੁਲਿਤ ਕਰਨ ਲਈ ਇੱਕ ਮਹੱਤਵਪੂਰਨ ਹੱਲ ਹੈ। ਉਨ੍ਹਾਂ ਅੱਗੇ ਕਿਹਾ ਕਿ ਯੋਗ ਨਾ ਸਿਰਫ਼ ਮਨ ਸ਼ਾਂਤ ਕਰਦਾ ਹੈ ਬਲਕਿ ਸਰੀਰ ਵਿੱਚ ਲਚਕਤਾ ਵੀ ਲਿਆਉਂਦਾ ਹੈ। ਸੈਸ਼ਨ ਦੌਰਾਨ ਐਨ ਐਸ ਐਸ ਵਲੰਟੀਅਰਾਂ, ਵਿਦਿਆਰਥੀਆਂ ਅਤੇ ਆਮ ਨਾਗਰਿਕਾਂ ਨੇ ਇੱਕਸੁਰਤਾ ਨਾਲ ਆਸਣ ਕੀਤੇ। ਐਨ ਐਸ ਐਸ ਪ੍ਰੋਗਰਾਮ ਅਫ਼ਸਰ ਪ੍ਰੋ. ਸਤਪਾਲ ਸਿੰਘ ਨੇ ਦੱਸਿਆ ਕਿ ਇਹ ਯੋਗ ਸੈਸ਼ਨ ਭਾਰਤ ਸਰਕਾਰ ਦੇ ਯੁਵਾ ਮਾਮਲਿਆਂ ਅਤੇ ਖੇਡ ਮੰਤਰਾਲੇ ਦੇ ਨਿਰਦੇਸ਼ਾਂ ਹੇਠ-ਯੋਗ 365, ਮੇਰਾ ਭਾਰਤ ਵਿਸ਼ੇ ਅਧੀਨ ਆਯੋਜਿਤ ਕੀਤਾ ਗਿਆ ਤਾਂ ਜੋ ਮਾਈ ਭਾਰਤ ਪੋਰਟਲ ਰਾਹੀਂ ਨੌਜਵਾਨਾਂ ਦੀ ਭਾਗੀਦਾਰੀ ਅਤੇ ਭਾਈਚਾਰਕ ਸ਼ਮੂਲੀਅਤ ਨੂੰ ਉਤਸ਼ਾਹਿਤ ਕੀਤਾ ਜਾ ਸਕੇ।

## ਭਾਵਾਧਸ ਦੇ ਵਰਕਰਾਂ ਦਲਿਤ ਸਮਾਜ ਦੇ ਹੱਕਾਂ ਦੀ ਰਾਖੀ ਪ੍ਰਤੀ ਦਿੱਤਾ ਸਦਾ ਪੱਤਰ : ਸੁਰਿੰਦਰ ਜਾਜਾ

**ਟਾਂਡਾ ਉੜਮੁੜ (ਮਿਥਲੇਸ਼ ਗਰਗ, ਜਸਵਿੰਦਰ ਸੰਧੂ)**- ਭਾਰਤੀਯ ਵਾਲਮੀਕਿ ਧਰਮ ਸਮਾਜ ਨੂੰ ਦਰਪੇਸ਼ ਆ ਰਹੀਆਂ ਔਕੜਾਂ ਅਤੇ ਭਾਵਾਧਸ ਨੂੰ ਹੋਰ ਮਜਬੂਤ ਕਰਨ ਤੋਂ ਇਲਾਵਾ ਨੌਜਵਾਨ ਪੀੜੀ ਨੂੰ ਆਪਣੇ ਸੰਗਠਨ ਨਾਲ ਜੋੜਨ ਸਬੰਧੀ ਵਿਚਾਰ ਵਟਾਂਦਰਾ ਕਰਨ ਲਈ ਭਾਵਾਧਸ ਦੇ ਦਫਤਰ ਟਾਂਡਾ ਵਿਖੇ ਭਾਰਤੀਯ ਵਾਲਮੀਕਿ ਧਰਮ ਸਮਾਜ ਦੇ ਰਾਸ਼ਟਰੀ ਸੰਚਾਲਕ ਸੁਰਿੰਦਰ ਜਾਜਾ ਦੀ ਅਗਵਾਈ ਵਿੱਚ ਇੱਕ ਮੀਟਿੰਗ ਦਾ ਆਯੋਜਨ ਕੀਤਾ



ਗਿਆ ਜਿਸ ਵਿੱਚ ਵੱਖ-ਵੱਖ ਸੰਗਠਨਾਂ ਦੇ ਆਗੂਆਂ ਤੋਂ ਇਲਾਵਾ ਧਰਮ ਸਮਾਜ ਦੇ ਵਰਕਰਾਂ ਨੇ ਸ਼ਿਰਕਤ ਕੀਤੀ। ਹਾਜ਼ਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਸੁਰਿੰਦਰ ਜਾਜਾ ਨੇ ਕਿਹਾ ਕਿ ਭਾਵਾਧਸ ਨੂੰ ਹੋਰ ਮਜਬੂਤ ਕਰਨ ਅਤੇ ਇਸਦੇ ਵਿਸਥਾਰ ਸਬੰਧੀ ਪਿੰਡ-ਪਿੰਡ ਜਾ ਕੇ ਆਮ ਲੋਕਾਂ ਤੱਕ ਪਹੁੰਚ ਕੀਤੀ ਜਾ ਰਹੀ ਹੈ ਤਾਂ ਜੋ ਦਲਿਤ ਸਮਾਜ ਨਾਲ ਜੁੜੇ ਮੁੱਦਿਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਉਨ੍ਹਾਂ ਨਾਲ ਸਾਂਝੇ ਕੀਤੇ ਜਾ ਸਕਣ। ਉਨ੍ਹਾਂ ਕਿਹਾ ਕਿ ਭਾਵਾਧਸ ਹਮੇਸ਼ਾ ਦਲਤ ਵਰਗ ਅਤੇ ਪਿਛੜੀਆਂ ਜਾਤੀਆਂ ਦੇ ਹੱਕਾਂ ਲਈ ਸੰਘਰਸ਼ ਕਰ ਰਹੀ ਹੈ ਅਤੇ ਹਮੇਸ਼ਾ ਕਰਦੀ ਰਹੇਗੀ। ਉਨ੍ਹਾਂ ਕਿਹਾ ਕਿ ਭਾਵਾਧਸ ਦੀ ਹੋਰ ਮਜਬੂਤੀ ਲਈ ਨੌਜਵਾਨਾਂ ਨੂੰ ਸੰਗਠਨ ਵੱਲੋਂ ਕੀਤੀਆਂ ਜਾ ਰਹੀਆਂ ਕਾਰਗੁਜ਼ਾਰੀਆਂ ਅਤੇ ਪ੍ਰਾਪਤੀਆਂ ਸਬੰਧੀ ਜਾਗ੍ਰਿਤ ਕੀਤਾ ਜਾ ਰਿਹਾ ਹੈ ਤਾਂ ਜੋ ਸਾਡੀ ਵਿਚਾਰਧਾਰਾ ਨਾਲ ਸਹਿਮਤ ਲੋਕ ਸਾਡੇ ਸੰਗਠਨ ਨਾਲ ਜੁੜ ਸਕਣ। ਸੁਰਿੰਦਰ ਜਾਜਾ ਨੇ ਕਿਹਾ ਕਿ ਭਾਵਾਧਸ ਵੱਲੋਂ ਦਲਿਤ ਵਰਗ ਦੇ ਲੋਕਾਂ ਦੀ ਭਲਾਈ ਲਈ ਇਤਿਹਾਸਿਕ ਫੈਸਲੇ ਲੈ ਕੇ ਉਨ੍ਹਾਂ ਤੇ ਅਮਲ ਕੀਤਾ ਜਾ ਰਿਹਾ ਹੈ ਤਾਂ ਜੋ ਦਲਿਤ ਸਮਾਜ ਦੇ ਹਰ ਵਰਗ ਨੂੰ ਜਿੱਥੇ ਪੂਰਾ ਇਨਸਾਫ ਮਿਲ ਸਕੇ ਉੱਥੇ ਉਨ੍ਹਾਂ ਦੇ ਬਣਦੇ ਹੱਕਾਂ ਦੀ ਰਾਖੀ ਵੀ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਆਪਣੇ ਆਪਸੀ ਮਤਭੇਦ ਭੁਲਾ ਕੇ ਇੱਕਜੁੱਟ ਹੋ ਕੇ ਕੰਮ ਕਰਨਾ ਚਾਹੀਦਾ ਹੈ ਕਿਉਂਕਿ ਏਕਤਾ ਵਿੱਚ ਹੀ ਤਾਕਤ ਹੈ ਜਿਸਦੇ ਸਦਕਾ ਹਰ ਪਿਛੜੇ ਵਰਗ ਸਮਾਜ ਦੇ ਲੋਕ ਬਰਾਬਰੀ ਦਾ ਹੱਕ ਪ੍ਰਾਪਤ ਕਰ ਸਕਦੇ ਹਨ। ਮੀਟਿੰਗ 'ਚ ਸ਼ਾਮਿਲ ਸੁਨੀਲ ਜਾਜਾ, ਸੁਰਜੀਤ ਰਾਜਾ, ਰਾਜ ਕੁਮਾਰ ਰਾਜੂ, ਰਮਣ ਸਾਬੀ, ਕਰਨ ਕੁਮਾਰ, ਸਤਪਾਲ ਸਿੰਘ, ਸਨੀ ਮੱਟੂ, ਰਾਹੁਲ ਮਲਿਕ, ਜਤਨ ਮਲਿਕ, ਬੋਬੀ ਰਾਜਪੁਰ ਤੋਂ ਇਲਾਵਾ ਹੋਰ ਭਾਵਾਧਸ ਦੇ ਵਰਕਰਾਂ ਨੇ ਸੁਰਿੰਦਰ ਜਾਜਾ ਨੂੰ ਇਹ ਭਰੋਸਾ ਦਿੱਤਾ ਕਿ ਅਸੀਂ ਦਲਿਤ ਵਰਗ ਦੇ ਲੋਕਾਂ ਦੀ ਭਲਾਈ ਲਈ ਉਨ੍ਹਾਂ ਨੂੰ ਜਾਗ੍ਰਿਤ ਕਰਨ ਸਬੰਧੀ ਪਿੰਡ-ਪਿੰਡ ਜਾ ਕੇ ਲੋਕਾਂ ਨਾਲ ਸੰਪਰਕ ਕਰਾਂਗੇ ਤਾਂ ਜੋ ਉਨ੍ਹਾਂ ਨੂੰ ਇਕ ਮੰਚ ਤੇ ਇਕੱਠਾ ਕੀਤਾ ਜਾ ਸਕੇ।

## ਸਫਲ ਰਿਹਾ ਮੇਹਰ ਮਿੱਤਲ ਨੂੰ ਸਮਰਪਤ ਲਘੂ ਫਿਲਮ ਫੈਸਟੀਵਲ

**ਚੰਡੀਗੜ੍ਹ (ਸੁਰਜੀਤ ਸੁਮਨ)**- ਪੰਜਾਬੀ ਫਿਲਮ ਐਂਡ ਟੀ.ਵੀ. ਐਕਟਰਜ਼ ਐਸੋਸੀਏਸ਼ਨ (ਰਜਿ.) ਵੱਲੋਂ ਚੰਡੀਗੜ੍ਹ ਯੂਨੀਵਰਸਿਟੀ, ਘੜੂਆਂ (ਮੋਹਾਲੀ) ਦੇ ਸਹਿਯੋਗ ਨਾਲ ਯੂਨੀਵਰਸਿਟੀ ਦੇ



ਆਡੀਟੋਰੀਅਮ ਵਿਖੇ ਪੰਜਾਬੀ ਸਿਨਮੇ ਦੇ ਮਰਹੂਮ ਅਦਾਕਾਰ ਮੇਹਰ ਮਿੱਤਲ ਨੂੰ ਸਮਰਪਿਤ ਲਘੂ ਫਿਲਮ ਫੈਸਟੀਵਲ 2026 ਕਰਵਾਇਆ ਗਿਆ। ਇਸ ਤਿੰਨ ਰੋਜ਼ਾ ਲਘੂ ਫਿਲਮ ਫੈਸਟੀਵਲ ਵਿੱਚ ਸਿਉਂਕ, ਕਾਤਿਲ ਕੌਣ, ਭਿਖਾਰਨ, ਦਿਨ ਤੇ ਰਾਤ, ਜਿੱਤ ਦੇ ਨਿਸ਼ਾਨ, ਘੰਟੀ, ਪ੍ਰੋਟੀਨ ਸ਼ੇਕ, ਪਹੀਆ, ਕਾਲੀ ਬੋਲੀ ਰਾਤ, ਗਲ਼ੀ ਨੰਬਰ 5, ਫਿਸ਼ ਫਰਾਈ, ਲਵ ਗੇਮ, ਪੁਰਾਣੀ ਸਾਈਕਲ ਅਤੇ ਹਿਡਨ ਹੀਰੋਜ਼ ਦਿਖਾਈਆਂ ਗਈਆਂ, ਜਿਨ੍ਹਾਂ ਦਾ ਹਾਜ਼ਰ ਸ਼ਖ਼ਸੀਅਤਾਂ ਵੱਲੋਂ ਪੂਰਾ ਆਨੰਦ ਮਾਣਿਆਂ ਗਿਆ। ਫੈਸਟੀਵਲ ਦੇ ਅੰਤਿਮ ਦਿਨ ਸੰਬੋਧਨ ਕਰਦਿਆਂ ਪ੍ਰਕਾਸ਼ ਗਾਧੂ ਨੇ ਕਿਹਾ ਕਿ ਇਸ ਤਿੰਨ ਰੋਜ਼ਾ ਫੈਸਟੀਵਲ ਵਿੱਚ ਦਿਖਾਈਆਂ ਗਈਆਂ ਲਘੂ ਫਿਲਮਾਂ ਨੂੰ ਆਪਾਂ ਸਾਰਿਆਂ ਨੇ ਨਿੱਠ ਕੇ ਮਾਣਿਆਂ ਹੈ। ਸ਼ਵਿੰਦਰ ਮਾਹਲ ਨੇ ਕਿਹਾ ਕਿ ਸਾਡੇ ਕੋਲ ਤਰ੍ਹਾਂ ਤਰ੍ਹਾਂ ਦੇ ਫੁੱਲ ਹੁੰਦੇ ਹਨ ਪਰ ਉਨ੍ਹਾਂ ਨੂੰ ਇੱਕ ਮਾਲਾ ਵਿੱਚ ਪਰੋਅ ਕੇ ਰੱਖਣਾ ਹੀ ਵਿਲੱਖਣ ਕਲਾ ਹੈ। ਇੱਥੇ ਹਾਜ਼ਰ ਨਿਰਦੇਸ਼ਕਾਂ ਨੂੰ ਇਹ ਮਾਣ ਪ੍ਰਾਪਤ ਹੈ ਕਿ ਉਨ੍ਹਾਂ ਨੇ ਫੁੱਲਾਂ ਨੂੰ ਵਧੀਆ ਢੰਗ ਨਾਲ ਪਰੋਇਆ ਹੈ। ਮਰਹੂਮ ਮੇਹਰ ਮਿੱਤਲ ਦੀ ਬੇਟੀ ਨੀਨਾ ਮਿੱਤਲ ਨੇ ਕਿਹਾ ਕਿ ਅੱਜ ਬਹੁਤ ਖੁਸ਼ੀ ਹੋ ਰਹੀ ਹੈ ਕਿ ਪਿਤਾ ਦੇ ਨਾਂ 'ਤੇ ਫੈਸਟੀਵਲ ਹੋ ਰਿਹਾ ਹੈ। ਮੇਰੇ ਡੈਡੀ ਵਿੱਚ ਕਰੁਣਾ, ਦਇਆ ਤੇ ਰਹਿਮ ਭਾਵ ਬਹੁਤ ਸੀ। ਫਿਲਮਾਂ ਵਿੱਚ ਕੰਮ ਕਰਨ ਬਦਲੇ ਕੋਈ ਜੋ ਕੁਝ ਉਨ੍ਹਾਂ ਨੂੰ ਦਿੰਦਾ ਸੀ, ਉਹ ਲੈ ਕੇ ਹੀ ਫਿਲਮ ਵਿੱਚ ਕੰਮ ਕਰ ਦਿੰਦੇ ਸਨ। ਉਨ੍ਹਾਂ ਦਿਨਾਂ ਵਿੱਚ ਕੋਈ ਵੀ ਫਿਲਮ ਉਨ੍ਹਾਂ ਬਿਨਾਂ ਅਧੂਰੀ ਮੰਨੀ ਜਾਂਦੀ ਸੀ। ਉਨ੍ਹਾਂ ਆਪਣੇ ਡੈਡੀ ਮਿਹਰ ਮਿੱਤਲ ਨਾਲ ਬਿਤਾਏ ਪਲਾਂ ਨੂੰ ਯਾਦ ਕਰਦਿਆਂ ਦਰਸ਼ਕਾਂ ਨਾਲ ਸਾਂਝਾ ਕੀਤਾ। ਫੈਸਟੀਵਲ ਦੇ ਅਖੀਰ ਵਿੱਚ ਬਨਿੰਦਰ ਬਨੀ ਨੇ ਦਿਖਾਈਆਂ ਗਈਆਂ ਸਾਰੀਆਂ ਲਘੂ ਫਿਲਮਾਂ ਵਿੱਚੋਂ ਚੁਣੀਆਂ ਗਈਆਂ ਦੋ ਫਿਲਮਾਂ ਕਾਲੀ ਬੋਲੀ ਰਾਤ ਅਤੇ ਹਿਡਨ ਹੀਰੋਜ਼ ਨੂੰ ਤੀਜਾ ਇਨਾਮ, ਦੋ ਫਿਲਮਾਂ ਦਿਨ ਤੇ ਰਾਤ ਅਤੇ ਖੋਹ ਨੂੰ ਦੂਜਾ ਇਨਾਮ ਅਤੇ ਇਸੇ ਤਰ੍ਹਾਂ ਫਿਲਮ ਘੰਟੀ ਲਈ ਪਹਿਲਾ ਇਨਾਮ ਘੋਸ਼ਿਤ ਕੀਤਾ ਗਿਆ। ਇਸ ਮੌਕੇ ਇਨ੍ਹਾਂ ਪੰਜਾਂ ਫਿਲਮਾਂ ਦੇ ਡਾਇਰੈਕਟਰਾਂ, ਪ੍ਰੋਡਿਊਸਰਾਂ ਅਤੇ ਕਲਾਕਾਰਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।

## ਠੱਕਰਵਾਲ ਵਿਖੇ ਸਾਲਾਨਾ ਫੁੱਟਬਾਲ ਟੂਰਨਾਮੈਂਟ ਜਾਰੀ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਠੱਕਰਵਾਲ ਵਿਖੇ ਦੋਆਬਾ ਫੁੱਟਬਾਲ ਵੈਲਫੇਅਰ ਕਲੱਬ ਬੱਡੋਂ ਵੱਲੋਂ ਸਲਾਨਾ 26ਵੀਂ ਸਮਰ ਲੀਗ ਫੁੱਟਬਾਲ ਟੂਰਨਾਮੈਂਟ ਜਾਰੀ ਹੈ। ਇਸ ਮੌਕੇ ਕਲੱਬ ਪ੍ਰਧਾਨ ਕਿਸ਼ਨ ਚੰਦ ਭਨੋਟ ਪਟਵਾਰੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਲਾਨਾ 26ਵੀਂ ਲੀਗ ਦੇ ਤੀਜੇ ਰਾਊਂਡ ਦੇ ਮੈਚ ਪਿੰਡ ਠੱਕਰਵਾਲ ਸ਼ਹੀਦ ਭਗਤ ਸਿੰਘ ਸਟੇਡੀਅਮ ਠੱਕਰਵਾਲ ਵਿਖੇ ਆਰੰਭ ਕੀਤੇ ਗਏ। ਉਨ੍ਹਾਂ ਦੱਸਿਆ ਕਿ ਅਰਦਾਸ ਬੇਨਤੀ ਕਰਨ ਉਪਰੰਤ 26ਵੀਂ ਸਮਰ ਲੀਗ ਤੀਜੇ ਰਾਊਂਡ ਦੇ ਮੈਚ ਦੀ ਅਰੰਭਤਾ ਕੀਤੀ ਗਈ। ਉਨ੍ਹਾਂ ਦੱਸਿਆ ਕਿ ਉਦਘਾਟਨੀ ਮੈਚ ਪਿੰਡ ਭਾਮ ਅਤੇ ਅਜਨੋਹਾ ਵਿਚਕਾਰ ਕਰਵਾਇਆ ਗਿਆ ਜਿਸ ਵਿੱਚ ਪਿੰਡ ਭਾਮ ਦੀ ਟੀਮ ਦੋ ਗੋਲਾਂ ਨਾਲ ਜੇਤੂ ਰਹੀ। ਇਸ ਮੌਕੇ ਪ੍ਰਧਾਨ ਕਿਸ਼ਨ ਚੰਦ ਭਨੋਟ ਪਟਵਾਰੀ, ਵਾਈਸ ਪ੍ਰਧਾਨ ਮਾਸਟਰ ਹਰਭਜਨ ਸਿੰਘ ਅਜਨੋਹਾ, ਪ੍ਰਿੰਸੀਪਲ ਮਾਸਟਰ ਜਗਮੋਹਣ ਸਿੰਘ ਡਾਂਡੀਆਂ, ਜਗਦੀਸ਼ ਸਿੰਘ ਮੋਗੋਪੱਟੀ, ਜਰਨੈਲ ਸਿੰਘ ਨੂਰੀ, ਦਲਜੀਤ ਸਿੰਘ, ਪਰਮਜੀਤ ਸਿੰਘ, ਰਾਜੇਸ਼ ਕੁਮਾਰ ਰਾਜਾ, ਜਸਵੀਰ ਸਿੰਘ, ਕਰਮਜੀਤ ਸਿੰਘ, ਬਿੰਦਰ ਮਾਟਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਖੇਡ ਪ੍ਰੇਮੀ ਹਾਜ਼ਰ ਸਨ।

## Change of Name

I, Jatinder Singh Kalsi S/o Nirmal Singh R/o Village Jand Distt Amritsar have changed my name from Jatinder Singh Kalsi to Jatinder Singh

## Change of Name

I, Harmandeep Singh S/o Jagtar Singh R/o VPO Kad Gill Kalan,Tehsil and District Tarn Taran have declare that Harmandeep is my Given name and Singh is my Surname

## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

ਉਪ ਮੁੱਖ ਇੰਜੀਨੀਅਰ/ਪੁਲ/ਕਾਰਜਸਥਲ, ਉੱਤਰ ਰੇਲਵੇ, ਜਲੰਧਰ ਛਾਉਣੀ ਦੇ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਹੇਠ ਦਿੱਤੇ ਕੰਮਾਂ ਦੇ ਲਈ ਈ-ਟੈਂਡਰ ਖੁੱਲ੍ਹੇ ਟੈਂਡਰ ਸਿਸਟਮ ਦੇ ਤਹਿਤ ਮੰਗ ਕੀਤੀ ਗਈ ਹੈ। ਲੜੀ ਨੰ. 1 ਨਿਵਿਦਾ ਨੰ: OT-15-JRC-2026, ਕੰਮ ਦਾ ਵੇਰਵਾ: FZR ਮੰਡਲ ਦੇ LDH-JRC ਸੈਕਸ਼ਨ ਵਿਚ SSE/Br/M/JUC ਦੇ ਅਧਿਕਾਰ ਖੇਤਰ ਦੇ ਤਹਿਤ ਸਥਿਤ 5-A ਅਤੇ 5-A DN ਸਟੀਲ ਗਡੱਰ ਪੁਲਾਂ ਦੀ ਪੇਂਟਿੰਗ ਦਾ ਕੰਮ ਕਰਨਾ, ਅੰਦਾਜਨ ਲਾਗਤ (ਰੁਪਏ): 1,62,23,205.53, ਬਿਆਨਾ ਰਾਸ਼ੀ (ਰੁਪਏ): 3,24,500.00 ਖੁਲਣ ਦੀ ਮਿਤੀ: 13.07.2026, IREPS 'ਤੇ ਬੋਲੀ ਲਗਾਉਣ ਦੀ ਮਿਤੀ: 29.06.2026 ਤੋਂ 13.07.2026, ਨਿਵਿਦਾ ਫਾਰਮ ਦੀ ਲਾਗਤ (ਰੁਪਏ): 0 ਕੰਮ ਸਮਾਪਤੀ ਦਾ ਸਮਾਂ : 08 ਮਹੀਨੇ, ਲੜੀ ਨੰ. 2 OT-16-JRC-2026, ਕੰਮ ਦਾ ਵੇਰਵਾ: SSE/Br/M/UMB ਦੇ ਅਧਿਕਾਰ ਖੇਤਰ ਦੇ ਤਹਿਤ ਅੰਬਾਲਾ ਮੰਡਲ ਦੇ ਵੱਖ-ਵੱਖ ਸੈਕਸ਼ਨਾਂ ਵਿਚ ਸਥਿਤ ਸਟੀਲ ਗਡੱਰ ਪੁਲਾਂ ਦੀ ਪੇਂਟਿੰਗ ਦਾ ਕੰਮ ਕਰਨਾ। ਅੰਦਾਜਨ ਲਾਗਤ (ਰੁਪਏ): 1,74,84,430.05, ਬਿਆਨਾ ਰਾਸ਼ੀ (ਰੁਪਏ): 3,49,700.00 ਖੁਲਣ ਦੀ ਮਿਤੀ: 13.07.2026, IREPS 'ਤੇ ਬੋਲੀ ਲਗਾਉਣ ਦੀ ਮਿਤੀ: 29.06.2026 ਤੋਂ 13.07.2026, ਨਿਵਿਦਾ ਫਾਰਮ ਦੀ ਲਾਗਤ (ਰੁਪਏ): 0 ਕੰਮ ਸਮਾਪਤੀ ਦਾ ਸਮਾਂ : 12 ਮਹੀਨੇ ਨਿਵਿਦਾ ਪੇਸ਼ ਕਰਨ ਅਤੇ ਨਿਵਿਦਾ ਖੋਹਲਣ ਦੇ ਲਈ ਮਿਤੀ ਅਤੇ ਸਮਾਂ। ਹਰੇਕ ਦੇ ਖਿਲਾਫ ਦਿਖਾਏ ਗਏ ਮਿਤੀਆਂ ਤੇ 15:00 ਵਜੇ ਤਕ ਅਤੇ ਉਸੇ ਸਮੇਂ 15:00 ਵਜੇ ਦੇ ਬਾਅਦ। ਵੈਬਸਾਈਟ ਵੇਰਵਾ ਜਿਥੇ ਨਿਵਿਦਾ ਦਾ ਪੂਰਾ ਵੇਰਵਾ ਵੇਖਿਆ ਜਾ ਸਕਦਾ ਹੈ। ਵਿਸਤ੍ਰਿਤ ਈ-ਨਿਵਿਦਾ ਸੂਚਨਾ ਵੁਤਰ ਰੇਲਵੇ ਦੀ ਵੈਬਸਾਈਟ www.nr.indianrailways.gov.in 'ਤੇ ਉਪਲਬਧ ਹੈ ਅਤੇ ਨਿਵਿਦਾ ਦਸਤਾਵੇਜ www.ireps.gov.in 'ਤੇ ਉਪਲਬਧ ਹੈ।

No.80-W/30/Bridges/Invitation Dated:19.06.2026 2121/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ-1, ਮੋਗਾ (ਪੰਜਾਬ)

ਵਿਸ਼ਾ : ਗਿਰਦਾਵਰੀ ਕੇਸ ਅਨੁਵਾਨ : ਰਵਿੰਦਰ ਸਿੰਘ ਬਨਾਮ ਅਜਮੇਰ ਸਿੰਘ ਵਗੈਰਾ ਵਾਕਿਆ ਰਕਬਾ ਪਿੰਡ ਝੰਡੇਵਾਲਾ, ਤਹਿਸੀਲ ਵਾ ਜ਼ਿਲ੍ਹਾ ਮੋਗਾ

ਨੋਟਿਸ ਬਨਾਮ ਆਮ ਪਬਲਿਕ/ਉਤਰਵਾਦੀ ਧਿਰ

ਖੇਵਟ ਨੰਬਰ-188

ਅਗਲੀ ਤਰੀਕ ਪੇਸ਼ੀ-23/06/2026

ਜਮ੍ਹਾਂਬੰਦੀ ਸਾਲ 2018-2019

ਉਪਰੋਕਤ ਵਿਸ਼ੇ ਸੰਬੰਧੀ ਇਸ ਨੋਟਿਸ ਰਾਹੀਂ ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਦਰਖਾਸਤੀ ਧਿਰ ਰਵਿੰਦਰ ਸਿੰਘ ਪੁੱਤਰ ਜੋਗਿੰਦਰ ਸਿੰਘ ਪੁੱਤਰ ਗੁਰਦਿਆਲ ਸਿੰਘ ਵਾਸੀ ਪਿੰਡ ਝੰਡੇਵਾਲਾ, ਤਹਿਸੀਲ ਅਤੇ ਜ਼ਿਲ੍ਹਾ ਮੋਗਾ ਦਾ ਗਿਰਦਾਵਰੀ ਕੇਸ ਬਾ ਅਦਾਲਤ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ/ਦੋਇਮ ਮੋਗਾ ਦੀ (ਕਮਰਾ ਨੰਬਰ ਸੀ-116) ਅਦਾਲਤ ਵਿੱਚ ਚੱਲ ਰਿਹਾ ਹੈ। ਉਪਰੋਕਤ ਕੇਸ ਵਿੱਚ ਉਤਰਵਾਦੀਆਂ ਦੀ ਤਲਬੀ ਸਧਾਰਨ ਤਰੀਕੇ ਨਾਲ ਨਾ ਹੋਣ ਕਰਕੇ ਸੂਚਿਤ ਕੀਤਾ ਜਾਂਦਾ ਹੈ ਕਿ ਉਤਰਵਾਦੀ ਧਿਰ ਆਪਣੇ ਕੇਸ ਦੀ ਪੈਰਵੀ ਲਈ ਇਸ ਅਦਾਲਤ ਵਿੱਚ ਅਸਾਲਤਨ/ਵਕਾਲਤਨ ਨਿਯਮ ਮਿਤੀ 'ਤੇ ਹਾਜ਼ਰ ਹੋਣ। ਨਿਯਤ ਮਿਤੀ 'ਤੇ ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਕਾਰਵਾਈ ਇੱਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ। ਇਸ ਤੋਂ ਇਲਾਵਾ ਜੇਕਰ ਕੋਈ ਹੋਰ ਵਾਰਸ ਵਾ ਉਤਰਵਾਦੀ/ਵਿਦੇਸ਼ੀ ਵਿਅਕਤੀ ਇਸ ਰਕਬੇ ਦੀ ਗਿਰਦਾਵਰੀ ਸੰਬੰਧੀ ਇਤਰਾਜ਼ ਪੇਸ਼ ਕਰਨਾ ਚਾਹੁੰਦਾ ਹੈ, ਤਾਂ ਉਪਰੋਕਤ ਮਿਤੀ ਤੋਂ ਪਹਿਲਾਂ-ਪਹਿਲਾਂ ਆਪਣੇ ਇਤਰਾਜ਼ ਪੇਸ਼ ਕਰ ਸਕਦਾ ਹੈ।

ਨੰਬਰ 506/ਰੀਡਰ-1 ਮਿਤੀ 02/06/2026

ਸਹਾਇਕ ਕੁਲੈਕਟਰ ਦਰਜਾ-1, ਮੋਗਾ

ਉਤਰਵਾਦੀ ਧਿਰਾਂ-(1) ਅਜਮੇਰ ਸਿੰਘ ਪੁੱਤਰ ਬੂਟਾ ਸਿੰਘ ਪੁੱਤਰ ਹਰਦਿੱਤ ਸਿੰਘ ਰਾਹੀਂ ਵਾਰਸਾਨ- (ੳ) ਲਖਵੀਰ ਸਿੰਘ ਉਰਫ ਲੱਖੀ ਪੁੱਤਰ ਸਵ: ਅਜਮੇਰ ਸਿੰਘ ਵਾਸੀ ਪਿੰਡ ਝੰਡੇਵਾਲਾ, ਤਹਿਸੀਲ ਤੇ ਜ਼ਿਲ੍ਹਾ ਮੋਗਾ। (2) ਚਮਕੌਰ ਸਿੰਘ ਪੁੱਤਰ ਸਰਦਾਰਾ ਸਿੰਘ ਪੁੱਤਰ ਹਰਦਿੱਤ ਸਿੰਘ ਵਾਸੀ ਪਿੰਡ ਝੰਡੇਵਾਲਾ, ਤਹਿਸੀਲ ਤੇ ਜ਼ਿਲ੍ਹਾ ਮੋਗਾ।

## PUBLIC NOTICE

We, Sanjeev Kumar S/o Dwarka Dass and Priyanka w/o Sanjeev Kumar R/o Amritsar, have approached Equitas Small Finance Bank Limited at Amritsar, for availing a loan to purchase and further mortgage of below mentioned immovable property vide sale deed executed by Deepak Mehra S/o Piara, Lal and Bushan Kumar S/o Piara Lal in favor of Kewal Chand s/o Ram Chand regd. dt. 29.7.2022 as doc No. 2022-23/89/1/3603 registered at sub-Registrar, Amritsar. Anybody having any claim or objection in purchase or creating mortgage over said property in favour of above Bank shall approach concerned authority or undersigned within seven days from this publication, failing which it shall be presumed that there is no objection or claim of any one over this property and the bank may proceed further in advancing loan by way of mortgaging the said property. Further, any objection or claim made thereafter shall have no legal effect on me or on the Bank.

DESCRIPTION OF THE PROPERTY Property House No. 3351/12 and No. 3351/12 and No. 482/XII-4, 484/X11-4 Khana shumari measuring length 12 Yds breadth 4 Yds Total measuring 48 Square Yards situated at Inside Hathi Gate Inside Gali Nani Sukh Tehsil & District Amritsar, Bounded as East: Baldev Sarai, West: House of Chiman Lal etc, North: Common Gali, South: House of Shori lal etc.

Name & address of property purchaser
Sanjeev Kumar S/o Dwarka Dass and Priyanka w/o Sanjeev Kumar

Vikas Verma, Advocate
9815156302

## Change of Name

I, Hitherto known as Rajinder Kumar S/o Karam Chand R/o VPO Miani, Tehsil Dasuya (Hoshiarpur), Punjab-144102, have changed my name and shall hereafter be known as Kumar Rajinder.

### ਈ-ਨਿਲਾਮੀ ਨੋਟਿਸ

[illegible] ਜਾਂ ਵੈੱਬਸਾਈਟ ਨਾਲ ਸੰਬੰਧਿਤ ਜਾਣਕਾਰੀ ਕਿ 27-06-2026 ਨੂੰ ਹੋਣੀ ਹੈ, 'ਚ ਭਾਗ ਲੈਣ ਲਈ ਕਿਰਪਾ ਕਰਕੇ ਸਾਜਿਦਾ ਬੇਗ ਨਾਲ 81780-27913 'ਤੇ ਸੰਪਰਕ ਕੀਤਾ ਜਾਵੇ।

ਸਾਲਵੇਜ ਸੈਟਲਜ਼ ਪ੍ਰਾਈਵੇਟ ਲਿਮਟਿਡ (ਨਿਲਾਮੀਕਾਰ) ਐੱਫ ਐੱਫ 20 ਅਤੇ 22, ਪਰਲ ਓਮੈਕਸ, ਨੇਤਾ ਜੀ ਸੁਭਾਸ਼ ਪਲੇਸ, ਪੀਤਮਪੁਰਾ, ਨਵੀਂ ਦਿੱਲੀ, 110034

ਜਾਂ ਵੈੱਬਸਾਈਟ www.salvagesettlers.com ਤੋਂ ਡਾਊਨਲੋਡ ਕੀਤਾ ਜਾਵੇ।

ਈ-ਨਿਲਾਮੀ ਫਾਰਮਾਂ ਜਮ੍ਹਾਂ ਕਰਨ ਦੀ ਅੰਤਮ ਮਿਤੀ 27.06.2026 ਨੂੰ ਦੁਪਹਿਰ 12.00 ਵਜੇ ਤੋਂ ਪਹਿਲਾਂ ਹੈ।


# ਐਤਵਾਰ ਨੂੰ ਵੀ ਲਏ ਜਾ ਸਕਣਗੇ 'ਨੋ ਡਿਊ ਸਰਟੀਫਿਕੇਟ': ਨਿਗਮ ਕਮਿਸ਼ਨਰ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-ਰਾਜ ਚੋਣ ਕਮਿਸ਼ਨ ਵੱਲੋਂ ਨਗਰ ਨਿਗਮ ਹੁਸ਼ਿਆਰਪੁਰ ਦੀ ਚੋਣ ਦੇ ਐਲਾਨ ਉਪਰੰਤ ਨਿਗਮ ਕਮਿਸ਼ਨਰ ਜਯੋਤੀ ਬਾਲਾ ਮੱਟੂ ਨੇ ਕਿਹਾ ਕਿ ਐਤਵਾਰ 21 ਜੂਨ ਨੂੰ ਵੀ ਚਾਹਵਾਨ ਵਸਨੀਕਾਂ ਵੱਲੋਂ 'ਨੋ ਡਿਊ ਸਰਟੀਫਿਕੇਟ' ਹਾਸਲ ਕੀਤੇ ਜਾ ਸਕਦੇ ਹਨ।

ਨਿਗਮ ਕਮਿਸ਼ਨਰ ਨੇ ਦੱਸਿਆ ਕਿ ਸੰਬੰਧਤ ਅਧਿਕਾਰੀਆਂ ਅਤੇ ਸਟਾਫ਼ ਨੂੰ ਲੋੜੀਂਦੇ ਨਿਰਦੇਸ਼ ਦੇ ਦਿੱਤੇ ਗਏ ਹਨ ਤਾਂ ਜੋ ਐਤਵਾਰ ਨੂੰ ਵੀ 'ਨੋ ਡਿਊ ਸਰਟੀਫਿਕੇਟ' ਜਾਰੀ ਕੀਤੇ ਜਾ ਸਕਣ।

ਉਨ੍ਹਾਂ ਦੱਸਿਆ ਕਿ ਨਗਰ ਨਿਗਮ ਦਫਤਰ ਤੋਂ 21 ਜੂਨ ਨੂੰ ਸਵੇਰੇ 09:00 ਵਜੇ ਤੋਂ ਦੁਪਹਿਰ 2:00 ਵਜੇ ਤੱਕ ਸੰਬੰਧਤ ਬ੍ਰਾਂਚ ਤੋਂ ਇਹ ਲੋੜੀਂਦੀ ਪ੍ਰਕਿਰਿਆ ਉਪਰੰਤ ਇਹ ਸਰਟੀਫਿਕੇਟ ਪ੍ਰਾਪਤ ਕੀਤੇ ਜਾ ਸਕਦੇ ਹਨ।

# ਇੱਕ ਲੋਕ ਸੇਵਕ ਸੀ ਸਾਥੀ ਰਾਮ ਸਿੰਘ

ਭੋਗ 'ਤੇ ਵਿਸ਼ੇਸ਼



ਉਨ੍ਹਾਂ ਜ਼ਿੰਦੀਆਂ ਜਾਗਦੀਆਂ ਰੂਹਾਂ ਦੇ ਅਚਾਨਕ ਮੌਤ ਦਾ ਸ਼ਿਕਾਰ ਹੋ ਜਾਣ ਦਾ ਸੰਕੇਤ ਦਿੰਦਾ ਹੈ ਗੁਰਬਾਣੀ ਦਾ ਇਹ ਪਵਿੱਤਰ ਸ਼ਬਦ : 'ਕੋਲ ਕਰੇਂਦੇ ਹੰਝ ਨੋ ਅਚਿੰਤੇ ਬਾਜ ਪਏ'। ਇਹ ਸ਼ਬਦ ਸਾਡੇ ਪਿਆਰੇ ਰਾਮ ਸਿੰਘ ਦੀ ਜ਼ਿੰਦਗੀ ਅਤੇ ਮੌਤ ਦੇ ਸਫ਼ਰ ਦੀ ਗਵਾਹੀ ਭਰਦਾ ਹੈ। ਜੋ ਹੁਸੀਨ ਜ਼ਿੰਦਗੀ ਦਾ ਲੁਤਫ ਮਾਣਦਾ ਮਾਣਦਾ ਤੇ ਦੂਜਿਆਂ ਲਈ 'ਜ਼ਿੰਦਗੀ ਜ਼ਿੰਦਾਬਾਦ' ਚਿਤਵਦਾ ਆਪ 12 ਜੂਨ 2026 ਨੂੰ ਸਦਾ ਲਈ ਖਾਮੋਸ਼ ਹੋ ਗਿਆ। ਭਾਵੇਂ ਇਸ ਦੁਨੀਆਂ ਤੋਂ ਉਹ ਚਲੇ ਗਏ ਹਨ ਪਰ, ਕੁਝ ਯਾਦਾਂ ਉਸ ਦੇ ਪਰਿਵਾਰ, ਇਸ ਚੌਗਿਰਦੇ ਅਤੇ ਆਪਣੇ ਸੰਗੀਆਂ-ਸਾਥੀਆਂ ਲਈ ਛੱਡ ਕੇ ਗਏ ਹਨ। ਮਾਲਵੇ ਦੇ ਮਸ਼ਹੂਰ ਜ਼ਿਲ੍ਹੇ ਦੇ ਪਿੰਡ ਢਲੇਵਾਂ ਦੇ ਜਮਪਲ ਰਾਮ ਸਿੰਘ ਨੇ ਮਿਤੀ 10 ਮਈ 1959 ਨੂੰ ਮਾਤਾ ਅੰਗਰੇਜ਼ ਕੌਰ ਤੇ ਬਾਪੂ ਭਗਵਾਨ ਸਿੰਘ ਦੇ ਘਰ ਜਨਮ ਲਿਆ। ਨਿੱਕੀ ਉਮਰੇ ਮਾਤਾ ਜੀ ਅਕਾਲ ਚਲਾਣਾ ਕਰ ਗਏ ਤੇ ਆਪਣੀ ਭੂਆ ਜਿਸਾਂ ਕੋਲ ਤੇ ਫੁੱਫੜ ਹਰੀ ਰਾਮ ਦੀ ਦੇਖ-ਰੇਖ ਵਿੱਚ ਉਹ ਉਡਾਰ ਹੋਏ। ਆਪਣੇ ਪੈਰਾਂ ਉਤੇ ਖੜਾ ਹੋਣ ਲਈ ਉਨ੍ਹਾਂ ਨੇ ਫੋਟੋਗ੍ਰਾਫੀ ਦਾ ਧੰਦਾ ਚੁਣਿਆ ਤੇ ਇਸ ਦੇ ਨਾਲ ਨਾਲ ਪਿਤਾ ਪੁਰਖੀ ਤਰਖਾਣਾ ਸ਼ਿਲਪਕਾਰੀ ਕਰਕੇ ਪੰਜਾਬ ਹੀ ਨਹੀਂ ਸਗੋਂ ਹਿਮਾਚਲ ਤੇ ਜੰਮੂ ਕਸ਼ਮੀਰ ਤੱਕ ਆਪਣੀ ਕਲਾ ਨਾਲ ਆਪਣੇ ਮਿੱਤਰ ਵੀ ਕਮਾਏ ਤੇ ਰੋਟੀ ਰੋਜ਼ੀ ਵੀ। ਉਸ ਦੇ ਸਾਥੀਆਂ ਨੇ ਉਸ ਨੂੰ 'ਲੋਕ ਆਵਾਜ਼ ਐਸੋਸੀਏਸ਼ਨ ਖੜਕ' ਦਾ ਪ੍ਰਧਾਨ ਚੁਣ ਲਿਆ ਗਿਆ। ਪਰ ਸੇਵਾ ਲਈ ਪੰਝ ਸਾਡਾ ਚਹੇਤਾ ਸਾਥੀ ਰਾਮ ਸਿੰਘ ਹੁਣ ਸਾਡੇ ਵਿੱਚ ਨਹੀਂ ਹਨ। ਉਹ ਆਪਣੀ ਪਤਨੀ ਸਰਿਤਾ ਰਾਣੀ, ਬੇਟੇ ਸੋਨੀ ਮਾਹਲ, ਨੀਰਜ ਮਾਹਲ, ਪੋਤਾ ਪੋਤੀਆਂ ਤੇ ਸੰਗੀਆਂ ਸਾਥੀਆਂ ਨੂੰ ਨਿੱਘ ਛੱਡ ਕੇ ਸਦਾ ਲਈ ਵਿਛੜ ਗਏ ਹਨ। ਉਨ੍ਹਾਂ ਦੀ ਰੂਹ ਦੀ ਸ਼ਾਂਤੀ ਲਈ ਰਖਾਏ ਗਏ ਸਹਿਜ ਪਾਠ ਦਾ ਭੋਗ ਅੱਜ ਗੁਰਦੁਆਰਾ ਦਸਮੇਸ਼ ਨਗਰ ਖੜਕ ਵਿਖੇ 12.00 ਵਜੇ ਤੋਂ 1.00 ਤੱਕ ਪਵੇਗਾ।

ਹਰਨਾਮ ਸਿੰਘ ਡੱਲਾ
ਮੋਬਾ: 94177-73283

# ਜਲੰਧਰ ਦੇ ਨਵੇਂ ਪੁਲਸ ਕਮਿਸ਼ਨਰ ਨੇ ਅਹੁਦਾ ਸੰਭਾਲਿਆ





ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)-ਜਲੰਧਰ ਸ਼ਹਿਰ ਦੇ ਨਵੇਂ ਪੁਲਸ ਕਮਿਸ਼ਨਰ ਵਜੋਂ ਸਤਿੰਦਰ ਸਿੰਘ ਨੇ ਸ਼ਨੀਵਾਰ ਨੂੰ ਅਧਿਕਾਰਤ ਤੌਰ 'ਤੇ ਆਪਣਾ ਅਹੁਦਾ ਸੰਭਾਲਿਆ।ਦਫ਼ਤਰ ਪਹੁੰਚਣ 'ਤੇ ਪੁਲਸ ਦੇ ਜਵਾਨਾਂ ਵੱਲੋਂ ਉਨ੍ਹਾਂ ਨੂੰ ਗਾਰਡ ਆਫ਼ ਆਨਰ ਦੇ ਕੇ ਸਨਮਾਨਤ ਕੀਤਾ ਗਿਆ।

ਇਸ ਤੋਂ ਬਾਅਦ ਨਵੇਂ ਪੁਲਸ ਕਮਿਸ਼ਨਰ ਨੇ ਸੀਨੀਅਰ ਅਧਿਕਾਰੀਆਂ, ਐੱਸ ਐੱਚ ਓਜ਼ ਅਤੇ ਵੱਖ-ਵੱਖ ਸ਼ਾਖਾਵਾਂ ਦੇ ਮੁਖੀਆਂ ਨਾਲ ਵਿਸਤ੍ਰਿਤ ਮੀਟਿੰਗ ਕਰਕੇ ਸ਼ਹਿਰ ਦੀ ਕਾਨੂੰਨ-ਵਿਵਸਥਾ ਅਤੇ ਸੁਰੱਖਿਆ ਪ੍ਰਬੰਧਾਂ ਬਾਰੇ ਜਾਣਕਾਰੀ ਹਾਸਲ ਕੀਤੀ। ਜ਼ਿਕਰਯੋਗ ਹੈ ਕਿ ਪਹਿਲਾਂ ਜਲੰਧਰ ਦੇ ਪੁਲਸ ਕਮਿਸ਼ਨਰ ਵਜੋਂ ਸੇਵਾਵਾਂ ਨਿਭਾ ਰਹੀ ਧਨਪ੍ਰੀਤ ਕੌਰ ਦਾ ਤਬਾਦਲਾ ਕਰ ਦਿੱਤਾ ਗਿਆ ਹੈ। ਉਨ੍ਹਾਂ ਨੂੰ ਮਹਾਰਾਜਾ ਰਣਜੀਤ ਸਿੰਘ ਪੰਜਾਬ ਪੁਲਿਸ ਅਕੈਡਮੀ ਫਿਲੌਰ ਵਿੱਚ ਡਾਇਰੈਕਟਰ ਵਜੋਂ ਨਿਯੁਕਤ ਕੀਤਾ ਗਿਆ ਹੈ।

ਅਹੁਦਾ ਸੰਭਾਲਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਤਿੰਦਰ ਸਿੰਘ ਨੇ ਕਿਹਾ ਕਿ ਸ਼ਹਿਰ ਵਿੱਚ ਨਸ਼ਿਆਂ ਅਤੇ ਗੈਰ-ਕਾਨੂੰਨੀ ਸ਼ਰਾਬ ਦੇ ਕਾਰੋਬਾਰ ਨੂੰ ਜੜ੍ਹ ਤੋਂ ਖਤਮ ਕਰਨਾ ਉਨ੍ਹਾਂ ਦੀ ਸਭ ਤੋਂ ਵੱਡੀ ਤਰਜੀਹ ਹੋਵੇਗੀ।


# ਸਰਕਾਰੀ ਐਲੀਮੈਂਟਰੀ ਸਕੂਲ, ਪੰਡੋਰੀ ਵੜੈਚ

## ਬਲਾਕ ਅੰਮ੍ਰਿਤਸਰ-2, ਜ਼ਿਲ੍ਹਾ ਅੰਮ੍ਰਿਤਸਰ

ਸਰਕਾਰੀ ਐਲੀਮੈਂਟਰੀ ਸਕੂਲ ਪੰਡੋਰੀ ਵੜੈਚ, ਬਲਾਕ ਅੰਮ੍ਰਿਤਸਰ-2 ਵਿਖੇ 6 ਕਮਰਿਆਂ ਦੇ ਅਨਸੇਫ ਬਲਾਕ ਨੂੰ ਢਾਹੁਣ ਲਈ ਅਤੇ 15 ਦਿਨਾਂ ਦੇ ਅੰਦਰ ਸਾਈਟ ਕਲੀਅਰ ਕਰਨ ਲਈ ਇੱਛੁਕ ਠੇਕੇਦਾਰਾਂ ਨੂੰ ਨਿਲਾਮੀ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਜਾਂਦਾ ਹੈ। ਬਲਾਕ ਦਾ ਕੁੱਲ ਰਕਬਾ 2137 ਵਰਗ ਫੁੱਟ, ਜਿਸ ਵਿੱਚ ਕੁੱਲ 6 ਕਮਰੇ, ਦਰਵਾਜ਼ੇ ਅਤੇ ਬਾਰੀਆਂ ਹਨ। ਨੀਲਾਮੀ ਮਿਤੀ 24-06-2026 ਨੂੰ ਸਵੇਰੇ 10 ਵਜੇ ਸਕੂਲ ਦਫਤਰ ਵਿਖੇ ਹੋਵੇਗੀ। ਨੀਲਾਮੀ ਦੀਆਂ ਸ਼ਰਤਾਂ : (1) ਨੀਲਾਮੀ ਵਿੱਚ ਸ਼ਾਮਲ ਹੋਣ ਲਈ ਇੱਛੁਕ ਠੇਕੇਦਾਰ 20,000/- ਰੁਪਏ ਦਾ ਡਰਾਫਟ/ਕੈਸ਼ (ਸਕਿਉਰਟੀ ਦੇ ਰੂਪ ਵਿੱਚ) ਨੀਲਾਮੀ ਦੇ 2 ਘੰਟੇ ਪਹਿਲਾਂ ਸਕੂਲ ਦਫਤਰ ਵਿਖੇ ਜਮ੍ਹਾਂ ਕਰਵਾਉਣਗੇ। ਡਰਾਫਟ/ਕੈਸ਼ ਜਮ੍ਹਾਂ ਕਰਾਉਣ ਦਾ ਸਮਾਂ/ਮਿਤੀ 24-06-2026 ਨੂੰ ਸਵੇਰੇ 8 ਤੋਂ 9 ਵਜੇ ਦਾ ਸਮਾਂ ਹੋਵੇਗਾ। (2) ਨੀਲਾਮੀ ਵਿੱਚ ਜਿਸ ਦੀ ਬੋਲੀ ਸਭ ਤੋਂ ਵੱਧ ਜਾਵੇਗੀ, ਉਸ ਨੂੰ ਹੀ ਠੇਕਾ ਦਿੱਤਾ ਜਾਵੇਗਾ। (3) ਨੀਲਾਮੀ ਦੀ ਬੋਲੀ ਦੇਣ ਤੋਂ ਪਹਿਲਾਂ ਇੱਛੁਕ ਠੇਕੇਦਾਰ ਵੱਲੋਂ ਅਨਸੇਫ 6 ਕਮਰਿਆਂ ਦੇ ਬਲਾਕ ਨੂੰ ਨਿੱਜੀ ਰੂਪ ਵਿੱਚ ਦੇਖ ਲਿਆ ਜਾਵੇ ਅਤੇ ਦੇਖਣ ਉਪਰੰਤ ਹੀ ਬੋਲੀ ਦਿੱਤੀ ਜਾਵੇ। (4) ਬੋਲੀ ਉਪਰੰਤ ਜਿਸ ਵੀ ਠੇਕੇਦਾਰ ਨੂੰ ਇਸ ਕੰਮ ਦੀ ਬੋਲੀ ਦਿੱਤੀ ਜਾਵੇਗੀ, ਉਹ ਬੋਲੀ ਦੀ ਰਕਮ ਦਾ ਡਰਾਫਟ/ਕੈਸ਼ ਸਕੂਲ ਦਫਤਰ ਵਿਖੇ ਮਿਤੀ 24-06-2026 ਨੂੰ ਦੁਪਹਿਰ 3 ਵਜੇ ਤੱਕ ਜਮ੍ਹਾਂ ਕਰਵਾਏਗਾ। ਬੋਲੀ ਦੀ ਸਾਰੀ ਰਕਮ ਜਮ੍ਹਾਂ ਕਰਵਾਉਣ ਉਪਰੰਤ ਹੀ ਠੇਕੇਦਾਰ ਨੂੰ ਕਮਰਿਆਂ ਦੇ ਬਲਾਕ ਨੂੰ ਢਾਹੁਣ ਦੀ ਇਜਾਜ਼ਤ ਦਿੱਤੀ ਜਾਵੇਗੀ। (5) ਜਿਸ ਨੂੰ ਵੀ ਠੇਕਾ ਦਿੱਤਾ ਜਾਵੇਗਾ, ਉਸ ਤੋਂ ਇਲਾਵਾ ਬਾਕੀ ਰਹਿੰਦੇ ਠੇਕੇਦਾਰਾਂ ਨੂੰ ਸਕਿਉਰਟੀ ਦਾ ਡਰਾਫਟ/ਕੈਸ਼ ਵਾਪਸ ਕਰ ਦਿੱਤਾ ਜਾਵੇਗਾ। (6) ਨੀਲਾਮੀ ਉਪਰੰਤ ਯੋਗ ਠੇਕੇਦਾਰ ਉਪਰੋਕਤ ਮਿੱਥੇ ਸਮੇਂ ਵਿੱਚ ਜੇ ਸਾਈਟ ਕਲੀਅਰ ਨਹੀਂ ਕਰੇਗਾ ਤਾਂ 10,000/- ਪ੍ਰਤੀ ਦਿਨ ਦੇ ਹਿਸਾਬ ਨਾਲ ਜੁਰਮਾਨਾ ਦੇਣ ਦਾ ਪਾਬੰਦ ਹੋਵੇਗਾ। ਅਨਸੇਫ ਬਲਾਕ ਢਾਹੁਣ ਦੇ ਸਮੇਂ ਦੌਰਾਨ ਜੇ ਕੋਈ ਵੀ ਜਾਨੀ/ਮਾਲੀ ਨੁਕਸਾਨ ਹੁੰਦਾ ਹੈ ਤਾਂ ਉਸ ਦੀ ਨਿਰੋਲ ਜ਼ਿੰਮੇਵਾਰੀ ਠੇਕੇਦਾਰ ਦੀ ਹੋਵੇਗੀ ਅਤੇ ਉਸ ਦੀ ਭਰਪਾਈ ਠੇਕੇਦਾਰ ਵੱਲੋਂ ਕੀਤੀ ਜਾਵੇਗੀ।

ਵੱਲੋਂ : ਸ੍ਰੀ ਕੰਵਲਜੀਤ ਸਿੰਘ ਜ਼ਿਲ੍ਹਾ ਸਿੱਖਿਆ ਅਫਸਰ (ਐਲੀ: ਸਿੱ:) ਅਤੇ ਸ੍ਰੀਮਤੀ ਅਮਨਦੀਪ ਕੌਰ (ਸੀ ਐੱਚ ਟੀ) ਸ: ਐਲੀ: ਸਕੂਲ ਪੰਡੋਰੀ ਵੜੈਚ, ਮਜੀਠਾ ਰੋਡ, ਅੰਮ੍ਰਿਤਸਰ, ਫੋਨ ਨੰਬਰ : 96466-53804

## AXIS BANK

ਸ਼ਾਖਾ ਦਫ਼ਤਰ : ਐਕਸਿਸ ਬੈਂਕ ਲਿਮਟਿਡ ਐੱਸ ਬੀ ਬੀ ਲੋਨ ਸੈਂਟਰ ਐੱਸ ਸੀ ਓ 221, ਦੂਜੀ ਮੰਜ਼ਲ, ਪਰਮਜੀਤ ਟਾਵਰ, ਸੈਕਟਰ-12, ਕਰਨਾਲ-132001, ਕਾਰਪੋਰੇਟ ਦਫ਼ਤਰ : ਤੀਜੀ ਮੰਜ਼ਲ, ਬਲਾਕ-ਬੀ, ਬੰਬੇ ਡਾਇੰਗ ਮਿੱਲਜ਼ ਕੰਪਾਊਂਡ, ਪਾਂਡੂਰੰਗ ਬੁੱਧਕਰ ਮਾਰਗ, ਵਰਲੀ, ਮੁੰਬਈ-400025, ਰਜਿਸਟਰਡ ਦਫਤਰ : "ਤ੍ਰਿਸ਼ੂਲ" ਤੀਸਰੀ ਮੰਜ਼ਲ ਸਾਹਮਣੇ ਸਮਰਥੇਸ਼ਵਰ ਮੰਦਰ ਲਾਅ ਗਾਰਡਨ, ਐਲਿਸਬਰਿਜ, ਅਹਿਮਦਾਬਾਦ-380006

### ਸਰਫੇਸੀ ਐਕਟ 2002 ਦੇ ਸੈਕਸ਼ਨ 13 (4) ਅਧੀਨ ਜਾਇਦਾਦ ਦੇ ਕਬਜ਼ੇ ਸੰਬੰਧੀ ਨੋਟਿਸ ਦੀ ਪ੍ਰਕਾਸ਼ਨਾ

ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਓਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨਾਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਓਰਟੀ ਇੰਟਰੈੱਸਟ ਐਕਟ 2002 (54 ਆਫ 2002) ਅਧੀਨ ਅਤੇ ਸਕਿਓਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਵਰਨਣ ਮਿਤੀਆਂ ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ ਨੂੰ ਦਰਸਾਏ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਰਾਸ਼ੀ ਮੋੜਨ ਦਾ ਸੱਦਾ ਦਿੱਤਾ ਗਿਆ ਸੀ। [illegible]

ਕਰਜ਼ਦਾਰ/ਗਰੰਟਰ ਦਾ ਨਾਮ ਅਤੇ ਪਤਾ : 1. [illegible] ... ਕੌਰ ਅਤੇ ਸ੍ਰੀਮਤੀ ਕਵਿਤਾ ਰਾਣੀ ਦੀ ਮਾਲਕੀ, ਬੈਨਾਮਾ ਨੰ. 5829 ਮਿਤੀ 10.12.2019 ਅਨੁਸਾਰ। ਹੱਦਾਂ : ਉੱਤਰ : ਬੈਨਾਮੇ ਅਨੁਸਾਰ, ਦੱਖਣ : ਬੈਨਾਮੇ ਅਨੁਸਾਰ, ਪੂਰਬ : ਬੈਨਾਮੇ ਅਨੁਸਾਰ, ਪੱਛਮ : ਬੈਨਾਮੇ ਅਨੁਸਾਰ। 2. ਰਿਹਾਇਸ਼ੀ ਜਾਇਦਾਦ ਨਾਲ ਸੰਬੰਧਤ ਸਭ ਕੁੱਝ ਰਕਬਾ 3 ਬਿਸਵਾ, ਖੇਵਟ/ਖਤੌਨੀ ਨੰ. 181/327, ਖਸਰਾ ਨੰ. 30//4(3-14), 30//6(4-0), 30//7(4-0), 30//14(4-0), 30//15(4-0), ਕਿੱਤੇ 6 ਖੇਤਰ 23 ਬਿੱਘਾ 8 ਬਿਸਵਾ, ਜਿਸ 'ਚੋਂ 150/23400, ਹਿੱਸਾ ਜੋ ਕਿ 3 ਬਿਸਵਾ, ਮੌਜਾ-ਨੀਲਪੁਰ ਵਿਖੇ ਸਥਿਤ, ਰਾਜਪੁਰਾ, ਤਹਿਸੀਲ ਰਾਜਪੁਰਾ, ਜ਼ਿਲ੍ਹਾ ਪਟਿਆਲਾ, ਪੰਜਾਬ ਸ੍ਰੀ ਰਵੀ ਕੁਮਾਰ ਪੁੱਤਰ ਸ੍ਰੀ ਜੈ ਦੇਵ ਦੀ ਮਾਲਕੀ, ਬੈਨਾਮਾ ਨੰ. 1934 ਮਿਤੀ 23.10.2015 ਅਤੇ ਦਸਤਾਵੇਜ਼ ਮਿਤੀ 04.06.2021 ਅਨੁਸਾਰ। ਹੱਦਾਂ : ਉੱਤਰ : ਬੈਨਾਮੇ ਅਨੁਸਾਰ, ਦੱਖਣ : ਬੈਨਾਮੇ ਅਨੁਸਾਰ, ਪੂਰਬ : ਬੈਨਾਮੇ ਅਨੁਸਾਰ, ਪੱਛਮ : ਬੈਨਾਮੇ ਅਨੁਸਾਰ

| ਐੱਨ ਪੀ ਏ ਦੀ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|
| 03-11-2025 | 23-12-2025 | 16-06-2026 | ਰੁਪਏ 78,24,581/- (ਅਠੱਤਰ ਲੱਖ ਚੌਵੀ ਹਜ਼ਾਰ ਪੰਜ ਸੌ ਇਕਾਸੀ ਰੁਪਏ ਕੇਵਲ) |

ਸਥਾਨ : ਕਰਨਾਲ, ਮਿਤੀ : 21.06.2026 ਸਹੀ/- ਅਧਿਕਾਰਤ ਅਫ਼ਸਰ, ਐਕਸਿਸ ਬੈਂਕ ਲਿਮਟਿਡ

## ਉੱਤਰ ਰੇਲਵੇ

### ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉਤਰ ਰੇਲਵੇ, ਫਿਰੋਜਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

| SN | Catalogue No. | Nature of contract |
|---|---|---|
| ਈ-ਨੀਲਾਮੀ ਦੀ ਮਿਤੀ: | 02.07.2026 | |
| 1 | EAFZR-PRKG26-8 | ਲੁਧਿਆਣਾ ਰੇਲਵੇ ਸਟੇਸ਼ਨ ਉਤੇ ਕੰਪਰੀਹੈਂਸਿਵ ਪਾਰਕਿੰਗ ਦੇ ਲਈ ਠੇਕੇ ਦਾ ਅਲਾਟਮੈਂਟ। |
| 2 | EAFZR-ADVT26-17 | ਟ੍ਰੇਨ ਨੰਬਰ 14680/79/82/81, 14622/21/26/25, 12408/07 & 20424/23 ਦੇ ਡੱਬਿਆਂ ਦੇ ਬਾਹਰੀ ਹਿਸੇ ਤੇ ਵਿਨਾਇਲ ਰੈਪਿੰਗ ਦੁਆਰਾ ਵਿਗਿਆਪਨ ਅਧਿਕਾਰ ਲਈ ਠੇਕੇ ਦਾ ਅਲਾਟਮੈਂਟ। |

ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ, ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ।

No. NR-FZR0COML(NFR)/18/2024, Date: 19.06.2026 2129/26

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਉੱਤਰ ਰੇਲਵੇ

### ਈ-ਟੈਂਡਰ ਸੂਚਨਾ

| | |
|---|---|
| ਕੰਮ ਦਾ ਨਾਮ | 1. ਉੱਤਰ ਰੇਲਵੇ ਦੇ ਸ਼ਹੀਦ ਕੈਪਟਨ ਤੁਸ਼ਾਰ ਮਹਾਜਲ (MCTM) ਸਟੇਸ਼ਨ ਉਤੇ ਇਲੈਕਟ੍ਰਾਨਿਕ ਇੰਟਰਲਾਕਿੰਗ ਦੇ ਨਾਲ-ਨਾਲ ਟੇਲੀਕਾਮ ਦਾ ਕੰਮ, ਜਿਸ ਵਿਚ ਬਲਾਕ ਵਰਕਿੰਗ ਵੀ ਸ਼ਾਮਿਲ ਹੈ, "ਊਧਮਪੁਰ - ਹੁਣ ਸ਼ਹੀਦ ਕੈਪਟਨ ਤੁਸ਼ਾਰ ਮਹਾਜਨ ਨਗਰ - ਫ੍ਰੇਟ ਲੋਡਿੰਗ ਲਾਇਨ ਉਤ/ R&D ਸੁਵਿਧਾ ਦੇਣਾ ਤਾਕਿ ਆਉਣਾ ਅਤੇ ਲੋਡਿੰਗ ਦਾ ਸਮੇਂ ਘੱਟ ਹੋ ਸਕੇ।" 2. ਉੱਤਰ ਰੇਲਵੇ ਦੇ ਫਿਰੋਜ਼ਪੁਰ ਡਵੀਜਨ ਦੇਅੰਤਰਗਤ "ਇਲੈਕਟ੍ਰਿਕ ਲੋਕੋਮੋਟਿਵ ਦੇ ਇੰਸਪੇਕਸ਼ਨ ਅਤੇ ਮੇਂਟੇਨੇਂਸ ਦੇ ਕੰਮਾਂ ਦੇ ਲਈ ਫ਼ਿਰੋਜਪੁਰ ਡਵੀਜਨ ਵਿਚ ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ (SVDK) ਵਿਚ ਇਕ ਅਤੇ ਟ੍ਰਿਪ ਸ਼ੇਡ ਬਣਾਨਾ" ਦੇ ਸਬੰਧ ਵਿਚ ਸਿਗਨਲਿੰਗ ਦਾ ਇੰਤਜਾਮ ਕਰਨਾ। |
| ਲਗਭਗ ਲਾਗਤ | ਰੁ: 9,82,44,927.15/– (ਨੌ ਕਰੋੜ ਬਯਾਸੀ ਲੱਖ, ਚਵਾਲੀਸ ਹਜ਼ਾਰ ਨੌ ਸੌ ਸਤਾਇਸ ਅਤੇ ਕੇਵਲ ਪੰਦਰਾ ਪੈਸੇ ਕੇਵਲ) |
| ਪੂਰਾ ਕਰਨ ਦਾ ਸਮਾਂ | LOA ਦੀ ਮਿਤੀ ਤੋਂ 10 ਮਹੀਨੇ |
| ਬੋਲੀ ਸੁਰੱਖਿਆ ਰਾਸ਼ੀ | ₹ 19,64,900/– (ਉਨੀਸ ਲੱਖ ਚੋਸਠ ਹਜ਼ਾਰ ਨੌ ਸੋ ਕੇਵਲ) |
| ਈ-ਟੈਂਡਰ ਪੇਸ਼ ਕਰਨਾ ਅਤੇ ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਟੈਂਡਰ ਮਿਤੀ 20.06.2026 ਤੋਂ 13.07.2026 ਤਕ 15 ਵਜੇ ਤਕ IREPS ਵੈੱਬਸਾਈਟ ਯਾਨੀ www.ireps.gov.in ਉਤੇ ਅਪਲੋਡ ਕੀਤੀ ਜਾਂ ਸਕਦੀ ਹੈ। ਬੋਲੀ ਦਾਤਾ ਈ-ਟੈਂਡਰ ਵਿਚ ਭਾਗ ਲੈ ਸਕਦੇ ਹਨ, ਟੈਂਡਰ ਉਸਦੇ ਤੁਰੰਤ ਬਾਦ 13.07.2026 ਨੂੰ 15 ਵਜੇ ਖੋਲੀ ਜਾਵੇਗੀ। |
| ਟੈਂਡਰਾ ਅਪਲੋਡ ਕਰਨ ਦੀ ਆਖਰੀ ਮਿਤੀ/ਸਮਾਂ | 13.07.2026 ਨੂੰ 15 ਵਜੇ ਤਕ। ਟੈਂਡਰਕਰਤਾ ਦੁਆਰਾ ਟੈਂਡਰ ਦਸਤਾਵੇਜ ਆਈਆਰਈਪੀਐਸ ਵੈੱਬਸਾਈਟ ਉਤੇ 29.06.2026 ਤੋਂ 13.07.2026 ਨੂੰ 15 ਵਜੇ ਤਕ ਅਪਲੋਡ ਕੀਤੀ ਜਾਂ ਸਕਦੀ ਹੈ। |
| ਪੂਰੀ ਟੈਂਡਰ ਸੂਚਨਾ ਅਤੇ ਟੈਂਡਰ ਦਸਤਾਵੇਜ | ਉਪਰੋਕਤ ਟੈਂਡਰ ਦਸਤਾਵੇਜ ਆਈਆਰਈਪੀਐਸ ਵੈੱਬਸਾਈਟ ਯਾਨੀ www.ireps.gov.in ਉਤੇ 20.06.2026 ਤੋਂ 13.07.2026 ਨੂੰ 15 ਵਜੇ ਤਕ ਉਪਲਬਧ ਰਹਿਣਗੇ ਅਤੇ 29.06.2026 ਤੋਂ 13.07.2026 ਨੂੰ 15 ਵਜੇ ਤਕ ਜਮਾਂ ਕੀਤੇ ਜਾਂ ਸਕਨਗੇ। ਈ-ਟੈਡਰਾਂ ਵਿਚ ਭਾਗ ਲੈਣ ਦੇ ਇਛੁਕ ਬੋਲੀਦਾਤਾਵਾਂ ਨੂੰ ਸਲਾਹ ਦਿਤੀ ਜਾਂਦੀ ਹੈ ਕਿ ਉਹ ਉਪਰੋਕਤ ਵੈੱਬਸਾਈਟ ਉਤੇ ਖੁਦ ਨੂੰ ਇਲੈਕਟ੍ਰਾਨਿਕ ਰੂਪ ਤੋਂ ਰਜਿਸਟਰਡ ਕਰੇ ਜਿਸਦੇ ਲਈ ਉਨ੍ਹਾਂ ਨੂੰ ਆਈਟੀ ਅਧਿਨਿਯਮ 2000 ਦੇ ਤਹਿਤ ਸੀਂਸੀਏ ਦੁਆਰਾ ਕਲਾਸ-III ਡਿਜੀਟਲ ਪ੍ਰਮਾਣਪੱਤਰ (ਜੇਕਰ ਪਹਿਲਾ ਤੋਂ ਪ੍ਰਾਪਤ ਨਹੀਂ ਹੋਇਆ ਹੈ) ਪ੍ਰਾਪਤ ਕਰਨਾ ਹੋਵੇਗਾ। ਉਪਰੋਕਤ ਟੈਂਡਰ ਦੇ ਸਬੰਧ ਵਿਚ ਹੋਰ ਸਾਰੇ ਨਿਯਮ ਅਤੇ ਸ਼ਰਤਾਂ ਟੈਂਡਰ ਦਸਤਾਵੇਜ ਵਿਚ ਦਿਤੀ ਗਈ ਹੈ। ਪੂਰੀ ਟੈਂਡਰ ਸੂਚਨਾ ਉਪਰੋਕਤ ਦਫਤਰ ਦੇ ਨੋਟਿਸ ਬੋਰਡ ਉਤੇ ਵੀ ਦੇਖੀ ਜਾਂ ਸਕਦੀ ਹੈ। |

No.287-Sig-USBRL-UHP-T-03-26 Dated: 20.06.2026 2127/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਉਤਰ ਰੇਲਵੇ

### ਈ.ਨਿਵਿਦਾ ਸੂਚਨਾ

ਸੀਨੀਅਰ ਮੰਡਲ ਸੰਕੇਤ ਅਤੇ ਦੂਰਸੰਚਾਰ ਇੰਜੀਨੀਅਰ, ਉਤਰ ਰੇਲਵੇ, ਫਿਰੋਜਪੁਰ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਟੈਂਡਰ ਨੰ. 433-ਸਿਗ/ਟੀ-22/26-27 ਈ ਟੈਂਡਰਿੰਗ ਦੇ ਮਾਧਿਅਮ ਨਾਲ ਮਿਤੀ 13.07.2026 ਨੂੰ 15:00 ਵਜੇ ਤਕ ਵੈਬਸਾਈਟ https://www.ireps.gov.in'ਤੇ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਆਪਣੇ ਟੈਂਡਰ ਅਸਲੀ/ਸੰਸ਼ੋਧਿਤ ਤੈਅ ਕੀਤੇ ਗਏ ਸਮੇਂ ਅਤੇ ਮਿਤੀ ਤਕ ਜਰੂਰ ਜਮ੍ਹਾ ਕਰਾਉਣ ਇਸ ਟੈਂਡਰ ਦੇ ਤਹਿਤ ਮੈਨੂੰਅਲ ਟੈਂਡਰ ਵਰਜਿਤ ਹੈ ਅਤੇ ਜੇਕਰ ਕੋਈ ਮੈਨੂੰਅਲ ਟੈਂਡਰ ਪ੍ਰਾਪਤ ਹੋਵੇਗੀ ਤਾਂ ਉਹ ਮਾਨਯ ਨਹੀਂ ਹੋਵੇਗੀ। ਠੇਕੇਦਾਰਾਂ ਦੁਆਰਾ ਟੈਂਡਰ ਡਾਕੂਮੈਂਟ ਦੀ ਕੀਮਤ ਅਤੇ ਬਿਆਨਾ ਰਾਸ਼ੀ ਜੋ ਕਿ ਇਸ ਟੈਂਡਰ ਦੇ ਲਈ ਮਾਨਯ ਹੈ ਉਹ ਕੇਵਲ ਆਈਆਰਈਪੀਐਸ ਪੋਰਟਲ ਜਿਵੇਂ ਕਿ ਨੈਟ ਬੈਕਿੰਗ, ਡੈਬਿਟ ਕਾਰਡ, ਕਰੈਡਿਟ ਕਾਰਡ ਆਦਿ ਦੁਆਰਾ ਸਵੀਕ੍ਰਿਤ ਕੀਤੀ ਜਾਵੇਗੀ ਇਸ ਦੇ ਇਲਾਵਾ ਡਿਮਾਂਡ ਡ੍ਰਾਫਟ, ਬੈਂਕਰ ਚੈਕ, ਡਿਪੋਜਿਟ ਰਸੀਦ, ਐਫਡੀਆਰ ਆਦਿ ਦੇ ਮਾਧਿਅਮ ਦੁਆਰਾ ਜਮ੍ਹਾ ਕਰਵਾਈ ਗਈ ਰਾਸ਼ੀ ਮਾਨਯ ਨਹੀਂ ਹੋਵੇਗੀ। ਐਨ।ਆਈ।ਟੀ

| | |
|---|---|
| ਕੰਮ ਦਾ ਨਾਮ | (i) ਡੀਐਸਟੀਈ/ਫਿਰੋਜਪੁਰ ਦੇ ਅਨੁਭਾਗਾਂ ਦੇ ਲਈ ਇਕ ਸਾਲ ਦੇ ਲਈ ਅਨੁਭਾਗੀ ਸਿਗਨਲ ਰਖਰਖਾਅ ਕਾਂਟਰੈਕਟ (ਐਸਐਸਐਮਸੀ) ਦਾ ਕੰਮ। (ii) S&T ਦੇ ਕੰਮ: (1) ਜਲੰਧਰ ਸਿਟੀ-ਅੰਮ੍ਰਿਤਸਰ ਸੈਕਸ਼ਨ ਤੇ ਬ੍ਰਿਜ ਨੰਬਰ 102 UP&DN, 111 UP&DN, 119 UP; ਅੰਮ੍ਰਿਤਸਰ-ਅਟਾਰੀ ਸ਼ਾਮ ਸਿੰਘ ਤੇ ਬ੍ਰਿਜ ਨੰਬਰ 180; ਅਤੇ VKADBNK ਸੈਕਸ਼ਨ ਤੇ ਬ੍ਰਿਜ ਨੰਬਰ 103 ਦੇ ਸਟੀਲ ਗਡ੍ਰਰ ਨੂੰ RCC ਸਲੈਬ ਨਾਲ ਬਦਲਣਾ। (2) ਫਿਰੋਜਪੁਰ ਡਵੀਜਨ ਦੇ ADEN-ਜਲੰਧਰ ਸਿਟੀ ਦੇ ਤਹਿਤ ਜਲੰਧਰ ਸਿਟੀ-ਨਕੋਦਰ ਸੈਕਸ਼ਨ ਉਤੇ KM 4/13-14 'ਤੇ LC C-7 ਦੀ ਜਗ੍ਹਾ 5m x 3.5 ਸਾਈਜ ਦਾ LHS ਬਨਾਉਣਾ। (3) ADEN-I/ ਅੰਮ੍ਰਿਤਸਰ ਦੇ ਤਹਿਤ VKADBNK ਸੈਕਸ਼ਨ ਤੇ ਮੈਨ ਵਾਲੇ L-ਕ੍ਰਾਸਿੰਗ ਨੰਬਰ ਏ-5 ਤੇ ਪੁਸ਼ਿੰਗ ਮੇਥਡ ਤੋਂ 5.0 x 5.0 m ਸਾਈਜ LHS ਬਨਾਉਣਾ। (4) PHR-LNK ਸੈਕਸ਼ਨ ਵਿਚ ਸਟੀਲ ਟ੍ਰਫ ਬ੍ਰਿਜ ਨੰਬਰ 158 ਦੀ ਜਗ੍ਹਾ RCC ਬਾਕਸ (2 ਟਵਿਨ ਬਾਕਸ) ਬ੍ਰਿਜ ਬਨਾਉਣ ਦਾ ਕੰਮ। |

| | |
|---|---|
| ਟੈਂਡਰ ਬੰਦ ਕਰਨ ਦੀ ਮਿਤੀ ਅਤੇ ਸਮਾਂ | (i)ਅਤੇ(ii) 13.07.2026 ਨੂੰ 15:00 |
| ਟੈਂਡਰ ਦੀ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | 19.06.2026 ਨੂੰ 17:02 ਵਜੇ |
| ਅੰਦਾਜਨ ਲਾਗਤ (ਰੁ) | (i) ₹1,49,84,554.68 (ii) ₹1,03,11,974.40 |
| ਬਿਆਨਾ ਰਾਸ਼ੀ (ਰੁ) | (i) ₹2,99,700/- (ii) ₹2,06,200/- |
| ਬਿਡਿੰਗ ਸ਼ੁਰੂ ਦੀ ਮਿਤੀ (ਆਈਆਰਈਪੀਐਸ) | (i)ਅਤੇ(ii) 29.06.2026 |
| ਕੰਮ ਪੂਰਾ ਕਰਨ ਦਾ ਸਮਾਂ | (i) 12 ਮਹੀਨੇ (ii) 6 ਮਹੀਨੇ |

ਨੋਟ: ਨਿਵਿਦਾਕਰਤਾ ਰੈਗਲੁਰ ਤੌਰ ਤੇ ਵੈਬਸਾਈਟ ਦੇ ਸੰਪਰਕ ਵਿਚ ਰਹਿ ਕੇ ਨਿਵਿਦਾ ਸੰਸ਼ੋਧਨਾਂ, ਸੋਧ ਪੱਤਰ ਆਦਿ ਦੇ ਬਾਰੇ ਵਿਚ ਖੁਦ ਨੂੰ ਅਪਡੇਟ ਰਖਣ।

ਨਿਵਿਦਾ ਸੂਚਨਾ ਨੰ. 433-ਸਿਗ- ਟੀ-22-26-27 ਮਿਤੀ: 19.06.2026 2126/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## AXIS BANK

AXIS Bank Ltd. Branch Address : Retail Asset Centre, First Floor,SCB 5, Chotti Baradari, Patiala-147001.
Registered Office: "Trishul", 3rd Floor, Opposite Samartheswar Temple, Law Garden, Ellisbridge, Ahmedabad-380006

### ਸਕਿਓਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨਾਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਓਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 (2) ਦੀ ਪਾਲਣਾ 'ਚ ਜਨਤਕ ਨੋਟਿਸ

[illegible]

ਮਿਤੀ : 21.06.2026 ਸਥਾਨ : ਪੰਜਾਬ ਸਹੀ/- (ਅਧਿਕਾਰਤ ਅਫ਼ਸਰ), ਐਕਸਿਸ ਬੈਂਕ ਲਿਮਟਿਡ


# ਫਾਸ਼ੀ ਹਮਲਿਆਂ ਵਿਰੋਧੀ ਫਰੰਟ ਪੰਜਾਬ ਵੱਲੋਂ ਕਨਵੈਨਸ਼ਨ ਤੇ ਮਾਰਚ ਭਲਕੇ

ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਕਾ: ਅਮਰਜੀਤ ਸਿੰਘ ਆਸਲ, ਕਾ: ਵਿਜੈ ਕਪੂਰ ਅਤੇ ਕਾ: ਲਖਬੀਰ ਸਿੰਘ ਨਿਜ਼ਾਮਪੁਰਾ ਨੇ ਇੱਕ ਸੰਯੁਕਤ ਬਿਆਨ ਵਿੱਚ ਦੱਸਿਆ ਕਿ ਫਾਸ਼ੀਵਾਦੀ ਹਮਲਿਆਂ ਵਿਰੋਧੀ ਫਰੰਟ ਪੰਜਾਬ ਵੱਲੋਂ ਕੰਪਨੀ ਬਾਗ ਵਿਖੇ 22 ਜੂਨ ਨੂੰ ਕਨਵੈਨਸ਼ਨ ਉਪਰੰਤ ਮਾਰਚ ਕੀਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ ਇਸ ਕਨਵੈਨਸ਼ਨ ਅਤੇ ਮਾਰਚ ਦਾ ਮੁੱਖ ਏਜੰਡਾ ਆਰਐੱਸਐੱਸ ਅਤੇ ਬੀਜੇਪੀ ਵੱਲੋਂ ਦੇਸ਼ ਅੰਦਰ ਗੈਰ ਜਮਹੂਰੀ, ਧਰਮ ਅਧਾਰਤ ਪਿਛਾਖੜੀ ਮਨੂੰਵਾਦੀ ਰਾਜ ਕਾਇਮ ਕਰਨ ਦੀਆਂ ਚਾਲਾਂ, ਦੇਸ਼ ਦੇ ਧਰਮ ਨਿਰਪੱਖ, ਜਮਹੂਰੀ ਤੇ ਫੈਡਰਲ ਢਾਂਚੇ ਦੀ ਰਾਖੀ, ਇਕ ਪ੍ਰਭੂਸੱਤਾ ਸੰਪੰਨ ਦੇਸ਼ ਵਜੋਂ ਈਰਾਨ ਦੀ ਆਜ਼ਾਦੀ ਨੂੰ ਯਕੀਨੀ ਬਣਾਉਣ ਅਤੇ ਜ਼ਬਤ ਕੀਤਾ ਸਾਰਾ ਧਨ ਵਾਪਸ ਕਰਨ ਸਬੰਧੀ, ਗਾਜ਼ਾ ਪੱਟੀ ਵਿੱਚ ਭਿਆਨਕ ਮਨੁੱਖੀ ਨਸਲਘਾਤ ਕਰਨ ਦੇ ਜੁਰਮ ਹੇਠ ਇਜ਼ਰਾਈਲੀ ਪ੍ਰਧਾਨ ਮੰਤਰੀ ਨੇਤਨਯਾਹੂ ਖਿਲਾਫ ਮੁਕੱਦਮਾ ਦਰਜ ਕਰਨ, ਦੇਸ਼ ਵਿੱਚ ਬੇਰੋਕ ਵੱਧ ਰਹੀ ਮਹਿੰਗਾਈ, ਕਾਲਾ ਬਾਜ਼ਾਰੀ ਅਤੇ ਬੇਰੁਜ਼ਗਾਰੀ ਨੂੰ ਰੋਕਣ ਲਈ ਫੌਰੀ ਕਦਮ ਚੁੱਕਣ, ਸੂਬਿਆਂ ਦੇ ਅਧਿਕਾਰਾਂ 'ਤੇ ਕੀਤੇ ਜਾ ਰਹੇ ਹਮਲੇ ਬੰਦ ਕਰਨ ਅਤੇ ਕੇਂਦਰ ਵੱਲੋਂ ਪੰਜਾਬ ਨਾਲ ਕੀਤੀਆਂ ਬੇਇਨਸਾਫ਼ੀਆਂ ਦੂਰ ਕਰਨ ਅਤੇ ਦਹਾਕਿਆਂ ਤੋਂ ਲਟਕਦੀਆਂ ਮੰਗਾਂ ਜਿਵੇਂ ਚੰਡੀਗੜ੍ਹ ਪੰਜਾਬ ਦੇ ਹਵਾਲੇ ਕਰਨ ਅਤੇ ਦਰਿਆਈ ਪਾਣੀਆਂ ਦੀ ਵੰਡ ਰਿਪੇਰੀਅਨ ਅਸੂਲ ਅਨੁਸਾਰ ਕਰਨ, ਡੈਮਾਂ ਦਾ ਪ੍ਰਬੰਧ ਪੰਜਾਬ ਦੇ ਹਵਾਲੇ ਕਰਨ ਅਤੇ ਪੰਜਾਬੀ ਭਾਸ਼ਾ ਨੂੰ ਚੰਡੀਗੜ੍ਹ ਤੇ ਗੁਆਂਢੀ ਰਾਜਾਂ ਵਿੱਚ ਬਣਦਾ ਦਰਜਾ ਦੇਣ, ਚਾਰ ਕਿਰਤ ਕੋਡ ਰੱਦ ਕਰਕੇ ਪਹਿਲੇ ਕਿਰਤ ਕਾਨੂੰਨਾਂ ਨੂੰ ਬਹਾਲ ਕਰਨ, ਕੰਮ ਦਿਹਾੜੀ 8 ਘੰਟੇ ਅਤੇ ਘੱਟੋ-ਘੱਟ ਤਨਖਾਹ 26 ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ, ਬਿਨਾਂ ਮੁਕੱਦਮਾ ਚਲਾਏ ਜੇਲ੍ਹਾਂ 'ਚ ਬੰਦ ਕੀਤੇ ਅਤੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਾਰੇ ਸਿਆਸੀ ਕੈਦੀ, ਮਨੁੱਖੀ ਅਧਿਕਾਰ ਕਾਰਕੁੰਨ, ਬੁੱਧੀਜੀਵੀ ਅਤੇ ਆਮ ਲੋਕਾਂ ਨੂੰ ਤੁਰੰਤ ਰਿਹਾਅ ਕਰਨ, ਪੰਜਾਬ ਦੀ ਸੱਤਾ ਹਥਿਆਉਣ ਲਈ ਭਾਜਪਾ ਦੀਆਂ ਗੈਰ-ਸੰਵਿਧਾਨਕ ਕਾਰਵਾਈਆਂ ਅਤੇ ਅਨੈਤਿਕ ਹਥਕੰਡਿਆਂ ਦਾ ਵਿਰੋਧ ਕਰਨ ਹਿੱਤ ਸੀਪੀਆਈ, ਸੀਪੀਆਈ (ਐੱਮ ਐੱਲ) ਲਿਬਰੇਸ਼ਨ, ਆਰਐੱਮਪੀਆਈ, ਸੀਪੀਆਈ (ਐੱਮ ਐੱਲ) ਐੱਨਡੀ ਆਦਿ ਖੱਬੀਆਂ ਪਾਰਟੀਆਂ ਦੇ ਫਾਸ਼ੀਵਾਦ ਵਿਰੋਧੀ ਮੋਰਚੇ ਦੇ ਸੱਦੇ 'ਤੇ 22 ਜੂਨ ਨੂੰ ਕੰਪਨੀ ਬਾਗ ਨੇੜੇ ਚਿੜੀਆ ਘਰ ਵਿਖੇ ਕਨਵੈਨਸ਼ਨ ਅਤੇ ਮਾਰਚ ਕੀਤਾ ਜਾਵੇਗਾ।ਅੰਮ੍ਰਿਤਸਰ ਦਿਹਾਤੀ ਅਤੇ ਸ਼ਹਿਰੀ ਪਾਰਟੀ ਦੇ ਸਮੂਹ ਸਾਥੀ ਇਸ ਕਨਵੈਨਸ਼ਨ ਵਿੱਚ ਸਮੇਂ ਸਿਰ ਪਹੁੰਚਣ।


## ☛ ਰੇਲਯਾਤਰੀ ਕ੍ਰਿਪਾ ਧਿਆਨ ਦੇਵੋ ! ☚

## ਇਮਤਿਹਾਨ ਵਿਸ਼ੇਸ਼ ਰੇਲਗੱਡੀ 2026

ਸਰਵ ਸਬੰਧਿਤ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉੱਤਰ ਰੇਲਵੇ ਦੁਆਰਾ ਨੀਟ ਇਮਤਿਹਾਨ 2026 ਵਿਚ ਸ਼ਾਮਿਲ ਹੋਣ ਵਾਲੇ ਉਮੀਦਵਾਰਾਂ ਦੀ ਸੁਵਿਧਾ ਦੇ ਲਈ ਮਿਤੀ 21.06.2026 (ਐਤਵਾਰ) ਨੂੰ ਅਣਰਿਜ਼ਰਵ ਇਮਤਿਹਾਨ ਵਿਸ਼ੇਸ਼ ਰੇਲਗੱਡੀਆਂ ਚਲਾਈ ਜਾਵੇਗੀ :-

### ਰੇਲਗੱਡੀ ਨੰ: 04666/04665 ਅੰਮ੍ਰਿਤਸਰ – ਲੁਧਿਆਣਾ ਜੰ: – ਅੰਮ੍ਰਿਤਸਰ ਅਣਰਿਜ਼ਰਵ ਇਮਤਿਹਾਨ ਸਪੈਸ਼ਲ ਰੇਲਗੱਡੀ

| ਰੇਲਗੱਡੀ ਨੰ: 04666 ਆਉਣਾ | ਜਾਣਾ | ਸਟੇਸ਼ਨ | ਰੇਲਗੱਡੀ ਨੰ: 04665 ਆਉਣਾ | ਜਾਣਾ |
|---|---|---|---|---|
| -- | 09:50 | ਅੰਮ੍ਰਿਤਸਰ | 22:05 | -- |
| 10:20 | 10:22 | ਬਿਆਸ | 21:07 | 21:09 |
| 10:55 | 11:00 | ਜਲੰਧਰ ਸਿਟੀ | 20:30 | 20:35 |
| 11:20 | 11:22 | ਫਗਵਾੜਾ ਜੰ: | 19:58 | 20:00 |
| 11:43 | 11:45 | ਫਿਲੌਰ ਜੰ: | 19:35 | 19:37 |
| 12:10 | -- | ਲੁਧਿਆਣਾ ਜੰ: | -- | 19:20 |

ਚਲਨ ਦੇ ਦਿਨ : 04666 ਅੰਮ੍ਰਿਤਸਰ ਤੋਂ ਅਤੇ 04665 ਲੁਧਿਆਣਾ ਜੰ: ਤੋਂ ਐਤਵਾਰ ਮਿਤੀ 21.06.2026 ਨੂੰ। ਜਗ੍ਹਾਂ : ਜਨਰਲ ਸ਼੍ਰੇਣੀ।

### ਰੇਲਗੱਡੀ ਨੰ: 04667/04668 ਲੁਧਿਆਣਾ ਜੰ: – ਅੰਮ੍ਰਿਤਸਰ – ਲੁਧਿਆਣਾ ਜੰ: ਅਣਰਿਜ਼ਰਵ ਇਮਤਿਹਾਨ ਸਪੈਸ਼ਲ ਰੇਲਗੱਡੀ

| ਰੇਲਗੱਡੀ ਨੰ: 04667 ਆਉਣਾ | ਜਾਣਾ | ਸਟੇਸ਼ਨ | ਰੇਲਗੱਡੀ ਨੰ: 04668 ਆਉਣਾ | ਜਾਣਾ |
|---|---|---|---|---|
| -- | 09:30 | ਲੁਧਿਆਣਾ ਜੰ: | 22:10 | -- |
| 09:43 | 09:45 | ਫਿਲੌਰ ਜੰ: | 21:40 | 21:42 |
| 10:04 | 10:06 | ਫਗਵਾੜਾ ਜੰ: | 21:05 | 21:07 |
| 10:30 | 10:35 | ਜਲੰਧਰ ਸਿਟੀ | 20:40 | 20:45 |
| 11:05 | 11:07 | ਬਿਆਸ | 20:10 | 20:12 |
| 12:10 | -- | ਅੰਮ੍ਰਿਤਸਰ | -- | 19:40 |

ਚਲਨ ਦੇ ਦਿਨ : 04667 ਲੁਧਿਆਣਾ ਤੋਂ ਅਤੇ 04668 ਅੰਮ੍ਰਿਤਸਰ ਤੋਂ ਐਤਵਾਰ ਮਿਤੀ 21.06.2026 ਨੂੰ। ਜਗ੍ਹਾਂ : ਜਨਰਲ ਸ਼੍ਰੇਣੀ।

### ਰੇਲਗੱਡੀ ਨੰ: 04670/04669 ਫ਼ਿਰੋਜ਼ਪੁਰ ਕੈਂਟ – ਲੁਧਿਆਣਾ ਜੰ: – ਫ਼ਿਰੋਜ਼ਪੁਰ ਕੈਂਟ ਅਣਰਿਜ਼ਰਵ ਇਮਤਿਹਾਨ ਸਪੈਸ਼ਲ ਰੇਲਗੱਡੀ

| ਰੇਲਗੱਡੀ ਨੰ: 04670 ਆਉਣਾ | ਜਾਣਾ | ਸਟੇਸ਼ਨ | ਰੇਲਗੱਡੀ ਨੰ: 04669 ਆਉਣਾ | ਜਾਣਾ |
|---|---|---|---|---|
| -- | 07:45 | ਫ਼ਿਰੋਜ਼ਪੁਰ ਕੈਂਟ | 21:30 | -- |
| 08:12 | 08:14 | ਤਲਵੰਡੀ | 20:45 | 20:47 |
| 08:35 | 08:37 | ਮੋਗਾ | 20:22 | 20:24 |
| 08:50 | 08:52 | ਅਜੀਤਵਾਲ | 20:05 | 20:07 |
| 09:10 | 09:12 | ਜਗਰਾਉਂ | 19:48 | 19:50 |
| 09:30 | 09:32 | ਮੁਲਲਾਂਪੁਰ | 19:30 | 19:32 |
| 11:00 | – | ਲੁਧਿਆਣਾ ਜੰ: | -- | 19:00 |

ਚਲਨ ਦੇ ਦਿਨ : 04670 ਫ਼ਿਰੋਜ਼ਪੁਰ ਕੈਂਟ ਤੋਂ ਅਤੇ 04669 ਲੁਧਿਆਣਾ ਜੰ: ਤੋਂ ਐਤਵਾਰ, ਮਿਤੀ 21.06.2026 ਨੂੰ।
ਜਗ੍ਹਾਂ : ਜਨਰਲ ਸ਼੍ਰੇਣੀ।

### ਰੇਲਗੱਡੀ ਨੰ: 04427/04428 ਸ਼ਕੂਰ ਬਸਤੀ – ਸਹਾਰਨਪੁਰ ਜੰ: ਸ਼ਕੂਰ ਬਸਤੀ ਅਣਰਿਜ਼ਰਵ ਇਮਤਿਹਾਨ ਸਪੈਸ਼ਲ ਰੇਲਗੱਡੀ

| ਰੇਲਗੱਡੀ ਨੰ: 04427 ਆਉਣਾ | ਜਾਣਾ | ਸਟੇਸ਼ਨ | ਰੇਲਗੱਡੀ ਨੰ: 04428 ਆਉਣਾ | ਜਾਣਾ |
|---|---|---|---|---|
| -- | 17:15 | ਸ਼ਕੂਰਬਸਤੀ | 09:40 | -- |
| 17:20 | 17:21 | ਦਯਾਬਸਤੀ | 09:20 | 09:21 |
| 17:24 | 17:26 | ਦਿੱਲੀ ਕਿਸ਼ਨਗੰਜ | 09:14 | 09:15 |
| 17:30 | 17:40 | ਨਵੀਂ ਦਿੱਲੀ | 09:00 | 09:10 |
| 18:00 | 18:01 | ਤਿਲਕ ਬ੍ਰਿਜ | 08:36 | 08:37 |
| 18:12 | 18:13 | ਆਨੰਦ ਵਿਹਾਰ (ਟ.) | 08:25 | 08:26 |
| 18:23 | 18:25 | ਸਾਹਿਬਾਬਾਦ | 08:19 | 08:20 |
| 18:38 | 18:40 | ਗਾਜੀਆਬਾਦ | 08:00 | 08:02 |
| 18:51 | 18:53 | ਨਵਾ ਗਾਜੀਆਬਾਦ | 07:19 | 07:20 |
| 19:03 | 19:04 | ਮੁਰਾਦਨਗਰ | 07:00 | 07:01 |
| 19:08 | 19:09 | ਮੋਦੀਨਗਰ | 06:50 | 06:51 |
| 19:27 | 19:29 | ਮੇਰਠ ਸਿਟੀ | 06:40 | 06:42 |
| 19:40 | 19:41 | ਮੇਰਠ ਕੈਂਟ | 06:31 | 06:33 |
| 19:51 | 19:52 | ਦੋਰਾਲਾ | 06:20 | 06:21 |
| 20:04 | 20:05 | ਖਤੋਲੀ | 06:07 | 06:08 |
| 20:09 | 20:10 | ਮੰਸੂਰਪੁਰ | 05:57 | 05:58 |
| 20:20 | 20:21 | ਮੁਜੱਫਰਨਗਰ | 05:44 | 05:46 |
| 20:42 | 20:43 | ਦੇਵਬੰਦ | 05:25 | 05:26 |
| 20:56 | 20:57 | ਨਾਗਲ | 05:10 | 05:11 |
| 21:30 | 21:32 | ਤਪਰੀ | 04:58 | 05:00 |
| 22:00 | -- | ਸਹਾਰਨਪੁਰ ਜੰ: | -- | 04:45 |

ਚਲਨ ਦੇ ਦਿਨ : 04427 ਸ਼ਕੂਰ ਬਸਤੀ ਤੋਂ ਐਤਵਾਰ, ਮਿਤੀ ਮਿਤੀ 21.06.2026 ਨੂੰ ਅਤੇ 04428 ਸਹਾਰਨਪੁਰ ਜੰ: ਤੋਂ ਸੋਮਵਾਰ, ਮਿਤੀ 22.06.2026 ਨੂੰ।
ਜਗ੍ਹਾਂ : ਜਨਰਲ ਸ਼੍ਰੇਣੀ।

ਰੇਲਯਾਤਰੀਆਂ ਤੋਂ ਅਨੁਰੋਧ ਹੈ ਕਿ ਕਿਸੀ ਵੀ ਹੋਰ ਸੂਚਨਾ ਅਤੇ ਪੂਰੀ ਸਮੇਂ-ਸਾਰਣੀ ਦੀ ਜਾਣਕਾਰੀ ਦੇ ਲਈ ਰੇਲਮਦਦ ਹੈਲਪਲਾਈਨ ਨੰ: 139 ਉਤੇ ਸੰਪਰਕ ਕਰੋ ਜਾਂ ਰੇਲਵੇ ਦੀ ਵੈੱਬਸਾਈਟ https://www.enquiry.indianrail.gov.in ਜਾਂ NTES App. ਦੇਖੋ।

### ਰੇਲਗੱਡੀ ਨੰ: 04429 ਸ਼ਕੂਰ ਬਸਤੀ – ਸਹਾਰਨਪੁਰ ਜੰ: – ਅਣਰਿਜ਼ਰਵ ਇਮਤਿਹਾਨ ਸਪੈਸ਼ਲ ਰੇਲਗੱਡੀ

| ਰੇਲਗੱਡੀ ਨੰ: 04428 ਆਉਣਾ | ਜਾਣਾ | ਸਟੇਸ਼ਨ |
|---|---|---|
| -- | 10:50 | ਸ਼ਕੂਰਬਸਤੀ |
| 10:54 | 10:56 | ਦਯਾਬਸਤੀ |
| 11:00 | 11:02 | ਦਿੱਲੀ ਕਿਸ਼ਨਗੰਜ |
| 11:25 | 11:30 | ਨਵੀਂ ਦਿੱਲੀ |
| 11:40 | 11:41 | ਤਿਲਕ ਬ੍ਰਿਜ |
| 11:52 | 11:53 | ਆਨੰਦ ਵਿਹਾਰ (ਟ.) |
| 12:03 | 12:05 | ਸਾਹਿਬਾਬਾਦ |
| 12:18 | 12:20 | ਗਾਜੀਆਬਾਦ |
| 12:31 | 12:33 | ਨਵਾ ਗਾਜੀਆਬਾਦ |
| 12:43 | 12:44 | ਮੁਰਾਦਨਗਰ |
| 12:48 | 12:49 | ਮੋਦੀਨਗਰ |
| 13:07 | 13:09 | ਮੇਰਠ ਸਿਟੀ |
| 13:20 | 13:21 | ਮੇਰਠ ਕੈਂਟ |
| 13:31 | 13:32 | ਦੋਰਾਲਾ |
| 13:44 | 13:45 | ਕਾਖੋਤੀ |
| 13:49 | 13:50 | ਮੰਸੂਰਪੁਰ |
| 14:00 | 14:01 | ਮੁਜੱਫਰਨਗਰ |
| 14:22 | 14:23 | ਦੇਵਬੰਦ |
| 14:36 | 14:37 | ਨਾਗਲ |
| 15:10 | 15:12 | ਤਪਰੀ |
| 15:30 | -- | ਸਹਾਰਨਪੁਰ ਜੰ: |

ਚਲਨ ਦੇ ਦਿਨ : 04429 ਸ਼ਕੂਰ ਬਸਤੀ ਤੋਂ ਐਤਵਾਰ, 21.06.2026 ਨੂੰ।
ਜਗ੍ਹਾਂ : ਜਨਰਲ ਸ਼੍ਰੇਣੀ।

### ਰੇਲਗੱਡੀ ਨੰ: 04430 ਸਹਾਰਨਪੁਰ ਜੰ: – ਨਵੀਂ ਦਿੱਲੀ ਅਣਰਿਜ਼ਰਵ ਇਮਤਿਹਾਨ ਸਪੈਸ਼ਲ ਰੇਲਗੱਡੀ

| ਰੇਲਗੱਡੀ ਨੰ: 04430 ਆਉਣਾ | ਜਾਣਾ | ਸਟੇਸ਼ਨ |
|---|---|---|
| -- | 17:45 | ਸਹਾਰਨਪੁਰ ਜੰਕਸ਼ਨ |
| 17:58 | 18:00 | ਟਪਰੀ |
| 18:10 | 18:11 | ਨਾਗਲ |
| 18:25 | 18:26 | ਦੇਵਬੰਦ |
| 18:44 | 18:46 | ਮੁਜੱਫਰਨਗਰ |
| 18:57 | 18:58 | ਮੰਸੂਰਪੁਰ |
| 19:07 | 19:08 | ਖਤੋਲੀ |
| 19:21 | 19:22 | ਦੋਰਾਲਾ |
| 19:31 | 19:33 | ਮੇਰਠ ਕੈਂਟ |
| 19:53 | 19:55 | ਮੇਰਠ ਸਿਟੀ |
| 20:11 | 20:12 | ਮੋਦੀਨਗਰ |
| 20:20 | 20:21 | ਮੋਰਾਦਨਗਰ |
| 20:31 | 20:32 | ਨਵਾ ਗਾਜੀਆਬਾਦ |
| 21:10 | 21:12 | ਗਾਜੀਆਬਾਦ |
| 21:24 | 21:25 | ਸਾਹਿਬਾਬਾਦ |
| 21:37 | 21:38 | ਆਨੰਦ ਵਿਹਾਰ (ਟ.) |
| 21:50 | 21:51 | ਤਿਲਕ ਬ੍ਰਿਜ |
| 22:30 | -- | ਨਵੀਂ ਦਿੱਲੀ |

ਚਲਨ ਦੇ ਦਿਨ : 04430 ਸਹਾਰਨਪੁਰ ਤੋਂ ਐਤਵਾਰ, 21.06.2026 ਨੂੰ।
ਜਗ੍ਹਾਂ : ਜਨਰਲ ਸ਼੍ਰੇਣੀ।

### ਰੇਲਗੱਡੀ ਨੰ: 09741/09742 ਰੇਵਾੜੀ ਜੰ: – ਬਠਿੰਡਾ ਜੰ: – ਰੇਵਾੜੀ ਜੰ: ਅਣਰਿਜ਼ਰਵ ਇਮਤਿਹਾਨ ਸਪੈਸ਼ਲ ਰੇਲਗੱਡੀ

| ਰੇਲਗੱਡੀ ਨੰ: 09741 ਆਉਣਾ | ਜਾਣਾ | ਸਟੇਸ਼ਨ | ਰੇਲਗੱਡੀ ਨੰ: 09742 ਆਉਣਾ | ਜਾਣਾ |
|---|---|---|---|---|
| -- | 22.30 | ਰੇਵਾੜੀ ਜੰ: | 03.20 | -- |
| 22.57 | 22.59 | ਕੋਸਲੀ | 01.30 | 01.32 |
| 23.15 | 23.17 | ਝਾਡਲੀ | 01.11 | 01.13 |
| 23.29 | 23.31 | ਚੱਰਖੀ ਦਾਦਰੀ | 00.57 | 00.59 |
| 23.53 | 23.58 | ਭਿਵਾਨੀ ਜੰਕਸ਼ਨ | 00.30 | 00.35 |
| 00.33 | 00.35 | ਹਾਸੀ | 23.47 | 23.49 |
| 01.25 | 01.35 | ਹਿਸਾਰ ਜੰਕਸ਼ਨ | 23.15 | 23.25 |
| 02.12 | 02.14 | ਮੰਡੀ ਆਦਮਪੁਰ | 22.07 | 22.09 |
| 02.30 | 02.32 | ਭਟੂ | 21.49 | 21.51 |
| 03.25 | 03.30 | ਸਿਰਸਾ | 21.15 | 21.20 |
| 03.54 | 03.56 | ਕਰਨਾਲ | 20.37 | 20.39 |
| 04.08 | 04.10 | ਰਾਮਾਂ | 20.30 | 20.32 |
| 06.50 | -- | ਬਠਿੰਡਾ ਜੰ: | -- | 19.45 |

ਚਲਨ ਦੇ ਦਿਨ : 09741 ਰੇਵਾੜੀ ਤੋਂ ਤੋਂ ਸ਼ਨੀਵਾਰ, ਮਿਤੀ 20.06.2026 ਨੂੰ ਅਤੇ 09742 ਬਠਿੰਡਾ ਤੋਂ ਐਤਵਾਰ, ਮਿਤੀ 21.06.2026 ਨੂੰ।
ਜਗ੍ਹਾਂ : ਜਨਰਲ ਸ਼੍ਰੇਣੀ।

ਉਤੇ ਸਾਨੂੰ ਫਾਲੋ ਕਰੋ

ਉੱਤਰ ਰੇਲਵੇ
ਤੁਹਾਡੀ ਸੁਵਿਧਾ – ਸਾਡਾ ਸ਼੍ਰੇਯ
ਸਾਨੂੰ www.nr.indianrailways.gov.in ਉਤੇ ਮਿਲੋ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਕਲਾਸੀਫਾਈਡ ਇਸ਼ਤਿਹਾਰ

## ਬੇਦਖਲੀ ਨੋਟਿਸ

ਮੈਂ, ਮੰਗਤ ਸਿੰਘ ਪੁੱਤਰ ਵਰਿਆਮ ਸਿੰਘ ਵਾਸੀ ਪਿੰਡ ਜ਼ੀਰਾ ਰੋਡ, ਟੀਚਰ ਕਾਲੋਨੀ, ਗਲੀ ਨੰ. 04, ਨੇੜੇ ਗੁਰਦੁਆਰਾ ਸਾਹਿਬ ਬੀਬੀ ਭਗਵਾਨ ਕੌਰ ਰੋਡ ਮੋਗਾ, ਤਹਿਸੀਲ ਵਾ ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਨਵਪ੍ਰੀਤ ਸਿੰਘ ਮੇਰੇ ਕਹਿਣੇ ਵਿੱਚ ਨਹੀਂ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਅਸੀਂ, ਅਮਰ ਸ਼ਰਮਾ ਪੁੱਤਰ ਮੀਨ ਰਾਮ ਸ਼ਰਮਾ ਵਾ ਮਾਇਆ ਸ਼ਰਮਾ ਪਤਨੀ ਅਮਰ ਸ਼ਰਮਾ ਵਾਸੀ ਕੋਟਲਾ ਰੋਡ, ਚਿੰਤਪੁਰਨੀ ਮੰਦਰ, ਨੇੜੇ ਹਰਦਿਆਲ ਨਗਰ, ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਵਿਸ਼ਨੂ ਸ਼ਰਮਾ ਅਤੇ ਉਸ ਦੀ ਪਤਨੀ ਕਵਿਤਾ ਸ਼ਰਮਾ ਸਾਡੇ ਕਹਿਣੇ ਤੋਂ ਬਾਹਰ ਹਨ, ਸਾਡੇ ਨਾਲ ਗਲਤ ਵਿਵਹਾਰ ਕਰਦੇ ਹਨ। ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਹ ਆਪਣੇ ਕੀਤੇ ਲੈਣ-ਦੇਣ ਅਤੇ ਚੰਗੇ-ਮਾੜੇ ਕੰਮਾਂ ਦੇ ਖੁਦ ਜ਼ਿੰਮੇਵਾਰ ਹੋਣਗੇ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਾਡਾ ਇਨ੍ਹਾਂ ਨਾਲ ਕੋਈ ਤਲਕ ਵਾਸਤਾ ਨਹੀਂ ਹੈ। (ਆਰ)

ਮੈਂ, ਪਰਮਜੀਤ ਕੌਰ ਪਤਨੀ ਵਰਜੀਤ ਸਿੰਘ ਵਾਸੀ ਪਿੰਡ ਅਟਾਰੀ ਨਵੀਂ ਆਬਾਦੀ, ਪੁਲਿਸ ਥਾਣਾ ਘਰਿੰਡਾ, ਸਬ ਤਹਿਸੀਲ ਅਟਾਰੀ, ਜ਼ਿਲ੍ਹਾ ਅੰਮ੍ਰਿਤਸਰ ਦੀ ਰਹਿਣ ਵਾਲੀ ਹਾਂ।ਬਿਆਨ ਕਰਦੀ ਹਾਂ ਕਿ ਵਿਸ਼ਾਲ ਸਿੰਘ ਪੁੱਤਰ ਦਿਲਬਾਗ ਸਿੰਘ ਵਾਸੀ ਨਵੀਂ ਆਬਾਦੀ ਪਿੰਡ ਅਟਾਰੀ ਜੋ ਉਸ ਦਾ ਭਤੀਜਾ ਲੱਗਦਾ ਹੈ। ਵਿਸ਼ਾਲ ਸਿੰਘ ਸਾਡੇ ਕਹਿਣੇ ਤੋਂ ਬਾਹਰ ਚੱਲਦਾ ਹੈ। ਉਸ ਨੂੰ ਅਸੀਂ ਆਪਣੀ ਚੱਲ-ਅਚੱਲ ਜ਼ਮੀਨ-ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਨਾਲ ਜੋ ਲੈਣ-ਦੇਣ ਕਰੇਗਾ, ਉਸ ਦਾ ਉਹ ਖੁਦ ਜ਼ਿੰਮੇਵਾਰ ਹੋਵੇਗਾ। ਸਾਡਾ ਉਸ ਨਾਲ ਕੋਈ ਵੀ ਤਾਲੁਕ ਵਾਸਤਾ ਨਹੀਂ। ਸਬੰਧਤ ਕਿਰਪਾ ਕਰਕੇ ਨੋਟ ਕਰ ਲੈਣ।

ਮੈਂ, ਹਰਬੰਸ ਸਿੰਘ ਪੁੱਤਰ ਮੰਗਤ ਸਿੰਘ ਵਾਸੀ ਮਕਾਨ ਨੰ. 1432, ਗਲੀ ਨੰ. 7, ਜੱਜ ਨਗਰ, ਨੇੜੇ ਜੌੜਾ ਫਾਟਕ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਕੰਵਲਜੀਤ ਸਿੰਘ ਅਤੇ ਉਸ ਦੀ ਪਤਨੀ ਅਸ਼ਵਿੰਦਰ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ, ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਸਤਿਆ ਵਿਧਵਾ ਦਰਸ਼ਨ ਵਾਸੀ ਵਾਰਡ ਨੰ. 2, ਭਾਈਆਨਾ ਬਸਤੀ, ਬੁਢਲਾਡਾ, ਜ਼ਿਲ੍ਹਾ ਮਾਨਸਾ ਸੂਚਿਤ ਕਰਦੀ ਹਾਂ ਕਿ ਮੈਂ ਆਪਣੇ ਲੜਕੇ ਕਾਲਾ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਤੇ ਮੇਰੇ ਪਰਵਾਰ ਦਾ ਅੱਜ ਤੋਂ ਬਾਅਦ ਉਸ ਨਾਲ ਕੋਈ ਸੰਬੰਧ ਨਹੀਂ ਹੈ।

## ਬੇਦਖਲੀ ਨੋਟਿਸ

ਮੈਂ ਸੁਰਿੰਦਰ ਸਿੰਘ ਪੁੱਤਰ ਬਿਸ਼ਨ ਸਿੰਘ ਵਾਸੀ ਦਿਆਲਪੁਰ ਗੇਟ ਕਰਤਾਰਪੁਰ ਜਿਲ੍ਹਾ ਜਲੰਧਰ ਦਾ ਹਾਂ। ਮੇਰਾ ਲੜਕਾ ਪਰਮਵੀਰ ਸਿੰਘ ਅਤੇ ਉਸਦੀ ਪਤਨੀ ਕੋਮਲ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਹਨਾਂ ਦੋਵਾਂ ਨੂੰ ਆਪਣੀ ਚਲ -ਅਚਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ ।ਅਗਾਂਹ ਤੋਂ ਇਹਨਾਂ ਨਾਲ ਲੈਣ ਦੇਣ ਰੱਖਣ ਵਾਲਾ ਖੁਦ ਜਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ ।

ਮੈਂ ਸੁਰਿੰਦਰ ਸਿੰਘ ਪੁੱਤਰ ਬਿਸ਼ਨ ਸਿੰਘ ਵਾਸੀ ਦਿਆਲਪੁਰ ਗੇਟ ਕਰਤਾਰਪੁਰ ਜਿਲਾ ਜਲੰਧਰ ਦਾ ਹਾਂ। ਮੇਰਾ ਲੜਕਾ ਮਨਪ੍ਰੀਤ ਸਿੰਘ ਅਤੇ ਉਸਦੀ ਪਤਨੀ ਸ਼ਿਵਾਨੀ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਹਨਾਂ ਦੋਵਾਂ ਨੂੰ ਆਪਣੀ ਚਲ -ਅਚਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਅਗਾਂਹ ਤੋਂ ਇਹਨਾਂ ਨਾਲ ਲੈਣ ਦੇਣ ਰੱਖਣ ਵਾਲਾ ਖੁਦ ਜਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਜਗਤਾਰ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਮਕਾਨ ਨੰਬਰ ਐੱਲ-1/853, ਸੁਲਤਾਨਵਿੰਡ ਰੋਡ, ਗਲੀ ਨੰਬਰ 6, ਨਿਊ ਕਪੂਰ ਨਗਰ, ਅੰਮ੍ਰਿਤਸਰ-1, ਅੰਮ੍ਰਿਤਸਰ, ਪੰਜਾਬ-143001 ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਅੰਮ੍ਰਿਤਪਾਲ ਸਿੰਘ, ਜੋ ਮੇਰੇ ਕਹਿਣੇ ਵਿੱਚ ਨਹੀਂ ਹੈ ਅਤੇ ਮੇਰੇ ਨਾਲ ਲੜਾਈ-ਝਗੜਾ ਕਰਦਾ ਹੈ। ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

## ਨਾਂਅ ਦੀ ਬਦਲੀ

ਮੈਂ, ਰਾਜਪਾਲ ਕੌਰ ਪਤਨੀ ਪੁਸ਼ਪਿੰਦਰ ਸਿੰਘ ਵਾਸੀ ਪਿੰਡ ਫਤਿਹਪੁਰ, ਡਾਕਖਾਨਾ ਸੈਦੋਵਾਲ ਕਲਾਂ, ਜ਼ਿਲ੍ਹਾ ਗੁਰਦਾਸਪੁਰ, ਪੰਜਾਬ, ਭਾਰਤ। ਮੈਂ ਆਪਣੇ ਨਾਂਅ ਰਾਜਪਾਲ ਕੌਰ ਤੋਂ ਬਦਲ ਕੇ ਮਨਦੀਪ ਕੌਰ ਰੱਖ ਲਿਆ ਹੈ।

## Change of Name

I, Navdeep Singh S/o Surinder Singh R/o House No 68, Garden Enclave Khankot, Amritsar have declare that in my son Mansidak Singh Bhui 10th and 12th class his mother name name written as Prabhjot Kaur after my remarriage correct name of his mother is Harpreet Kaur

I, Jashandeep Kaur W/o Manpreet Singh R/o 223, Ward No. 3, Ajnala PO Ajnala District Amritsar have declare that Jashandeep is my Given name and Kaur is my surname

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਬੀਬੀ ਰਣਜੀਤ ਕੌਰ ਨੇ ਮੁੱਖ ਮੰਤਰੀ ਨੂੰ ਸ਼ਾਹਕੋਟ ਦੀਆਂ ਸਮੱਸਿਆਵਾਂ ਤੋਂ ਕਰਵਾਇਆ ਜਾਣੂ

**ਲੋਹੀਆਂ ਖਾਸ (ਰੀਨਾ ਸ਼ਰਮਾ, ਯੋਗੇਸ਼ਵਰ)**- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ 61.82 ਕਰੋੜ ਰੁਪਏ ਦੀ ਲਾਗਤ ਨਾਲ ਸਤਲੁਜ ਦਰਿਆ ਦੇ ਧੁੱਸੀ ਬੰਨ੍ਹ 'ਤੇ ਬਣਨ ਵਾਲੀ 37.93 ਕਿਲੋਮੀਟਰ ਲੰਮੀ ਲਿੰਕ ਸੜਕ ਦਾ ਨੀਂਹ ਪੱਥਰ ਰੱਖਿਆ ਗਿਆ। ਇਸ ਮੌਕੇ ਡਾਇਰੈਕਟਰ ਇਨਫੋਟੈਕ ਪੰਜਾਬ ਅਤੇ ਆਮ ਆਦਮੀ ਪਾਰਟੀ ਪੰਜਾਬ ਮਹਿਲਾ ਵਿੰਗ ਦੀ ਉਪ ਪ੍ਰਧਾਨ ਬੀਬੀ ਰਣਜੀਤ ਕੌਰ ਕਾਕੜ ਕਲਾਂ ਨੇ ਮੁੱਖ ਮੰਤਰੀ ਨੂੰ ਮਿਲ ਕੇ ਸ਼ਾਹਕੋਟ ਹਲਕੇ ਨਾਲ ਸਬੰਧਤ ਵੱਖ-ਵੱਖ ਮੰਗਾਂ ਅਤੇ ਲੋਕ ਸਮੱਸਿਆਵਾਂ ਤੋਂ ਜਾਣੂ ਕਰਵਾਇਆ। ਬੀਬੀ ਰਣਜੀਤ ਕੌਰ ਕਾਕੜ ਕਲਾਂ ਨੇ ਮੁੱਖ ਮੰਤਰੀ ਨੂੰ ਸੌਂਪੇ ਮੰਗ ਪੱਤਰ ਵਿੱਚ ਲੋਹੀਆਂ ਖਾਸ ਤੋਂ ਜੰਡੂਪੁਰ ਨੂੰ ਜਾਂਦੀ ਸੜਕ ਦੇ ਜਲਦ ਨਿਰਮਾਣ ਦੀ ਮੰਗ ਕੀਤੀ। ਉਨ੍ਹਾਂ ਦੱਸਿਆ ਕਿ ਸੜਕ ਦੀ ਮੌਜੂਦਾ ਹਾਲਤ ਬਹੁਤ ਖਰਾਬ ਹੋਣ ਕਾਰਨ ਇਲਾਕੇ ਦੇ ਲੋਕਾਂ ਨੂੰ ਰੋਜ਼ਾਨਾ ਆਵਾਜਾਈ ਦੌਰਾਨ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਇਸ ਸੜਕ ਦੇ ਨਿਰਮਾਣ ਨਾਲ ਇਲਾਕੇ ਦੇ ਹਜ਼ਾਰਾਂ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ। ਇਸ ਤੋਂ ਇਲਾਵਾ ਉਨ੍ਹਾਂ ਨੇ ਸ਼ਾਹਕੋਟ ਹਲਕੇ ਦੇ ਵਿਕਾਸ ਨਾਲ ਸਬੰਧਤ ਹੋਰ ਅਹਿਮ ਮੁੱਦੇ ਵੀ ਮੁੱਖ ਮੰਤਰੀ ਦੇ ਧਿਆਨ ਵਿੱਚ ਲਿਆਂਦੇ ਅਤੇ ਲੋਕ ਭਲਾਈ ਦੇ ਕੰਮਾਂ ਨੂੰ ਹੋਰ ਤੇਜ਼ੀ ਨਾਲ ਅੱਗੇ ਵਧਾਉਣ ਦੀ ਮੰਗ ਕੀਤੀ।



ਉਨ੍ਹਾਂ ਕਿਹਾ ਕਿ ਹਲਕੇ ਦੇ ਲੋਕਾਂ ਨੂੰ ਬਿਹਤਰ ਸੜਕਾਂ, ਪੀਣ ਵਾਲੇ ਪਾਣੀ, ਸਿਹਤ ਅਤੇ ਹੋਰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਿਸ਼ੇਸ਼ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਬੀਬੀ ਰਣਜੀਤ ਕੌਰ ਕਾਕੜ ਕਲਾਂ ਵੱਲੋਂ ਉਠਾਏ ਗਏ ਮੁੱਦਿਆਂ ਨੂੰ ਗੰਭੀਰਤਾ ਨਾਲ ਸੁਣਦਿਆਂ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਲੋਕਾਂ ਦੀਆਂ ਜਾਇਜ਼ ਮੰਗਾਂ ਦੇ ਹੱਲ ਅਤੇ ਖੇਤਰ ਦੇ ਸਰਵਪੱਖੀ ਵਿਕਾਸ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸ਼ਾਹਕੋਟ ਹਲਕੇ ਦੇ ਵਿਕਾਸ ਲਈ ਲੋੜੀਂਦੇ ਕਦਮ ਚੁੱਕੇ ਜਾਣਗੇ ਅਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਤਰਜੀਹ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ।

# ਪ੍ਰਵਾਸੀ ਮਜ਼ਦੂਰ ਵੱਲੋਂ ਪਤਨੀ ਦਾ ਕਤਲ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਇੱਕ ਪ੍ਰਵਾਸੀ ਮਜ਼ਦੂਰ ਨੇ ਘਰੇਲੂ ਝਗੜੇ ਦੌਰਾਨ ਆਪਣੀ ਪਤਨੀ ਦਾ ਤੇਜ਼ਧਾਰ ਚਾਕੂ ਨਾਲ ਕਤਲ ਕਰ ਦਿੱਤਾ।ਮਿਲੀ ਜਾਣਕਾਰੀ ਅਨੁਸਾਰ ਲਕਸ਼ਮੀ ਨਾਰਾਇਣ ਆਪਣੀ



ਪਤਨੀ ਜੋਤੀ (27) ਨਾਲ ਰਤਨ ਸਥਿਤ ਇੱਕ ਇੱਟਾਂ ਦੇ ਭੱਠੇ 'ਤੇ ਮਜ਼ਦੂਰੀ ਕਰਦਾ ਸੀ।ਬੀਤੀ ਰਾਤ ਕਰੀਬ 2 ਵਜੇ ਦੋਵਾਂ ਪਤੀ-ਪਤਨੀ ਵਿਚਕਾਰ ਕਿਸੇ ਗੱਲ ਨੂੰ ਲੈ ਕੇ ਤਕਰਾਰ ਹੋ ਗਈ।ਤਕਰਾਰ ਇੰਨੀ ਵੱਧ ਗਈ ਕਿ ਗੁੱਸੇ ਵਿੱਚ ਆਏ ਲਕਸ਼ਮੀ ਨਾਰਾਇਣ ਨੇ ਆਪਣੀ ਪਤਨੀ ਦੇ ਪੇਟ ਵਿੱਚ ਚਾਕੂ ਮਾਰ ਦਿੱਤਾ, ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਸੂਤਰਾਂ ਅਨੁਸਾਰ ਘਟਨਾ ਤੋਂ ਬਾਅਦ ਦੋਸ਼ੀ ਨੇ ਲਾਸ਼ ਨੂੰ ਬਿਸਤਰੇ ਹੇਠਾਂ ਲੁਕਾਉਣ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਕੰਧ ਉੱਪਰ ਪਿਆ ਪੱਖਾ ਡਿੱਗ ਗਿਆ, ਜਿਸ ਨਾਲ ਸ਼ੋਰ ਪੈ ਗਿਆ। ਆਵਾਜ਼ ਸੁਣ ਕੇ ਨੇੜੇ ਰਹਿੰਦੇ ਲੋਕ ਅਤੇ ਹੋਰ ਮਜ਼ਦੂਰ ਇਕੱਠੇ ਹੋ ਗਏ। ਉਨ੍ਹਾਂ ਨੇ ਤੁਰੰਤ ਹਾਜੀਪੁਰ ਪੁਲਿਸ ਨੂੰ ਸੂਚਨਾ ਦਿੱਤੀ। ਸੂਚਨਾ ਮਿਲਣ ਉਪਰੰਤ ਹਾਜੀਪੁਰ ਥਾਣੇ ਦੀ ਪੁਲਸ ਅਤੇ ਫੋਰੈਂਸਿਕ ਟੀਮ ਮੌਕੇ 'ਤੇ ਪਹੁੰਚੀ ਅਤੇ ਜਾਂਚ ਸ਼ੁਰੂ ਕੀਤੀ। ਪੁਲਸ ਨੇ ਮ੍ਰਿਤਕਾ ਦੀ ਲਾਸ਼ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਥਾਣਾ ਮੁਖੀ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਦੋਸ਼ੀ ਲਕਸ਼ਮੀ ਨਾਰਾਇਣ ਨੂੰ ਹਿਰਾਸਤ ਵਿੱਚ ਲੈ ਕੇ ਪੁੱਛਗਿੱਛ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਮਾਮਲੇ ਦੀ ਹਰ ਪੱਖ ਤੋਂ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਜਾਂਚ ਉਪਰੰਤ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਪੰਜਾਬ ਸਰਕਾਰ ਵੱਲੋਂ ਕੰਮ-ਕਾਜੀ ਔਰਤਾਂ ਲਈ ਪੰਜ ਵਰਕਿੰਗ ਵਿਮੈਨ ਹੋਸਟਲ ਨਿਰਮਾਣ ਅਧੀਨ : ਡਾ. ਬਲਜੀਤ ਕੌਰ

**ਚੰਡੀਗੜ੍ਹ (ਗੁਰਜੀਤ ਬਿੱਲਾ)** ਪੰਜਾਬ ਦੇ ਵੱਖ ਵੱਖ ਸ਼ਹਿਰਾਂ ਵਿੱਚ ਆਪਣੇ ਘਰਾਂ ਤੋਂ ਦੂਰ ਰਹਿ ਰਹੀਆਂ ਕੰਮ-ਕਾਜੀ ਔਰਤਾਂ ਨੂੰ ਸੁਰੱਖਿਅਤ ਅਤੇ ਸਹੂਲਤਾਂ ਨਾਲ ਲੈਸ ਰਿਹਾਇਸ਼ ਮੁਹੱਈਆ ਕਰਵਾਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਮੋਹਾਲੀ, ਜਲੰਧਰ ਅਤੇ ਅੰਮ੍ਰਿਤਸਰ ਵਿਖੇ ਪੰਜ ਵਰਕਿੰਗ ਵਿਮੈਨ ਹੋਸਟਲ ਬਣਾਏ ਜਾ ਰਹੇ ਹਨ। ਇਹ ਪ੍ਰਗਟਾਵਾ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਦੇ ਮੰਤਰੀ ਡਾ. ਬਲਜੀਤ ਕੌਰ ਨੇ ਮੋਹਾਲੀ ਵਿਖੇ ਸੈਕਟਰ 66 ਵਿਖੇ ਐਮ ਐਲ ਏ ਕੁਲਵੰਤ ਸਿੰਘ ਦੀ ਮੌਜੂਦਗੀ ਵਿੱਚ ਸੱਤ ਮੰਜ਼ਲੀ ਵਰਕਿੰਗ ਵਿਮੈਨ ਹੋਸਟਲ ਦੀ ਉਸਾਰੀ ਸ਼ੁਰੂ ਕਰਵਾਉਣ ਮੌਕੇ ਕੀਤਾ। ਉਨ੍ਹਾਂ ਦੱਸਿਆ ਕਿ ਇਸ ਹੋਸਟਲ ਦੀ ਤਾਮੀਰ 'ਤੇ ਕਰੀਬ



70 ਕਰੋੜ ਰੁਪਏ ਦੀ ਲਾਗਤ ਆਵੇਗੀ, ਜਿਸ ਦੀ ਉਸਾਰੀ ਲੋਕ ਨਿਰਮਾਣ ਵਿਭਾਗ ਵੱਲੋਂ ਜੰਗੀ ਪੱਧਰ 'ਤੇ ਜਾਰੀ ਹੈ। ਇਹ ਹੋਸਟਲ ਪੰਜਾਬ ਦਾ ਸਭ ਤੋਂ ਵੱਡਾ ਸਰਕਾਰੀ ਖੇਤਰ ਦਾ ਵਰਕਿੰਗ ਵਿਮੈਨ ਹੋਸਟਲ ਹੋਵੇਗਾ ਜਿੱਥੇ ਕਿ 484 ਮਹਿਲਾਵਾਂ ਨੂੰ ਰਹਿਣ ਦੀ ਅਤਿ ਆਧੁਨਿਕ ਤੇ ਸੁਰੱਖਿਅਤ ਸਹੂਲਤ ਮਿਲੇਗੀ। ਇਸ ਹੋਸਟਲ ਵਿੱਚ ਸਿੰਗਲ ਰੂਮ, ਡਬਲ ਰੂਮ ਅਤੇ ਡੋਰਮੈਟਰੀ ਰੂਮ ਵੀ ਹੋਣਗੇ। ਕੰਮਕਾਜੀ ਔਰਤਾਂ ਦੇ ਨਾਲ ਰਹਿਣ ਵਾਲੇ ਬੱਚਿਆਂ ਵਾਸਤੇ ਕਰੈਚ ਦੀ ਸਹੂਲਤ ਵੀ ਹੋਵੇਗੀ। ਇਸ ਤੋਂ ਇਲਾਵਾ ਮਨਪ੍ਰਚਾਵੇ ਲਈ ਇਨਡੋਰ ਖੇਡਾਂ ਦਾ ਪ੍ਰਬੰਧ ਵੀ ਹੋਵੇਗਾ।ਉਹਨਾਂ ਦੱਸਿਆ ਕਿ ਇਹ ਮੋਹਾਲੀ ਵਿਖੇ ਬਣ ਰਿਹਾ ਤੀਸਰਾ ਵਰਕਿੰਗ ਵਿਮੈਨ ਹੋਸਟਲ ਹੈ। ਇਸ ਤੋਂ ਪਹਿਲਾਂ ਨਿਕਟ ਮੁਹਾਲੀ ਫੇਜ਼ 1 ਵਿਖੇ 25.26 ਕਰੋੜ ਰੁਪਏ ਦੀ ਲਾਗਤ ਨਾਲ 150 ਔਰਤਾਂ ਦੇ ਰਹਿਣ ਦੀ ਸਮਰੱਥਾ ਵਾਲਾ ਹੋਸਟਲ ਨਿਰਮਾਣ ਅਧੀਨ ਹੈ। ਇਸੇ ਤਰ੍ਹਾਂ ਸੈਕਟਰ 79 ਮੁਹਾਲੀ ਵਿਖੇ 100 ਔਰਤਾਂ ਦੇ ਰਹਿਣ ਦੀ ਸਮਰੱਥਾ ਵਾਲਾ ਵਰਕਿੰਗ ਵਿਮੈਨ ਹੋਸਟਲ ਵੀ ਤੇਜ਼ੀ ਨਾਲ ਉਸਾਰੀ ਅਧੀਨ ਹੈ। ਇਸ ਹੋਸਟਲ ਤੇ 12.57 ਕਰੋੜ ਰੁਪਏ ਦੀ ਲਾਗਤ ਆਵੇਗੀ।

## ਸਾਲਾਨਾ ਜੋੜ ਮੇਲਾ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ



**ਅਲਾਵਲਪੁਰ, (ਮਦਨ ਬੰਗੜ)**- ਕਸਬਾ ਅਲਾਵਲਪੁਰ ਦੇ ਮੁਹੱਲਾ ਰਮਦਾਸਪੁਰਾ ਵਿਖੇ ਹਜ਼ਰਤ ਪੀਰ ਬਾਬਾ ਹਬੀਬ ਸ਼ਾਹ ਜੀ ਦੇ ਦਰਬਾਰ ਵਿੱਚ ਬਾਬਾ ਹਬੀਬ ਸ਼ਾਹ ਵੈਲਫੇਅਰ ਕਮੇਟੀ ਰਮਦਾਸਪੁਰ, ਸਮੂਹ ਨਗਰ ਨਿਵਾਸੀਆਂ ਅਤੇ ਐਨ ਆਰ ਆਈ ਦੇ ਸਹਿਯੋਗ ਨਾਲ ਸਾਲਾਨਾ ਉਰਸ ਅਤੇ ਜੋੜ ਮੇਲਾ ਬੜੀ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਗਿਆ।ਮੇਲੇ ਦੀ ਸ਼ੁਰੂਆਤ ਚਿਰਾਗ ਰੋਸ਼ਨ ਦੀ ਰਸਮ ਨਾਲ ਹੋਈ, ਜਦਕਿ ਦੂਜੇ ਦਿਨ ਚਾਦਰਪੋਸ਼ੀ ਅਤੇ ਨਿਸ਼ਾਨ ਸਾਹਿਬ ਦੀ ਵਿਸ਼ੇਸ਼ ਰਸਮ ਅਦਾ ਕੀਤੀ ਗਈ। ਇਸ ਮੌਕੇ ਬੀਬੀ ਸ਼ਰੀਫਾਂ ਦਰਬਾਰ ਦੇ ਸੇਵਾਦਾਰਾਂ ਨੇ ਵਿਸ਼ੇਸ਼ ਹਾਜ਼ਰੀ ਭਰੀ। ਸਮਾਗਮ ਦੌਰਾਨ ਸਕੂਲ ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਹੋਣਹਾਰ ਵਿਦਿਆਰਥੀਆਂ ਨੂੰ ਅਤੇ ਸਕੂਲ ਟੀਚਰਾਂ ਨੂੰ ਸਨਮਾਨਤ ਕੀਤਾ ਗਿਆ। ਮੇਲੇ ਦੌਰਾਨ ਗਿੱਲ ਸਿਸਟਰ, ਰਣਜੀਤ ਰਾਣਾ ਕੰਮੋਆਣਾ, ਇੰਦਰਮਾਨ, ਤਰਲੋਚਨ ਬੱਧਣ ਅਤੇ ਹੋਰ ਕਲਾਕਾਰਾਂ ਨੇ ਕਵਾਲੀਆਂ ਅਤੇ ਧਾਰਮਿਕ ਗੀਤਾਂ ਦੀ ਪੇਸ਼ਕਾਰੀ ਕਰਕੇ ਸੰਗਤ ਨੂੰ ਨਿਹਾਲ ਕੀਤਾ। ਪ੍ਰਬੰਧਕਾਂ ਨੇ ਕਿਹਾ ਕਿ ਇਹ ਮੇਲਾ ਆਪਸੀ ਸਾਂਝ, ਭਾਈਚਾਰੇ ਅਤੇ ਸ਼ਰਧਾ ਦਾ ਪ੍ਰਤੀਕ ਹੈ, ਜਿਸ ਵਿੱਚ ਇਲਾਕੇ ਭਰ ਤੋਂ ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਨੇ ਹਾਜ਼ਰੀ ਭਰੀ। ਸਮੂਹ ਸੰਗਤ ਲਈ ਵਿਸ਼ਾਲ ਲੰਗਰ ਦੀ ਵੀ ਵਿਸ਼ੇਸ਼ ਵਿਵਸਥਾ ਕੀਤੀ ਗਈ।

## ਦੋ ਹਫਤਿਆਂ ਦਾ ਡੇਅਰੀ ਸਿਖਲਾਈ ਕੋਰਸ ਭਲਕ ਤੋਂ

**ਨਵਾਂਸ਼ਹਿਰ (ਮਨੋਜ ਲਾਡੀ)**- ਵਰਿਆਮ ਸਿੰਘ ਡਾਇਰੈਕਟਰ, ਡੇਅਰੀ ਵਿਕਾਸ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ 22 ਜੂਨ ਤੋਂ ਦੁੱਧ ਉਤਪਾਦਕਾਂ ਅਤੇ ਡੇਅਰੀ ਫਾਰਮਰਾਂ ਨੂੰ ਡੇਅਰੀ ਸਿਖਲਾਈ ਦੇਣ ਲਈ ਅਗਲਾ ਬੈਚ ਸ਼ੁਰੂ ਕੀਤਾ ਜਾ ਰਿਹਾ ਹੈ। ਇਹ ਜਾਣਕਾਰੀ ਸ੍ਰੀ ਕਸ਼ਮੀਰ ਸਿੰਘ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ ਸ਼ਹੀਦ ਭਗਤ ਸਿੰਘ ਨਗਰ ਨੇ ਦਿੰਦਿਆਂ ਦੱਸਿਆ ਕਿ ਅਜੋਕੇ ਯੁੱਗ ਵਿੱਚ ਵਿਗਿਆਨਕ ਢੰਗਾਂ ਨਾਲ ਕੀਤੇ ਕਾਰੋਬਾਰ ਹੀ ਲਾਹੇਵੰਦ ਹੋਣਗੇ। ਦੁਧਾਰੂ ਪਸ਼ੂਆਂ ਦੀ ਖ੍ਰੀਦ ਤੋਂ ਲੈ ਕੇ ਰੱਖ ਰਖਾਓ, ਖਾਦ ਖੁਰਾਕ, ਨਸਲ ਸੁਧਾਰ, ਸਾਂਭ ਸੰਭਾਲ ਅਤੇ ਸੁਚੱਜੇ ਮੰਡੀਕਰਨ ਦੀਆਂ ਨਵੀਨਤਮ ਤਕਨੀਕਾਂ ਬਾਰੇ ਜਾਣਕਾਰੀ ਦੇਣ ਲਈ ਦੋ ਹਫ਼ਤਿਆਂ ਦਾ ਡੇਅਰੀ ਸਿਖਲਾਈ ਪ੍ਰੋਗਰਾਮ ਸ਼ੁਰੂ ਕੀਤੇ ਗਏ ਹਨ। ਉਨ੍ਹਾਂ ਨੇ ਸਮੂਹ ਦੁੱਧ ਉਤਪਾਦਕਾਂ ਅਤੇ ਡੇਅਰੀ ਫਾਰਮਰਾਂ ਨੂੰ ਸੁਨੇਹਾ ਦਿੱਤਾ ਹੈ ਕਿ ਉਹ ਤੁਰੰਤ ਆਪਣੇ ਆਪ ਨੂੰ ਸਿਖਲਾਈ ਪ੍ਰੋਗਰਾਮ ਵਿੱਚ ਦਾਖਲ ਕਰਵਾਉਣ ਅਤੇ ਵਿਭਾਗ ਵੱਲੋਂ ਦਿੱਤੀਆਂ ਜਾਂਦੀਆਂ ਸਹੂਲਤਾਂ ਦਾ ਵੱਧ ਤੋਂ ਵੱਧ ਲਾਭ ਉਠਾਓ। ਲੋੜੀਂਦੇ ਕਾਗਜਾਤ ਪੜ੍ਹਾਈ ਦਾ ਸਰਟੀਫਿਕੇਟ, ਅਧਾਰ ਕਾਰਡ, ਵੋਟਰ ਕਾਰਡ, ਅਨਸੂਚਿਤ ਜਾਤੀ ਸਰਟੀਫਿਕੇਟ, ਪਾਸਪੋਰਟ ਸਾਈਜ਼ ਫੋਟੋ ਨਾਲ ਲੈ ਕੇ ਮਿਤੀ 19-06-2026 ਤੱਕ ਆਪਣੇ ਫਾਰਮ ਭਰਵਾਉਣ ਲਈ ਦਫਤਰ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ, ਵੈਟਨਰੀ ਪੋਲੀਕਲੀਨਿਕ ,ਬੰਗਾ ਰੋਡ ਮਹਾਲੋਂ ਵਿਖੇ ਸੰਪਰਕ ਕੀਤਾ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਵਧੇਰੇ ਜਾਣਕਾਰੀ ਟੈਲੀਫੋਨ ਨੰਬਰ 01823225050 ਅਤੇ ਮੋਬਾਇਲ ਨੰਬਰ 9417619757 'ਤੇ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

# ਅਧਿਆਪਕਾਂ ਤੋਂ ਗੈਰ-ਵਿੱਦਿਅਕ ਕੰਮ ਲੈਣੇ ਬੰਦ ਕਰੇ ਸਰਕਾਰ : ਜੀ ਟੀ ਯੂ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਹੁਸ਼ਿਆਰਪੁਰ ਦੇ ਪ੍ਰਧਾਨ ਪ੍ਰਿੰਸੀਪਲ ਸਿੰਘ ਚੱਟਾਲਾ ਅਤੇ ਜ਼ਿਲ੍ਹਾ ਜਨਰਲ ਸਕੱਤਰ ਜਸਵੀਰ ਤਲਵਾੜਾ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਸਰਕਾਰ ਵੱਲੋਂ ਸਿੱਖਿਆ ਵਿਭਾਗ ਦੇ ਹਜ਼ਾਰਾਂ ਅਧਿਆਪਕਾਂ ਨੂੰ ਗੈਰ-ਵਿੱਦਿਅਕ ਕੰਮਾਂ ਵਿੱਚ ਝੋਕ ਦੇਣ ਦੀ ਸਖਤ ਨਿਖੇਧੀ ਕੀਤੀ ਹੈ। ਅਧਿਆਪਕ ਆਗੂਆਂ ਨੇ ਦੱਸਿਆ ਪੰਜਾਬ ਦੇ 117 ਵਿਧਾਨ ਸਭਾ ਹਲਕਿਆਂ ਦੇ 24,451 ਪੋਲਿੰਗ ਬੂਥਾਂ 'ਤੇ ਲਗਪਗ 24,451 ਬੀ.ਐਲ.ਓ. ਅਤੇ 2500 ਦੇ ਕਰੀਬ ਸੁਪਰਵਾਈਜ਼ਰ ਨਿਯੁਕਤ ਕੀਤੇ ਗਏ ਹਨ। ਭਾਰਤੀ ਚੋਣ ਕਮਿਸ਼ਨ ਵੱਲੋਂ ਚਲਾਈ ਜਾ ਰਹੀ ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐਸ ਆਈ ਆਰ), ਵੋਟਰ ਫਾਰਮਾਂ ਦੀ ਵੈਰੀਫਿਕੇਸ਼ਨ ਲਈ ਲਗਪਗ 26000 ਅਧਿਆਪਕਾਂ ਨੂੰ 25 ਜੂਨ ਤੋਂ 25 ਜੁਲਾਈ ਤੱਕ ਪੂਰੇ ਇੱਕ ਮਹੀਨੇ ਲਈ ਸਕੂਲਾਂ ਤੋਂ ਫਾਰਗ ਕਰਕੇ ਚੋਣ ਕਮਿਸ਼ਨ ਦੇ ਅਧੀਨ ਕਰ ਦਿੱਤਾ ਹੈ । ਜੀ ਟੀ ਯੂ ਦੇ ਆਗੂਆਂ ਕਿਹਾ ਕਿ ਜੁਲਾਈ ਦਾ ਮਹੀਨਾ ਅਕਾਦਮਿਕ ਪੱਖੋਂ ਬਹੁਤ ਮਹੱਤਵਪੂਰਨ ਹੁੰਦਾ ਹੈ। ਪਰ ਜਦੋਂ ਇਸ ਮਹੀਨੇ ਇਹ 26 ਹਜ਼ਾਰ ਦੇ ਕਰੀਬ ਅਧਿਆਪਕ ਸਕੂਲਾਂ ਵਿੱਚ ਮੌਜੂਦ ਨਹੀਂ ਰਹਿਣਗੇ ਤਾਂ ਲੱਖਾਂ ਗਰੀਬ ਬੱਚਿਆਂ ਦੀ ਪੜ੍ਹਾਈ ਦਾ ਕੀ ਬਣੇਗਾ ? ਸਰਕਾਰ ਨੂੰ ਬੇਰੁਜ਼ਗਾਰ ਨੌਜਵਾਨਾਂ ਨੂੰ ਇਹ ਗੈਰ -ਵਿੱਦਿਅਕ ਕੰਮ ਦੇ ਕੇ ਗਰੀਬ ਵਿਦਿਆਰਥੀਆਂ ਦੀ ਪੜ੍ਹਾਈ ਦੇ ਹੋਣ ਵਾਲੇ ਨੁਕਸਾਨ ਨੂੰ ਰੋਕਣ ਲਈ ਉਪਰਾਲੇ ਕਰਨੇ ਚਾਹੀਦੇ ਹਨ।ਇਸ ਮੌਕੇ





ਅਧਿਆਪਕ ਆਗੂ ਸੰਜੀਵ ਧੂਤ, ਰਜਤ ਮਹਾਜਨ, ਅਮਰ ਸਿੰਘ, ਵਿਕਾਸ ਸ਼ਰਮਾ, ਸੁਨੀਲ ਸ਼ਰਮਾ, ਵਰਿੰਦਰ ਵਿੱਕੀ,ਨਰਿੰਦਰ ਅਜਨੋਹਾ, ਪ੍ਰਿੰਸ ਪਲਿਆਲ ਗੜ੍ਹਦੀਵਾਲ,ਪਰਮਜੀਤ ਕਾਤਿਬ, ਜਸਵਿੰਦਰ ਬੁੱਲ੍ਹੋਵਾਲ, ਸਚਿਨ ਕੁਮਾਰ, ਮਨਜੀਤ ਸਿੰਘ, ਜਸਵੰਤ ਸਿੰਘ, ਪਰਸ ਰਾਮ,ਬਲਵਿੰਦਰ ਟਾਕ, ਸਤੀਸ਼ ਕੁਮਾਰ, ਰਾਜ ਕੁਮਾਰ, ਨਰਿੰਦਰ ਮੰਗਲ, ਰਾਜੇਸ਼ ਅਰੋੜਾ, ਜਸਵੀਰ ਬੋਦਲ, ਉਮੇਸ਼ ਕੁਮਾਰ, ਅਮਰਜੀਤ ਸਿੰਘ, ਪਵਨ ਕੁਮਾਰ , ਸ਼ਾਮ ਸੁੰਦਰ, ਅਸ਼ਵਨੀ ਰਾਣਾ,ਸਰਬਜੀਤ ਸਿੰਘ, ਨਰੇਸ਼ ਮਿੱਡਾ, ਦਵਿੰਦਰ ਮੂਣਕ ਆਦਿ ਹਾਜ਼ਰ ਸਨ।

## ਲੋਹਟੀਆ ਨੇ ਗੰਦੇ ਪਾਣੀ ਦੇ ਮਸਲੇ ਦੇ ਹੱਲ ਲਈ ਲਿਆ ਤੁਰੰਤ ਐਕਸ਼ਨ

**ਫਿਲੌਰ (ਨਿਰਮਲ)**- ਫਿਲੌਰ ਦੇ ਨਜ਼ਦੀਕੀ ਪਿੰਡ ਨਗਰ ਵਿਖੇ ਗੰਦੇ ਪਾਣੀ ਦਾ ਮਸਲਾ ਜੋ ਕਈ ਮਹੀਨਿਆਂ ਤੋਂ ਹੱਲ ਨਹੀਂ ਸੀ ਹੋ ਰਿਹਾ ਉਕਤ ਪਾਣੀ ਦੇ ਕਾਰਨ ਪਿੰਡ ਨਗਰ ਵਿਖੇ ਕਈ ਵੱਡੇ ਹਾਦਸੇ ਹੋ ਚੁੱਕੇ ਹਨ ਜਿਨ੍ਹਾਂ ਵਿੱਚ ਕਈ ਜਾਨਾਂ ਵੀ ਜਾ ਚੁੱਕੀਆਂ ਹਨ ਜਿਸ ਕਾਰਨ ਪਿੰਡ ਵਾਸੀਆਂ 'ਚ ਲੰਬੇ ਸਮੇਂ ਤੋਂ ਰੋਸ ਪਾਇਆ ਜਾ ਰਿਹਾ ਸੀ। ਉਕਤ ਮਾਮਲਾ ਜਦੋਂ ਪਿੰਡ ਵਾਸੀਆਂ ਨੇ ਹਲਕਾ ਇੰਚਾਰਜ ਮੈਡਮ ਰਣਜੀਤ ਕੌਰ ਲੋਹਟੀਆ ਦੇ ਧਿਆਨ ਵਿੱਚ ਲਿਆਂਦਾ ਤਾਂ ਉਨ੍ਹਾਂ ਤੁਰੰਤ ਐਕਸ਼ਨ ਲੈਂਦੇ ਹੋਏ ਤਹਿਸੀਲਦਾਰ ਫਿਲੌਰ, ਬੀ ਡੀ ਪੀ ਓ ਫਿਲੌਰ ਅਤੇ ਹੋਰ ਅਧਿਕਾਰੀਆਂ ਨੂੰ ਨਾਲ ਲੈ ਕੇ ਮੌਕੇ 'ਤੇ ਪਹੁੰਚੇ ਜਿਨ੍ਹਾਂ ਪਿੰਡ ਵਾਸੀਆਂ ਸਾਹਮਣੇ ਅਧਿਕਾਰੀਆਂ ਨੂੰ ਗੰਦੇ ਪਾਣੀ ਦਾ ਹੱਲ ਕਰਨ ਲਈ ਕਿਹਾ। ਇਸ ਮੌਕੇ ਹਲਕਾ ਇੰਚਾਰਜ ਮੈਡਮ ਰਣਜੀਤ ਕੌਰ ਲੋਹਟੀਆ ਵੱਲੋਂ ਪਿੰਡ ਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦਾ ਇਹ ਮਸਲਾ ਦੋ ਦਿਨਾਂ 'ਚ ਹੱਲ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪਿੰਡ ਵਾਸੀਆਂ ਦਾ ਇਹ ਅਹਿਮ ਮਸਲਾ ਸੀ ਜਿਸ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨਾ ਚਾਹੀਦਾ ਸੀ। ਇਸ ਮੌਕੇ ਪਿੰਡ ਦੇ ਸਰਪੰਚ ਪੰਚ ਅਤੇ ਆਮ ਆਦਮੀ ਪਾਰਟੀ ਦੇ ਵਲੰਟੀਅਰ ਹਾਜ਼ਰ ਸਨ।



## ਡਰੋਲੀ ਕਲਾਂ ਵਿਖੇ ਸ਼ਹੀਦੀ ਦਿਹਾੜਾ ਸ਼ਰਧਾਪੂਰਵਕ ਮਨਾਇਆ



**ਆਦਮਪੁਰ, (ਪਰਮਜੀਤ ਸਿੰਘ)**- ਸ਼ਹੀਦਾਂ ਦੇ ਸਿਰਤਾਜ ਪੰਜਵੇਂ ਪਾਤਸ਼ਾਹ ਧੰਨ-ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜਾ ਇਤਿਹਾਸਿਕ ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਮਤੀ ਜੀ ਡਰੋਲੀ ਕਲਾਂ ਵਿਖੇ ਬੜੀ ਸ਼ਰਧਾ, ਭਾਵਨਾ ਅਤੇ ਸਤਿਕਾਰ ਸਹਿਤ ਮਨਾਇਆ ਗਿਆ ।ਸਮਾਗਮ ਦੀ ਆਰੰਭਤਾ ਪੰਥ ਰਤਨ ਭਾਈ ਸਾਹਿਬ ਸੂਰਨ ਸਿੰਘ ਵੱਲੋਂ ਪਾਠ ਸਾਹਿਬ ਦੇ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ, ਜਿਸ ਵਿਚ ਭਾਈ ਗੁਰਜੀਤ ਸਿੰਘ ਦੇ ਰਾਗੀ ਜਥਾ ਦੁਰਦੁਆਰਾ ਸ਼ਹੀਦ ਬਾਬਾ ਮਤੀ ਜੀ ਵੱਲੋਂ ਸੰਗਤਾਂ ਨੂੰ ਗੁਰਬਾਣੀ ਜਸ ਨਾਲ ਜੋੜਿਆ ਗਿਆ।ਪ੍ਰਧਾਨ ਜਥੇਦਾਰ ਮਨੋਹਰ ਸਿੰਘ ਵੱਲੋਂ ਗੁਰੂ ਅਰਜਨ ਦੇਵ ਜੀ ਦੀ ਅਦੁੱਤੀ ਇਤਿਹਾਸਕ ਸ਼ਹਾਦਤ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ ਗਿਆ। ਸਟੇਜ ਸਕੱਤਰ ਦੀ ਭੂਮਿਕਾ ਮਾਸਟਰ ਸੁਰਜੀਤ ਸਿੰਘ ਵਲੋਂ ਬਾਖੂਬੀ ਨਿਬਾਈ ਗਈ ਇਸ ਪਵਿੱਤਰ ਦਿਹਾੜੇ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਦੇ ਬਾਹਰ ਅਤੇ ਮੁੱਖ ਮਾਰਗਾਂ 'ਤੇ ਠੰਢੇ-ਮਿੱਠੇ ਜਲ ਅਤੇ ਦੁੱਧ ਦੀਆਂ ਛਬੀਲਾਂ ਲਗਾਈਆਂ ਗਈਆਂ।

# ਬੀ ਐੱਲ ਓ ਯੂਨੀਅਨ ਪੰਜਾਬ ਦੀ ਮੁੱਖ ਚੋਣਕਾਰ ਅਫ਼ਸਰ ਪੰਜਾਬ ਨਾਲ ਮੀਟਿੰਗ

**ਕਪੂਰਥਲਾ (ਮਨਜੀਤ ਮਾਨ)** ਬੀ.ਐਲ.ਓ. ਯੂਨੀਅਨ, ਪੰਜਾਬ ਦੀ ਇੱਕ ਅਹਿਮ ਮੀਟਿੰਗ ਮੁੱਖ ਚੋਣਕਾਰ ਅਫ਼ਸਰ ਪੰਜਾਬ ਸ੍ਰੀਮਤੀ ਅਨੰਦਿਤਾ ਮਿੱਤਰਾ ਨਾਲ ਬਚਤ ਭਵਨ,ਮਿੰਨੀ ਸਕੱਤਰੇਤ, ਲੁਧਿਆਣਾ ਵਿਖੇ ਹੋਈ।ਇਸ ਮੀਟਿੰਗ ਵਿੱਚ ਪੰਜਾਬ ਭਰ ਤੋਂ ਵੱਖ-



ਵੱਖ ਜਿਲ੍ਹਿਆਂ ਦੇ ਬੀ ਐੱਲ ਓ ਯੂਨੀਅਨ ਦੇ ਆਗੂਆਂ ਨੇ ਹਿੱਸਾ ਲਿਆ । ਇਸ ਵਿੱਚ ਐੱਸ ਆਈ ਆਰ ਦੇ ਕੰਮ ਦੌਰਾਨ ਆ ਰਹੀਆਂ ਮੁਸ਼ਕਿਲਾਂ ਅਤੇ ਬੀ ਐਲ ਓ ਲੱਗੇ ਕਰਮਚਾਰੀਆਂ ਦੀਆਂ ਮੰਗਾਂ ਤੇ ਮੁੱਖ ਚੋਣਕਾਰ ਅਫ਼ਸਰ ਨਾਲ ਚਰਚਾ ਹੋਈ ਜਿਨ੍ਹਾਂ ਵਿੱਚ ਤਹਿਸੀਲ ਪੱਧਰ ਤੇ ਐਸ ਆਈ ਆਰ ਦੇ ਕੰਮ ਤੱਕ ਬੀ ਐਲ ਓ ਦੀ ਮਦਦ ਲਈ ਹੈਲਪ ਡੈਸਕ ਸਥਾਪਿਤ ਕੀਤੇ ਜਾਣ, ਐਸ ਆਈ ਆਰ ਦੇ ਕੰਮ ਦਾ ਵੱਖਰਾ ਮਿਹਨਤਾਨਾ ਜਾਰੀ ਕੀਤੇ ਜਾਣ, ਐਸ ਆਈ ਆਰ ਦਾ ਕੰਮ ਮੁਕੰਮਲ ਹੋਣ ਤੱਕ ਬੀ ਐਲ ਓ ਲੱਗੇ ਕਰਮਚਾਰੀਆਂ ਨੂੰ ਉਹਨਾਂ ਦੇ ਪਿਤਰੀ ਵਿਭਾਗਾਂ ਤੋਂ ਪੂਰਨ ਤੌਰ ਤੇ ਫਾਰਗ ਕਰਵਾਉਣ, ਵੱਖ-ਵੱਖ ਸੰਚਾਰ ਸਾਧਨਾਂ ਰਾਹੀਂ ਐਸ.ਆਈ.ਆਰ. ਦੇ ਕੰਮ ਬਾਰੇ ਲੋਕਾਂ ਨੂੰ ਜਾਣੂ ਕਰਵਾਉਣ ਅਤੇ ਲੋਕਾਂ ਵੱਲੋਂ ਬੀਐਲਓ ਨੂੰ ਸਹਿਯੋਗ ਕਰਨ, ਪੰਜ ਤੋਂ ਸੱਤ ਸਾਲ ਲਗਾਤਾਰ ਬੀ ਐਲ ਓ ਡਿਊਟੀ ਨਿਭਾਅ ਚੁੱਕੇ ਕਰਮਚਾਰੀਆਂ ਨੂੰ ਇਸ ਡਿਊਟੀ ਤੋਂ ਛੋਟ ਦੇਣ, ਸਮੂਹ ਵਿਭਾਗਾਂ ਤੋਂ ਬਰਾਬਰ ਅਨੁਪਾਤ ਵਿੱਚ ਕਰਮਚਾਰੀ ਬੀਐਲਓ ਲਗਾਏ ਜਾਣ, ਛੁੱਟੀ ਵਾਲੇ ਦਿਨ ਬੀ ਐਲ ਓ ਡਿਊਟੀ ਦੇ ਕੈਂਪ ਨਾ ਲਗਾਉਣ, ਅਤੇ ਹਰ ਪੱਧਰ ਤੇ ਬੀ ਐਲ ਓ ਨੂੰ ਬਣਦਾ ਮਾਣ ਸਤਿਕਾਰ ਦਿੱਤੇ ਜਾਣ ਅਤੇ ਬੀ ਐਲ ਓ ਨਾਲ ਮਾੜਾ ਵਤੀਰਾ ਕਰਨ ਵਾਲਿਆਂ ਵਿਰੁੱਧ ਬਣਦੀ ਸਖ਼ਤ ਕਰਵਾਈ ਕਰਨ ਸਹਿਤ ਹੋਰ ਮੰਗਾਂ ਮਸਲਿਆਂ ਤੇ ਖੁੱਲ ਕੇ ਚਰਚਾ ਹੋਈ । ਮੁੱਖ ਚੋਣਕਾਰ ਅਫ਼ਸਰ ਪੰਜਾਬ ਵੱਲੋਂ ਇਹਨਾਂ ਸਾਰੀਆਂ ਮੰਗਾਂ ਤੇ ਹਾਂ ਪੱਖੀ ਰਵੱਈਆ ਦਿਖਾਇਆ ਅਤੇ ਇਹਨਾਂ ਨੂੰ ਹੱਲ ਕਰਨ ਲਈ ਹਰ ਪੱਧਰ ਤੇ ਸਹਿਯੋਗ ਕਰਨ ਦਾ ਭਰੋਸਾ ਦਵਾਇਆ ।

# ਸੇਂਟ ਸੋਲਜਰ ਗਰੁੱਪ ਨੇ ਮਨਾਇਆ ਅੰਤਰਰਾਸ਼ਟਰੀ ਯੋਗ ਦਿਵਸ

**ਜਲੰਧਰ (ਇਕਬਾਲ ਸਿੰਘ ਉਭੀ)**- ਸੇਂਟ ਸੋਲਜਰ ਗਰੁੱਪ ਆਫ ਇੰਸਟੀਚਿਊਸ਼ਨਜ਼ ਦੀਆਂ ਵੱਖ-ਵੱਖ ਸ਼ਾਖਾਵਾਂ ਵਿੱਚ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ। ਇਸ ਸਾਲ ਦੀ ਥੀਮ 'ਸਿਹਤਮੰਦ ਬੁਢਾਪੇ ਲਈ



ਯੋਗ' ਨੂੰ ਕੇਂਦਰ ਵਿੱਚ ਰੱਖਦਿਆਂ ਆਯੋਜਿਤ ਕੀਤੇ ਗਏ ਇਸ ਪ੍ਰੋਗਰਾਮ ਵਿੱਚ ਵਿਦਿਆਰਥੀਆਂ, ਅਧਿਆਪਕਾਂ ਅਤੇ ਸਟਾਫ ਮੈਂਬਰਾਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ। ਪ੍ਰੋਗਰਾਮ ਦਾ ਮੁੱਖ ਉਦੇਸ਼ ਯੋਗ ਨੂੰ ਜੀਵਨ ਸ਼ੈਲੀ ਦਾ ਅਟੁੱਟ ਹਿੱਸਾ ਬਣਾਉਣਾ ਅਤੇ ਸਰੀਰਕ, ਮਾਨਸਿਕ ਅਤੇ ਭਾਵਨਾਤਮਕ ਸਿਹਤ ਲਈ ਇਸ ਦੀ ਮਹੱਤਤਾ ਨੂੰ ਉਜਾਗਰ ਕਰਨਾ ਸੀ। ਪ੍ਰੋਗਰਾਮ ਦੀ ਸ਼ੁਰੂਆਤ ਤਜਰਬੇਕਾਰ ਯੋਗ ਟ੍ਰੇਨਰਾਂ ਵੱਲੋਂ ਕਰਵਾਏ ਗਏ ਵਿਸ਼ੇਸ਼ ਯੋਗ ਸੈਸ਼ਨਾਂ ਨਾਲ ਹੋਈ, ਜਿਨ੍ਹਾਂ ਵਿੱਚ ਭਾਗੀਦਾਰਾਂ ਨੇ ਵੱਖ-ਵੱਖ ਯੋਗ ਆਸਨ, ਪ੍ਰਾਣਾਯਾਮ, ਧਿਆਨ ਅਤੇ ਸਾਹ ਸੰਬੰਧੀ ਕਸਰਤਾਂ ਕੀਤੀਆਂ। ਇਨ੍ਹਾਂ ਸੈਸ਼ਨਾਂ ਦਾ ਉਦੇਸ਼ ਵਿਦਿਆਰਥੀਆਂ ਅਤੇ ਹੋਰ ਭਾਗੀਦਾਰਾਂ ਨੂੰ ਨਿਯਮਿਤ ਯੋਗ ਅਭਿਆਸ ਰਾਹੀਂ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਲਈ ਪ੍ਰੇਰਿਤ ਕਰਨਾ ਸੀ। ਵੱਖ-ਵੱਖ ਉਮਰ ਵਰਗਾਂ ਦੇ ਵਿਦਿਆਰਥੀਆਂ ਨੇ ਬਹੁਤ ਉਤਸ਼ਾਹ ਨਾਲ ਯੋਗ ਮੁਦਰਾਵਾਂ ਦਾ ਅਭਿਆਸ ਕੀਤਾ ਅਤੇ ਅਜਿਹੀਆਂ ਮਹੱਤਵਪੂਰਨ ਯੋਗ ਤਕਨੀਕਾਂ ਸਿੱਖੀਆਂ ਜੋ ਸਰੀਰ ਦੀ ਲਚਕਤਾ, ਇਕਾਗਰਤਾ, ਤਾਕਤ ਅਤੇ ਸਮੁੱਚੀ ਸਿਹਤ ਨੂੰ ਬਿਹਤਰ ਬਣਾਉਣ ਵਿੱਚ ਮਦਦਗਾਰ ਹਨ। ਇਸ ਮੌਕੇ ਸੇਂਟ ਸੋਲਜਰ ਗਰੁੱਪ ਦੀ ਚੇਅਰਪਰਸਨ ਸ਼੍ਰੀਮਤੀ ਸੰਗੀਤਾ ਚੋਪੜਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਯੋਗ ਨੂੰ ਆਪਣੇ ਰੋਜ਼ਾਨਾ ਜੀਵਨ ਦਾ ਹਿੱਸਾ ਬਣਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਯੋਗ ਸਿਰਫ਼ ਸਰੀਰਕ ਕਸਰਤ ਨਹੀਂ, ਸਗੋਂ ਇੱਕ ਸੰਪੂਰਨ ਜੀਵਨ ਪੱਧਤੀ ਹੈ।

## ਸੰਤ ਬਾਬਾ ਸਤਪਾਲ ਸਿੰਘ ਦਾ ਤੀਸਰੀ ਬਰਸੀ ਸਮਾਗਮ 1 ਨੂੰ

**ਆਦਮਪੁਰ (ਪਰਮਜੀਤ ਜਿੰਘ)**- ਆਦਮਪੁਰ ਦੀ ਨਜਦੀਕ ਪਿੰਡ ਖੋਜਕੀਪੁਰ ਨੰਗਲ ਸਲਾਲਾ ਦੇ ਗੁਰਦੁਆਰਾ ਬਾਵਾ ਟਾਹਲੀ ਸਾਹਿਬ ਦੇ ਹੈਡ ਗ੍ਰੰਥੀ ਭਾਈ ਜਸਵੀਰ ਸਿੰਘ ਵਲੋਂ ਜਾਣਕਾਰੀ ਦਿੰਦਿਆ ਦੱਸਿਆ ਕਿ



ਬ੍ਰਹਮ ਗਿਆਨੀ ਸੰਤ ਬਾਬਾ ਸਤਪਾਲ ਸਿੰਘ ਜੀ ਮਹਾਰਾਜ ਦੀ ਯਾਦ ਵਿੱਚ ਤੀਸਰੀ ਬਰਸੀ ਸਮਾਗਮ ਗੁਰਦੁਆਰਾ ਬਾਵਾ ਟਾਹਲੀ ਵਿਖੇ ਸ਼ਰਧਾ ਅਤੇ ਸਤਿਕਾਰ ਨਾਲ 1 ਜੁਲਾਈ ਨੂੰ ਮਨਾਇਆ ਜਾ ਰਿਹਾ ਹੈ। 1 ਜੁਲਾਈ ਦਿਨ ਬੁੱਧਵਾਰ ਨੂੰ ਸ਼ਾਮ 6 ਵਜੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣ ਉਪਰੰਤ ਕੀਰਤਨ ਦਰਬਾਰ ਸ਼ਾਮ 6.30 ਵਜੇ ਤੋਂ 9.30 ਵਜੇ ਤੱਕ ਸਜਾਇਆ ਜਾਵੇਗਾ। ਸਮਾਗਮ ਦੌਰਾਨ ਭਾਈ ਦਵਿੰਦਰ ਸਿੰਘ ਸੋਢੀ (ਲੁਧਿਆਣਾ ਵਾਲੇ) ਅਤੇ ਬਾਬਾ ਬਲਵਿੰਦਰ ਸਿੰਘ (ਰੰਧਾਵਾ ਬਰੋਟਾ ਵਾਲੇ) ਸੰਗਤਾਂ ਨੂੰ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾਂ ਨਾਲ ਨਿਹਾਲ ਕਰਨਗੇ।

## ਫਾਸ਼ੀ ਹਮਲਿਆਂ ਵਿਰੋਧੀ ਫਰੰਟ ਦੇ ਸੱਦੇ 'ਤੇ ਮੁਜ਼ਾਹਰਾ ਭਲਕੇ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਫਾਸ਼ੀ ਹਮਲਿਆਂ ਵਿਰੋਧੀ ਫਰੰਟ ਪੰਜਾਬ ਦੇ ਸੱਦੇ 'ਤੇ 22 ਜੂਨ ਨੂੰ ਜ਼ਿਲ੍ਹਾ ਪੱਧਰੀ ਰੋਸ ਮੁਜ਼ਾਹਰਾ ਬਸ ਸਟੈਂਡ 'ਤੇ ਕੀਤਾ ਜਾਵੇਗਾ। ਉਪਰੰਤ ਸ਼ਹਿਰ 'ਚ ਮਾਰਚ ਕੱਢਿਆ ਜਾਵੇਗਾ। ਇਹ ਜਾਣਕਾਰੀ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐਮ ਪੀ ਆਈ) ਜ਼ਿਲ੍ਹਾ ਹੁਸ਼ਿਆਰਪੁਰ ਦੇ ਪ੍ਰਧਾਨ ਸਾਥੀ ਗਿਆਨ ਸਿੰਘ ਗੁਪਤਾ ਨੇ ਸਾਂਝੀ ਕੀਤੀ। ਉਨ੍ਹਾਂ ਦਸਿਆ ਕਿ ਪੰਜਾਬ ਦੀਆਂ ਖੱਬੀਆਂ ਧਿਰਾਂ ਵੱਲੋਂ ਪੰਜਾਬ ਭਰ 'ਚ ਕੇਂਦਰ ਸਰਕਾਰ ਦੀਆਂ ਵਧੀਕੀਆਂ ਅਤੇ ਗੈਰ ਜ਼ਮਹੂਰੀ ਕਾਰਵਾਈਆਂ ਖ਼ਿਲਾਫ਼ ਇਹ ਮੁਜ਼ਾਹਰੇ ਕੀਤੇ ਜਾ ਰਹੇ ਹਨ। ਜ਼ਿਲ੍ਹਾ ਹੁਸ਼ਿਆਰਪੁਰ 'ਚ ਭਾਰਤੀ ਕਮਿਊਨਿਸਟ ਪਾਰਟੀ (ਸੀ ਪੀ ਆਈ), ਭਾਰਤੀ ਕਮਿਊਨਿਸਟ ਪਾਰਟੀ ਮਾਰਕਸਵਾਦੀ ਲੈਨਨਵਾਦੀ (ਲਿਬਰੇਸ਼ਨ), ਭਾਰਤੀ ਕਮਿਊਨਿਸਟ ਪਾਰਟੀ ਮਾਰਕਸਵਾਦੀ ਲੈਨਨਵਾਦੀ (ਨਿਊ ਡੈਮੋਕਰੇਸੀ), ਆਰਐਮਪੀਆਈ ਅਤੇ ਸੋਸ਼ਲਿਸਟ ਪਾਰਟੀ ਆਫ਼ ਇੰਡਿਆ ਵੱਲੋਂ ਸਾਂਝੇ ਰੂਪ 'ਚ ਇਹ ਮੁਜ਼ਾਹਰਾ ਕੀਤਾ ਜਾ ਰਿਹਾ ਹੈ ਜਿਸ ਵਿੱਚ ਜ਼ਿਲ੍ਹੇ ਭਰ ਤੋਂ ਜ਼ਮਹੂਰੀ ਹੱਕਾਂ ਲਈ ਲੜਦੇ ਪਾਰਟੀ ਵਰਕਰਾਂ ਤੋਂ ਇਲਾਵਾ ਖੱਬੀ ਧਿਰ ਦੇ ਸਮਰਥਕ ਸ਼ਾਮਲ ਹੋਣਗੇ।

## ਐਮ ਐਲ ਏ ਰੰਧਾਵਾ ਵੱਲੋਂ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਸ਼ਰਧਾਲੂਆਂ ਦੀਆਂ ਬੱਸਾਂ ਰਵਾਨਾ

**ਲਾਲੜੂ (ਵਿਨੈ ਕੁਮਾਰ ਜੈਨ)**- ਪੰਜਾਬ ਸਰਕਾਰ ਦੀ ਲੋਕ ਪੱਖੀ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਹਲਕਾ ਡੇਰਾਬੱਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਵੱਲੋਂ ਪਿੰਡ ਹਮਾਯੂੰਪੁਰ ਅਤੇ ਤਸਿੰਬਲੀ ਤੋਂ ਸ਼ਰਧਾਲੂਆਂ ਨੂੰ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਲੈ ਕੇ ਜਾ ਰਹੀ 61ਵੀਂ ਅਤੇ 62ਵੀਂ ਬੱਸ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ।ਇਸ ਮੌਕੇ



ਵਿਧਾਇਕ ਰੰਧਾਵਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਇਹ ਯੋਜਨਾ 50 ਸਾਲ ਤੋਂ ਉੱਪਰ ਉਮਰ ਦੇ ਬਜ਼ੁਰਗਾਂ ਅਤੇ ਸ਼ਰਧਾਲੂਆਂ ਲਈ ਇੱਕ ਵੱਡਾ ਵਰਦਾਨ ਸਾਬਤ ਹੋ ਰਹੀ ਹੈ। ਇਸ ਯੋਜਨਾ ਰਾਹੀਂ ਉਹ ਲੋਕ, ਜੋ ਆਰਥਿਕ ਜਾਂ ਹੋਰ ਕਾਰਨਾਂ ਕਰਕੇ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਨ ਤੋਂ ਵਾਂਝੇ ਰਹਿ ਜਾਂਦੇ ਸਨ, ਹੁਣ ਸਰਕਾਰ ਦੇ ਸਹਿਯੋਗ ਨਾਲ ਪਵਿੱਤਰ ਧਾਰਮਿਕ ਸਥਾਨਾਂ ਦੀ ਯਾਤਰਾ ਕਰ ਰਹੇ ਹਨ। ਇਸ ਮੌਕੇ ਪਿੰਡਾਂ ਦੇ ਸਰਪੰਚ ਸਾਹਿਬਾਨ, ਆਮ ਆਦਮੀ ਪਾਰਟੀ ਦੇ ਆਗੂ, ਪਾਰਟੀ ਵਰਕਰ ਅਤੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਰਹੇ।

## ਪੰਜਾਬ ਪੁਲਸ ਹਰ ਹਾਲਤ 'ਚ ਅਪਰਾਧੀਆਂ ਨਾਲ ਨਜਿੱਠਣ ਦੇ ਸਮਰੱਥ : ਡੀ ਜੀ ਪੀ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਪੁਲਿਸ ਦੀ ਸਫਲਤਾ ਸਿਰਫ਼ ਤਜਰਬੇਕਾਰ ਸੀਨੀਅਰ ਅਧਿਕਾਰੀਆਂ ਦੇ ਮੋਢਿਆਂ 'ਤੇ ਹੀ ਨਿਰਭਰ ਨਹੀਂ , ਸਗੋਂ ਉਹਨਾਂ ਨੌਜਵਾਨ ਅਧਿਕਾਰੀਆਂ ਦੀ ਦ੍ਰਿੜਤਾ ਤੇ ਤਨਦੇਹੀ ਦਾ ਵੀ ਭਰਪੂਰ ਯੋਗਦਾਨ ਹੈ,ਜੋ ਦੇਸ਼ ਦੀ ਸਭ ਤੋਂ ਸ਼ਕਤੀਸ਼ਾਲੀ ਪੁਲਿਸ ਫੋਰਸ ਦੇ ਭਵਿੱਖ ਨੂੰ ਮਜ਼ਬੂਤ ਬਣਾ ਰਹੇ ਹਨ। ਸੂਬੇ ਦੀ ਪੁਲਿਸ ਵਿੱਚ ਕਾਂਸਟੇਬਲ ਤੋਂ ਲੈ ਕੇ ਡੀ ਐਸ ਪੀ (ਡਿਪਟੀ ਸੁਪਰਿੰਟੈਂਡੈਂਟ ਆਫ ਪੁਲਿਸ) ਤੱਕ ਵੱਖ-ਵੱਖ ਅਹੁਦਿਆਂ 'ਤੇ ਨੌਜਵਾਨ ਅਧਿਕਾਰੀ ਤਾਇਨਾਤ ਹਨ, ਜੋ ਆਧੁਨਿਕ ਤਕਨਾਲੋਜੀ ਅਤੇ ਨਿਡਰ ਸੋਚ ਦੇ ਨਾਲ ਅਪਰਾਧ ਅਤੇ ਗੈਂਗ ਗਤੀਵਿਧੀਆਂ 'ਤੇ ਨਕੇਲ ਕੱਸਣ ਵਿੱਚ ਵੱਡਮੁਲੀ ਭੂਮਿਕਾ ਨਿਭਾ ਰਹੇ ਹਨ। ਪੁਲਿਸ ਬਲ ਵਿੱਚ 27 ਤੋਂ 29 ਸਾਲ ਦੀ ਉਮਰ ਵਰਗ ਦੇ 4,253 ਕਰਮਚਾਰੀ ਹਨ, ਜਦਕਿ 3,978 ਕਰਮਚਾਰੀ 27 ਸਾਲ ਤੋਂ ਘੱਟ ਉਮਰ ਦੇ ਹਨ। ਇਸ ਨਾਲ ਸਰਹੱਦੀ ਸੂਬੇ ਪੰਜਾਬ ਵਿੱਚ ਹਰ ਤਰ੍ਹਾਂ ਦੇ ਅਪਰਾਧਾਂ ਨਾਲ ਨਜਿੱਠਣ ਲਈ ਨੌਜਵਾਨੀ ਅਤੇ ਤਜਰਬੇ ਦਾ ਸੰਤੁਲਿਤ ਸੁਮੇਲ ਮੌਜੂਦ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੁਆਰਾ, ਡੀ ਜੀ ਪੀ ਗੌਰਵ ਯਾਦਵ ਦੀ ਦੇਖ-ਰੇਖ ਹੇਠ ਕੀਤੀਆਂ ਗਈਆਂ ਤਾਜ਼ਾ ਭਰਤੀਆਂ ਨੇ ਅਜਿਹੀ ਪੁਲਿਸ ਫੋਰਸ ਤਿਆਰ ਕਰਨ ਵਿੱਚ ਯੋਗਦਾਨ ਪਾਇਆ ਹੈ ਜੋ ਸੂਬੇ ਦੇ ਲੋਕਾਂ ਲਈ ਸੁਰੱਖਿਅਤ ਮਾਹੌਲ ਯਕੀਨੀ ਬਣਾਉਣ ਦੇ ਸਮਰੱਥ ਹੈ।ਡੀ ਜੀ ਪੀ ਗੌਰਵ ਯਾਦਵ ਨੇ ਕਿਹਾ ਕਿ ਪੰਜਾਬ ਪੁਲਸ ਹਰ ਕਿਸਮ ਦੀ ਸਥਿਤੀ ਨੂੰ ਸੰਭਾਲਣ ਅਤੇ ਹਰ ਹਾਲਤ ਵਿੱਚ ਅਪਰਾਧੀਆਂ ਨਾਲ ਨਜਿੱਠਣ ਦੇ ਸਮਰੱਥ ਹੈ।

## ਮਿਡ-ਡੇਅ ਮੀਲ ਵਰਕਰਜ਼ ਯੂਨੀਅਨ ਵੱਲੋਂ ਰੋਸ ਰੈਲੀ

**ਹੁਸ਼ਿਆਰਪੁਰ, (ਓ ਪੀ ਰਾਣਾ)**- ਸਕੂਲਾਂ ਵਿੱਚ ਖਾਣਾ ਪਕਾਉਣ ਵਾਲੀਆਂ ਔਰਤਾਂ ਦੀ ਸੰਘਰਸ਼ਸ਼ੀਲ ਸੰਸਥਾ, ਮਿਡ-ਡੇਅ ਮੀਲ ਵਰਕਰਜ਼ ਯੂਨੀਅਨ, ਆਪਣੀਆਂ ਮੰਗਾਂ ਦੀ ਪ੍ਰਾਪਤੀ ਲਈ ਲੰਬੇ ਸਮੇਂ ਤੋਂ ਵਿਰੋਧ ਪ੍ਰਦਰਸ਼ਨ ਕਰ ਰਹੀ ਹੈ। ਸੰਗਠਨ ਨੇ ਇੱਕ ਮੀਟਿੰਗ ਵਿੱਚ ਫੈਸਲਾ ਕੀਤਾ ਹੈ ਕਿ ਸੂਬੇ ਭਰ ਵਿੱਚ ਜ਼ਿਲ੍ਹਾ ਪੱਧਰੀ ਰੋਸ ਰੈਲੀਆਂ ਕੀਤੀਆਂ ਜਾਣਗੀਆਂ, ਅਤੇ ਡਿਪਟੀ ਕਮਿਸ਼ਨਰਾਂ ਅਤੇ ਜ਼ਿਲ੍ਹਾ ਸਿੱਖਿਆ ਅਧਿਕਾਰੀਆਂ ਰਾਹੀਂ ਮੁੱਖ ਮੰਤਰੀ ਅਤੇ ਸਿੱਖਿਆ ਮੰਤਰੀ ਨੂੰ ਮੰਗ ਪੱਤਰ ਭੇਜੇ ਜਾਣਗੇ। ਇਸ ਦੇ ਨਾਲ ਹੀ ਸਰਕਾਰ ਵੱਲੋਂ ਵਾਅਦਿਆਂ ਦੀ ਉਲੰਘਣਾ ਕਰਨ ਕਾਰਨ 1 ਜੁਲਾਈ ਤੋਂ ਸਕੂਲਾਂ ਵਿੱਚ ਖਾਣਾ ਪਕਾਉਣ ਦਾ ਬਾਈਕਾਟ ਕਰਨ ਦੇ ਨੋਟਿਸ ਵੀ ਭੇਜੇ ਜਾਣਗੇ। ਇਸ ਕਾਰਵਾਈ ਨੂੰ ਲਾਗੂ ਕਰਨ ਲਈ ਸੰਗਠਨ ਦੀ ਹੁਸ਼ਿਆਰਪੁਰ ਇਕਾਈ ਵੱਲੋਂ ਜ਼ਿਲ੍ਹਾ ਪ੍ਰਧਾਨ ਆਸ਼ਾ ਰਾਣੀ ਦੀ ਅਗਵਾਈ ਹੇਠ ਮਿੰਨੀ ਸਕੱਤਰੇਤ ਹੁਸ਼ਿਆਰਪੁਰ ਦੇ ਸਾਹਮਣੇ ਜ਼ਿਲ੍ਹਾ ਪੱਧਰੀ ਰੈਲੀ ਕੀਤੀ ਗਈ। ਰੈਲੀ ਵਿੱਚ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਪੀ ਐਸ ਐਸ ਪੀ ਦੇ ਸੂਬਾ ਪ੍ਰਧਾਨ ਸਤੀਸ਼ ਰਾਣਾ ਅਤੇ ਤਹਿਸੀਲ ਜਨਰਲ ਸਕੱਤਰ ਰਾਕੇਸ਼ ਕੁਮਾਰ ਨੇ ਕਿਹਾ ਕਿ ਸਰਕਾਰ ਦੀਆਂ ਕਰਮਚਾਰੀ ਵਿਰੋਧੀ ਨੀਤੀਆਂ ਦਾ ਮੁਕਾਬਲਾ ਸਾਂਝੇ ਸੰਘਰਸ਼ਾਂ ਰਾਹੀਂ ਵੱਡੇ ਇਕੱਠ ਕਰਕੇ ਹੀ ਕੀਤਾ ਜਾ ਸਕਦਾ ਹੈ।

# ਖਾਦਾਂ ਦੀ ਸੰਤੁਲਿਤ ਵਰਤੋਂ ਸੰਬੰਧੀ ਜਾਗਰੂਕਤਾ ਕੈਂਪ

**ਬੰਗਾ (ਮਨੋਜ ਲਾਡੀ)**- ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ 'ਖੇਤ ਬਚਾਓ ਅਭਿਆਨ' ਤਹਿਤ ਬਲਾਕ ਬੰਗਾ ਵਿਖੇ ਖਾਦਾਂ ਦੀ ਸੰਤੁਲਿਤ ਵਰਤੋਂ ਸਬੰਧੀ ਆਤਮਾ ਸਕੀਮ ਤਹਿਤ ਵਿਸ਼ਾਲ ਜਾਗਰੂਕਤਾ ਕੈਂਪ ਲਗਾਇਆ ਗਿਆ।ਇਸ ਕੈਂਪ ਦੇ ਮੁੱਖ ਮਹਿਮਾਨ ਹਲਕਾ ਵਿਧਾਇਕ ਬੰਗਾ ਡਾ. ਸੁਖਵਿੰਦਰ ਕੁਮਾਰ ਸੁੱਖੀ ਸਨ। ਉਨ੍ਹਾਂ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਧਰਤੀ ਨੂੰ ਬਚਾਉਣਾ ਸਾਡਾ ਸਭ ਦਾ ਫਰਜ਼ ਹੈ। ਖਾਦਾਂ ਦੀ ਵੱਧ ਵਰਤੋਂ ਨਾਲ ਜ਼ਮੀਨ ਦੀ ਸਿਹਤ ਖਰਾਬ ਹੋ ਰਹੀ ਹੈ ਅਤੇ ਖਰਚੇ ਵਧ ਰਹੇ ਹਨ। ਉਨ੍ਹਾਂ ਕਿਸਾਨਾਂ ਨੂੰ ਮਿੱਟੀ ਪਰਖ ਦੇ ਆਧਾਰ 'ਤੇ ਹੀ ਖਾਦ ਪਾਉਣ ਅਤੇ ਕੁਦਰਤੀ ਖੇਤੀ ਅਪਨਾਉਣ ਦੀ ਅਪੀਲ ਕੀਤੀ। ਕੈਂਪ ਦੀ ਪ੍ਰਧਾਨਗੀ ਮੁੱਖ ਖੇਤੀਬਾੜੀ ਅਫਸਰ ਡਾ. ਲੇਖ ਰਾਜ ਨੇ ਕੀਤੀ। ਉਨ੍ਹਾਂ ਕਿਹਾ ਕਿ ਸੰਤੁਲਿਤ ਖਾਦ ਵਰਤੋਂ ਨਾਲ 15-20% ਤੱਕ ਖਰਚਾ ਘਟਾਇਆ ਜਾ ਸਕਦਾ ਹੈ ਅਤੇ ਝਾੜ ਵੀ ਵਧਦਾ ਹੈ। ਇਸ ਮੌਕੇ ਤੇ ਸਟੇਜ ਦਾ ਸੰਚਾਲਨ ਸੁਰਿੰਦਰ ਪਾਲ ਸਿੰਘ, ਖੇਤੀ ਵਿਸਥਾਰ ਅਫਸਰ ਵੱਲੋਂ ਬਾਖੂਬੀ ਕੀਤਾ ਗਿਆ। ਹੋਰ ਬੁਲਾਰੇ ਵਜੋਂ ਸੋਹਣ ਲਾਲ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਬਰਜਿੰਦਰ ਸਿੰਘ ਡੀ.ਐਮ. ਮਾਰਕਫੈੱਡ, ਡਾ. ਜਸਵਿੰਦਰ ਕੁਮਾਰ, ਡਾ. ਰਜਿੰਦਰ ਕੌਰ, ਪ੍ਰਿਆਂਜਲੀ,



ਵਿਕਰਮ ਸਿੰਘ ਖੇਤੀ ਵਿਸਥਾਰ ਅਫ਼ਸਰ, ਸੰਦੀਪ ਗੰਗੜ ਏ ਟੀ ਐਮ ਆਤਮਾ ਨੇ ਵੀ ਆਪਣੇ ਵਿਚਾਰ ਰੱਖੇ। ਇਸ ਮੌਕੇ ਵੱਖ-ਵੱਖ ਸਹਿਕਾਰੀ ਸਭਾਵਾਂ ਦੇ ਸਕੱਤਰ ਸ੍ਰੀ ਸ਼ਿੰਗਾਰਾ ਲੰਗੇਰੀ, ਜਗਜੀਤ ਸਿੰਘ, ਜਸਪਾਲ ਸਿੰਘ, ਮਨਵੀਰ ਸਿੰਘ, ਮੁਖਤਿਆਰ ਸਿੰਘ, ਮਨਦੀਪ ਸਿੰਘ, ਰਮਨ ਕੁਮਾਰ, ਇਕਬਾਲ ਸਿੰਘ, ਗੁਰਪ੍ਰੀਤ ਸਿੰਘ, ਸੁਖਵਿੰਦਰ ਸਿੰਘ ਬੱਗਾ, ਹਰਜਿੰਦਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਅਗਾਂਹਵਧੂ ਕਿਸਾਨ ਹਾਜ਼ਰ ਸਨ।

## ਪੱਡਾ ਤੇ ਕਾਲੇਵਾਲ ਨੂੰ ਅੱਜ ਕੀਤਾ ਜਾਵੇਗਾ ਸਨਮਾਨਤ

**ਚੰਡੀਗੜ੍ਹ (ਸੁਰਜੀਤ ਸੁਮਨ)**- ਸਾਹਿਤਕ ਸੱਥ ਖਰੜ ਦੀ ਮਾਸਿਕ ਇਕੱਤਰਤਾ 21 ਜੂਨ ਨੂੰ ਸਵੇਰੇ 10.00 ਵਜੇ ਸਥਾਨਕ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿਖੇ ਹੋ ਰਹੀ ਹੈ। ਇਸ ਇਕੱਤਰਤਾ ਵਿੱਚ ਹਾਜ਼ਰ ਲੇਖਕਾਂ ਵੱਲੋਂ ਆਪਣੀਆਂ ਤਾਜ਼ਾ ਰਚਨਾਵਾਂ ਪੇਸ਼ ਕੀਤੀਆਂ ਜਾਣਗੀਆਂ। ਜ਼ਿਕਰਯੋਗ ਹੈ ਕਿ ਸੱਥ ਨੇ ਕੁਝ ਸਾਲਾਂ ਵਿੱਚ ਹੀ ਆਪਣਾ ਵਿਲੱਖਣ ਸਮਾਗਮਾਂ ਸਦਕਾ ਚੰਗਾ ਨਾਂਅ ਬਣਾਇਆ ਹੈ। ਸੱਥ ਦੇ ਪ੍ਰਧਾਨ ਜਸਵਿੰਦਰ ਸਿੰਘ ਕਾਈਨੌਰ ਅਤੇ ਜਨਰਲ ਸਕੱਤਰ ਪਿਆਰਾ ਸਿੰਘ ਰਾਹੀਂ



ਨੇ ਦੱਸਿਆ ਕਿ ਚਰਚਿਤ ਲੇਖਕਾਂ ਵੱਲੋਂ ਸੱਥ ਦੇ ਸਮਾਗਮ ਵਿੱਚ ਵਧ ਚੜ੍ਹ ਹਿੱਸਾ ਲਿਆ ਜਾ ਰਿਹਾ ਹੈ, ਜਿਸ ਨਾਲ ਇਲਾਕੇ ਦੇ ਪੁੰਗਰ ਰਹੇ ਲੇਖਕਾਂ ਦਾ ਵਧੀਆ ਮਾਰਗ ਦਰਸ਼ਨ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਇਕੱਤਰਤਾ ਵਿੱਚ ਸੱਥ ਨਾਲ ਲੰਮੇ ਸਮੇਂ ਤੋਂ ਜੁੜ ਕੇ ਸ਼ਲਾਘਾਯੋਗ ਸੇਵਾਵਾਂ ਨਿਭਾ ਰਹੀਆਂ ਬਹੁ-ਪੱਖੀ ਸ਼ਖਸੀਅਤਾਂ ਸਰਬਜੀਤ ਸਿੰਘ ਪੱਡਾ ਅਤੇ ਤਰਸੇਮ ਸਿੰਘ ਕਾਲ਼ੇਵਾਲ ਨੂੰ ਉਨ੍ਹਾਂ ਦੀਆਂ ਸ਼ਾਨਦਾਰ ਸੇਵਾਵਾਂ ਬਦਲੇ ਸਨਮਾਨਿਤ ਕੀਤਾ ਜਾਵੇਗਾ।

## ਜ਼ਿਲ੍ਹਾ ਪੱਧਰੀ ਯੋਗ ਦਿਵਸ ਦੀਆਂ ਤਿਆਰੀਆਂ ਮੁਕੰਮਲ : ਡਿਪਟੀ ਕਮਿਸ਼ਨਰ

**ਨਵਾਂਸ਼ਹਿਰ, (ਮਨੋਜ ਲਾਡੀ)**- ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਦੱਸਿਆ ਕਿ 21 ਜੂਨ ਨੂੰ ਮਨਾਏ ਜਾਣ ਵਾਲੇ ਅੰਤਰਾਸ਼ਟਰੀ ਯੋਗ ਦਿਵਸ ਦੇ ਜ਼ਿਲ੍ਹਾ ਪੱਧਰੀ ਸਮਾਗਮ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਜ਼ਿਲ੍ਹਾ ਪੱਧਰੀ ਸਮਾਗਮ ਬਾਰਾਦਰੀ ਗਾਰਡਨ, ਨਵਾਂਸ਼ਹਿਰ ਵਿਖੇ ਸਵੇਰੇ 6:00 ਵਜੇ ਤੋਂ 7:00 ਵਜੇ ਤੱਕ ਕਰਵਾਇਆ ਜਾਵੇਗਾ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਬਾਰਾਦਰੀ ਗਾਰਡਨ ਵਿਖੇ ਕਰਵਾਏ ਜਾਣ ਵਾਲੇ ਯੋਗਾ ਦਿਵਸ ਦੀਆਂ ਤਿਆਰੀਆਂ ਸੰਬੰਧੀ ਅਧਿਕਾਰੀਆਂ ਦੀ ਡਿਊਟੀ ਲਗਾਈ ਗਈ ਹੈ ਅਤੇ ਸੰਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਸਮਾਗਮ ਵਿੱਚ ਕੋਈ ਕਮੀ ਨਾ ਰਹੇ। ਉਨ੍ਹਾਂ ਦੱਸਿਆ ਕਿ ਯੋਗ ਅਭਿਆਸ ਲਈ ਵਿਸ਼ਾਲ ਪੰਡਾਲ, ਮੈਟਸ, ਸਾਊਂਡ ਸਿਸਟਮ ਅਤੇ ਐਲ.ਈ.ਡੀ. ਸਕਰੀਨ ਲਗਾਈ ਗਈ ਹੈ। ਲੋਕਾਂ ਦੀ ਸਹੂਲਤ ਲਈ ਪੀਣ ਵਾਲੇ ਪਾਣੀ, ਬੈਠਣ ਅਤੇ ਪਾਰਕਿੰਗ ਦੇ ਪੁਖਤਾ ਪ੍ਰਬੰਧ ਕੀਤੇ ਗਏ ਹਨ। ਸਿਹਤ ਵਿਭਾਗ ਵੱਲੋਂ ਐਂਬੂਲੈਂਸ ਅਤੇ ਮੈਡੀਕਲ ਟੀਮ ਤਾਇਨਾਤ ਕੀਤੀ ਜਾਵੇਗੀ। ਸੁਰੱਖਿਆ ਦੇ ਮੱਦੇਨਜ਼ਰ ਪੁਲਿਸ ਪ੍ਰਸ਼ਾਸਨ ਵੱਲੋਂ ਵੀ ਲੋੜੀਂਦਾ ਪ੍ਰਬੰਧ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਸਮਾਗਮ ਵਿੱਚ ਵੱਖ-ਵੱਖ ਸਕੂਲਾਂ-ਕਾਲਜਾਂ ਦੇ ਵਿਦਿਆਰਥੀ, ਐਨ.ਸੀ.ਸੀ/ਐਨ.ਐਸ.ਐਸ ਵਲੰਟੀਅਰ, ਸਰਕਾਰੀ ਕਰਮਚਾਰੀ ਅਤੇ ਵੱਡੀ ਗਿਣਤੀ ਵਿੱਚ ਆਮ ਲੋਕ ਸ਼ਾਮਲ ਹੋਣਗੇ। ਯੋਗ ਮਾਹਿਰਾਂ ਦੀ ਟੀਮ ਵੱਲੋਂ ਆਯੂਸ਼ ਮੰਤਰਾਲੇ ਦੇ ਆਮ ਯੋਗ ਪ੍ਰੋਟੋਕੋਲ ਅਨੁਸਾਰ ਅਭਿਆਸ ਕਰਵਾਇਆ ਜਾਵੇਗਾ, ਜਿਸ ਵਿੱਚ ਆਸਨ, ਪ੍ਰਾਣਾਯਾਮ ਅਤੇ ਧਿਆਨ ਸ਼ਾਮਲ ਹੋਣਗੇ।

# ਪੰਜਾਬ ਨੂੰ ਮੰਦਹਾਲੀ 'ਚੋਂ ਕੱਢ ਕੇ ਖੁਸ਼ਹਾਲੀ ਵੱਲ ਲੈ ਕੇ ਜਾਵੇਗੀ ਬਸਪਾ : ਗੌਤਮ, ਬਿਪਲ ਕੁਮਾਰ, ਡਾ. ਕਰੀਮਪੁਰੀ

**ਹੁਸ਼ਿਆਰਪੁਰ (ਓ ਪੀ ਰਾਣਾ, ਬਲਵੀਰ ਸਿੰਘ ਸੈਣੀ)**- ਬਹੁਜਨ ਸਮਾਜ ਪਾਰਟੀ ਵੱਲੋਂ ਸੰਗਠਨ ਦੀ ਸੰਜੀਦਗੀ, ਗੰਭੀਰਤਾ ਅਤੇ ਆਉਣ ਵਾਲੀਆਂ ਚੋਣਾਂ ਦੀਆਂ ਤਿਆਰੀਆਂ ਨੂੰ ਮੁੱਖ ਰੱਖਦਿਆਂ ਹੁਸ਼ਿਆਰਪੁਰ ਜ਼ਿਲ੍ਹੇ ਦੇ ਸੰਗਠਨ ਦਾ ਲੇਖਾ-ਜੋਖਾ ਕਰਨ ਲਈ ਇੱਕ ਉੱਚ-ਪੱਧਰੀ ਅਤੇ ਅਹਿਮ ਜ਼ਿਲ੍ਹਾ ਪੱਧਰੀ ਸਮੀਕਸ਼ਾ ਬੈਠਕ ਦਾ ਆਯੋਜਨ ਕੀਤਾ ਗਿਆ। ਇਸ ਬੈਠਕ ਵਿੱਚ ਬੂਥ ਪੱਧਰ ਤੱਕ ਸੰਗਠਨ ਦਾ ਪੁਨਰਗਠਨ ਕਰਨ, ਪਾਰਟੀ ਦੇ ਆਧਾਰ ਨੂੰ ਫੌਲਾਦੀ ਬਣਾਉਣ ਅਤੇ ਪੰਜਾਬ ਵਿੱਚ ਬਸਪਾ ਦੀ ਅਗਲੀ ਸਰਕਾਰ ਬਣਾਉਣ ਲਈ ਸਮੁੱਚੀ ਲੀਡਰਸ਼ਿਪ ਦੀਆਂ ਵਿਸ਼ੇਸ਼ ਡਿਊਟੀਆਂ ਲਗਾਈਆਂ ਗਈਆਂ। ਇਸ ਅਹਿਮ ਬੈਠਕ ਵਿੱਚ ਮੁੱਖ ਮਹਿਮਾਨ ਵਜੋਂ ਰਾਮ ਜੀ ਗੌਤਮ (ਮੁੱਖ ਸੈਕਟਰ ਪ੍ਰਭਾਰੀ ਇੰਚਾਰਜ ਪੰਜਾਬ, ਹਰਿਆਣਾ, ਦਿੱਲੀ, ਰਾਜਸਥਾਨ, ਮਹਾਰਾਸ਼ਟਰ) ਨੇ ਸ਼ਿਰਕਤ ਕੀਤੀ, ਜਦਕਿ ਵਿਸ਼ੇਸ਼ ਮਹਿਮਾਨ ਵਜੋਂ ਬਿਪਲ ਕੁਮਾਰ (ਕੇਂਦਰੀ ਪ੍ਰਭਾਰੀ ਬਹੁਜਨ ਸਮਾਜ ਪਾਰਟੀ, ਪੰਜਾਬ) ਹਾਜ਼ਰ ਹੋਏ। ਬੈਠਕ ਦੀ ਪ੍ਰਧਾਨਗੀ ਬਸਪਾ ਪੰਜਾਬ ਦੇ ਸੂਬਾ ਪ੍ਰਧਾਨ ਅਤੇ ਸਾਬਕਾ ਮੈਂਬਰ ਪਾਰਲੀਮੈਂਟ ਡਾ. ਅਵਤਾਰ ਸਿੰਘ ਕਰੀਮਪੁਰੀ ਵੱਲੋਂ ਕੀਤੀ ਗਈ। ਬੈਠਕ ਨੂੰ ਸੰਬੋਧਨ ਕਰਦਿਆਂ ਮੁੱਖ ਮਹਿਮਾਨ ਸ੍ਰੀ ਰਾਮ ਜੀ ਗੌਤਮ, ਕੇਂਦਰੀ ਪ੍ਰਭਾਰੀ ਬਿਪਲ ਕੁਮਾਰ ਅਤੇ ਸੂਬਾ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਸਾਂਝੇ ਤੌਰ 'ਤੇ ਆਖਿਆ ਕਿ ਮੌਜੂਦਾ ਸਮੇਂ ਪੰਜਾਬ ਬੇਹੱਦ ਗੰਭੀਰ ਦੌਰ ਅਤੇ ਮੰਦਹਾਲੀ




ਵਿੱਚੋਂ ਲੰਘ ਰਿਹਾ ਹੈ। ਵਿਰੋਧੀ ਪਾਰਟੀਆਂ ਦੀਆਂ ਗਲਤ ਨੀਤੀਆਂ ਕਾਰਨ ਸੂਬੇ ਦਾ ਜੋ ਉਜਾੜਾ ਹੋਇਆ ਹੈ, ਉਸ ਵਿੱਚੋਂ ਪੰਜਾਬ ਨੂੰ ਕੱਢ ਕੇ ਖੁਸ਼ਹਾਲੀ ਅਤੇ ਉਜਾਲੇ ਵੱਲ ਸਿਰਫ਼ ਬਹੁਜਨ ਸਮਾਜ ਪਾਰਟੀ ਹੀ ਲੈ ਕੇ ਜਾ ਸਕਦੀ ਹੈ। ?ਸੀਨੀਅਰ ਲੀਡਰਸ਼ਿਪ ਨੇ ਸਮੂਹ ਪੰਜਾਬੀਆਂ ਨੂੰ ਜ਼ੋਰਦਾਰ ਸੱਦਾ ਦਿੰਦਿਆਂ ਅਪੀਲ ਕੀਤੀ ਕਿ ਉਹ ਪੰਜਾਬ ਦੇ ਸੁਨਹਿਰੀ ਭਵਿੱਖ ਲਈ ਪਾਰਟੀ ਦੀ 'ਪੰਜਾਬ ਸੰਭਾਲੋ ਮੁਹਿੰਮ' ਦੇ ਦੂਰ ਦ੍ਰਿਸ਼ਟੀ ਅਤੇ ਲੋਕ-ਪੱਖੀ ਸੰਕਲਪ ਨਾਲ ਵੱਧ ਤੋਂ ਵੱਧ ਜੁੜਨ। ਇਸ ਸਮੀਕਸ਼ਾ ਬੈਠਕ ਦੌਰਾਨ ਸੰਗਠਨ ਦੇ ਕੰਮਾਂ ਦਾ ਲੇਖਾ-ਜੋਖਾ ਕਰਦਿਆਂ ਹਾਜ਼ਰ ਸੀਨੀਅਰ ਆਗੂਆਂ ਨੂੰ ਅਹਿਮ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜੋਨ ਇੰਚਾਰਜ ਚੌਧਰੀ ਗੁਰਨਾਮ ਸਿੰਘ, ਲੋਕ ਸਭਾ ਇੰਚਾਰਜ ਠੇਕੇਦਾਰ ਭਗਵਾਨ ਦਾਸ ਸਟੇਟ ਜਨਰਲ ਸੈਕਟਰੀ, ਰਣਵੀਰ ਬੱਬਰ ਸਟੇਟ ਸੈਕਟਰੀ, ਰਾਮ ਲਾਲ ਸੰਧੂ ਸਟੇਟ ਸੈਕਟਰੀ, ਮਨਿੰਦਰ ਸਿੰਘ ਸ਼ੇਰਪੁਰੀ ਸਟੇਟ ਸੈਕਟਰੀ, ਸੁਖਦੇਵ ਬਿੱਟਾ ਸਟੇਟ ਸੈਕਟਰੀ, ਰਵਿੰਦਰ ਬੀੜਾ, ਦਲਜੀਤ ਰਾਏ ਜ਼ਿਲ੍ਹਾ ਪ੍ਰਧਾਨ, ਸੋਮ ਨਾਥ ਬੈਂਸ, ਐਡਵੋਕੇਟ ਪਲਵਿੰਦਰ ਮਾਨਾ, ਮਦਨ ਸਿੰਘ ਬੈਂਸ, ਹਰਜੀਤ ਮਹਿਮੀ, ਜਗਮੋਹਣ ਸੱਜਣਾ, ਪ੍ਰੋ. ਸੁਰਜੀਤ ਸਿੰਘ, ਬਲਵਿੰਦਰ ਸਿੰਘ ਸੀਕਰੀ, ਯਸ਼ ਭੱਟੀ, ਸਤਵੰਤ ਸਿੰਘ ਨੰਦਾਚੌਰ, ਬਖਸ਼ੀਸ਼ ਭੀਮ, ਸੁਰਜੀਤ ਪਾਲ ਟਾਂਡਾ, ਮਲਕੀਤ ਸੁੰਨੀ ਗੜ੍ਹਸ਼ੰਕਰ, ਰਕੇਸ਼ ਕਿੱਟੀ ਮਾਹਿਲਪੁਰ, ਹਰਜੀਤ ਲਾਡੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## ਅੱਖਾਂ ਦਾ ਮੁਫ਼ਤ ਸਰਜਰੀ ਕੈਂਪ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸਹਿਯੋਗ ਮਹਿਲਾ ਸਸ਼ਕਤੀਕਰਨ ਸੋਸਾਇਟੀ, ਬਜਵਾੜਾ (ਹੁਸ਼ਿਆਰਪੁਰ) ਅਤੇ ਲਾਇਨਜ਼ ਆਈ ਹਸਪਤਾਲ ਆਦਮਪੁਰ ਦੇ ਸਾਂਝੇ ਯਤਨਾਂ ਨਾਲ ਅੱਖਾਂ ਦੀ ਮੁਫ਼ਤ ਸਰਜਰੀ ਅਤੇ ਚੈੱਕਅੱਪ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਕੈਂਪ ਐਤਵਾਰ, 21 ਜੂਨ ਨੂੰ ਸਵੇਰੇ 9:30 ਵਜੇ ਤੋਂ 4:00 ਵਜੇ ਤੱਕ ਅਗਰਵਾਲ ਭਵਨ ਹਰਿਆਣਾ ਰੋਡ ਹੁਸ਼ਿਆਰਪੁਰ ਵਿਖੇ ਲਗਾਇਆ ਜਾਵੇਗਾ। ਕੈਂਪ ਦੌਰਾਨ ਮੋਤੀਆਬਿੰਦ ਦੇ ਆਪ੍ਰੇਸ਼ਨ, ਅੱਖਾਂ ਦੀ ਜਾਂਚ ਅਤੇ ਅੱਖਾਂ ਨਾਲ ਸੰਬੰਧਤ ਵੱਖ-ਵੱਖ ਬਿਮਾਰੀਆਂ ਦੇ ਇਲਾਜ ਮੁਫ਼ਤ ਕੀਤੇ ਜਾਣਗੇ। ਤਜਰਬੇਕਾਰ ਅਤੇ ਮਾਹਰ ਡਾਕਟਰਾਂ ਦੀ ਇੱਕ ਟੀਮ ਮਰੀਜ਼ਾਂ ਦੀ ਜਾਂਚ ਕਰੇਗੀ ਅਤੇ ਲੋੜ ਅਨੁਸਾਰ ਢੁਕਵਾਂ ਇਲਾਜ ਅਤੇ ਸਲਾਹ-ਮਸ਼ਵਰਾ ਪ੍ਰਦਾਨ ਕਰੇਗੀ। ਸੰਸਥਾ ਦੇ ਪ੍ਰਬੰਧਕਾਂ ਨੇ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਜਿਨ੍ਹਾਂ ਨੂੰ ਅੱਖਾਂ ਨਾਲ ਸਬੰਧਤ ਕੋਈ ਵੀ ਸਮੱਸਿਆ ਹੈ ਜਾਂ ਮੋਤੀਆਬਿੰਦ ਹੈ, ਉਹ ਇਸ ਸੁਨਹਿਰੀ ਮੌਕੇ ਦਾ ਪੂਰਾ ਲਾਭ ਉਠਾਉਣ ਅਤੇ ਸਮੇਂ ਸਿਰ ਆਪਣੀਆਂ ਅੱਖਾਂ ਦੀ ਜਾਂਚ ਕਰਵਾਉਣ।

# ਭੋਗ 'ਤੇ ਵਿਸ਼ੇਸ਼ : ਬਾਬਾ ਜਗਤਾਰ ਸਿੰਘ ਤਾਰੀ ਹਰਫਨਮੌਲਾ, ਜੁਗਾੜੀ ਇਨਸਾਨ ਸੀ

ਬਾਬਾ ਜਗਤਾਰ ਸਿੰਘ ਡੋਡ ਵਾਸੀ ਢੇਰ ਲੰਘੀ 7 ਤਰੀਕ ਨੂੰ ਹੇਮਕੁੰਟ ਸਾਹਿਬ ਦੀ ਯਾਤਰਾ ਤੇ ਆਪਣੇ ਪਰਵਾਰ ਨਾਲ ਗਿਆ ਹੋਇਆ ਸਾਡੇ ਕੋਲੋਂ ਸਦਾ ਲਈ ਵਿਛੜ ਗਿਆ। ਉਹ ਮਿਲਣਸਾਰ ਹਰਫਨਮੌਲਾ, ਇੱਕ ਕਿਸਮ ਦਾ ਜੁਗਾੜੀ ਇਨਸਾਨ ਸੀ ਜਿਹੜਾ ਘੱਟ ਪੜੇ ਹੋਣ ਦੇ ਬਾਵਜੂਦ ਵੀ ਵੱਡੇ ਤੋਂ ਵੱਡੇ ਅਫਸਰਾਂ ਨਾਲ ਗੱਲ ਕਰ ਲੈਂਦਾ ਸੀ। ਉਸ ਦਾ ਜਨਮ 20 ਮਈ1973 ਵਿੱਚ ਪਿਤਾ ਗਿਆਨ ਸਿੰਘ ਮਾਤਾ ਕਮਲਾ ਦੇਵੀ ਦੇ ਕੁੱਖੋਂ ਇਕ ਕਿਰਤੀ ਮਜ਼ਦੂਰ ਪਰਿਵਾਰ ਵਿੱਚ ਹੋਇਆ।ਉਹ ਚਾਰ ਭੈਣਾਂ,ਇੱਕ ਭਰਾ ਤੋਂ ਸਭ ਤੋਂ ਛੋਟਾ ਸੀ। ਜਗਤਾਰ ਸਿੰਘ ਦਾ ਪਾਲਣ ਪੋਸ਼ਣ ਬੜੇ ਲਾਡ ਪਿਆਰ ਨਾਲ ਹੋਇਆ।ਜਗਤਾਰ ਸਿੰਘ ਦੀ ਮਾਤਾ ਤੇ ਪਿਤਾ ਨੇ ਬਹੁਤ ਮਿਹਨਤ ਮੁਸ਼ੱਕਤ ਨਾਲ ਘਰ ਬਣਾਇਆ।ਜਗਤਾਰ ਸਿੰਘ ਰੋਜ਼ੀ ਰੋਟੀ ਕਮਾਉਣ ਲਈ ਬਾਹਰਲੇ ਮੁਲਕਾਂ ਵਿੱਚ ਵੀ ਗਿਆ। ਇਸ ਤੋਂ ਪਹਿਲਾਂ ਕੱਪੜਾ ਸਿਉਣ ਦਾ ਵੀ ਕੰਮ ਕੀਤਾ। ਪਰ ਉਸ ਵਿੱਚ ਦੂਜਿਆਂ ਦੀ ਸੇਵਾ ਕਰਨ ਦੀ ਭਾਵਨਾ ਕੁੱਟ ਕੁੱਟ ਭਰੀ ਹੋਈ ਸੀ। ਉਸ ਨੇ ਉਹ ਸੇਵਾ ਕਰਕੇ ਵੀ ਦਿਖਾਈ। ਕੋਈ ਵੀ ਮਰੀਜ਼ ਉਸ ਦੇ ਸਾਹਮਣੇ ਹਸਪਤਾਲ ਪਿਆ ਹੋਵੇ ਉਸ ਦੀ ਸੇਵਾ ਕਰਨਾ ਆਪਣਾ ਮੁਢਲਾ ਫਰਜ ਸਮਝਦਾ ਸੀ ਜਿਸ ਦੀ ਮਿਸਾਲ ਇਹ ਹੈ ਕਿ ਗੁਆਂਢੀਆਂ ਦੇ ਮੁੰਡੇ ਦੀ ਲੱਤ ਟੁੱਟ ਗਈ ਜਿਸ ਨੂੰ ਪੀਜੀਆਈ ਦਾਖਲ ਕਰਵਾ ਕੇ ਪੂਰਾ ਇਕ ਮਹੀਨੇ ਤੋਂ ਉੱਪਰ ਸਮਾਂ ਪੀਜੀਆਈ ਰਿਹਾ ਤੇ ਹਰ ਤਰ੍ਹਾਂ ਦੀ ਉਸ ਮੁੰਡੇ ਦੀ ਸੇਵਾ ਕੀਤੀ ਉੱਥੇ ਆਪਣੇ ਮਰੀਜ਼ ਦੀ ਸੇਵਾ ਕਰਦਿਆਂ ਕਰਦਿਆਂ ਹੋਰ ਮਰੀਜ਼ਾਂ ਦੀ ਵੀ ਸੇਵਾ ਕਰਦਾ ਰਿਹਾ। ਉਹ ਹੱਸ ਮੁੱਖ ਸੁਭਾਅ ਦਾ ਮਾਲਕ ਸੀ। ਮਿਲਣ ਵਾਲੇ ਇਨਸਾਨ ਨੂੰ ਛੇਤੀ ਮੋਹ ਲੈਂਦਾ ਸੀ ਜੋ ਕਿ ਉਸ ਵਿੱਚ ਇਹ ਬਹੁਤ ਵੱਡਾ ਗੁਣ ਸੀ। ਦੂਜੇ ਦੇ ਦੁੱਖਾਂ ਦਰਦਾਂ ਨੂੰ ਆਪਣਾ ਸਮਝਦਾ ਸੀ।ਮੈਨੂੰ ਇਹ ਯਾਦ ਹੈ ਕਿ ਮੈਂ ਪਿੰਡ ਦਾ ਸਰਪੰਚ ਸੀ ਨੀਲੇ ਕਾਰਡ ਬਣਾਉਣੇ ਸੀ ਪਰ ਉਹ ਨੀਲੇ ਕਾਰਡ ਉਸ ਸਮੇਂ ਦੇ ਮੰਤਰੀ ਕਹਿਣ ਉੱਤੇ ਬਣਨੇ ਸੀ। ਜਦੋਂ ਮੈਂ ਜਗਤਾਰ ਸਿੰਘ ਨਾਲ ਗੱਲ ਕੀਤੀ ਤਾਂ ਉਹਨਾਂ ਸਾਰਾ ਲਿਫ਼ਾਫ਼ਾ ਮੇਰੇ ਕੋਲੋਂ ਫੜ ਕੇ ਮੰਤਰੀ ਤੋਂ ਘੁੱਗੀ ਵਜਾ ਦਿੱਤੀ। ਪਿੰਡ ਦੇ ਬਹੁਤੇ ਵਸਨੀਕਾਂ ਦੇ ਰਾਸ਼ਨ ਕਾਰਡ ਬਣਾਉਣ 'ਚ ਅਸੀਂ ਕਾਮਯਾਬ ਰਹੇ।ਉਸ ਦੀ ਮੌਤ ਨਾਲ ਪਰਵਾਰ ਨੂੰ ਹੀ ਘਾਟਾ ਨਹੀਂ ਪਿਆ ਸਗੋਂ ਇਲਾਕੇ ਦੇ ਲੋਕਾਂ ਨੂੰ ਵੀ ਭਾਰੀ ਘਾਟਾ ਪਿਆ।



ਜਦੋਂ ਲੋਕਡਾਊਨ ਲੱਗਿਆ ਕੋਈ ਘਰੋਂ ਬਾਹਰ ਨਹੀਂ ਨਿਕਲਦਾ ਸੀ ਤਾਂ ਜਗਤਾਰ ਸਿੰਘ ਮਰੀਜ਼ਾਂ ਨੂੰ ਆਕਸੀਜਨ ਦੇ ਸਿਲੰਡਰ,ਰਾਸ਼ਨ ਦੀਆਂ ਕਿੱਟਾਂ ਵੰਡਦਾ ਰਿਹਾ। ਕਿਸੇ ਗਰੀਬ ਗੁਰਬੇ ਦੀ ਧੀ ਦਾ ਵਿਆਹ ਹੋਵੇ ਤਾਂ ਜਗਤਾਰ ਸਿੰਘ ਪੂਰੀ ਤਨ ਮਨ ਧਨ ਨਾਲ ਮਦੱਦ ਕਰਦਾ ਸੀ। ਉਹ ਆਪਣੇ ਪਿੱਛੇ ਵਿਧਵਾ ਪਤਨੀ ਤਰਸੇਮ ਕੌਰ ਦੋ ਪੁੱਤਰੀਆਂ ਰਵਨੀਤ ਕੌਰ ਜੋ ਕਿ ਨਰਸਿੰਗ ਦਾ ਕੋਰਸ ਕਰ ਰਹੀ,ਦੂਜੀ ਪੁੱਤਰੀ ਹਰਸਿਮਰਨ ਕੌਰ ਦਸਵੀਂ ਵਿੱਚ ਪੜਦੀ ਹੈ ਤੇ ਪੁੱਤਰ ਵਰਿੰਦਰਪਾਲ ਸਿੰਘ ਖਾਲਸਾ ਕਾਲਜ ਸ੍ਰੀ ਅਨੰਦਪੁਰ ਸਾਹਿਬ ਵਿਖੇ ਐਗਰੀਕਲਚਰ ਦੀ ਪੜ੍ਹਾਈ ਕਰ ਰਿਹਾ ਹੈ। ਜਗਤਾਰ ਸਿੰਘ ਦੇ ਬੱਚੇ ਪੜ੍ਹਾਈ 'ਚ ਹੁਸ਼ਿਆਰ ਨਿਕਲੇ। ਪਿੰਡ ਦੇ ਦੋਵਾਂ ਸਕੂਲਾਂ ਦੀ ਪਸਵਕ ਕਮੇਟੀ ਦਾ ਚੇਅਰਮੈਨ ਵੀ ਰਿਹਾ।ਉਹ ਆਪਣੇ ਪਰਿਵਾਰ ਨੂੰ ਛੱਡ ਕੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਿਆ। ਅੱਜ ਉਨ੍ਹਾਂ ਦੀ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ ਪਿੰਡ ਢੇਰ ਦੇ ਗੁਰਦੁਆਰਾ ਸਾਹਿਬ ਵਿਖੇ 11 ਤੋਂ 1 ਵਜੇ ਤੱਕ ਹੋਵੇਗੀ।



ਮਸਨੂਈ ਬੁੱਧੀ ਦੀਆਂ ਮਿੱਥਾਂ
(ਆਖਰੀ ਸਫੇ 'ਤੇ)

# ਨਵਾਂ ਜ਼ਮਾਨਾ ਐਤਵਾਰਤਾ

ਵੇਖ ਕੇ ਜੰਗਲ ਨੂੰ ਲੱਗੀ ਅੱਗ
ਮੈਂ ਜਦ ਦੌੜਿਆ
'ਨਾਲ ਹਾਂ', ਮੈਨੂੰ ਚਿੜੀ ਨੇ ਆਖਿਆ
'ਡਰਨਾ ਨਹੀਂ।'
- ਪਾਲੀ ਖ਼ਾਦਿਮ

Regd. No : L-4/Pb-JL-0023/2024-26, (R.N.I.)-00068/57
ਜਲੰਧਰ : ਐਤਵਾਰ, 21 ਜੂਨ 2026
www.nawanzamana.in
ਕੀਮਤ 5.00 ਰੁਪਏ

# ਜੰਗੀ ਹਥਿਆਰਾਂ ਦਾ ਵਧਦਾ-ਫੁਲਦਾ ਆਲਮੀ ਕਾਰੋਬਾਰ



ਰੋਟੀ ਜਾਂ ਬਾਰੂਦ, ਤੁਹਾਨੂੰ ਕੀ ਚਾਹੀਦਾ ਹੈ? ਬਿਨਾਂ ਸ਼ੱਕ ਤੁਹਾਡੀ ਵੋਟ ਰੋਟੀ ਲਈ ਹੀ ਹੋਵੇਗੀ। ਪਰ ਤੁਸੀਂ ਭੋਲੇ ਹੋ, ਕਿਉਂਕਿ ਤੁਸੀਂ ਬਤੌਰ ਮਨੁੱਖ ਸੋਚਦੇ ਹੋ ਪਰ ਜੰਗਬਾਜ਼ ਅਜਿਹਾ ਨਹੀਂ ਸੋਚਦੇ। ਹਿਟਲਰ ਦਾ ਜੰਗਬਾਜ਼ ਅਤੇ ਪ੍ਰਾਪੇਗੰਡੇ ਮੰਤਰੀ ਜੋਸਫ਼ ਗੋਬਲਜ਼ ਤਾਹੀਂ ਕਹਿੰਦਾ ਸੀ, 'ਅਸੀਂ ਰੋਟੀ ਬਿਨਾਂ ਸਾਰ ਸਕਦੇ ਹਾਂ ਪਰ ਹਥਿਆਰਾਂ ਬਿਨਾਂ ਨਹੀਂ। ਰੋਟੀ ਨਾਲ ਗੋਲੀ ਨਹੀਂ ਚਲਾਈ ਜਾ ਸਕਦੀ ਪਰ ਬੰਦੂਕ ਨਾਲ ਚਲਾਈ ਜਾ ਸਕਦੀ ਹੈ।' ਇੱਕ ਹੋਰ ਨਾਜ਼ੀ ਵਜ਼ੀਰ ਹਰਮਨ ਗੋਰਿੰਗ ਨੇ ਵੀ ਐਲਾਨ ਕੀਤਾ ਸੀ,'ਬੰਦੂਕ ਸਾਨੂੰ ਤਾਕਤਵਰ ਬਣਾਏਗੀ ਪਰ ਰੋਟੀ ਸਾਨੂੰ ਮੋਟਾ ਬਣਾਏਗੀ।'

ਜੰਗੀ ਹਥਿਆਰਾਂ ਦਾ ਪਾਗਲਪਨ ਅੱਜ ਵੀ ਜਾਰੀ ਹੈ ਕਿਉਂਕਿ ਜੰਗਬਾਜ਼ ਹਾਲੇ ਵੀ ਜ਼ਿੰਦਾ ਹਨ, ਭਾਵੇਂ ਕਿ ਇੱਕ ਹੈਵੀ ਜੰਗੀ ਬੰਪਰ ਦੀ ਕੀਮਤ ਨਾਲ ਤੀਹ ਸ਼ਹਿਰਾਂ ਵਿੱਚ ਸਕੂਲ ਉਸਾਰੇ ਜਾ ਸਕਦੇ ਹਨ।

ਜੰਗੀ ਹਥਿਆਰਾਂ ਦਾ ਵਪਾਰ ਸਾਲ 2021-25 ਪੰਜ ਸਾਲਾਂ ਦੌਰਾਨ 2016-20 ਦੇ ਪਿਛਲੇ ਪੰਜ ਸਾਲਾਂ ਦੇ ਮੁਕਾਬਲੇ 9.2% ਵੱਧ ਗਿਆ ਹੈ। ਇਹ ਸਾਲ 2011-15 ਤੋਂ ਬਾਅਦ ਸਭ ਤੋਂ ਵੱਡਾ ਵਾਧਾ ਹੈ।

ਇਸਦਾ ਸਵੀਡਨ ਸਥਿਤ ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ (ਸਿਪਰੀ) ਦੀ ਇਸ ਸਾਲ ਦੀ ਰਿਪੋਰਟ ਵਿੱਚ ਖੁਲਾਸਾ ਹੋਇਆ ਹੈ। ਇੱਥੋਂ ਤੱਕ ਕਿ ਇਕੱਲੇ ਯੂਰਪ ਵਿੱਚ

**ਡਾ. ਜਸਬੀਰ ਸਿੰਘ ਔਲਖ**

ਹੀ ਇਹਨਾਂ ਪੰਜ ਸਾਲ ਵਿੱਚ ਪਿਛਲੇ ਪੰਜ ਸਾਲਾਂ ਦੇ ਮੁਕਾਬਲੇ ਹਥਿਆਰਾਂ ਦੇ ਵਪਾਰ ਵਿੱਚ 210% ਵਾਧਾ ਦਰਜ਼ ਕੀਤਾ ਗਿਆ ਹੈ। ਯੂਕਰੇਨ ਕੁੱਲ ਦੁਨੀਆਂ ਦੇ ਹਥਿਆਰਾਂ ਦਾ 9.7% ਖਰੀਦਦਾਰ ਹੈ ਜਦਕਿ ਇਹ ਦੇਸ਼ 2016-20 ਵਿੱਚ ਸਿਰਫ਼ 0.1% ਦਾ ਖਰੀਦਦਾਰ ਸੀ।

ਜੰਗੀ ਹਥਿਆਰਾਂ ਦੇ ਮੌਜੂਦ ਡਾਟੇ ਦੀ ਸਮੀਖਿਆ ਕਰਦਿਆਂ ਸਿਪਰੀ ਨੇ ਸਿੱਟਾ ਕੱਢਿਆ ਹੈ ਕਿ ਅਮਰੀਕਾ,ਫਰਾਂਸ, ਰੂਸ, ਜਰਮਨੀ ਅਤੇ ਚੀਨ ਕੁੱਲ ਦੁਨੀਆਂ ਵਿੱਚ ਸੱਤਰ ਪ੍ਰਤੀਸ਼ਤ ਜੰਗੀ ਹਥਿਆਰ ਵੇਚਦੇ ਹਨ। ਭਾਵੇਂ ਕਿ ਰੂਸ ਦੀ ਜੰਗੀ ਹਥਿਆਰਾਂ ਦੀ ਵਿਕਰੀ ਪਿਛਲੇ ਪੰਜ ਸਾਲਾਂ ਦੇ ਮੁਕਾਬਲੇ 64% ਘਟੀ ਹੈ ਪਰ ਅਮਰੀਕਾ ਨੇ 27, ਫਰਾਂਸ ਨੇ 21, ਜਰਮਨੀ ਨੇ 15 ਅਤੇ ਚੀਨ ਨੇ 11 ਪ੍ਰਤੀਸ਼ਤ ਵੱਧ ਜੰਗੀ ਹਥਿਆਰ ਵੇਚੇ ਹਨ। ਇਸੇ ਤਰ੍ਹਾਂ ਇਟਲੀ ਅਤੇ ਇਜ਼ਰਾਈਲੀ ਜੰਗੀ ਹਥਿਆਰਾਂ ਦੀ ਵਿਕਰੀ ਵਿੱਚ ਵੀ ਕ੍ਰਮਵਾਰ 157 ਅਤੇ 56 ਪ੍ਰਤੀਸ਼ਤ ਵਾਧਾ ਦਰਜ਼ ਕੀਤਾ ਗਿਆ ਹੈ ਇਸਦੇ ਨਾਲ ਹੀ ਬਰਤਾਨੀਆ ਅਤੇ ਦੱਖਣੀ ਕੋਰੀਆ ਦੇ ਜੰਗੀ ਹਥਿਆਰਾਂ ਦਾ ਵਪਾਰ ਵੀ ਕ੍ਰਮਵਾਰ 13% ਅਤੇ 24% ਵਧਿਆ ਹੈ।

### ਜੰਗਬਾਜ਼ ਅਮਰੀਕਾ

ਦੁਨੀਆਂ ਵਿੱਚ ਵੇਚੇ ਜਾਂਦੇ ਕੁੱਲ ਜੰਗੀ ਹਥਿਆਰਾਂ ਦਾ 42% ਹਿੱਸਾ ਇਕੱਲਾ ਅਮਰੀਕਾ ਹੀ ਵੇਚਦਾ ਹੈ ਜਿਹੜਾ ਜੰਗੀ ਹਥਿਆਰ ਵੇਚਣ ਵਾਲੇ ਅਗਲੇ ਵੱਡੇ ਸੱਤ ਦੇਸ਼ਾਂ ਤੋਂ ਵੀ ਵੱਧ ਹੈ। ਅਮਰੀਕਾ ਦੁਨੀਆਂ ਵਿੱਚ ਕੁੱਲ 99 ਮੁਲਕਾਂ ਨੂੰ ਹਥਿਆਰ ਵੇਚਦਾ ਹੈ ਅਤੇ ਇਹਨਾਂ ਮੁਲਕਾਂ ਵਿੱਚੋਂ 76 ਮੁਲਕਾਂ ਦਾ ਸਭ ਤੋਂ ਵੱਡਾ ਹਥਿਆਰ ਸਪਲਾਇਰ ਹੈ। ਅਮਰੀਕਾ ਤੋਂ ਜੰਗੀ ਹਥਿਆਰ ਦਰਾਮਦ ਕਰਨ ਵਾਲੇ ਦੇਸ਼ਾਂ ਵਿੱਚ 35 ਦੇਸ਼ ਯੂਰਪ ਦੇ, 18 ਦੇਸ਼ ਅਮਰੀਕੀ ਉੱਪ ਮਹਾਂਦੀਪਾਂ ਦੇ, 17-17 ਅਫ਼ਰੀਕਾ-ਏਸ਼ੀਆ ਓਸੀਆਨਾ ਅਤੇ 12 ਖਾੜੀ ਦੇ ਮੁਲਕ ਹਨ।ਪਿਛਲੇ ਦੋ ਦਹਾਕਿਆਂ ਵਿੱਚ ਇਹ ਪਹਿਲੀ ਵਾਰ ਹੋਇਆ ਹੈ ਕਿ ਅਮਰੀਕੀ ਹਥਿਆਰਾਂ ਦੀ ਖਰੀਦ ਯੂਰਪ ਵਿੱਚ ਸਭ ਤੋਂ ਵੱਧ ਹੋਈ ਹੈ ਜਿਹੜੀ ਕਿ 2021-25 ਵਿੱਚ 38% ਸੀ।ਇਹਦੇ ਵਿੱਚੋਂ ਵੀ ਤਕਰੀਬਨ ਇੱਕ ਚੁਥਾਈ (9.4%) ਇਕੱਲੇ ਯੂਕਰੇਨ ਨੇ ਕੀਤੀ ਹੈ ਭਾਵੇਂ ਕਿ ਡੋਨਾਲਡ ਟਰੰਪ ਨੇ ਜ਼ੈਲੰਸਕੀ ਦੀ ਬਾਂਹ ਮਰੋੜਨ ਲਈ ਯੂਕਰੇਨ ਨੂੰ ਹਥਿਆਰਾਂ ਦੀ ਸਪਲਾਈ ਪਿਛਲੇ ਸਾਲ ਘਟਾਈ ਸੀ ਤਾਂ ਜੋ ਯੂਕਰੇਨ ਦੇ ਕੀਮਤੀ ਧਾਤਾਂ ਨੂੰ ਲੁੱਟਿਆ ਜਾ ਸਕੇ।

ਮਿਡਲ-ਈਸਟ ਦੇ ਮੁਲਕਾਂ ਨੇ ਅਮਰੀਕੀ ਹਥਿਆਰਾਂ ਦਾ ਤੇਤੀ ਪ੍ਰਤੀਸ਼ਤ ਖਰੀਦਿਆ ਜਿਹੜਾ ਕਿ ਯੂਰਪ ਨੂੰ ਵੱਧ ਹਥਿਆਰ ਵੇਚਣ ਕਰਕੇ ਪਿਛਲੇ ਸਾਲਾਂ ਦੇ ਮੁਕਾਬਲੇ ਘੱਟ ਗਿਆ। ਬਾਰਾਂ ਪ੍ਰਤੀਸ਼ਤ ਖਰੀਦ ਨਾਲ ਸਾਊਦੀ ਅਰਬ ਆਲਮੀ ਪੱਧਰ ਤੇ ਅਮਰੀਕੀ ਹਥਿਆਰਾਂ ਦਾ ਸਭ ਤੋਂ ਵੱਡਾ ਖਰੀਦਦਾਰ ਬਣਿਆ ਰਿਹਾ। ਕਤਰ ਨੇ 7.4%, ਕੁਵੈਤ ਨੇ 4.2% ਅਤੇ ਇਜ਼ਰਾਈਲ ਨੇ 3.1% ਅਮਰੀਕੀ ਹਥਿਆਰ ਖਰੀਦੇ।

ਇਸਤੋਂ ਇਲਾਵਾ ਚੀਨ ਦਾ ਘੇਰਾ ਪਾਉਣ ਲਈ ਅਮਰੀਕਾ ਆਪਣੇ ਜੰਗੀ ਹਥਿਆਰਾਂ ਦੀ ਇੱਕ ਚੁਥਾਈ ਏਸ਼ੀਆ - ਓਸੀਆਨਾ ਵਿੱਚ ਸਥਿਤ ਆਪਣੇ ਜੋਟੀਦਾਰ ਮੁਲਕਾਂ ਨੂੰ ਵੇਚਦਾ ਹੈ, ਜਿਹਨਾਂ ਵਿੱਚ ਜਾਪਾਨ ਨੂੰ 8.9%, ਆਸਟ੍ਰੇਲੀਆ ਨੂੰ 5.6% ਅਤੇ ਦੱਖਣੀ ਕੋਰੀਆ ਨੂੰ 3.9% ਹਥਿਆਰ ਵੇਚਦਾ ਹੈ। ਇਹ ਮੁਲਕ ਅਮਰੀਕਾ ਤੋਂ ਜੰਗੀ ਹਥਿਆਰ ਖਰੀਦਣ ਵਾਲੇ ਪਹਿਲੇ ਦਸ ਮੁਲਕਾਂ ਵਿੱਚ ਸ਼ਾਮਲ ਹਨ। ਇੱਕ ਹੋਰ ਅਮਰੀਕੀ ਅੱਡਾ ਤਾਇਵਾਨ ਵੀ ਵੇਚੇ ਜਾਂਦੇ ਕੁੱਲ ਅਮਰੀਕੀ ਹਥਿਆਰਾਂ ਦੀ 1.9% ਖਰੀਦ ਕਰਦਾ ਹੈ

### ਯੂਰਪੀ ਮੁਲਕਾਂ ਦਾ ਹਥਿਆਰ ਵਪਾਰ

ਯੂਰਪੀਨ ਯੂਨੀਅਨ ਦੇ ਸਤਾਈ ਦੇਸ਼ਾਂ ਦਾ ਜੰਗੀ ਹਥਿਆਰਾਂ ਦਾ ਵਪਾਰ ਵੀ 2016-20 ਦੇ ਮੁਕਾਬਲੇ 2021-25 ਵਿੱਚ 36% ਵਧਿਆ ਹੈ। ਯੂਰਪੀਨ ਹਥਿਆਰਾਂ ਦਾ ਵਪਾਰ ਆਲਮੀ ਵਪਾਰ ਦਾ 28% ਹੈ। ਇਹ ਰੂਸੀ ਹਥਿਆਰ ਵਪਾਰ ਦੇ ਮੁਕਾਬਲੇ ਚਾਰ ਗੁਣਾਂ ਅਤੇ ਚੀਨੀ ਹਥਿਆਰ ਵਪਾਰ ਦੇ ਮੁਕਾਬਲੇ ਪੰਜ ਗੁਣਾਂ ਹੈ। ਯੂਰਪੀਨ ਦੇਸ਼ਾਂ ਦਾ ਆਪਸੀ ਜੰਗੀ ਹਥਿਆਰ ਵਪਾਰ ਸਿਰਫ਼ ਸੋਲਾਂ ਪ੍ਰਤੀਸ਼ਤ ਹੈ, ਬਾਕੀ ਹਥਿਆਰ ਦੂਸਰੇ ਮਹਾਂਦੀਪਾਂ ਦੇ ਦੇਸ਼ਾਂ ਨੂੰ ਵੇਚੇ ਜਾਂਦੇ ਹਨ। ਚਾਰ ਯੂਰਪੀਨ ਦੇਸ਼ ਫਰਾਂਸ, ਜਰਮਨੀ, ਇਟਲੀ ਅਤੇ ਸਪੇਨ ਹਥਿਆਰ ਵੇਚਣ ਵਾਲੇ ਦੇਸ਼ਾਂ ਵਿੱਚ ਕ੍ਰਮਵਾਰ ਦੂਸਰੇ,ਚੌਥੇ, ਛੇਵੇਂ ਅਤੇ ਦਸਵੇਂ ਨੰਬਰ ਤੇ ਆਉਂਦੇ ਹਨ।

ਫਰਾਂਸ ਆਲਮੀ ਪੱਧਰ ਤੇ ਜੰਗੀ ਹਥਿਆਰਾਂ ਦੇ ਵਪਾਰ ਵਿੱਚ 9.8% ਹਿੱਸਾ ਹੈ ਜਿਹੜਾ 2016-20 ਦੇ ਮੁਕਾਬਲੇ 2021-25 ਵਿੱਚ ਇੱਕੀ ਪ੍ਰਤੀਸ਼ਤ ਵਧਿਆ ਹੈ। ਏਸ਼ੀਆ,ਮਿਡਲ-ਈਸਟ ਅਤੇ ਓਸੀਆਨ ਮੁਲਕਾਂ ਨੂੰ ਫਰਾਂਸ ਨੇ ਕੁੱਲ 59% ਜੰਗੀ ਹਥਿਆਰ ਵੇਚੇ, ਭਾਵੇਂ ਕਿ ਯੂਰਪੀਨ ਦੇਸ਼ਾਂ ਵਿੱਚ ਵੀ ਫ਼ਰਾਂਸੀਸੀ ਜੰਗੀ ਹਥਿਆਰਾਂ ਦਾ ਵਪਾਰ ਇਹਨਾਂ ਪੰਜਾਂ ਸਾਲਾਂ ਵਿੱਚ 452% ਵਧਿਆ ਹੈ। ਜਰਮਨੀ ਦੇ ਜੰਗੀ ਹਥਿਆਰਾਂ ਦੇ ਵਪਾਰ ਵਿੱਚ ਵੀ 2016-20 ਦੇ ਮੁਕਾਬਲੇ 2021-25 ਵਿੱਚ ਪੰਦਰਾਂ ਪ੍ਰਤੀਸ਼ਤ ਦਾ ਵਾਧਾ ਨੋਟ ਕੀਤਾ ਗਿਆ ਜਰਮਨੀ ਦਾ ਕੌਮਾਂਤਰੀ ਜੰਗੀ ਹਥਿਆਰ ਵਪਾਰ ਵਿੱਚ ਹਿੱਸਾ 5.7% ਹੈ। ਜਰਮਨੀ ਜ਼ਿਆਦਾ ਹਥਿਆਰ (41%) ਯੂਰਪੀਨ ਦੇਸ਼ਾਂ ਨੂੰ ਹੀ ਵੇਚਦਾ ਹੈ ਜਿਸ ਵਿੱਚੋਂ ਚੌਵੀ ਪ੍ਰਤੀਸ਼ਤ ਦਾ ਯੂਕਰੇਨ ਖਰੀਦਦਾਰ ਹੈ। ਪੰਜਾਹ ਪ੍ਰਤੀਸ਼ਤ ਜਰਮਨ ਹਥਿਆਰਾਂ ਦਾ ਵਪਾਰ ਏਸ਼ੀਆ,ਮਿਡਲ ਈਸਟ ਅਤੇ ਓਸੀਆਨ ਦੇਸ਼ਾਂ ਨਾਲ ਹੁੰਦਾ ਹੈ।

ਇਟਲੀ ਦੇ ਜੰਗੀ ਹਥਿਆਰਾਂ ਦੇ ਵਪਾਰ ਵਿੱਚ 2016-20 ਦੇ ਮੁਕਾਬਲੇ 2021-25 ਦੌਰਾਨ 157% ਵਾਧਾ ਨੋਟ ਕੀਤਾ ਗਿਆ। ਇਟਲੀ ਦਾ ਜੰਗੀ ਹਥਿਆਰਾਂ ਦੇ ਵਪਾਰ ਵਿੱਚ 5.1% ਹੈ। ਇਟਾਲੀਅਨ ਹਥਿਆਰਾਂ ਦਾ ਵੱਡੇ ਖਰੀਦਦਾਰ (59%) ਮਿਡਲ ਈਸਟ ਦੇਸ਼ ਹਨ। ਇਸੇ ਤਰ੍ਹਾਂ ਸਪੇਨ ਦੇ ਜੰਗੀ ਹਥਿਆਰਾਂ ਦੇ ਵਪਾਰ ਵਿੱਚ ਵੀ 6.7% ਵਾਧਾ ਹੋਇਆ ਹੈ ਅਤੇ ਇਟਲੀ ਦੀ ਤਰ੍ਹਾਂ ਹੀ ਮਿਡਲ ਈਸਟ ਦੇ ਦੇਸ਼ ਵਿੱਚ ਸਭ ਤੋਂ ਵੱਧ (43%) ਸਪੇਨੀ ਹਥਿਆਰ ਵੇਚੇ ਜਾਂਦੇ ਹਨ।

### ਜੰਗੀ ਹਥਿਆਰਾਂ ਦੇ ਹੋਰ ਵਪਾਰੀ

ਜੰਗੀ ਹਥਿਆਰਾਂ ਦਾ ਰੂਸ ਭਾਵੇਂ 2021-25 ਵਿੱਚ 6.8% ਹਿੱਸੇ ਨਾਲ ਤੀਸਰਾ ਸਭ ਤੋਂ ਵੱਡਾ ਵਪਾਰੀ ਹੈ ਪਰ 2016-20 ਵਿੱਚ ਇਸਦਾ ਹਿੱਸਾ ਇੱਕੀ ਪ੍ਰਤੀਸ਼ਤ ਸੀ। ਰੂਸੀ ਹਥਿਆਰਾਂ ਦੇ ਵੱਡੇ ਖਰੀਦਦਾਰਾਂ ਵਿੱਚ ਭਾਰਤ (48%), 13-13% ਨਾਲ ਚੀਨ ਅਤੇ ਬੇਲਾਰੂਸ ਹਨ।

5.6% ਹਿੱਸੇ ਨਾਲ ਚੀਨ ਪੰਜਵਾਂ ਵੱਡਾ ਹਥਿਆਰ ਬਰਾਮਦਕਾਰ ਹੈ। ਪਿਛਲੇ ਪੰਜ ਸਾਲਾਂ ਦੌਰਾਨ ਇਸਦਾ ਜੰਗੀ ਹਥਿਆਰਾਂ ਦਾ ਕਾਰੋਬਾਰ ਗਿਆਰਾਂ ਪ੍ਰਤੀਸ਼ਤ ਵਧਿਆ ਹੈ। ਪਾਕਿਸਤਾਨ (61%) ਚੀਨੀ ਹਥਿਆਰਾਂ ਦਾ ਸਭ ਤੋਂ ਵੱਡਾ ਖਰੀਦਦਾਰ ਹੈ।

ਬਰਤਾਨੀਆ ਨੂੰ ਪਿੱਛੇ ਛੱਡ 2021-25 ਦੌਰਾਨ ਇਜ਼ਰਾਈਲ ਕੌਮਾਂਤਰੀ ਜੰਗੀ ਹਥਿਆਰ ਵਪਾਰ ਵਿੱਚ 4.4% ਹਿੱਸੇ ਨਾਲ ਸੱਤਵਾਂ ਸਭ ਤੋਂ ਵੱਡਾ ਹਥਿਆਰ ਵਪਾਰੀ ਬਣ ਗਿਆ ਹੈ। ਸਾਲ 2016-20 ਦੀ ਤੁਲਨਾ ਵਿੱਚ ਇਜ਼ਰਾਈਲੀ ਹਥਿਆਰਾਂ ਦਾ ਵਪਾਰ 56% ਵਧਿਆ ਹੈ। ਇਹ ਇਸ ਤੱਥ ਦੇ ਬਾਵਜੂਦ ਹੈ ਕਿ ਬਹੁਤੇ ਦੇਸ਼ ਗਾਜ਼ਾ ਵਿੱਚ ਕੀਤੀ ਫ਼ਲਸਤੀਨੀ ਨਸਲਕੁਸ਼ੀ ਕਰਕੇ ਇਜ਼ਰਾਈਲ ਤੋਂ ਪਾਸਾ ਵੱਟਦੇ ਹਨ। ਇਜ਼ਰਾਈਲ ਦਾ ਜੰਗੀ ਹਥਿਆਰਾਂ ਦਾ ਵਪਾਰ ਸਭ ਤੋਂ ਵੱਧ (41%) ਯੂਰਪੀਨ ਦੇਸ਼ਾਂ ਨਾਲ ਹੈ।

ਇਸੇ ਤਰ੍ਹਾਂ ਬਰਤਾਨੀਆ ਅਤੇ ਦੱਖਣੀ ਕੋਰੀਆ ਦੇ ਜੰਗੀ ਹਥਿਆਰਾਂ ਦਾ ਵਪਾਰ ਵੀ 2016-20 ਦੀ ਤੁਲਨਾ ਵਿੱਚ 2021-25 ਦੌਰਾਨ ਕ੍ਰਮਵਾਰ 13 ਅਤੇ 24 ਪ੍ਰਤੀਸ਼ਤ ਵਧਿਆ ਹੈ।

### ਜੰਗੀ ਹਥਿਆਰਾਂ ਦੇ ਖ਼ਰੀਦਦਾਰ

ਸਾਲ 2021-25 ਦੌਰਾਨ ਯੂਕਰੇਨ, ਭਾਰਤ, ਸਾਊਦੀ ਅਰਬ,ਕਤਰ ਅਤੇ ਪਾਕਿਸਤਾਨ ਜੰਗੀ ਹਥਿਆਰਾਂ ਦੇ ਦੁਨੀਆਂ ਭਰ ਵਿੱਚ ਸਭ ਤੋਂ ਵੱਡੇ ਖਰੀਦਦਾਰ ਸਨ ਜਿਹਨਾਂ ਕੁੱਲ ਮਿਲਾਕੇ ਪੈਂਤੀ ਪ੍ਰਤੀਸ਼ਤ ਜੰਗੀ ਹਥਿਆਰ ਖਰੀਦੇ, ਜਦੋਂ ਕਿ ਅਫ਼ਰੀਕਾ ਦੇ ਦੇਸ਼ਾਂ ਨੇ ਭਾਵੇਂ ਸਿਰਫ਼ 4.3% ਹਥਿਆਰ ਖਰੀਦੇ ਪਰ ਇਹ ਅੰਕੜਾ 2016-20 ਦੇ ਮੁਕਾਬਲੇ 41% ਵੱਧ ਹੈ। ਅਫ਼ਰੀਕੀ ਦੇਸ਼ਾਂ ਨੇ ਅਮਰੀਕਾ ਤੋਂ 19%, ਚੀਨ ਤੋਂ 17%, ਰੂਸ ਤੋਂ 15% ਅਤੇ ਫਰਾਂਸ ਤੋਂ 8.3% ਹਥਿਆਰ ਖਰੀਦੇ। ਸੂਡਾਨ ਵਿੱਚ ਚੱਲ ਰਹੀ ਖਾਨਾਜੰਗੀ ਵਿੱਚ ਕਾਫ਼ੀ ਹਥਿਆਰ ਅਣ-ਐਲਾਨੇ ਸਰੋਤਾਂ ਤੋਂ ਵੀ ਖਰੀਦੇ ਗਏ।

ਇਜ਼ਰਾਈਲ ਤੋਂ ਜੰਗੀ ਹਥਿਆਰਾਂ ਦੀ ਖਰੀਦ ਵਿੱਚ ਅੱਜ ਕੱਲ੍ਹ ਭਾਰਤ ਪਹਿਲੇ ਨੰਬਰ ਤੇ ਹੈ। ਪਰ ਇਹ ਇਹ ਵੀ ਇੱਕ ਤੱਥ ਹੈ ਕਿ ਕਿਸੇ ਸਮੇਂ ਵਿੱਚ ਦੱਖਣੀ ਅਫਰੀਕਾ ਦੀ ਨਸਲਵਾਦੀ ਸਰਕਾਰ ਇਜ਼ਰਾਈਲੀ ਹਥਿਆਰਾਂ ਦੀ ਸਭ ਤੋਂ ਵੱਡੀ ਖਰੀਦਦਾਰ ਸੀ।ਦੱਖਣ ਅਮਰੀਕੀ ਦੇਸ਼ਾਂ ਵਿੱਚ ਜੰਗੀ ਹਥਿਆਰਾਂ ਦੀ ਖਰੀਦ ਵਿੱਚ 31% ਵਾਧਾ ਵੇਖਣ ਨੂੰ ਮਿਲਿਆ। ਬ੍ਰਾਜ਼ੀਲ ਸਭ ਤੋਂ ਵੱਡਾ ਖਰੀਦਦਾਰ ਸਾਬਤ ਹੋਇਆ ਜਿਸਨੇ ਖਿੱਤੇ ਵਿੱਚ ਆਏ ਜੰਗੀ ਹਥਿਆਰਾਂ ਵਿੱਚੋਂ ਸੱਠ ਪ੍ਰਤੀਸ਼ਤ ਹਥਿਆਰ ਖਰੀਦੇ। ਬ੍ਰਾਜ਼ੀਲ ਵੱਲੋਂ ਹਥਿਆਰਾਂ ਦੀ ਖਰੀਦ 2016-20 ਦੀ ਤੁਲਨਾ ਵਿੱਚ 150% ਜ਼ਿਆਦਾ ਸੀ। ਬ੍ਰਾਜ਼ੀਲ ਨੇ 41% ਹਥਿਆਰ ਫਰਾਂਸ ਤੋਂ, 12% ਅਮਰੀਕਾ ਤੋਂ ਅਤੇ 11% ਜੰਗੀ ਹਥਿਆਰ ਸਵੀਡਨ ਤੋਂ ਖਰੀਦ ਕੀਤੇ।

ਏਸ਼ੀਆ-ਓਸੀਆਨਾ ਵਿੱਚ ਜੰਗੀ ਹਥਿਆਰਾਂ ਦੀ ਦਰਾਮਦ:

ਭਾਵੇਂ ਇਸ ਖਿੱਤੇ ਵਿੱਚ 2020-25 ਦੌਰਾਨ ਜੰਗੀ ਹਥਿਆਰਾਂ ਦੀ ਖਰੀਦ 2016-20 ਦੇ ਮੁਕਾਬਲੇ 20% ਘਟੀ ਹੈ ਪਰ ਆਲਮੀ ਪੱਧਰ ਤੇ ਇਹਨਾਂ ਹਥਿਆਰਾਂ ਦੀ ਖਰੀਦ ਦੇ ਮਾਮਲੇ ਵਿੱਚ ਭਾਰਤ ਦੂਸਰੇ ਨੰਬਰ ਤੇ, ਪਾਕਿਸਤਾਨ ਪੰਜਵੇਂ ਨੰਬਰ ਤੇ, ਜਾਪਾਨ ਛੇਵੇਂ ਨੰਬਰ ਤੇ ਅਤੇ ਆਸਟਰੇਲੀਆ ਦਸਵੇਂ ਨੰਬਰ ਤੇ ਹੈ।ਭਾਰਤ ਨੇ ਕੌਮਾਂਤਰੀ ਪੱਧਰ ਤੇ ਵਿਕੇ ਜੰਗੀ ਹਥਿਆਰਾਂ ਦਾ 8.2% ਖਰੀਦਿਆ ਹੈ। ਇਹਨਾਂ ਦਿਨਾਂ ਵਿੱਚ ਵੀ ਭਾਰਤ ਨੇ 149 ਕੰਬੈਟ ਏਅਰਕਰਾਫਟ ਫਰਾਂਸ ਤੋਂ ਅਤੇ ਛੇ ਪਨਡੁੱਬੀਆਂ ਦਾ ਆਰਡਰ ਜਰਮਨੀ ਤੋਂ ਕੀਤਾ ਹੈ।ਇਹ ਭਾਰਤ ਦੀ ਲਗਾਤਾਰ ਵਿਦੇਸ਼ੀ ਹਥਿਆਰਾਂ ਤੇ ਟੇਕ ਨੂੰ ਦਰਸਾਉਂਦਾ ਹੈ, ਜਦਕਿ ਨਰਿੰਦਰ ਮੋਦੀ ਸਰਕਾਰ ਲਗਾਤਾਰ ਮੇਕ ਇਨ ਇੰਡੀਆ ਵਰਗੇ ਪ੍ਰੋਗਰਾਮਾਂ ਦਾ ਵੱਡੇ ਪੱਧਰ 'ਤੇ ਪ੍ਰਚਾਰ ਕਰਦੀ ਹੈ।ਇੱਕ ਹੋਰ ਪਹਿਲੂ ਕਾਬਲੇ.ਗੌਰ ਹੈ ਕਿ ਭਾਰਤ ਆਪਣੀਆਂ ਜੰਗੀ ਲੋੜਾਂ ਲਈ ਪਿਛਲੇ ਇੱਕ ਦਹਾਕੇ ਤੋਂ ਰੂਸ ਤੋਂ ਪਰਾਂ ਹੋ ਕੇ ਪੱਛਮੀ ਦੇਸ਼ਾਂ ਖ਼ਾਸ ਕਰਕੇ ਇਜ਼ਰਾਈਲ, ਫਰਾਂਸ ਅਤੇ ਅਮਰੀਕਾ ਵੱਲ ਝੁੱਕ ਰਿਹਾ ਹੈ।

ਜੂਨ 2026 ਵਿੱਚ ਵੀ ਭਾਰਤ ਨੇ ਫਰਾਂਸ ਤੋਂ 116 ਰਾਫੇਲ ਜੰਗੀ ਜਹਾਜ਼ਾਂ ਦਾ ਬੇਨਤੀ ਪੱਤਰ ਫਰਾਂਸ ਸਰਕਾਰ ਨੂੰ ਭੇਜਿਆ ਹੈ ਜਿਸਦੀ ਕੀਮਤ ਤਕਰੀਬਨ 45 ਬਿਲੀਅਨ ਡਾਲਰ ਹੈ। ਭਾਰਤ ਦੀਆਂ ਜੰਗੀ ਲੋੜਾਂ ਵਿੱਚ ਰੂਸ ਦਾ ਹਿੱਸਾ 2011-15 ਦੌਰਾਨ 70% ,2016-20 ਦੌਰਾਨ 51% ਅਤੇ 2021-25 ਦੌਰਾਨ ਘੱਟਕੇ 40% ਰਹਿ ਗਿਆ ਹੈ।

ਸਾਲ 2021-25 ਦੌਰਾਨ ਪਾਕਿਸਤਾਨ ਜੰਗੀ ਹਥਿਆਰਾਂ ਦੇ ਖ਼ਰੀਦਦਾਰ ਦੇ ਤੌਰ ਤੇ ਪੰਜਵੇਂ ਸਥਾਨ ਤੇ ਹੈ ਜਿਹੜਾ ਕਿ 2016-20 ਦੌਰਾਨ ਦਸਵੇਂ ਸਥਾਨ ਤੇ ਸੀ ਕਿਉਂਕਿ ਇਸ ਸਮੇਂ ਦੌਰਾਨ ਪਾਕਿਸਤਾਨ ਨੇ ਜੰਗੀ ਹਥਿਆਰਾਂ ਦੀ ਖਰੀਦ 66% ਜ਼ਿਆਦਾ ਕੀਤੀ। ਪਿਛਲੇ ਪੰਜ ਸਾਲਾਂ ਦੌਰਾਨ ਪਾਕਿਸਤਾਨ ਨੇ ਸੰਸਾਰ ਪੱਧਰ ਤੇ ਵੇਚੇ ਗਏ ਹਥਿਆਰਾਂ ਵਿੱਚੋਂ 4.2% ਜੰਗੀ ਹਥਿਆਰ ਖਰੀਦੇ। ਪਾਕਿਸਤਾਨ ਦੀ ਅੱਸੀ ਪ੍ਰਤੀਸ਼ਤ ਖਰੀਦ ਚੀਨ ਤੋਂ ਹੋਈ।

ਜਾਪਾਨ ਜਿਹੜਾ 2016-20 ਜੰਗੀ ਹਥਿਆਰ ਖਰੀਦਣ ਦੇ ਮਾਮਲੇ ਵਿੱਚ ਗਿਆਰਵੇਂ ਸਥਾਨ ਤੇ ਸੀ, ਉਹ 2021-25 ਵਿੱਚ ਛੇਵੇਂ ਸਥਾਨ ਤੇ ਆ ਗਿਆ ਕਿਉਂਕਿ ਜਾਪਾਨ ਦੀ ਜੰਗੀ ਹਥਿਆਰਾਂ ਦੀ ਖਰੀਦ ਵੀ ਪਿਛਲੇ ਪੰਜ ਸਾਲਾਂ ਦੌਰਾਨ 76% ਵਧੀ। ਜਾਪਾਨ ਨੂੰ ਹਥਿਆਰ ਸਪਲਾਈ ਕਰਨ ਵਿੱਚ 95% ਹਿੱਸੇ ਨਾਲ ਅਮਰੀਕਾ ਸਭ ਤੋਂ ਵੱਡਾ ਹਥਿਆਰ ਸਪਲਾਇਰ ਰਿਹਾ ਹੈ। ਇਸੇ ਤਰ੍ਹਾਂ ਤਾਇਵਾਨ ਨੇ ਵੀ ਪਿਛਲੇ ਪੰਜ ਸਾਲਾਂ ਦੌਰਾਨ 54% ਵੱਧ ਹਥਿਆਰ ਖਰੀਦੇ ਹਨ। ਦੱਖਣ -ਪੂਰਬੀ ਦੇਸ਼ਾਂ ਵਿੱਚੋਂ ਇੰਡੋਨੇਸ਼ੀਆ ਸਭ ਤੋਂ ਵੱਡਾ ਖਰੀਦਦਾਰ ਰਿਹਾ ਹੈ ਜਿਸਨੇ ਆਲਮੀ ਹਥਿਆਰਾਂ ਦਾ 1.5% ਹਿੱਸਾ ਖਰੀਦਿਆ। ਪਿਛਲੇ ਸਾਲ ਹੋਈ ਕੰਬੋਡੀਆ -ਥਾਈਲੈਂਡ ਲੜਾਈ ਵਿੱਚ ਜਿੱਥੇ ਕੰਬੋਡੀਆ ਨੇ ਚੀਨੀ ਹਥਿਆਰਾਂ ਦਾ ਇਸਤੇਮਾਲ ਕੀਤਾ, ਉੱਥੇ ਹੀ ਥਾਈਲੈਂਡ ਨੂੰ ਅਮਰੀਕਾ ਅਤੇ ਸਵੀਡਨ ਤੋਂ ਜੰਗੀ ਹਥਿਆਰ ਪ੍ਰਾਪਤ ਹੋਏ।

ਯੂਰਪ ਨੂੰ ਜੰਗੀ ਹਥਿਆਰਾਂ ਦੀ ਸਪਲਾਈ ਵਿੱਚ ਵੀ 210% ਵਾਧਾ ਵੇਖਣ ਨੂੰ ਮਿਲਿਆ ਜਿਹਨਾਂ ਵਿੱਚੋਂ ਅੱਧੇ ਅਮਰੀਕਾ ਤੋਂ ਹਾਸਲ ਹੋਏ। ਸਾਲ 2025 ਵਿੱਚ ਪੱਚੀ ਦੇਸ਼ ਅਮਰੀਕਾ ਤੋਂ ਵੱਡੇ ਜੰਗੀ ਹਥਿਆਰ ਖਰੀਦ ਕੇ ਯੂਕਰੇਨ ਨੂੰ ਵੇਚਣ ਲਈ ਸਹਿਮਤ ਹੋਏ।

2021-25 ਦਰਮਿਆਨ ਨਾਟੋ ਦੇ ਯੂਰਪੀਨ ਭਾਈਵਾਲਾਂ ਨੇ ਵੀ 2016-20 ਦੀ ਤੁਲਨਾ ਵਿੱਚ 143% ਜੰਗੀ ਹਥਿਆਰ ਵੱਧ ਖਰੀਦੇ ਹਨ ਜਿਹਨਾਂ ਵਿੱਚੋਂ 58% ਇਕੱਲੇ ਅਮਰੀਕਾ ਤੋਂ ਹੀ ਖਰੀਦੇ ਗਏ, ਜਦਕਿ 8.6% ਦੱਖਣੀ ਕੋਰੀਆ ਅਤੇ 7.7% ਜੰਗੀ ਹਥਿਆਰ ਇਜ਼ਰਾਈਲ ਨੇ ਯੂਰਪੀ ਮੁਲਕਾਂ ਨੂੰ ਵੇਚੇ। ਨਾਟੋ ਮੁਲਕਾਂ ਵਿੱਚੋਂ ਇਕੱਲੇ ਪੋਲੈਂਡ ਨੂੰ ਹੀ ਸਤਾਰਾਂ ਪ੍ਰਤੀਸ਼ਤ ਹਥਿਆਰ ਪ੍ਰਾਪਤ ਹੋਏ, ਜਿਹੜਾ ਕਿ ਕੌਮਾਂਤਰੀ ਪੱਧਰ ਤੇ 3.6% ਬਣਦਾ ਹੈ। ਪੋਲੈਂਡ ਵੱਲੋਂ 2021-25 ਵਿੱਚ ਪ੍ਰਾਪਤ ਕੀਤੇ ਜੰਗੀ ਹਥਿਆਰਾਂ ਦੀ ਮਾਤਰਾ 2016-20 ਦੇ ਮੁਕਾਬਲੇ 9 ਗੁਣਾਂ (852%) ਜ਼ਿਆਦਾ ਸੀ। ਪੋਲੈਂਡ ਨੇ 47% ਜੰਗੀ ਹਥਿਆਰ ਦੱਖਣੀ ਕੋਰੀਆ ਅਤੇ 44% ਜੰਗੀ ਹਥਿਆਰ ਅਮਰੀਕਾ ਤੋਂ ਖਰੀਦੇ।

### ਮੱਧ-ਪੂਰਬ

ਜੰਗੀ ਹਥਿਆਰਾਂ ਦੀ ਖਰੀਦ ਵਿੱਚ ਸਾਊਦੀ ਅਰਬ ਦੀ ਖਰੀਦ 31% ਘਟੀ ਹੈ ਪਰ ਕਤਰ ਦੀ ਖਰੀਦ 106% ਅਤੇ ਕੁਵੈਤ ਦੀ 805% ਜੰਗੀ ਹਥਿਆਰਾਂ ਦੀ ਖਰੀਦ ਵਧੀ ਹੈ। ਹਥਿਆਰਾਂ ਦੀ ਖਰੀਦੋ-ਫਰੋਖਤ ਦੇ ਮਾਮਲੇ ਵਿੱਚ ਸਾਊਦੀ ਅਰਬ, ਕਤਰ ਅਤੇ ਕੁਵੈਤ ਪਿਛਲੇ ਪੰਜ ਸਾਲਾਂ ਵਿੱਚ ਵੀ ਕ੍ਰਮਵਾਰ ਤੀਸਰੇ, ਚੌਥੇ ਅਤੇ ਨੌਵੇਂ ਸਥਾਨ ਤੇ ਸਨ। (ਕੁਵੈਤ 2016-20 ਵਿੱਚ ਹਥਿਆਰਾਂ ਦੀ ਖਰੀਦ ਵਿੱਚ ਆਲਮੀ ਪੱਧਰ ਤੇ 47ਵੇਂ ਸਥਾਨ ਤੇ ਸੀ)। ਇਹਨਾਂ ਦੇਸ਼ਾਂ ਨੂੰ ਹਥਿਆਰ ਸਪਲਾਈ ਕਰਨ ਵਿੱਚ ਅਮਰੀਕਾ, ਇਟਲੀ, ਫਰਾਂਸ ਅਤੇ ਜਰਮਨੀ ਦਾ ਯੋਗਦਾਨ ਕ੍ਰਮਵਾਰ 54,12,11 ਅਤੇ 7.3 ਪ੍ਰਤੀਸ਼ਤ ਸੀ।

### ਇਜ਼ਰਾਈਲ ਅਤੇ ਇਰਾਨ

2021-25 ਦਾ ਸਮਾਂ ਨਾ ਸਿਰਫ਼ ਇਜ਼ਰਾਈਲ ਵੱਲੋਂ ਫ਼ਲਸਤੀਨ ਦੀ ਕੀਤੀ ਕਤਲੋਗਾਰਦ ਦਾ ਸਮਾਂ ਸੀ ਬਲਕਿ ਇਜ਼ਰਾਈਲ ਵੱਲੋਂ ਲੈਬਨਾਨ, ਇਰਾਨ,ਸੀਰੀਆ ਅਤੇ ਯਮਨ ਵਿੱਚ ਕੀਤੇ ਹਮਲਿਆਂ ਦਾ ਵੀ ਸਮਾਂ ਸੀ। ਜੰਗੀ ਅਪਰਾਧਾਂ ਦੇ ਦੋਸ਼ੀ ਬੈਂਜਾਮਿਨ ਨੇਤਾਨਯਾਹੂ ਅਤੇ ਉਸਦੀ ਜੁੰਡਲੀ ਨੂੰ ਅਮਰੀਕਾ ਅਤੇ ਉਸਦੇ ਨਾਟੋ ਜੋੜੀਦਾਰਾਂ ਨੇ ਜੰਗੀ ਹਥਿਆਰਾਂ ਦੀ ਕੋਈ ਤੋਟ ਨਹੀਂ ਆਉਣ ਦਿੱਤੀ। ਪਿਛਲੇ ਪੰਜ ਸਾਲਾਂ ਦੌਰਾਨ ਇਜ਼ਰਾਈਲ ਨੇ ਉਸਤੋਂ ਪਹਿਲਾਂ ਦੇ ਪੰਜ ਸਾਲ ਦੇ ਮੁਕਾਬਲੇ ਬਾਰਾਂ ਪ੍ਰਤੀਸ਼ਤ ਵੱਧ ਜੰਗੀ ਹਥਿਆਰ ਪ੍ਰਾਪਤ ਕੀਤੇ। ਇਜ਼ਰਾਇਲੀ ਜੰਗਬਾਜ਼ਾਂ ਨੂੰ ਸਭ ਤੋਂ ਵੱਧ ਅਮਰੀਕਾ ਨੇ 68% ਅਤੇ ਜਰਮਨੀ ਨੇ 31% ਜੰਗੀ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

## ਅਮਰੀਕਾ ਦੇ ਖ਼ਾਬ ਕਦੇ ਪੂਰੇ ਨਹੀਂ ਹੋਣਗੇ

**ਅਮਰੀਕੀ ਸਾਮਰਾਜੀਆਂ ਵੱਲੋਂ ਅਰਬ ਦੇਸ਼ਾਂ 'ਤੇ ਕਬਜ਼ੇ ਲਈ ਲਗਾਤਾਰ ਸਾਜਿਸ਼ਾਂ ਰਚੀਆਂ ਜਾ ਰਹੀਆਂ ਹਨ। 1958 'ਚ ਅਮਰੀਕਾ ਵੱਲੋਂ ਲਿਬਨਾਨ 'ਤੇ ਕੀਤੇ ਹਮਲੇ ਵੇਲੇ ਰੋਜ਼ਾਨਾ ਨਵਾਂ ਜ਼ਮਾਨਾ ਨੇ 18 ਜੁਲਾਈ 1958 ਦੇ ਅੰਕ ਵਿੱਚ ਵਿਸ਼ੇਸ਼ ਸੰਪਾਦਕੀ ਲਿਖੀ ਸੀ, ਜੋ ਅੱਜ ਦੇ ਹਾਲਾਤ ਵੀ ਬਿਆਨ ਕਰਦੀ ਹੈ। -ਸੰਪਾਦਕ**

### ਤੀਜੀ ਜੰਗ ਦੇ ਕੰਢੇ 'ਤੇ

ਅਮਰੀਕੀ ਸਮੁੰਦਰੀ ਬੜੇ ਨੇ ਆਪਣੀਆਂ ਫੌਜਾਂ ਲਿਬਨਾਨ ਵਿਚ ਉਤਾਰ ਦਿੱਤੀਆਂ ਹਨ ਅਤੇ ਉਹਨਾਂ ਲਿਬਨਾਨ ਦੀ ਰਾਜਧਾਨੀ ਬੈਰੂਤ ਵੱਲ ਵਧਣਾ ਸ਼ੁਰੂ ਕਰ ਦਿੱਤਾ ਹੈ। ਉਧਰ ਬਰਤਾਨੀਆਂ ਵੱਲੋਂ ਇਰਾਕ ਵਿਚ ਛਾਤਾ-ਫੌਜ ਉਤਾਰਨ ਦੀ ਸੰਭਾਵਨਾ ਬਹੁਤ ਵਧ ਗਈ ਹੈ।ਅਮਰੀਕਾ ਦੇ ਸਾਮਰਾਜੀ ਧਾੜਵੀਆਂ ਵੱਲੋਂ ਅਰਬ ਦੇਸ਼ਾਂ ਵਿੱਚ ਇਹ ਸਿੱਧੀ ਮੁਦਾਖਲਤ ਹੈ, ਜਿਸ ਦਾ ਮਕਸਦ ਅਰਬ ਲੋਕਾਂ ਵਿਚ ਵਧ ਰਹੇ ਸਾਮਰਾਜ-ਵਿਰੋਧੀ ਜਜ਼ਬੇ ਦੇ ਕੁਚਲਣ ਤੇ ਉਹਨਾਂ ਦੀ ਕੌਮੀ ਆਜ਼ਾਦੀ ਦੀ ਤਹਿਰੀਕ ਨੂੰ ਮਲੀਆਮੇਟ ਕਰਨ ਤੋਂ ਛੁੱਟ ਹੋਰ ਕੁਝ ਨਹੀਂ ਹੋ ਸਕਦਾ।

ਇਸ ਧਾੜਵੀ ਹਮਲੇ ਨੇ ਸਾਰੀ ਦੁਨੀਆਂ ਦੇ ਅਮਨ-ਚਾਹ ਤੋਂ ਇਨਸਾਫਪਸੰਦ ਲੋਕਾਂ ਨੂੰ ਝੰਜੋੜ ਤੇ ਹਲੂਣ ਦਿੱਤਾ ਹੈ ਅਤੇ ਇਹ ਗੱਲ ਸੱਚੀ ਨਿਕਲੀ ਹੈ ਕਿ ਢਹਿ-ਢੇਰੀ ਹੋ ਰਹੇ ਸਾਮਰਾਜੀਆਂ ਤੋਂ ਹਰ ਮੂਰਖਤਾ ਹੋ ਸਕਦੀ ਹੈ। ਇਸ ਵੇਲੇ ਕੋਈ ਨਹੀਂ ਕਹਿ ਸਕਦਾ ਕਿ ਇਹ ਤੀਜੀ ਜੰਗ ਵਿਚ ਤਬਦੀਲ ਨਹੀਂ ਹੋਵੇਗਾ।ਅਮਰੀਕੀ ਸਾਮਰਾਜੀਆਂ ਨੇ ਲਿਬਨਾਨ ਦੇ ਅੰਦਰੂਨੀ ਝਗੜਿਆਂ ਵਿਚ ਮੁਦਾਖਲਤ ਕਰਕੇ ਪਾਗਲਪੁਣੇ ਦੀ ਹੱਦ ਕਰ ਦਿੱਤੀ ਹੈ।ਕੱਲ੍ਹ ਤੱਕ ਜਿੰਨੀਆਂ ਖਬਰਾਂ ਆ ਰਹੀਆਂ ਸਨ, ਉਹਨਾਂ ਤੋਂ ਇਕੋ ਗੱਲ ਪ੍ਰਗਟ ਹੁੰਦੀ ਸੀ ਕਿ ਅਮਰੀਕੀ ਸਾਮਰਾਜੀ ਲਿਬਨਾਨ ਦੇ ਘਰੇਲੂ ਝਗੜੇ ਵਿਚ ਹਥਿਆਰ ਦੇਣ ਤੋਂ ਛੁਟ ਕੋਈ ਫੌਜੀ ਮੁਦਾਖਲਤ ਨਹੀਂ ਕਰਨਗੇ। ਸਾਡੇ ਪ੍ਰਧਾਨ ਮੰਤਰ ਪੰਡਤ ਜਵਾਹਰ ਲਾਲ ਨੇ ਵੀ ਇਹੋ ਹੀ ਆਸ ਪਰਗਟ ਕੀਤੀ ਸੀ। ਅਮਰੀਕੀ-ਬਰਤਾਨਵੀ ਸਾਮਰਾਜੀ ਅਖ਼ਬਾਰ ਤੇ ਲੀਡਰ ਵੀ ਮੁਦਾਖਲਤ ਦੀ ਵਿਰੋਧਤਾ ਕਰ ਰਹੇ ਸਨ ਅਤੇ ਉਮੀਦ ਏਹੋ ਕੀਤੀ ਜਾ ਰਹੀ ਸੀ ਕਿ ਲਿਬਨਾਨ ਦਾ ਅੰਦਰੂਨੀ ਝਗੜਾ ਖੁਦ ਲਿਬਨਾਨੀ ਲੋਕ ਹੀ ਨਜਿੱਠਣਗੇ, ਇਸ ਵਿਚ ਬਾਹਰੋਂ ਮੁਦਾਖਲਤ ਨਹੀਂ ਹੋਣ ਲੱਗੀ।

ਪਰ ਇਰਾਕ ਦੀ ਫੌਜੀ ਬਗਾਵਤ ਨੇ ਅਮਰੀਕੀ ਸਾਮਰਾਜੀਆਂ ਦਾ ਦਿਮਾਗੀ ਤਵਾਜ਼ਨ ਖਤਮ ਕਰ ਦਿੱਤਾ ਅਤੇ ਇਹਨਾਂ ਨੂੰ ਸਾਰੇ ਅਰਬ ਦੇਸ਼ ਤੇ ਉਹਨਾਂ ਦੇ ਬਹੁ-ਤੇਲ ਦੇ ਜਖੀਰੇ ਹੱਥੋਂ ਨਿਕਲਦੇ ਨਜ਼ਰ ਆਉਣ ਲੱਗ ਪਏ। ਇਰਾਕ ਦੀ ਬਗਾਵਤ ਨੇ ਇਹਨਾਂ ਨੂੰ ਏਨਾ ਸਦਮਾ ਪਹੁੰਚਾਇਆ ਕਿ ਇਹਨਾਂ ਦੇ ਸਭ ਹੋਸ਼-ਹਵਾਸ ਗੁੰਮ ਹੋ ਗਏ ਅਤੇ ਇਹਨਾਂ ਬਰਤਾਨਵੀ ਸਾਮਰਾਜੀਆਂ ਨਾਲ ਮਸ਼ਵਰਾ ਕਰਕੇ ਸ਼ਰਮਨਾਕ ਹਮਲਾ ਸ਼ੁਰੂ ਕਰ ਦਿੱਤਾ।

ਹਮਲਾ ਪਹਿਲਾਂ ਕਰ ਦਿੱਤਾ ਗਿਆ ਹੈ ਅਤੇ ਇਤਹਾਦੀ ਕੌਂਸਲ ਦੀ ਮੀਟਿੰਗ ਪਿਛੋਂ ਸੱਦੀ ਜਾ ਰਹੀ ਹੈ। ਇਹ ਗੱਲ ਠੀਕ ਉਸੇ ਤਰ੍ਹਾਂ ਹੀ ਕੀਤੀ ਜਾ ਰਹੀ ਹੈ, ਜਿਵੇਂ ਇਹਨਾਂ ਕੋਰੀਆ ਵਿਚ ਕੀਤਾ ਸੀ। ਹਮਲਾ ਪਹਿਲਾਂ ਤੋਂ ਅਤੇ ਇਤਹਾਦੀ ਸਭਾ ਦੀ ਮਨਜ਼ੂਰੀ ਪਿਛੋਂ। ਕੋਰੀਆ ਵਿਚ ਇਹਨਾਂ ਅੜਿੰਗ ਕੇ ਸਮਝੌਤਾ ਕੀਤਾ ਸੀ, ਪਰ ਅੱਜ ਉਹ ਜ਼ਮਾਨਾ ਦੂਰ ਪਿੱਛੇ ਰਹਿ ਗਿਆ।ਜੇ ਲਿਬਨਾਨ ਵਿਚੋਂ ਇਹ ਸਿੰਗ ਬਚਾ ਕੇ ਵੀ ਬਚ ਜਾਣ ਤਾਂ ਵੱਡੀ ਗੱਲ ਹੋਵੇਗੀ।

ਇਤਹਾਦੀ ਸਭਾ ਜਿਹੜੀ ਅਮਨ ਕਾਇਮ ਤੇ ਬਹਾਲ ਰੱਖਣ ਲਈ ਗਈ ਸੀ ਅਤੇ ਜਿਸ ਤੋਂ ਲੋਕਾਂ ਨੂੰ ਬੜੀਆਂ ਆਸਾਂ ਸਨ, ਉਸ ਨੂੰ ਸਾਮਰਾਜ ਅੱਜ ਛੋਟੇ ਦੇਸ਼ਾਂ ਨੂੰ ਗੁਲਾਮ ਬਣਾ ਕੇ ਬਣਾਈ ਰੱਖਣ ਲਈ ਵਰਤ ਰਿਹਾ ਹੈ ਅਤੇ ਇਸ ਨੂੰ ਉਸੇ ਹੀ ਰਾਹ 'ਤੇ ਸੁੱਟ ਰਿਹਾ ਹੈ, ਜਿਸ 'ਤੇ ਆਲਮੀ ਜੰਗ ਤੋਂ ਪਿਛੋਂ ਕੌਮਾਂ ਦੀ ਲੀਗ ਨੂੰ ਸੁੱਟਿਆ ਗਿਆ ਸੀ, ਪਰ ਹਾਲਾਤ ਬਦਲ ਚੁੱਕੇ ਹਨ, ਇਹ ਹਮਲਾ ਕਾਮਯਾਬ ਨਹੀਂ ਹੋਣ ਲੱਗਾ।

ਅਮਰੀਕੀ ਸਾਮਰਾਜੀਆਂ ਦਾ ਇਹ ਧਾੜਵੀ ਹਮਲਾ ਸਾਰੇ ਅਰਬ ਦੇਸ਼ਾਂ ਨੂੰ ਡਰਾਉਣ ਲਈ ਕੀਤਾ ਗਿਆ ਹੈ। ਇਸ ਦਾ ਨਿਸ਼ਾਨਾ ਲਿਬਨਾਨ ਨੂੰ ਦਬਾਅ ਕੇ, ਜਮਹੂਰੀ ਬਗਾਵਤ ਚੱਲ ਕੇ ਮਿਸਰ ਤੋਂ ਸੀਰੀਆ ਦੀ ਸਾਂਝੀ ਅਰਬ ਰਿਪਬਲਿਕ ਨੂੰ ਤੋੜਨਾ ਤੇ ਅਰਬ ਦੇਸ਼ਾਂ ਨੂੰ ਹਮੇਸ਼ਾ ਲਈ ਗੁਲਾਮ ਬਣਾਉਣਾ ਤੇ ਬਣਾਈ ਰੱਖਣਾ ਹੈ। ਇਸ ਨੂੰ ਸਿਰੇ ਚਾੜ੍ਹਣ ਲਈ ਅਮਰੀਕੀ ਸਾਮਰਾਜੀਆਂ ਨੇ ਲਿਬਨਾਨ ਵਿਚ ਵੱਡੀ ਹਵਾਈ ਤੇ ਸਮੁੰਦਰੀ ਫੌਜ ਸੁੱਟ ਦਿੱਤੀ ਹੈ, ਤਾਂ ਜੋ ਝਟਪਟ ਇਹਨਾਂ ਦੇਸ਼ਾਂ ਦੇ ਦੇਸ਼ ਭਗਤਾਂ ਤੇ ਕੌਮ-ਪ੍ਰਸਤਾਂ ਨੂੰ ਖਤਮ ਕਰਕੇ ਮੁੜ ਅਮਰੀਕਾ ਪੱਖੀ ਹਕੂਮਤਾਂ ਕਾਇਮ ਕੀਤੀਆਂ ਜਾਣ।

ਪਰ ਅਰਬ ਕੌਮ-ਪ੍ਰਸਤੀ ਤੇ ਕੌਮੀ ਆਜ਼ਾਦੀ ਦਾ ਜਜ਼ਬਾ ਅਜਿੱਤ ਹੈ, ਇਹ ਅਮਰੀਕੀ ਸਾਮਰਾਜ ਤੋਂ ਸਰ ਨਹੀਂ ਹੋਣ ਲੱਗਾ। ਜੇ ਅਰਬ ਦੇਸ਼ਾਂ ਦੇ ਦੋਸਤਾਂ ਨੇ ਵਲੰਟੀਅਰਾਂ ਦੀ ਇਮਦਾਦ ਦੇਣੀ ਸ਼ੁਰੂ ਕਰ ਦਿੱਤੀ ਤਾਂ ਅਮਰੀਕੀ ਫੌਜਾਂ ਜਿੱਤ ਕੇ ਨਹੀਂ ਮੁੜਨਗੀਆਂ, ਓਥੋਂ ਹੀ ਉਹਨਾਂ ਦੀਆਂ ਕਬਰਾਂ ਪੁੱਟੀਆਂ ਜਾਣਗੀਆਂ। ਉਹਨਾਂ ਨੂੰ ਇਸ ਹਮਲੇ ਦੀ ਸਜ਼ਾ ਪੂਰੀ ਭੁਗਤਣੀ ਪਏਗੀ।ਦੁਨੀਆ ਅੱਜ ਤੀਜੀ ਜੰਗ ਦੇ ਕੰਢੇ ਉਤੇ ਖੜੀ ਹੈ। ਇਹਨਾਂ ਹਾਲਤਾਂ ਦੇ ਜ਼ਿੰਮੇਵਾਰ ਖਾਸ ਕਰ ਅਮਰੀਕੀ ਸਾਮਰਾਜੀਏ ਹਨ, ਜਿਹੜੇ ਦੁਨੀਆ ਵਿਚ ਗਲਬਾ ਹਾਸਲ ਕਰਨ ਦੇ ਖਾਬ ਲੈ ਰਹੇ ਹਨ, ਪਰ ਇਹਨਾਂ ਦੇ ਇਹ ਖਾਬ, ਖਾਬ ਹੀ ਰਹਿ ਜਾਣਗੇ, ਪੂਰੇ ਨਹੀਂ ਹੋਣ ਲੱਗੇ।

# ਆਰਥਿਕ ਸੰਕਟ, ਸਰਕਾਰ ਅਤੇ ਲੋਕ

**ਸਰਦਾਰਾ ਸਿੰਘ ਮਾਹਿਲ**

ਫਰਵਰੀ ਮਹੀਨੇ ਦੇ ਆਖਰੀ ਦਿਨ ਅਮਰੀਕਾ ਅਤੇ ਇਜ਼ਰਾਇਲ ਵੱਲੋਂ ਸਾਂਝੇ ਰੂਪ ਵਿੱਚ ਈਰਾਨ 'ਤੇ ਹਵਾਈ ਧਾਵਾ ਬੋਲਣ ਤੋਂ ਹੀ ਵੱਖ-ਵੱਖ ਆਰਥਿਕ ਮਾਹਿਰ ਸੰਸਾਰ ਵਿੱਚ ਮੰਦੀ ਆਉਣ ਦੇ ਖਦਸ਼ੇ ਜ਼ਾਹਰ ਕਰ ਰਹੇ ਸਨ। ਈਰਾਨ ਵੱਲੋਂ ਹਾਰਮੁਜ਼ ਜਲਡਮਰੂ ਦਾ ਲਾਂਘਾ ਬੰਦ ਕਰ ਦਿੱਤੇ ਜਾਣ ਤੋਂ ਬਾਅਦ ਆਰਥਿਕ ਸੰਕਟ ਸਿਰ ਚੜ੍ਹ ਕੇ ਬੋਲਣ ਲੱਗਿਆ, ਪਰ ਭਾਰਤ ਵਿੱਚ ਚਾਰ ਸੂਬਿਆਂ ਵਿੱਚ ਵਿਧਾਨ ਸਭਾ ਚੋਣਾਂ ਹੋ ਰਹੀਆਂ ਸਨ ਤਾਂ ਵਿੱਤ ਮੰਤਰੀ ਬੀਬੀ ਨਿਰਮਲਾ ਸੀਤਾਰਮਨ ਤੋਂ ਲੈ ਕੇ ਰਿਜ਼ਰਵ ਬੈਂਕ ਦੇ ਗਵਰਨਰ, ਸੰਜੇ ਮਲਹੋਤਰਾ ਜਿਹੇ ਬਿਆਨ ਦੇ ਰਹੇ ਸਨ ਕਿ ਭਾਰਤ ਦੇ ਲੋਕਾਂ ਨੂੰ ਚਿੰਤਾ ਕਰਨ ਦੀ ਕੋਈ ਲੋੜ ਨਹੀਂ, ਕਿਉਂਕਿ ਭਾਰਤੀ ਆਰਥਿਕਤਾ ਦੀਆਂ ਬੁਨਿਆਦਾਂ (Fundamental) ਬਹੁਤ ਮਜ਼ਬੂਤ ਹਨ। ਹਾਲਾਂਕਿ ਸਾਡੇ ਸਮੇਤ ਭਾਰਤ ਵਿੱਚ ਵੀ ਕਈ ਆਰਥਿਕ ਮਾਹਿਰ ਇਹ ਕਹਿ ਰਹੇ ਸਨ ਕਿ ਸਰਕਾਰ ਵੱਲੋਂ ਇਹ ਝੂਠ ਬੋਲਿਆ ਜਾ ਰਿਹਾ ਹੈ। ਭਾਰਤੀ ਆਰਥਿਕਤਾ ਪਹਿਲਾਂ ਹੀ ਸੰਕਟ ਦੀ ਲਪੇਟ ਵਿੱਚ ਆ ਚੁੱਕੀ ਹੈ, ਪਰ ਗੋਦੀ ਮੀਡੀਆ ਦੇ ਨਗ਼ਾਰਖਾਨੇ ਵਿੱਚ ਤੂਤੀ ਦੀ ਆਵਾਜ਼ ਕਿੱਥੇ ਸੁਣੀ ਜਾਂਦੀ ਹੈ, ਪਰ ਚੋਣਾਂ ਦੇ ਖ਼ਤਮ ਹੋਣ ਦੀ ਦੇਰ ਸੀ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਤਿਲੰਗਾਨਾ ਦੀ ਰਾਜਧਾਨੀ ਹੈਦਰਾਬਾਦ ਦੇ ਜੌੜੇ ਸ਼ਹਿਰ ਸਿਕੰਦਰਾਬਾਦ ਦੀ ਪਰੇਡ ਗਰਾਊਂਡ ਵਿੱਚ ਭਾਰਤੀ ਜਨਤਾ ਪਾਰਟੀ ਦੀ ਰੈਲੀ 'ਚ ਬੋਲਦਿਆਂ ਦਹਿਸ਼ਤ-ਪਾਊ ਢੰਗ ਨਾਲ ਆਰਥਿਕ ਸੰਕਟ ਦਾ ਐਲਾਨ ਕਰ ਦਿੱਤਾ। ਇਹੀ ਐਲਾਨ ਉਨ੍ਹਾਂ ਨੇ ਗੁਜਰਾਤ ਵਿੱਚ ਇੱਕ ਰੈਲੀ ਨੂੰ ਸੰਬੋਧਨ ਕਰਦਿਆਂ ਕੀਤਾ। ਉਹਨਾਂ ਕਿਹਾ ਕਿ ਪੈਟਰੋਲ, ਡੀਜ਼ਲ ਦੀ ਖਪਤ ਘਟਾਓ। ਜਿੱਥੇ ਸੰਭਵ ਹੋਵੇ, ਉਥੇ ਘਰੋਂ ਕੰਮ ਕਰੋ। ਜੇਕਰ ਜਾਣਾ ਹੀ ਹੋਵੇ ਤਾਂ ਕਾਰ ਪੂਲਿੰਗ, ਅਰਥਾਤ ਸਾਂਝੇ ਰੂਪ ਵਿੱਚ ਕਾਰ ਦੀ ਵਰਤੋਂ ਕਰੋ। ਆਉਣ ਵਾਲੀ ਜਨਤਕ ਸਵਾਰੀ ਦਾ ਇਸਤੇਮਾਲ ਕਰੋ। ਸ਼ੁਕਰ ਹੈ ਕਿ ਮੋਦੀ ਨੇ ਇਹ ਨਹੀਂ ਕਿਹਾ ਕਿ ਰਸੋਈ ਗੈਸ ਦੀ ਵਰਤੋਂ ਘਟਾਉਣ ਲਈ ਹਫਤੇ 'ਚ ਇੱਕ ਦਿਨ ਖਾਣਾ ਖਾਓ ਅਤੇ ਖਵਾਓ। ਅੱਗੇ ਸੋਨਾ ਖਰੀਦਣ ਤੋਂ ਗੁਰੇਜ਼ ਕਰੋ। ਵਿਦੇਸ਼ ਯਾਤਰਾਵਾਂ ਨੂੰ ਟਾਲੋ। ਭਾਵੇਂ ਇਹ ਕਹਿ ਕੇ ਮੋਦੀ ਚਾਰ ਦੇਸ਼ਾਂ ਦੀ ਯਾਤਰਾ ਲਈ ਜਹਾਜ਼ੇ ਚੜ੍ਹ ਗਿਆ। ਜਿੱਥੋਂ ਤੱਕ ਸੰਭਵ ਹੋਵੇ, ਆਯਾਤ (Import) ਤੋਂ ਗੁਰੇਜ਼ ਕਰੋ। ਮੋਦੀ ਦੇ ਇਸ ਪ੍ਰਵਚਨ ਤੋਂ ਬਾਅਦ ਸੜਕਾਂ 'ਤੇ ਵਾਹਨ ਤਾਂ ਘੱਟ ਨਹੀਂ ਆਏ, ਪਰ ਪੈਟਰੋਲ ਪੰਪਾਂ ਦੀਆਂ ਲੰਬੀਆਂ-ਲੰਬੀਆਂ ਕਤਾਰਾਂ ਜ਼ਰੂਰ ਦੇਖੀਆਂ ਗਈਆਂ। ਚੋਣਾਂ ਦੌਰਾਨ ਦੱਬਿਆ-ਘੁੱਟਿਆ ਸੰਕਟ ਕੜ੍ਹ ਪਾਟ ਕੇ ਬਾਹਰ ਆ ਗਿਆ। ਪ੍ਰੋਫੈਸਰ ਮੋਹਨ ਸਿੰਘ ਦੀ ਇੱਕ ਕਵਿਤਾ ਹੈ-

ਲੀਰਾਂ ਅੰਦਰ ਕਿਸ ਤਰ੍ਹਾਂ ਖੁਸ਼ਬੂ ਨੂੰ ਬੰਨ੍ਹ ਲਵਾਂ
ਕੱਖਾਂ ਹੇਠ ਕਿਸ ਤਰ੍ਹਾਂ ਭਾਂਬੜ ਲੁਕਾ ਲਵਾਂ।

ਇਹੀ ਗੱਲ ਆਰਥਿਕ ਸੰਕਟ ਬਾਰੇ ਵੀ ਸੱਚ ਹੈ।

ਸਰਕਾਰ ਵੱਲੋਂ ਇਸ ਤਰ੍ਹਾਂ ਪੇਸ਼ ਕੀਤਾ ਜਾ ਰਿਹਾ ਹੈ ਕਿ ਇਹ ਸੰਕਟ ਅਮਰੀਕਾ-ਇਜ਼ਰਾਇਲ ਦੀ ਈਰਾਨ ਨਾਲ ਜੰਗ ਅਤੇ ਪੱਛਮ ਏਸ਼ੀਆ ਦਾ ਸੰਕਟ ਦਾ ਨਤੀਜਾ ਹੈ, ਪਰ ਇਹ ਹਕੀਕਤ ਨਹੀਂ ਹੈ। ਪੱਛਮੀ ਏਸ਼ੀਆ ਸੰਕਟ ਨੇ ਤਾਂ ਇਸ ਸੰਕਟ ਨੂੰ ਤਿੱਖਿਆਂ ਹੀ ਕੀਤਾ ਹੈ। ਤੇਲ, ਗੈਸ ਦੀ ਕਿੱਲਤ ਨੂੰ ਤਾਂ ਈਰਾਨ-ਅਮਰੀਕਾ ਇਜ਼ਰਾਇਲ ਜੰਗ ਨਾਲ ਜੋੜ ਕੇ ਵੇਖਿਆ ਜਾ ਸਕਦਾ ਹੈ, ਪਰ ਸੋਨਾ ਨਾ ਖਰੀਦਣ ਨਾਲ ਸਿੱਧਾ ਕੀ ਸੰਬੰਧ ਹੈ? ਅਸਲ ਵਿੱਚ ਪੱਛਮੀ ਏਸ਼ੀਆ ਸੰਕਟ ਤੋਂ ਪਹਿਲਾਂ ਵੀ ਭਾਰਤੀ ਆਰਥਿਕਤਾ ਸੰਕਟ ਵਿੱਚ ਤਿਲਕ ਰਹੀ ਸੀ। ਇਸ ਦੀ ਇੱਕ ਉਦਾਹਰਣ ਹੈ ਕਿ ਭਾਰਤੀ ਹਾਕਮਾਂ ਨੇ ਬੜੇ ਜ਼ੋਰ-ਸ਼ੋਰ ਨਾਲ ਇਹ ਪ੍ਰਚਾਰ ਕੀਤਾ ਕਿ ਕੁੱਲ ਘਰੇਲੂ ਪੈਦਾਵਾਰ (GDP) ਪੱਖੋਂ ਭਾਰਤੀ ਅਰਥਚਾਰਾ ਦੁਨੀਆ ਦਾ ਤੀਜੇ ਨੰਬਰ ਦਾ ਅਰਥਚਾਰਾ ਬਣ ਗਿਆ ਹੈ। ਇਸ ਨੂੰ ਲੈ ਕੇ ਮੋਦੀ ਸਰਕਾਰ ਆਪਣੀ ਪਿੱਠ ਥਾਪੜਦੀ ਰਹੀ ਅਤੇ ਸੰਘ ਦੇ ਦਰਬਾਰੀ ਯਸ਼ਸਵੀ ਪ੍ਰਧਾਨ ਮੰਤਰੀ, ਮੋਦੀ ਦੀ ਆਭਾ ਦਾ ਗੁਣਗਾਨ ਕਰਦੇ ਰਹੇ, ਪਰ ਪਿੱਛੇ ਜਿਹੇ ਕੌਮਾਂਤਰੀ ਮੁਦਰਾ ਕੋਸ਼ ਵੱਲੋਂ ਜਾਰੀ ਰਿਪੋਰਟ ਵਿੱਚ ਦਰਸਾਇਆ ਗਿਆ ਹੈ ਕਿ ਭਾਰਤ ਕੁੱਲ ਘਰੇਲੂ ਪੈਦਾਵਾਰ ਦੇ ਪੱਖੋਂ ਸੰਸਾਰ ਵਿੱਚ ਛੇਵੇਂ ਨੰਬਰ ਦੀ ਆਰਥਿਕਤਾ ਹੈ। ਪਹਿਲੇ ਨੰਬਰ 'ਤੇ ਅਮਰੀਕਾ, ਦੂਸਰੇ ਨੰਬਰ 'ਤੇ ਚੀਨ, ਤੀਸਰੇ ਨੰਬਰ 'ਤੇ ਜਰਮਨੀ, ਚੌਥੇ ਨੰਬਰ 'ਤੇ ਜਾਪਾਨ, ਪੰਜਵੇਂ ਨੰਬਰ 'ਤੇ ਯੂਨਾਈਟਡ ਕਿੰਗਡਮ (ਬਰਤਾਨੀਆ) ਅਤੇ ਛੇਵੇਂ ਨੰਬਰ 'ਤੇ ਭਾਰਤ ਹੈ। ਅਮਰੀਕਾ ਦੀ ਕੁੱਲ ਘਰੇਲੂ ਪੈਦਾਵਾਰ 30.7 ਟ੍ਰਿਲੀਅਨ ਡਾਲਰ, ਚੀਨ 19.4 ਟ੍ਰਿਲੀਅਨ ਡਾਲਰ, ਜਰਮਨੀ 5 ਟ੍ਰਿਲੀਅਨ ਡਾਲਰ, ਜਾਪਾਨ 4.3 ਟ੍ਰਿਲੀਅਨ ਡਾਲਰ, ਬਰਤਾਨੀਆ 4 ਟ੍ਰਿਲੀਅਨ ਡਾਲਰ ਅਤੇ ਭਾਰਤ 3.9 ਟ੍ਰਿਲੀਅਨ ਡਾਲਰ ਹੈ। ਬਾਕੀ ਪੰਜਾਂ ਮੁਲਕਾਂ ਦੀ ਕੁੱਲ ਘਰੇਲੂ ਪੈਦਾਵਾਰ ਅਮਰੀਕਾ ਤੋਂ ਥੋੜ੍ਹੀ ਵੱਧ ਹੈ ਪ੍ਰੰਤੂ ਪਿਛਲੇ ਚਾਰ ਮੁਲਕਾਂ ਦੀ ਤਾਂ ਜਰਮਨੀ, ਜਾਪਾਨ, ਬਰਤਾਨੀਆ ਅਤੇ ਭਾਰਤ ਨੂੰ ਮਿਲਾ ਕੇ ਵੀ ਚੀਨ ਨਾਲੋਂ ਵੀ ਘੱਟ ਬਣਦੀ ਹੈ। ਇਹ ਹੈ ਸਾਡੇ ਵਿਸ਼ਵ ਗੁਰੂ ਦੀ ਆਰਥਿਕ ਹਕੀਕਤ। ਉਂਝ ਕੁੱਲ ਘਰੇਲੂ ਪੈਦਾਵਾਰ ਕਿਸੇ ਦੇਸ਼ ਦੀ ਖੁਸ਼ਹਾਲੀ ਦਾ ਪੈਮਾਨਾ ਨਹੀਂ। ਇਸ ਨਾਲੋਂ ਵਧੇਰੇ ਸਟੀਕ ਪ੍ਰਤੀ ਜੀਅ ਕੁੱਲ ਘਰੇਲੂ ਪੈਦਾਵਾਰ ਹੈ, ਪਰ ਇਹ ਪੈਮਾਨਾ ਵੀ ਉਸ ਦੇਸ਼ ਦੇ ਲੋਕਾਂ ਦੀ ਖੁਸ਼ਹਾਲੀ ਦੀ ਜਾਮਨੀ ਨਹੀਂ।

ਕੁੱਲ ਘਰੇਲੂ ਪੈਦਾਵਾਰ ਤੋਂ ਬਿਨਾਂ ਡਿੱਗ ਰਹੇ ਅਰਥਚਾਰੇ ਦਾ ਪ੍ਰਗਟਾਵਾ ਭਾਰਤੀ ਕਰੰਸੀ ਦੀ ਡਿੱਗਦੀ ਕੀਮਤ ਹੈ। ਅਪ੍ਰੈਲ 2025 ਵਿੱਚ ਡਾਲਰ ਦੀ ਕੀਮਤ 85 ਰੁਪਏ ਸੀ, ਪਰ ਸਾਲ ਖ਼ਤਮ ਹੁੰਦਿਆਂ 90 ਰੁਪਏ ਡਾਲਰ ਹੋ ਗਿਆ। ਈਰਾਨ-ਅਮਰੀਕਾ ਜੰਗ ਤੋਂ ਪਹਿਲਾਂ ਜਨਵਰੀ 2026 'ਚ ਲੱਗਭੱਗ 91 ਰੁਪਏ ਸੀ ਅਤੇ ਮਈ ਵਿੱਚ 96 ਰੁਪਏ ਨੂੰ ਪਾਰ ਕਰਕੇ 97 ਰੁਪਏ ਨੂੰ ਪੁੱਜਣ ਵਾਲੀ ਹੈ। ਇਹ ਵੀ ਭਾਰਤੀ ਰਿਜ਼ਰਵ ਬੈਂਕ ਵੱਲੋਂ ਰੁਪਏ ਨੂੰ ਲਗਾਤਾਰ ਠੁੰਮਣਾ ਦੇਣ (ਜਿਸ ਦਾ ਜ਼ਿਕਰ ਬਾਅਦ 'ਚ ਕਰਾਂਗੇ) ਦੇ ਯਤਨਾਂ ਦੇ ਬਾਵਜੂਦ ਹੈ। ਇਹ ਦੋ ਉਦਾਹਰਣਾਂ ਹੀ ਕਾਫੀ ਨੇ ਇਹ ਸਾਬਤ ਕਰਨ ਲਈ ਕਿ ਭਾਰਤ ਵਿੱਚ ਆਰਥਿਕ ਮੰਦੀ ਦਾ ਕਾਰਨ ਮਹਿਜ਼ ਪੱਛਮੀ ਏਸ਼ੀਆ ਸੰਕਟ ਹੀ ਨਹੀਂ।

ਪਹਿਲਾਂ ਅਸੀਂ ਤੇਲ ਸੰਕਟ ਦੀ ਗੱਲ ਕਰਦੇ ਹਾਂ। ਆਮ ਇਹ ਪ੍ਰਚਾਰਿਆ ਜਾਂਦਾ ਹੈ ਕਿ ਇਸ ਸੰਕਟ ਦਾ ਕਾਰਨ ਇਰਾਨ ਵੱਲੋਂ ਹਾਰਮੂਜ਼ ਜਲਡਮਰੂ ਲਾਂਘਾ ਬੰਦ ਕਰ ਦੇਣਾ ਹੈ, ਪਰ ਇਹ ਹਕੀਕਤ ਨਹੀਂ, ਇਸ ਦਾ ਮੁੱਖ ਕਾਰਨ ਮੋਦੀ ਸਰਕਾਰ ਦੀ ਅਮਰੀਕਾ ਦੇ ਹੁਕਮਾਂ ਅਨੁਸਾਰ ਚੱਲਣ ਦੀ ਨੀਤੀ ਹੈ। ਭਾਰਤ ਦੇ ਈਰਾਨ ਨਾਲ ਕਾਫੀ ਗੂੜ੍ਹੇ ਸੰਬੰਧ ਸਨ। ਈਰਾਨ 'ਚ ਵਧੀਆ ਕੁਆਲਿਟੀ ਦਾ ਤੇਲ ਕੌਮਾਂਤਰੀ ਮੰਡੀ ਨਾਲੋਂ ਸਸਤੇ ਭਾਅ ਮਿਲ ਰਿਹਾ ਸੀ। ਈਰਾਨ ਦੀ ਚਾਬਹਾਰ ਬੰਦਰਗਾਹ ਦੀ ਉਸਾਰੀ ਅਤੇ ਵਿਕਾਸ ਵਿੱਚ ਭਾਰਤ ਭਾਈਵਾਲ ਸੀ। ਇਸ ਨਾਲ ਭਾਰਤ ਦੇ ਵਿਦੇਸ਼ ਵਪਾਰ ਨੂੰ ਹੁਲਾਰਾ ਮਿਲਣਾ ਸੀ, ਪਰ ਅਮਰੀਕਾ ਦੀ ਘੁਰਕੀ ਕਾਰਨ ਭਾਰਤ ਨੇ ਈਰਾਨ ਤੋਂ ਤੇਲ ਖਰੀਦਣਾ ਬੰਦ ਕਰ ਦਿੱਤਾ। ਇਹੀ ਨਹੀਂ, ਭਾਰਤ ਸਰਕਾਰ ਚਾਬਹਾਰ ਬੰਦਰਗਾਹ 'ਚੋਂ ਵੀ ਬਾਹਰ ਹੋ ਗਈ। ਇਸੇ ਤਰ੍ਹਾਂ ਰੂਸ ਭਾਰਤ ਨੂੰ ਘੱਟ ਦਰਾਂ 'ਤੇ ਤੇਲ ਸਪਲਾਈ ਕਰ ਰਿਹਾ ਸੀ। ਰੂਸ ਭਾਰਤ ਦਾ ਪੁਰਾਣਾ ਮਿੱਤਰ ਦੇਸ਼ ਹੈ। ਫੌਜੀ ਸਾਜ਼ੋ-ਸਾਮਾਨ ਦੀ ਸਪਲਾਈ ਦਾ ਵੱਡਾ ਹਿੱਸਾ ਰੂਸ ਤੋਂ ਆਉਂਦਾ ਰਿਹਾ ਹੈ। 1971 ਵਿੱਚ ਭਾਰਤ ਸਰਕਾਰ ਨੇ ਉਸ ਸਮੇਂ ਸੋਵੀਅਤ ਯੂਨੀਅਨ ਨਾਲ 'ਦੋਸਤੀ ਅਤੇ ਸਹਿਯੋਗ ਸੰਧੀ' 'ਤੇ ਦਸਤਖ਼ਤ ਕੀਤੇ ਸਨ, ਪਰ ਟਰੰਪ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਮੋਦੀ ਸਰਕਾਰ ਨੇ ਰੂਸ ਤੋਂ ਤੇਲ ਖਰੀਦਣਾ ਬੰਦ ਕਰ ਦਿੱਤਾ, ਹਾਲਾਂਕਿ ਇਹ ਤੇਲ ਡਾਲਰ ਦੀ ਥਾਂ ਸਥਾਨਕ ਕਰੰਸੀ ਜ਼ਰੀਏ ਖਰੀਦਿਆ ਜਾ ਰਿਹਾ ਸੀ। ਹੁਣ ਜਦੋਂ ਪੱਛਮੀ ਏਸ਼ੀਆ ਜੰਗ ਦੌਰਾਨ ਅਮਰੀਕਾ ਤੋਂ ਇੱਕ ਮਹੀਨੇ ਨਾਲ ਰੂਸ ਤੋਂ ਤੇਲ ਖਰੀਦਣ ਦੀ ਆਗਿਆ ਦੇ ਦਿੱਤੀ ਹੈ ਤਾਂ ਵੀ ਮੋਦੀ ਸਰਕਾਰ ਲੋੜ ਅਨੁਸਾਰ ਰੂਸ ਤੋਂ ਤੇਲ ਖਰੀਦਣ ਤੋਂ ਗੁਰੇਜ਼ ਕਰ ਰਹੀ ਹੈ। ਭਾਰਤ ਸਰਕਾਰ ਨੇ ਰਸੋਈ (ਘਰੇਲੂ) ਗੈਸ ਦੀ ਕੀਮਤ ਵਿੱਚ ਪ੍ਰਤੀ ਸਿਲੰਡਰ 60 ਰੁਪਏ ਅਤੇ ਕਾਰੋਬਾਰੀ ਸਿਲੰਡਰ ਵਿੱਚ 92 ਰੁਪਏ ਵਾਧਾ ਕਰ ਦਿੱਤਾ ਹੈ। ਤਾਂ ਵੀ ਗੈਸ ਡੀਲਰਾਂ ਅੱਗੇ ਲੰਬੀਆਂ-ਲੰਬੀਆਂ ਕਤਾਰਾਂ ਲੱਗ ਰਹੀਆਂ ਹਨ, ਬਾਵਜੂਦ ਇਸ ਦੇ ਕਿ ਸਿਲੰਡਰ ਬੁਕਿੰਗ ਲਈ 45 ਦਿਨਾਂ ਦਾ ਵਕਫ਼ਾ ਤੈਅ ਕੀਤਾ ਹੋਇਆ ਹੈ। ਫਿਰ ਵੀ ਇਹਨਾਂ ਕਤਾਰਾਂ ਦੀ ਲੰਬਾਈ ਵਧਦੀ ਹੀ ਜਾ ਰਹੀ ਹੈ। ਇਸ ਸਥਿਤੀ ਵਿੱਚ ਰੂਸ ਤੋਂ ਰਸੋਈ ਗੈਸ ਦਾ ਇਕ ਜਹਾਜ਼ ਭਾਰਤ ਆਇਆ। ਟਾਈਮਜ਼ ਆਫ਼ ਇੰਡੀਆ ਦੀ ਰਿਪੋਰਟ ਅਨੁਸਾਰ ਭਾਰਤ ਸਰਕਾਰ ਨੇ ਭਾਰਤ ਆਇਆ ਇਹ ਰਸੋਈ ਗੈਸ ਦਾ ਜਹਾਜ਼ ਵਾਪਸ ਮੋੜ ਦਿੱਤਾ। ਕਿਉਂ ਵਾਪਸ ਮੋੜਿਆ? ਕਿਉਂਕਿ ਟਰੰਪ ਤੋਂ ਡਰਦਿਆਂ ਮੋਦੀ ਸਰਕਾਰ ਦੀ ਪਜ਼ਾਮੀ ਗਿੱਲੀ ਹੋ ਗਈ, ਕਿਉਂਕਿ ਜਿਸ ਰੂਸੀ ਕੰਪਨੀ ਦੀ ਇਹ ਗੈਸ ਸੀ, ਉਸ ਉੱਤੇ ਟਰੰਪ ਸਰਕਾਰ ਨੇ ਪਾਬੰਦੀਆਂ ਲਗਾਈਆਂ ਹੋਈਆਂ ਹਨ।

ਇਸ ਤੇਲ ਸੰਕਟ ਲਈ ਈਰਾਨ ਦੀ ਹਾਰਮੂਜ਼ ਦੀ ਘੇਰਾਬੰਦੀ ਨੂੰ ਜ਼ਿੰਮੇਵਾਰ ਨਹੀਂ ਮੰਨਿਆ ਜਾ ਸਕਦਾ। ਇਜ਼ਰਾਇਲ ਨੇ ਈਰਾਨ 'ਤੇ ਮਿਜ਼ਾਇਲਾਂ ਦਾਗ ਕੇ ਈਰਾਨ ਦੇ ਸੁਪਰੀਮ ਲੀਡਰ ਅਲੀ ਖਾਮਨੇਈ ਅਤੇ ਉਸ ਦੇ ਪਰਵਾਰ ਨੂੰ ਖ਼ਤਮ ਕਰ ਦਿੱਤਾ। ਖਾਮਨੇਈ, ਜਿਸ ਦਾ ਪਿਛੋਕੜ ਭਾਰਤ ਦਾ ਹੈ, ਜਿਸ ਨੇ ਤਹਿਰਾਨ ਵਿੱਚ ਮਹਾਤਮਾ ਗਾਂਧੀ ਦੇ ਨਾਂਅ 'ਤੇ ਇੱਕ ਬਹੁਤ ਵੱਡਾ ਹਸਪਤਾਲ ਬਣਵਾਇਆ, ਪਰ ਭਾਰਤ ਸਰਕਾਰ ਇਸ ਨਿਹੱਥੇ ਬਜ਼ੁਰਗ ਆਗੂ ਦੀ ਹੱਤਿਆ ਦੀ ਨਿੰਦਾ ਨਹੀਂ ਕਰ ਸਕੀ। ਭਾਰਤ ਵਿੱਚ ਈਰਾਨੀ ਦੂਤਘਰ ਵਿੱਚ ਵਿਦੇਸ਼ ਮੰਤਰੀ ਦੀ ਥਾਂ ਹਫਤੇ ਤੋਂ ਵੱਧ ਸਮੇਂ ਬਾਅਦ, ਵਿਦੇਸ਼ ਸਕੱਤਰ, ਵਿਕਰਮ ਮਿਸਰੀ ਨੂੰ ਭੇਜਿਆ, ਜੋ ਸ਼ੋਕ-ਕਿਤਾਬ ਵਿੱਚ ਲਿਖ ਕੇ ਆਇਆ। ਮੋਦੀ ਸਰਕਾਰ ਨੇ ਈਰਾਨ 'ਤੇ ਅਮਰੀਕਾ-ਇਜ਼ਰਾਇਲ ਹਮਲੇ ਦੀ ਨਿਖੇਧੀ ਤਾਂ ਦੂਰ, ਮੂੰਹ ਤੱਕ ਨਹੀਂ ਖੋਹਲਿਆ, ਪਰ ਈਰਾਨ ਵੱਲੋਂ ਸੰਯੁਕਤ ਅਰਬ ਅਮੀਰਾਤ, ਜੋ ਕਿ ਅਮਰੀਕਾ ਦਾ ਪਿੱਠੂ ਅਤੇ ਇਜ਼ਰਾਇਲ ਦਾ ਸਹਿਯੋਗੀ ਹੈ, ਵਿੱਚ ਅਮਰੀਕੀ ਟਿਕਾਣਿਆਂ 'ਤੇ ਈਰਾਨ ਦੇ ਮਿਜ਼ਾਇਲ ਹਮਲੇ ਦੀ ਨਿੰਦਾ ਕਰਨ ਲਈ ਸੰਘ ਪਾੜ ਲਿਆ। ਇਸ ਜੰਗ ਤੋਂ ਐਨ ਪਹਿਲਾਂ ਮੋਦੀ ਇਜ਼ਰਾਇਲ ਦੀ ਯਾਤਰਾ ਕਰਕੇ ਆਇਆ। ਇਸ ਨੰਗੇ ਚਿੱਟੇ ਈਰਾਨ ਵਿਰੋਧ ਅਤੇ ਅਮਰੀਕਾ ਦੀ ਚਾਕਰੀ ਦੇ ਬਾਵਜੂਦ, ਈਰਾਨ ਨੇ ਕੁੱਝ ਭਾਰਤੀ ਜਹਾਜ਼ਾਂ ਨੂੰ ਹਾਰਮੁਜ਼ ਥਾਣੀਂ ਲੰਘਾਇਆ ਹੈ, ਕਿਉਂਕਿ ਭਾਰਤ ਵਿੱਚ ਅਨੇਕ ਥਾਈਂ ਲੋਕਾਂ ਨੇ ਈਰਾਨ ਦੇ ਹੱਕ ਵਿੱਚ ਮੁਜ਼ਾਹਰੇ ਕੀਤੇ ਹਨ।

ਈਰਾਨ ਨੇ ਐਲਾਨ ਕੀਤਾ ਹੋਇਆ ਹੈ ਕਿ ਜੰਗ ਵਿੱਚ ਆਪਣੇ ਦੁਸ਼ਮਣ ਦੇਸ਼ਾਂ ਤੋਂ ਬਿਨਾਂ ਸਭ ਨੂੰ ਲਾਂਘਾ ਦੇਣ ਲਈ ਤਿਆਰ ਹੈ। ਕੁੱਝ ਹਾਰਮੁਜ਼ ਰਾਹੀਂ ਲੰਘ ਵੀ ਰਹੇ ਸਨ, ਪਰ ਈਰਾਨ ਤੋਂ ਚੀਨ ਨੂੰ ਤੇਲ ਸਪਲਾਈ ਰੋਕਣ ਲਈ ਈਰਾਨ ਦੀ ਘੇਰਾਬੰਦੀ ਦੇ ਨਾਂਅ 'ਤੇ ਹਾਰਮੁਜ਼ ਨੂੰ ਮੁਕੰਮਲ ਬੰਦ ਕਰਨ ਦਾ ਯਤਨ ਕੀਤਾ ਹੈ।

ਤੇਲ ਕੀਮਤਾਂ ਵਿੱਚ ਵਾਧੇ ਦਾ ਕਾਰਨ ਸਿਰਫ ਪੱਛਮ ਏਸ਼ੀਆ ਦਾ ਸੰਕਟ ਹੀ ਨਹੀਂ, ਬਲਕਿ ਤੇਲ ਕੰਪਨੀਆਂ ਦੀਆਂ ਮਾਸ ਨੋਚੂ ਗਿਰਝਾਂ ਦੇ ਮੁਨਾਫ਼ਿਆਂ ਦਾ ਵੀ ਮੁੱਖ ਰੋਲ ਹੈ। ਕਿਹਾ ਜਾ ਰਿਹਾ ਹੈ ਕਿ ਅੰਤਰ-ਰਾਸ਼ਟਰੀ ਬਾਜ਼ਾਰ ਵਿੱਚ ਕੱਚੇ ਤੇਲ ਦੇ ਭਾਅ ਵਧਣ ਕਾਰਨ ਪੈਟਰੋਲ-ਡੀਜ਼ਲ ਦੇ ਭਾਅ ਵਧਾਉਣੇ ਪੈ ਰਹੇ ਹਨ, ਪਰ ਇੱਕ ਤੱਥ ਇਸ ਨੂੰ ਬਿਲਕੁਲ ਝੂਠ ਸਾਬਿਤ ਕਰਦਾ ਹੈ। ਸੰਨ 2013 ਵਿੱਚ ਕੌਮਾਂਤਰੀ ਮੰਡੀ ਵਿੱਚ ਕੱਚੇ ਤੇਲ ਦਾ ਭਾਅ 108 ਡਾਲਰ ਪ੍ਰਤੀ ਬੈਰਲ ਸੀ ਅਤੇ ਦੇਸ਼ ਵਿੱਚ ਪੈਟਰੋਲ ਦੀ ਕੀਮਤ 66 ਤੋਂ 71 ਰੁਪਏ ਪ੍ਰਤੀ ਲੀਟਰ ਸੀ। ਮਈ 2026 ਵਿੱਚ ਵੀ ਕੌਮਾਂਤਰੀ ਮੰਡੀ ਵਿੱਚ ਕੱਚੇ ਤੇਲ ਦੀ ਕੀਮਤ 108 ਡਾਲਰ ਪ੍ਰਤੀ ਬੈਰਲ ਹੈ, ਪਰ ਭਾਰਤ ਵਿੱਚ ਪੈਟਰੋਲ ਦਾ ਰੇਟ 97 ਤੋਂ 105 ਰੁਪਏ ਪ੍ਰਤੀ ਲੀਟਰ ਹੈ। ਇਹ ਤੇਲ ਕੰਪਨੀਆਂ ਦੀ ਲੁੱਟ ਦੀ ਮੂੰਹ ਬੋਲਦੀ ਤਸਵੀਰ ਹੈ।

ਦੂਸਰਾ ਮੋਦੀ ਪ੍ਰਵਚਨ ਵਿਦੇਸ਼ੀ ਸਫ਼ਰ ਨਾ ਕਰਨ ਦਾ ਹੈ। ਇਸ ਦਾ ਸਿੱਧਾ-ਸਾਦਾ ਮਕਸਦ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਕੀ ਭਾਰਤ ਦੇ ਲੋਕਾਂ ਨੂੰ ਰਾਜਨੀਤਕ ਸੱਭਿਆਚਾਰ ਦੀ ਸਵੱਛਤਾ ਵਾਸਤੇ ਵੀ ਇੱਕ ਜੰਗ ਲੜਨੀ ਪਵੇਗੀ!

ਅੱਜ ਦੇ ਸਮਿਆਂ ਵਿੱਚ ਦੇਸ਼ ਪੁਰਾਣੇ ਸਮਿਆਂ ਵਾਂਗ ਰਾਜਿਆਂ ਦੀ ਇੱਛਾ ਮੁਤਾਬਕ ਨਹੀਂ ਚੱਲ ਸਕਦੇ, ਜਿਨ੍ਹਾਂ ਦੇਸ਼ਾਂ ਨੇ ਕੋਈ ਸੰਵਿਧਾਨ ਲਾਗੂ ਕੀਤਾ ਹੋਇਆ ਹੈ, ਉਥੇ ਸਿਰਫ਼ ਸੰਵਿਧਾਨ ਦੇ ਮੁਤਾਬਕ ਨਹੀਂ ਚੱਲਿਆ ਜਾਂਦਾ, ਨਾਲ ਇਖਲਾਕੀ ਕਦਰਾਂ-ਕੀਮਤਾਂ ਦਾ ਵੀ ਖਿਆਲ ਰੱਖਿਆ ਜਾਂਦਾ ਹੈ। ਭਾਰਤ ਵਿੱਚ ਵੀ ਇਸ ਗੱਲ ਦਾ ਦਾਅਵਾ ਕੀਤਾ ਜਾਂਦਾ ਅਤੇ ਇਸ ਦੀ ਪਾਲਣਾ ਦੀਆਂ ਗੱਲਾਂ ਬੜੀ ਵਾਰੀ ਕੀਤੀਆਂ ਜਾਂਦੀਆਂ ਹਨ। ਇਸ ਸਿਧਾਂਤ ਨੂੰ ਰਾਜਨੀਤਕ ਇਖਲਾਕ ਕਿਹਾ ਜਾਂਦਾ ਹੈ। ਸਾਡੇ ਦੇਸ਼ ਨੂੰ ਆਜ਼ਾਦੀ ਮਿਲਣ ਤੋਂ ਬਾਅਦ ਦੇ ਸਮਿਆਂ ਵਿੱਚ ਇਸ ਸਿਧਾਂਤ ਦੀ ਏਨੀ ਕੁ ਕਦਰ ਹੁੰਦੀ ਸੀ ਕਿ ਜੇ ਕਿਸੇ ਆਗੂ ਦੇ ਖ਼ਿਲਾਫ਼ ਨੀਵੇਂ ਪੱਧਰ ਦੀਆਂ ਹਰਕਤਾਂ ਕਰਨ ਦਾ ਦੋਸ਼ ਵੀ ਲੱਗ ਜਾਵੇ ਤਾਂ ਲੋਕ ਉਸ ਨੂੰ ਮੂੰਹ ਨਹੀਂ ਸੀ ਲਾਉਂਦੇ ਹੁੰਦੇ ਅਤੇ ਜਿਹੜੀ ਪਾਰਟੀ ਇਹੋ ਜਿਹੇ ਲੀਡਰ ਨੂੰ ਉਮੀਦਵਾਰ ਬਣਾ ਲਵੇ, ਉਹ ਏਨੀ ਕਸੂਤੀ ਸਥਿਤੀ ਵਿੱਚ ਫਸੀ ਮਹਿਸੂਸ ਕਰਦੀ ਸੀ ਕਿ ਜਵਾਬ ਦੇਣਾ ਔਖਾ ਹੋ ਜਾਂਦਾ ਸੀ। ਫਿਰ ਇਹ ਸ਼ਰਮ ਲੱਥਣ ਲੱਗ ਪਈ ਅਤੇ ਆਗੂ ਬੇਫ਼ਿਕਰ ਹੁੰਦੇ ਗਏ।

ਸਾਢੇ ਕੁ ਪੰਜ ਦਹਾਕੇ ਪਹਿਲਾਂ ਇੱਕ ਦੌਰ ਇਹੋ ਜਿਹਾ ਆਇਆ ਤੇ ਲੀਡਰ ਬੇਸ਼ਰਮੀ ਨਾਲ ਪਾਰਟੀਆਂ ਬਦਲਣ ਦੇ ਨਮੂਨੇ ਪੇਸ਼ ਕਰਨ ਲੱਗ ਪਏ ਕਿ 'ਆਇਆ ਰਾਮ, ਗਿਆ ਰਾਮ' ਵਾਲਾ ਮੁਹਾਵਰਾ ਆਮ ਲੋਕਾਂ ਵਿੱਚ ਚੱਲ ਪਿਆ। ਉਸ ਦੌਰ ਵਿੱਚ ਸਾਡੇ ਪੰਜਾਬ ਵਿੱਚ ਵੀ ਇਹ ਵੇਖਿਆ ਗਿਆ ਕਿ ਇੱਕ ਬੰਦਾ ਕਾਂਗਰਸ ਵੱਲੋਂ ਲੋਕ ਸਭਾ ਚੋਣ ਲੜਿਆ ਤਾਂ ਹਾਰ ਗਿਆ ਅਤੇ ਮਸਾਂ ਛੇ ਮਹੀਨੇ ਬਾਅਦ ਉਹ ਵਿਧਾਨ ਸਭਾ ਚੋਣ ਵਿੱਚ ਉਨ੍ਹਾਂ ਅਕਾਲੀਆਂ ਦਾ ਉਮੀਦਵਾਰ ਬਣ ਗਿਆ, ਜਿਨ੍ਹਾਂ ਬਾਰੇ ਉਹ ਮਸਾਂ ਛੇ ਮਹੀਨੇ ਪਹਿਲਾਂ ਹੱਦੋਂ ਬਾਹਰਾ ਭੰਡੀ-ਪ੍ਰਚਾਰ ਕਰਦਾ ਰਿਹਾ ਸੀ। ਇਹੋ ਨਹੀਂ, ਅਕਾਲੀ ਦਲ ਵਾਲੇ ਤਾਂ ਉਹੋ ਬੰਦਾ ਕਾਂਗਰਸ ਵਿੱਚ ਮੁੜ ਆਇਆ ਤੇ ਏਧਰੋਂ ਉਮੀਦਵਾਰ ਬਣ ਗਿਆ ਸੀ। ਉਹਦੇ ਬਾਅਦ ਤਾਂ ਇਹ ਚੱਕਰ ਇੱਕ ਤਰ੍ਹਾਂ ਦਾ ਨਵਾਂ ਸਿਆਸੀ ਸੱਭਿਆਚਾਰ ਬਣ ਗਿਆ ਅਤੇ ਅੱਜ ਤੱਕ ਇਹ ਵਿਗਾੜ ਸੁਧਰਨ ਦੀ ਬਜਾਏ ਇੰਜ ਹੀ ਲਗਾਤਾਰ ਹੋਰ ਤੋਂ ਹੋਰ ਵਿਗੜਦਾ ਗਿਆ ਹੈ। ਜਿਹੜੇ ਲੋਕ ਸਿਆਸੀ ਇਖਲਾਕ ਦੀਆਂ ਗੱਲਾਂ ਕਰਦੇ ਹੁੰਦੇ ਸਨ, ਮੌਕਾ ਆਏ ਤਾਂ ਉਹ ਖੁਦ ਇਹੋ ਕੁਝ ਕਰਦੇ ਤੇ ਵਿਗਾੜ ਨੂੰ ਹੋਰ ਅੱਗੇ ਵਧਾਉਣ ਵਾਲਾ ਕੰਮ ਕਰਦੇ ਰਹੇ, ਜਿਸ ਦਾ ਨਤੀਜਾ ਅੱਜ ਵਾਲੀ ਸਥਿਤੀ ਦਾ ਪੈਦਾ ਹੋਣਾ ਹੈ, ਜਿਸ ਵਿੱਚ ਕੋਈ ਆਗੂ ਦੂਸਰੇ ਨੂੰ ਨਿੰਦਣ ਅਤੇ ਖੁਦ ਨੂੰ ਚੰਗਾ ਕਹਿਣ ਵਾਲਾ ਨਹੀਂ ਲੱਭਦਾ।

ਇੱਕ ਵਕਤ ਸੀ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਦਾ, ਜਦੋਂ ਉਸ ਦੀ ਸਰਕਾਰ ਟੁੱਟਦੀ ਬਚਾਉਣ ਲਈ ਕੁਝ ਲੋਕ ਸਭਾ ਮੈਂਬਰ ਚਾਹੀਦੇ ਸਨ ਅਤੇ ਪਤਾ ਲੱਗਾ ਸੀ ਕਿ ਉਨ੍ਹਾਂ ਨੇ ਪੈਸੇ ਦੇ ਕੇ ਖਰੀਦੇ ਹਨ। ਫਿਰ ਉਨ੍ਹਾਂ ਵਿੱਚੋਂ ਇੱਕ ਏਦਾਂ ਜਿਹਾ ਮੈਂਬਰ ਸ਼ੈਲੇਂਦਰ ਮਾਹਤੋ, ਜਿਹੜਾ ਝਾਰਖੰਡ ਮੁਕਤੀ ਮੋਰਚੇ ਨਾਲ ਸੰਬੰਧਤ ਸੀ, ਆਪਣੀ ਪਾਰਟੀ ਨਾਲ ਰੁੱਸ ਕੇ ਭਾਜਪਾ ਦੇ ਆਗੂ ਅਟਲ ਬਿਹਾਰੀ ਵਾਜਪਾਈ ਕੋਲ ਪਹੁੰਚ ਗਿਆ ਤੇ ਵਾਜਪਾਈ ਨੇ ਉਸ ਨੂੰ ਨਾਲ ਬਿਠਾ ਕੇ ਪ੍ਰੈੱਸ ਕਾਨਫਰੰਸ ਕਰਵਾ ਦਿੱਤੀ ਕਿ ਝਾਰਖੰਡ ਵਾਲੇ ਚਾਰ ਮੈਂਬਰਾਂ ਨੂੰ ਕਾਂਗਰਸ ਨੇ ਇੱਕ-ਇੱਕ ਕਰੋੜ ਰੁਪਏ ਦੇ ਕੇ ਖਰੀਦਿਆ ਸੀ। ਏਦਾਂ ਦੀ ਗੱਲ ਜਨਤਕ ਤੌਰ ਉੱਤੇ ਮੰਨਣ ਵਾਲਾ ਸ਼ੈਲੇਂਦਰ ਮਾਹਤੋ ਜੇਲ੍ਹ ਭੇਜ ਦਿੱਤਾ ਗਿਆ, ਨਵੀਂ ਲੋਕ ਸਭਾ ਚੋਣ ਹੋ ਗਈ ਅਤੇ ਭਾਜਪਾ ਨੇ ਉਸ ਦੀ ਪਤਨੀ ਆਭਾ ਮਾਹਤੋ ਨੂੰ ਟਿਕਟ ਦੇ ਕੇ ਪਾਰਲੀਮੈਂਟ ਦੀ ਮੈਂਬਰ ਬਣਾ ਲਿਆ। ਜਿਹੜੇ ਬਾਕੀ ਤਿੰਨ ਭਾਜਪਾ ਦੀ ਇਸ ਖੇਡ ਦਾ ਵਿਰੋਧ ਕਰਦੇ ਸਨ, ਕੁਝ ਚਿਰ ਪਿੱਛੋਂ ਉਹ ਵੀ ਭਾਜਪਾ ਨਾਲ ਜਾ ਜੁੜੇ ਅਤੇ ਖੁਦ ਇਹ ਮੰਨਣ ਲੱਗ ਪਏ ਕਿ ਉਨ੍ਹਾਂ ਵੀ ਇੱਕ-ਇੱਕ ਕਰੋੜ ਰੁਪਏ ਲੈ ਕੇ ਕਾਂਗਰਸ ਨੂੰ ਵੋਟ ਪਾਈ ਸੀ। ਲੋਕ ਅੱਗੋਂ ਉਨ੍ਹਾਂ ਕੋਲੋਂ ਇਹ ਪੁੱਛਦੇ ਸਨ ਕਿ ਇੱਕ-ਇੱਕ ਕਰੋੜ ਲਿਆ ਸੀ, ਭਾਜਪਾ ਦੀ ਬੋਲੀ ਬੋਲਣ ਵਾਸਤੇ ਕਿੰਨੇ-ਕਿੰਨੇ ਕਰੋੜ ਰੁਪਏ ਲਏ ਸਨ!

ਪੰਜਾਬ ਦੇ ਕਾਂਗਰਸੀ ਆਗੂ ਬੂਟਾ ਸਿੰਘ ਅਤੇ ਕੇਂਦਰ ਦੇ ਕਾਂਗਰਸੀ ਮੰਤਰੀ ਸੁਖ ਰਾਮ ਉਹਨੀਂ ਦਿਨੀਂ ਹਵਾਲਾ ਕੇਸ ਵਿੱਚ ਫਸ ਗਏ ਅਤੇ ਭਾਜਪਾ ਦਾ ਪ੍ਰਧਾਨ ਲਾਲ ਕ੍ਰਿਸ਼ਨ ਅਡਵਾਨੀ ਵੀ ਫਸ ਗਿਆ। ਕਾਂਗਰਸ ਨੇ ਲੋਕ ਚਰਚਾ ਦੇ ਦਬਾਅ ਹੇਠ ਬੂਟਾ ਸਿੰਘ ਅਤੇ ਸੁਖ ਰਾਮ ਨੂੰ ਟਿਕਟਾਂ ਨਾ ਦਿੱਤੀਆਂ, ਪਰ ਜਦੋਂ ਉਹ ਦੋਵੇਂ ਜਿੱਤ ਗਏ ਤਾਂ ਉਨ੍ਹਾਂ ਵਿਰੁੱਧ ਦੇਸ਼ ਭਰ ਚ ਰੌਲਾ ਪਾ ਕੇ ਉਨ੍ਹਾਂ ਨਾਲ ਆਪਣੇ ਵੱਡੇ ਆਗੂ ਅਡਵਾਨੀ ਨੂੰ ਫਸਾ ਚੁੱਕੀ ਭਾਜਪਾ ਨੇ ਉਨ੍ਹਾਂ ਦੋਵਾਂ ਜਣਿਆਂ ਨੂੰ ਕੇਂਦਰ ਦੇ ਮੰਤਰੀ ਬਣਾ ਲਿਆ। ਫਿਰ ਇੱਕ ਸਮਾਂ ਉਹ ਆਇਆ, ਜਦੋਂ ਇਰਾਕ ਉੱਤੇ ਤੇਲ ਵੇਚਣ ਦੀਆਂ ਪਾਬੰਦੀਆਂ ਸਨ, ਪਰ ਖ਼ੁਰਾਕ ਦੇ ਬਦਲੇ ਤੇਲ ਵੇਚਣ ਦੀ ਉਸ ਨੂੰ ਖੁੱਲ੍ਹ ਸੀ। ਇਸ ਨੂੰ ਫੂਡ ਫਾਰ ਆਇਲ ਕਿਹਾ ਜਾਂਦਾ ਸੀ। ਵਿਦੇਸ਼ ਮੰਤਰੀ ਨਟਵਰ ਸਿੰਘ ਕਾਂਗਰਸ ਦਾ ਆਗੂ ਸੀ, ਉਹਦੇ ਅਤੇ ਉਹਦੇ ਪੁੱਤਰ ਦੇ ਖ਼ਿਲਾਫ਼ ਭਾਜਪਾ ਨੇ ਅਸਮਾਨ ਤੱਕ ਦੁਹਾਈ ਪਾਉਣ ਦਾ ਕੰਮ ਕੀਤਾ, ਅੰਤ ਇਸ ਪਾਰਲੀਮੈਂਟ ਨਹੀਂ ਸੀ ਚੱਲਣ ਦਿੱਤੀ ਅਤੇ ਨਟਵਰ ਸਿੰਘ ਨੂੰ ਅਸਤੀਫਾ ਦੇਣਾ ਪਿਆ ਸੀ। ਇਸ ਤੋਂ ਮਸਾਂ ਤਿੰਨ ਮਹੀਨੇ ਬਾਅਦ ਰਾਜਸਥਾਨ ਦੀ ਅਸੈਂਬਲੀ ਚੋਣ ਆਈ ਤਾਂ ਭਾਜਪਾ ਨੇ ਨਟਵਰ ਸਿੰਘ ਦੇ ਓਸੇ ਪੁੱਤਰ ਜਗਤ ਸਿੰਘ ਨੂੰ ਟਿਕਟ ਦੇ ਕੇ ਵਿਧਾਇਕ ਬਣਾ ਲਿਆ, ਜਿਸ ਉੱਤੇ ਉਹ ਦੋਸ਼ ਲਾਉਂਦੀ ਰਹੀ ਸੀ ਕਿ ਇਰਾਕ ਤੋਂ ਤੇਲ ਲੈਣ ਵਾਲੀ ਖੇਡ ਵਿੱਚ ਆਪਣੇ ਬਾਪ ਦੇ ਵਿਦੇਸ਼ ਮੰਤਰੀ ਹੋਣ ਦਾ

**ਦ੍ਰਿਸ਼ਟੀਕੋਣ**

**ਜਤਿੰਦਰ ਪਨੂੰ**

ਨਾਜਾਇਜ਼ ਲਾਭ ਉਠਾਉਂਦਾ ਰਿਹਾ ਸੀ। ਓਦੋਂ ਨਟਵਰ ਦੇ ਪੁੱਤ ਨੂੰ ਭਾਰਤ ਨਾਲ ਵਿਸ਼ਵਾਸਘਾਤ ਦਾ ਦੋਸ਼ੀ ਆਖਣ ਵਾਲੀ ਭਾਜਪਾ ਨੇ ਜਦੋਂ ਉਸ ਨੂੰ ਟਿਕਟ ਦਿੱਤੀ ਤਾਂ ਜਿਹੜੇ ਨਟਵਰ ਸਿੰਘ ਵਿਰੁੱਧ ਉਸ ਨੇ ਅਸਮਾਨ ਸਿਰ ਉੱਤੇ ਚੁੱਕਿਆ ਸੀ, ਉਹ ਪਿਉ ਹੀ ਭਾਜਪਾ ਲੀਡਰਾਂ ਨਾਲ ਸਟੇਜਾਂ ਤੋਂ ਕਾਂਗਰਸ ਦੇ ਵਿਰੁੱਧ ਬੋਲਣ ਲੱਗ ਪਿਆ ਅਤੇ ਦੋਵਾਂ ਧਿਰਾਂ ਨੇ ਇਸ ਨੂੰ ਇੱਕ ਆਮ ਵਰਤਾਰਾ ਮੰਨ ਲਿਆ। ਪਹਿਲਾਂ ਏਦਾਂ ਦੀ ਸਿਆਸੀ ਬਦ-ਇਖਲਾਕੀ ਖੇਡ ਕਾਂਗਰਸ ਖੇਡਦੀ ਹੁੰਦੀ ਸੀ, ਓਦੋਂ ਤੋਂ ਭਾਜਪਾ ਇਹੋ ਖੇਡ ਖੇਡਣ ਲੱਗ ਪਈ ਅਤੇ ਅੱਜ ਦੀ ਘੜੀ ਦੇਸ਼ ਦੀ ਸਿਆਸਤ ਵਿੱਚ ਸਭ ਤੋਂ ਵੱਧ ਜੇ ਕੋਈ ਬੇਅਸੂਲਾਪਣ ਕਰਦਾ ਹੈ ਤਾਂ ਭਾਜਪਾ ਦੇ ਕੇਂਦਰੀ ਤੇ ਸੂਬਾਈ ਆਗੂ ਕਰਦੇ ਹਨ।

ਪਿਛਲੇ ਸਾਲਾਂ ਵਿੱਚ ਇਸ ਬੇਅਸੂਲੇਪਣ ਦਾ ਜਦੋਂ ਕਿਸੇ ਨੂੰ ਕੋਈ ਮਿਹਣਾ ਦੇਣ ਵਾਲਾ ਨਹੀਂ ਰਿਹਾ ਤਾਂ ਇੱਕ ਆਸ ਆਮ ਲੋਕਾਂ ਨੂੰ ਓਦੋਂ ਦਿਖਾਈ ਦਿੱਤੀ ਸੀ, ਜਦੋਂ ਆਮ ਆਦਮੀ ਪਾਰਟੀ ਅੱਗੇ ਆਈ ਸੀ, ਪਰ ਇਸ ਪਾਰਟੀ ਨੇ ਉਨ੍ਹਾਂ ਗੱਲਾਂ ਨੂੰ ਭੁਲਾ ਦਿੱਤਾ, ਜਿਹੜੀਆਂ ਕਹਿੰਦੀ ਰਹੀ ਸੀ ਤੇ ਕਾਂਗਰਸ ਤੇ ਭਾਜਪਾ ਵਾਲੇ ਰਾਹ ਉੱਤੇ ਚੱਲ ਪਈ। ਦਿੱਲੀ ਵਿੱਚ ਜਿਹੜੀ ਮਾਰ ਇਸ ਪਾਰਟੀ ਨੂੰ ਪਈ, ਉਸ ਦਾ ਕਾਰਨ ਵੀ ਇਹੋ ਸੀ ਅਤੇ ਸਮਝਿਆ ਜਾਂਦਾ ਸੀ ਕਿ ਉਸ ਹਾਰ ਤੋਂ ਇਸ ਨੇ ਸਬਕ ਸਿੱਖ ਲਿਆ ਹੋਵੇਗਾ, ਪਰ ਪੰਜਾਬ ਵਿੱਚ ਫਿਰ ਉਹੋ ਕੁਝ ਹੋਈ ਜਾ ਰਿਹਾ ਹੈ। ਕੋਈ ਵਿਧਾਇਕ ਜਾਂ ਹੋਰ ਵੱਡਾ-ਛੋਟਾ ਆਗੂ ਕਿਸੇ ਵੀ ਪਾਰਟੀ ਦਾ ਹੋਵੇ, ਉਸ ਦੇ ਕੋਲ ਚੋਣ ਲੜਨ ਜੋਗੇ ਬੰਦੇ ਚਾਹੀਦੇ ਹਨ ਅਤੇ ਖਰਚ ਕਰਨ ਜੋਗਾ ਕੁਝ ਪੈਸਾ ਹੋਣਾ ਚਾਹੀਦਾ ਹੈ, ਉਹ ਇਸ ਪਾਰਟੀ ਵਿੱਚ ਜਦੋਂ ਮਰਜ਼ੀ ਆਉਣ ਦਾ ਐਲਾਨ ਕਰ ਸਕਦਾ ਹੈ। ਜਿਹੜੇ ਬੰਦੇ ਮਸਾਂ ਚਾਰ ਸਾਲ ਪਹਿਲਾਂ ਇਸ ਪਾਰਟੀ ਦਾ ਝਾੜੂ ਤੀਲਾ-ਤੀਲਾ ਕਰ ਦੇਣ ਦੀਆਂ ਡੀਂਗਾਂ ਮਾਰਦੇ ਹੁੰਦੇ ਸਨ, ਉਹ ਵੀ ਇਸ ਨਾਲ ਆਣ ਜੁੜੇ ਤੇ ਇਸ ਦੀਆਂ ਟਿਕਟਾਂ ਨਾਲ ਵਿਧਾਨ ਸਭਾ ਮੈਂਬਰ ਜਾ ਬਣੇ। ਨਾ ਉਨ੍ਹਾਂ ਨੇ ਸੋਚਿਆ ਕਿ ਲੋਕ ਉਨ੍ਹਾਂ ਨੂੰ ਕੀ ਆਖਣਗੇ ਅਤੇ ਨਾ ਇਸ ਪਾਰਟੀ ਨੇ ਉਨ੍ਹਾਂ ਨੂੰ ਨਾਲ ਲੈਣ ਵੇਲੇ ਕੁਝ ਸੋਚਣ ਦੀ ਲੋੜ ਸਮਝੀ ਜਾਪਦੀ ਹੈ।

ਤਾਜ਼ਾ ਘਟਨਾਵਾਂ ਵਿੱਚੋਂ ਇੱਕ ਤਾਂ ਕਈ ਦਿਨਾਂ ਤੋਂ ਪੱਛਮੀ ਬੰਗਾਲ ਵਿੱਚ ਵਰਤਦਾ ਵਰਤਾਰਾ ਦਿਸਦਾ ਹੈ ਅਤੇ ਉਸ ਦੀ ਕਿਸੇ ਚਰਚਾ ਦੀ ਲੋੜ ਨਹੀਂ ਕਿ ਕਿਵੇਂ ਮਮਤਾ ਬੈਨਰਜੀ ਦੇ ਭਰੋਸੇ ਵਾਲੇ ਸਾਥੀ ਪੱਲਾ ਛੁਡਾ ਕੇ ਭਾਜਪਾ ਵਾਲੇ ਪਾਸੇ ਨੂੰ ਦੌੜਾਂ ਲਾਈ ਜਾਂਦੇ ਹਨ। ਦੂਸਰਾ ਰਾਜ ਮਹਾਰਾਸ਼ਟਰ ਹੈ, ਜਿੱਥੇ ਊਧਵ ਠਾਕਰੇ ਵਾਲੀ ਸ਼ਿਵ ਸੈਨਾ ਇੱਕ ਵਾਰ ਫਿਰ ਦੋਫਾੜ ਹੁੰਦੀ ਤੇ ਉਸ ਦੇ ਪਾਰਲੀਮੈਂਟ ਮੈਂਬਰ ਸੱਤਾਧਾਰੀ ਪੱਖ ਵਾਲੀ ਏਕਨਾਥ ਸ਼ਿੰਦੇ ਦੀ ਸ਼ਿਵ ਸੈਨਾ ਨਾਲ ਜੁੜੀ ਜਾਂਦੇ ਹਨ ਅਤੇ ਉਨ੍ਹਾਂ ਦੇ ਘਰਾਂ ਉੱਤੇ ਕੇਂਦਰੀ ਫੋਰਸਾਂ ਦੀ ਸੁਰੱਖਿਆ ਛਤਰੀ ਤਾਣਨ ਵਿੱਚ ਪਲ ਨਹੀਂ ਲੱਗਾ। ਅਗਲੇ ਦਿਨੀਂ ਏਦਾਂ ਦੇ ਕੁਝ ਹੋਰ ਦਲਾਂ ਵਿੱਚ ਭਾਜਪਾ ਵੱਲੋਂ ਚਾਬੀ ਘੁੰਮਾਉਣ ਨਾਲ ਟੁੱਟਣ ਦੀ ਖ਼ਬਰ ਆ ਸਕਦੀ ਹੈ, ਜਿੱਦਾਂ ਆਮ ਆਦਮੀ ਪਾਰਟੀ ਦੇ ਪੰਜਾਬ ਵਿਚਲੇ ਰਾਜ ਸਭਾ ਮੈਂਬਰ ਦਲਬਦਲੀਆਂ ਕਰ ਕੇ ਭਾਜਪਾ ਵੱਲ ਚਲੇ ਗਏ ਸਨ। ਅਜਿਹੀ ਬੇਅਸੂਲੀ ਖੇਡ ਦੇ ਸਿੱਟੇ ਭਵਿੱਖ ਵਿੱਚ ਭਾਰਤੀ ਲੋਕਤੰਤਰ ਨੂੰ ਕਿੱਦਾਂ ਦੇ ਭੁਗਤਣੇ ਪੈ ਸਕਦੇ ਹਨ, ਇਸ ਦੀ ਪ੍ਰਵਾਹ ਕੋਈ ਨਹੀਂ ਕਰਦਾ।

ਏਸੇ ਦੌਰਾਨ ਬੀਤੇ ਹਫ਼ਤੇ ਕੁਝ ਰਾਜਾਂ ਤੋਂ ਵਿਧਾਨ ਪ੍ਰੀਸ਼ਦ ਦੇ ਮੈਂਬਰਾਂ ਦੀ ਚੋਣ ਅਤੇ ਉਸ ਵਿੱਚ ਪਾਰਟੀਆਂ ਅੰਦਰ ਢਾਹ ਲਾ ਕੇ ਦੂਸਰੀ ਪਾਰਟੀ ਵੱਲ ਭੁਗਤਣ ਦੀਆਂ ਖ਼ਬਰਾਂ ਆਈਆਂ ਹਨ। ਜਿਹੜੇ ਰਾਜਾਂ ਵਿੱਚ ਵਿਧਾਨ ਸਭਾ ਦੇ ਨਾਲ ਇੱਕ ਵਿਧਾਨ ਪ੍ਰੀਸ਼ਦ ਦਾ ਹਾਊਸ ਵੀ ਅਜੇ ਤੱਕ ਚੱਲਦਾ ਹੈ, ਉਥੇ ਵਿਧਾਨ ਪ੍ਰੀਸ਼ਦ ਦੇ ਕੁਝ ਮੈਂਬਰਾਂ ਦੀ ਚੋਣ ਵਿਧਾਇਕਾਂ ਦੀਆਂ ਵੋਟਾਂ ਨਾਲ ਹੁੰਦੀ ਹੈ। ਮੱਧ ਭਾਰਤ ਦੇ ਇੱਕ ਪ੍ਰਮੁੱਖ ਰਾਜ ਵਿੱਚ ਕਾਂਗਰਸ ਦੇ ਕੁਝ ਵਿਧਾਇਕਾਂ ਨੇ ਵਿਧਾਨ ਪ੍ਰੀਸ਼ਦ ਮੈਂਬਰੀ ਵਾਸਤੇ ਵੋਟ ਪਾਉਣ ਵੇਲੇ ਆਪਣੀ ਪਾਰਟੀ ਤੋਂ ਓਹਲਾ ਰੱਖ ਕੇ ਭਾਜਪਾ ਨੂੰ ਵੋਟਾਂ ਪਾ ਦਿੱਤੀਆਂ ਤਾਂ ਕਾਂਗਰਸੀ ਉਮੀਦਵਾਰ ਹਾਰ ਗਿਆ ਅਤੇ ਭਾਜਪਾ ਦਾ ਇੱਕ ਵੱਧ ਜਿੱਤ ਗਿਆ। ਇਸ ਤੋਂ ਭਾਜਪਾ ਲੀਡਰਸ਼ਿਪ ਖਿੜੀ ਪਈ ਸੀ ਤਾਂ ਕਰਨਾਟਕ ਤੋਂ ਇਸ ਦੇ ਉਲਟ ਖ਼ਬਰ ਆ ਗਈ। ਓਥੇ ਵਿਧਾਨ ਪ੍ਰੀਸ਼ਦ ਸੀਟਾਂ ਲਈ ਵਿਧਾਨ ਸਭਾ ਮੈਂਬਰਾਂ ਨੇ ਵੋਟਾਂ ਪਾਈਆਂ ਤਾਂ ਭਾਜਪਾ ਦੇ ਕੁਝ ਮੈਂਬਰ ਏਸੇ ਤਰ੍ਹਾਂ ਆਪਣੀ ਪਾਰਟੀ ਤੋਂ ਓਹਲਾ ਰੱਖ ਕੇ ਕਾਂਗਰਸੀ ਉਮੀਦਵਾਰ ਦੇ ਪੱਖ ਵਿੱਚ ਭੁਗਤ ਗਏ ਅਤੇ ਭਾਜਪਾ ਦਾ ਇੱਕ ਜਿੱਤਣ ਜੋਗਾ ਉਮੀਦਵਾਰ ਹਾਰ ਗਿਆ। ਕਾਂਗਰਸ ਵਾਲਿਆਂ ਦਾ ਇੱਕ ਵੱਧ ਮੈਂਬਰ ਓਸੇ ਤਰ੍ਹਾਂ ਜਿੱਤ ਗਿਆ, ਜਿੱਦਾਂ ਇੱਕ ਹੋਰ ਰਾਜ ਵਿੱਚ ਕਾਂਗਰਸੀਆਂ ਦੀ ਵੋਟ ਨਾਲ ਭਾਜਪਾ ਦਾ ਬੰਦਾ ਜਿੱਤਿਆ ਸੀ। ਓਥੇ ਭਾਜਪਾ ਨੂੰ ਚਾਅ ਚੜ੍ਹਿਆ ਪਿਆ ਸੀ, ਏਥੇ ਉਲਟ-ਬਾਜ਼ੀ ਲੱਗੀ ਤਾਂ ਕੇਂਦਰ ਵਾਲੀ ਭਾਜਪਾ ਲੀਡਰਸ਼ਿਪ ਏਨੀ ਭੜਕੀ ਕਿ ਸੂਬੇ ਦੇ ਲੀਡਰਾਂ ਨੂੰ ਆਪਣੇ ਸਾਹਮਣੇ ਪੇਸ਼ ਹੋਣ ਦਾ ਹੁਕਮ ਚਾੜ੍ਹ ਦਿੱਤਾ ਅਤੇ ਕਿਹਾ ਜਾਂਦਾ ਹੈ ਕਿ ਕੁਝ ਲੀਡਰ ਕੱਢੇ ਜਾਣ ਵਾਲੇ ਹਨ।

ਰਾਜਨੀਤਕ ਬੇਅਸੂਲੇਪਣ ਦੀ ਖੇਡ ਵਿੱਚ ਜਿਹੜੀ ਵੀ ਪਾਰਟੀ ਦੂਸਰਿਆਂ ਨੂੰ ਠਿੱਬੀਆਂ ਲਾਉਣ ਦੀ ਖੇਡ ਖੇਡਣ ਦਾ ਯਤਨ ਕਰੇਗੀ, ਉਸ ਨੂੰ ਆਪਣੇ ਕਿਲ੍ਹੇ ਨੂੰ ਸੰਨ੍ਹ ਲੱਗਣ ਦਾ ਚੇਤਾ ਰੱਖਣਾ ਚਾਹੀਦਾ ਹੈ। ਆਜ਼ਾਦੀ ਪਿੱਛੋਂ ਦੇ ਭਾਰਤ ਦੇਸ਼ ਦਾ ਰਾਜਨੀਤਕ ਸੱਭਿਆਚਾਰ ਹੋਰ ਹੁੰਦਾ ਸੀ ਅਤੇ ਅੱਜ ਹੋਰ ਦਾ ਹੋਰ ਹੈ। ਅੱਜ ਦੇ ਸੱਭਿਆਚਾਰ ਵਿੱਚ ਕੋਈ ਵੀ ਕਿਸੇ ਹੋਰ ਨੂੰ ਇਹ ਮਿਹਣਾ ਦੇਣ ਜੋਗਾ ਨਹੀਂ ਰਿਹਾ ਕਿ ਤੂੰ ਗਲਤ ਕਰਦਾ ਹੈਂ, ਸਾਰੇ ਇੱਕੋ ਚਿੱਕੜ ਵਿੱਚ ਲਿੱਬੜੇ ਨਜ਼ਰ ਪੈਂਦੇ ਹਨ ਤੇ ਸਥਿਤੀ ਦਾ ਦੁਖਦਾਈ ਪਹਿਲੂ ਇਹ ਹੈ ਕਿ ਇਸ ਖੇਡ ਦਾ ਕੋਈ ਸਿਰਾ ਨਜ਼ਰ ਨਹੀਂ ਆ ਰਿਹਾ। ਲੱਗਦਾ ਹੈ ਕਿ ਭਾਰਤ ਦੇ ਲੋਕਾਂ ਨੂੰ ਰਾਜਨੀਤਕ ਸੱਭਿਆਚਾਰ ਦੀ ਸਵੱਛਤਾ ਵਾਸਤੇ ਵੀ ਇੱਕ ਲੜਾਈ ਵੀ ਕਿਸੇ ਵਕਤ ਲੜਨੀ ਪੈ ਸਕਦੀ ਹੈ।

# ਕਦੇ ਰੋਹੀਲਾ ਪਠਾਣਾਂ ਦਾ ਪਿੰਡ ਹੁੰਦਾ ਸੀ ਰੋਹੀਲਾ (ਸ੍ਰੀ ਹਰਗੋਬਿੰਦਪੁਰ)

ਗੁਰਦਾਸਪੁਰ 'ਚ ਬਿਆਸ ਦਰਿਆ ਦੀ ਉੱਤਰੀ ਬਾਹੀ, ਦਰਿਆਈ ਧਾਰਾਵਾਂ ਵਿਚਕਾਰ ਜ਼ਰਖੇਜ਼ ਭੋਇੰ, ਰੋਹੀਲਾ ਨਾਓਂ ਦਾ ਇੱਕ ਪ੍ਰਾਚੀਨ ਨਗਰ ਵਸਦਾ ਸੀ। ਮੁੱਢ-ਕਦੀਮ 'ਚ ਇਹ ਛੋਟਾ ਜਿਹਾ, ਪਰ ਨਾਮਵਰ, ਖੇੜਾ ਹੁੰਦਾ ਸੀ। ਪਹਿਲ-ਪਲੱਕੜਿਆਂ ਵਿੱਚ ਇਸ ਦੀ ਮੋੜ੍ਹੀ ਕਿਸ ਨੇ ਗੱਡੀ, ਇਹ ਦਰਿਆਫਤ ਨਹੀਂ ਹੋ ਸਕਿਆ। ਸਮਾਂ ਪਾ ਇਹ ਰੋਹੀਲਾ ਪਠਾਨਾਂ ਦੀ ਬਸਤੀ ਬਣਿਆ। ਕਿਹਾ ਜਾਂਦਾ ਹੈ ਕਿ ਇਸ ਪ੍ਰਾਚੀਨ ਹਿੰਦੂ ਬਸਤੀ ਦਾ ਨਾਂਅ ਵੀ ਕਦੇ ਕੋਈ ਹੋਰ ਹੁੰਦਾ ਸੀ, ਪਰ ਰੋਹੇਲੇ ਮੁਸਲਿਮ ਪਠਾਨਾਂ ਦੀ

**ਪਿੰਡ ਵਸਿਆ-81**

**ਵਿਜੇ ਬੰਬੇਲੀ**

ਚੜ੍ਹਤ ਨਾਲ ਇਹ ਪਹਿਲਾਂ ਰੋਹੇਲੇ ਅਤੇ ਮਗਰੋਂ ਰੋਹੀਲਾ ਲਕਬ ਧਾਰਨ ਕਰ ਗਿਆ। ਮਗਰੋਂ; ਹੜ੍ਹਾਂ ਨਿਆਂਈਂ ਇਹ ਥੇਹ ਹੋ ਗਿਆ ਸੀ। ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦੋਖੀਆਂ ਦੀ ਚੁੱਕ ਵਿੱਚ ਆ ਇਸ ਦੇ ਅਹਿਲਕਾਰਾਂ ਗੁਰੂ ਘਰ ਨਾਲ ਦੁਸ਼ਮਣੀ ਪਾ ਲਈ। ਲੋਕ-ਜੁਬਾਂ ਅਨੁਸਾਰ, ਪੰਜਵੇਂ ਪਾਤਸ਼ਾਹ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਖਾਸ ਕਾਰਨੀ ਇਸ ਲਾਗਲੀ ਭੋਇੰ ਸਿੱਖੀ ਕਾਜ਼ਾ ਅਤੇ ਜਨ-ਹਿੱਤ ਵਿੱਚ ਖ੍ਰੀਦ ਲਈ ਸੀ ਤੇ ਇੱਕ ਵਸੇਬ ਦੀ ਨੀਂਹ ਰੱਖੀ। ਸੰਮਤ 1644 ਵਿੱਚ ਇਸ ਵਸੇਬ ਦਾ ਨਵਾਂ ਨਾਂਅ ਉਹਨਾਂ ਆਪਣੇ ਪੁੱਤਰ ਦੇ ਨਾਓਂ ਰੱਖਿਆ 'ਗੋਬਿੰਦਪੁਰ'। ਇਧਰਲੇ ਹਿੰਦੂ-ਸਿੱਖ ਜਾਂ ਮੁਸਲਿਮ ਜਨ ਸਾਧਾਰਨ ਦੇ ਮੇਲਜੋਲ ਨੂੰ ਤਾਂ ਕੋਈ ਜ਼ਰਬ ਨਹੀਂ ਸੀ, ਪਰ ਸਿੱਖੀ ਜਲੌਅ ਰੋਹੀਲੇ ਸਰਦਾਰਾਂ ਨੂੰ ਨਹੀਂ ਸੀ ਭਾਉਂਦਾ।

ਪ੍ਰਸਥਿਤੀਆਂ ਵੱਸ ਚੰਦੂ, ਜਿਸ ਸਿਰ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਵਾਉਣ ਦਾ ਬੱਜਰ ਪਾਪ ਹੈ, ਦੇ ਇੱਕ ਨਜ਼ਦੀਕੀ ਭਗਵਾਨ ਦਾਸ ਘਿਰੜ ਖੱਤਰੀ ਨੇ ਇਸ ਛੋਟੀ ਜਿਹੀ ਵਸੇਬ ਅਤੇ ਇਸ ਦੇ ਮਾਲ-ਅਸਬਾਬ ਉੱਤੇ ਕਬਜ਼ਾ ਕਰ ਲਿਆ। ਯੁੱਧ ਹੋਇਆ। ਘਿਰੜ, ਜਿਸ ਦੀ ਪਿੱਠ 'ਤੇ ਉਸ ਦੇ ਪਠਾਣ ਸੰਗੀ ਆਏ, ਮੁਕਾਮੀ ਅਹਿਲਕਾਰਾਂ ਦੀ ਮਦਦ ਦੇ ਬਾਵਜੂਦ ਮਾਰਿਆ ਗਿਆ। ਲਾਗਲਾ ਰੋਹੀਲਾ ਨਗਰ, ਜਿਹੜਾ ਪਹਿਲਾਂ ਹੜ੍ਹਾਂ ਕਾਰਨ ਅਤੇ ਉਸ ਦੇ ਅਹਿਲਕਾਰਾਂ ਵੱਲੋਂ ਗੁਰੂ ਹਰਗੋਬਿੰਦ ਜੀ ਨਾਲ ਖੁਦ ਸਹੇੜੇ ਯੁੱਧ ਕਾਰਨ ਤਿੱਖੀ ਹੱਦ ਤੀਕ ਦਰਿਆ-ਬੁਰਦ ਤੇ ਨੇਸਤੋਨਬੂਦ ਹੋ ਗਿਆ, ਮੁਸਲਿਮ ਪਠਾਨਾਂ ਦੀ ਸਰਦਾਰੀ ਵਾਲਾ ਸ਼ਹਿਰ ਸੀ।

ਇੱਕ ਮਿੱਥ ਅਨੁਸਾਰ, ਤਾਅ-ਕਿਸਮ ਦੇ ਹਿੰਦੂ ਇੱਥੇ ਨਹਾਇਤ ਘੱਟ ਗਿਣਤੀ ਸਨ। ਪਠਾਨਾਂ ਦਾ ਇਹਨਾਂ ਉੱਤੇ ਨਿਹੱਕਾ ਦਬਦਬਾ ਸੀ। ਸਤੇ ਹੋਏ ਹਿੰਦੂ ਛੇਵੇਂ ਪਾਤਸ਼ਾਹ ਪਾਸ ਜਾ ਫਰਿਆਦੀ ਹੋਏ, ਜਿਹੜੇ ਉਦੋਂ ਕਰਤਾਰਪੁਰ ਰਹਿੰਦੇ ਸਨ। ਮਸਲੇ ਦੀ ਗੰਭੀਰਤਾ ਬੁੱਝਦਿਆਂ ਗੁਰੂ ਹਰਗੋਬਿੰਦ ਜੀ ਖੁਦ ਆਪਣੀ ਪਿਤਾ-ਪੁਰਖੀ ਵਰਸੋਈ-ਭੋਇੰ ਵੇਖਣ ਦੇ ਬਹਾਨੇ ਬਿਆਸ ਦਰਿਆ ਦੀ ਉਸ ਜੂਹ ਨੂੰ ਤੁਰ ਪਏ। ਭਗਵਾਨ ਦਾਸ ਨੇ ਗੁਰੂ ਜੀ ਨੂੰ ਇੱਥੇ ਮੁਕਾਮ ਕਰਨ ਤੋਂ ਰੋਕਿਆ। ਤਿੱਖੀ ਝੜਪ ਦੌਰਾਨ ਭਗਵਾਨਾ ਮਾਰਿਆ ਗਿਆ। ਉਸ ਦਾ ਫਰਜ਼ੰਦ ਰਤਨ ਚੰਦ ਜਲੰਧਰ ਦੇ ਸੂਬੇ ਅਲੀਬੇਗ, ਜਿਸ ਨਾਲ ਇਸ ਟੱਬਰ ਦੀ ਸੁਰ ਸਾਂਝੀ ਸੀ, ਪਾਸ ਜਾ ਪਿੱਟਿਆ। ਗੁੱਸੇ-ਖੋਰ ਅਲੀਬੇਗ ਨੇ ਤੱਤ-ਭੜੱਤ ਅਬਦੁੱਲਾ ਖਾਂ ਜਰਨੈਲ ਦੀ ਅਗਵਾਈ ਹੇਠ ਇੱਕ ਵੱਡੀ ਕੁਮਕ ਤੋਰ ਦਿੱਤੀ। ਰੋਹੀਲਾ ਪਠਾਣਾਂ ਨੇ ਅਬਦੁੱਲੇ ਅਤੇ ਰਤਨ ਚੰਦ ਦਾ ਸਾਥ ਦਿੱਤਾ। ਕਰੀਬ ਅੱਧਾ ਮਹੀਨਾ ਯੁੱਧ ਚੱਲਿਆ। ਇਹ ਵਾਕਿਆ 1621 ਦਾ ਹੈ। ਇਸ ਜੰਗ ਵਿੱਚ ਚੰਦੂ ਦਾ ਗਰੂਰੀ ਪੁੱਤ ਕਰਮ ਚੰਦ ਵੀ ਗੁਰੂ ਜੀ ਵਿਰੁੱਧ ਸਰਗਰਮ ਰਿਹਾ। ਇਹ ਟੋਲਾ ਗੁਰੂ ਜੀ ਵੱਲੋਂ ਲੜ ਰਹੇ ਬ੍ਰਾਹਮਣ ਯੋਧਿਆਂ, ਭਾਈ ਜਟੂ ਜੀ ਅਤੇ ਭਾਈ ਪਰਾਗਾ ਜੀ ਹੱਥੋਂ ਬੁਰੀ ਤਰ੍ਹਾਂ ਚਿੱਤ ਹੋਇਆ।

ਤੁਸੀਂ ਮੈਨੂੰ ਇਸ ਪ੍ਰਾਚੀਨ ਖੇੜੇ ਬਾਰੇ ਦਾਨਿਸ਼ਵਰ ਬੂਟੇ ਸ਼ਾਹ (ਗੁਲਾਮ ਮੁਹੀਉਲਦੀਨ) ਦੀ ਕਿਤਾਬ 'ਤਾਰੀਖ ਪੰਜਾਬ' (ਪੰਜਾਬ ਦੀ ਜੋਗਰਾਫਯਾਈ ਤਵਾਰੀਖ), ਜਿਹੜੀ 1848 'ਚ ਕਲਮਬੱਧ ਹੋਈ ਸੀ, ਵਿੱਚੋਂ ਇੰਨ-ਬਿੰਨ, ਐਨ ਉਸ ਦੇ ਹਰਫਾਂ ਵਿੱਚ ਇੱਕ ਪ੍ਰਸੰਗ, ਕਲਮਬੱਧ ਕਰਨ ਦੀ ਆਗਿਆ ਦਿਓ: ਰਹੀਲਾ ਬਿਆਹ ਦੇ ਟਿੱਬੇ ਦੇ ਕੰਢੇ ਪੁਰ ਇਕ ਸਹਿਰ ਹੈ, ਜੋ ਗੁਰੂ ਅਰਜਣ ਨੈ ਆਪਣੇ ਪੁੱਤ੍ਰ ਹਰਗੋਬਿੰਦ ਦੇ ਨਾਉਂ ਪੁਰ ਬਸਾਕੇ ਹਰਗੋਬਿੰਦਪੁਰਾ ਨਾਉਂ ਧਰਿਆ। ਇਸ ਤੇ ਅੱਗੇ ਇਕ ਛੋਟਾ ਜਿਹਾ ਪਿੰਡੋਰਾ ਸੀ, ਅਤੇ ਇਕ ਗੁੰਮਜਦਾਰ ਚੂਨੇ ਗੱਚ ਮਸੀਤ, ਸਹਿਰ ਦੇ ਗੱਭੇ ਮੁਗਲਾਂ ਦੇ ਮਹੱਲੇ, ਹੁਣ ਤੀਕੁਰ ਅਬਾਦ ਹੈ, ਕਿੰਉਕਿ ਉਹ ਹਿੰਦੁਆਨਾ ਸਹਿਰ ਹੈ। ਇਸ ਤੇ ਅੱਗੇ ਦਰਿਆਉ ਬਿਆਹ, ਸਹਿਰ ਥੀਂ ਦੋਹੁੰ ਯਾ ਤਿੰਨਾਂ ਕੋਹਾਂ ਪੁਰ ਸਾ, ਹੁਣ ਢਾਹੇ ਦੇ ਹਿਠਾੜ ਸਹਿਰ ਤੇ ਤੀਰ ਦੀ ਮਾਰ ਪੁਰ ਚੱਲਦਾ ਹੈ, ਅਤੇ ਉਹੋ ਜਗਾ ਘਾਟ ਦੀ ਹੈ। ਅਤੇ ਢਾਹੇ ਦੇ ਸਬਬ; ਕਾਹਨੂਵਾਣ ਤੇ ਲੈ ਕੇ ਹਰੀਕੇ ਘਾਟ ਤੀਕੁਰ, ਜਿੱਥੇ ਬਿਆਹ ਅਰ ਸਤਲੁਜ ਕਠੇ ਹੁੰਦੇ ਹਨ, ਖੂਹਾਂ ਦਾ ਪਾਣੀ ਡੂੰਘਾ ਹੈ, ਅਤੇ ਢਾਹੇ ਦੇ ਕੰਢਿਓ ਅੱਠਾਂ ਕੋਹਾਂ ਤੀਕੁਰ ਪੱਛਮ ਦੇ ਦਾਉ, ਫਸਲ ਬਰਖਾ ਨਾਲ ਹੁੰਦੀ ਹੈ ਅਤੇ ਗਰਾਵਾਂ ਅਰ ਬਸਤੀਆਂ ਵਿਚ ਕਈ ਖੂਹ ਬੀਹ ਗਜ ਡੂੰਘੇ, ਅਤੇ ਟਾਵਾ ਟਾਵਾਂ ਤੀਹ ਗਜ ਡੂੰਘਾ, ਅਤੇ ਜਿਹੜੇ ਦਰਿਆਉ ਤੇ ਨੇੜੇ ਢਾਹੇ ਪੁਰ ਹਨ, ਸੌ-ਪੰਜਾਹ ਗਜ ਡੂੰਘੇ ਹਨ; ਗੱਲ ਕੀ, ਸੱਭੋ ਚਾਰ ਪੰਜ ਖੂਹੇ ਹੋਣਗੇ।

ਪਰੰਤੂ, ਕਾਲਮਨਵੀਸ਼ ਬੂਟੇ ਸ਼ਾਹ ਨੇ ਇਹ ਸਵੈ-ਸਪੱਸ਼ਟ ਨਹੀਂ ਕੀਤਾ ਕਿ ਪੰਜਵੇਂ ਗੁਰੂ ਜੀ ਵੱਲੋਂ ਮਗਰੋਂ ਵਰਸੋਈ ਨਗਰੀ ਸਿਰੀ ਹਰਗੋਬਿੰਦ ਦੀ ਭੋਇੰ ਇਸੇ ਪ੍ਰਾਚੀਨ ਨਗਰੀ ਨਾਲ ਅਗਲ-ਵਿੰਡੀ ਸੀ। ਅਤੇ ਇਹ ਵੀ ਕਿ; ਛੇਵੇਂ ਪਾਤਸ਼ਾਹ ਵੱਲੋਂ ਪੰਜਵੇਂ ਪਾਤਸ਼ਾਹ ਦੀ ਵਸੇਬ ਨੂੰ ਇਸੇ ਰੋਹੀਲਾ ਥੇਹ ਵੱਲ ਜਾਂ ਉੱਤੇ ਵਿਗਸਾ ਦਿੱਤਾ ਸੀ। ਲੱਗਦਾ; ਰੋਹੀਲਾਂ ਅਤੇ ਸ੍ਰੀ ਹਰਗੋਬਿੰਦਪੁਰ ਅੰਤਰ-ਸੰਬੰਧਤ ਤੇ ਗਲ-ਵਕੜੀ ਹਨ। ਪਰ, ਜਿਵੇਂ ਉਹ ਲਿਖਦਾ ਹੈ ਕਿ ਸਹਿਰ ਦੇ ਗੱਭੇ ਮੁਗਲਾਂ ਦੇ ਮਹੱਲੇ, ਹੁਣ ਤੀਕੁਰ ਅਬਾਦ ਹੈ ਉਹ ਹਿੰਦੁਆਨਾ ਸਹਿਰ ਹੈ . ਆਦਿ। ਇਹ ਸਿੱਧ ਕਰਦਾ ਹੈ ਕਿ ਸ੍ਰੀ ਹਰਗੋਬਿੰਦਪੁਰ ਦੀ ਹੁਣ ਵਾਲੀ ਵਸੇਬ, ਗੁਰੂ ਕਾਲ ਤੋਂ, ਰੋਹੀਲਾ ਥੇਹ ਉੱਤੇ ਹੀ ਆਬਾਦ ਹੋਈ ਹੋਵੇਗੀ। ਪ੍ਰੌੜਤਾ ਹਿੱਤ, ਮੈਨੂੰ ਆਪਣੇ ਇੱਕ ਲੇਖ ਕੁਕਨਸ ਵਾਂਗ ਮੁੜ-ਮੁੜ ਜੀਵਤ ਹੋ ਉੱਠਦਾ ਸੀ ਸਿਰੀ ਹਰਗੋਬਿੰਦਪੁਰ ਵਿੱਚੋਂ ਇਹ ਲਾਇਨਾਂ ਲਿਖਣ ਦੀ ਆਗਿਆ ਦਿਓ:

ਰੋਹੀਲਾ, ਜਿਹੜਾ ਮਗਰਲੇ ਸਾਲਾਂ ਬਾਅਦ ਆਏ ਭਾਰੀ-ਭਰਕਮ ਹੜ੍ਹਾਂ ਨੇ ਨੇਸਤੋ-ਨਬੂਦ ਕਰ ਦਿੱਤਾ ਸੀ, ਯੁੱਧ ਮਗਰੋਂ ਛੇਵੇਂ ਪਾਤਸ਼ਾਹ ਨੇ ਗੋਬਿੰਦ ਖੇੜੇ ਨੂੰ ਨਵੇਂ ਸਿਰਿਓਂ ਵੇਲੇ ਦੀ ਆਧੁਨਿਕ ਲੋੜ ਅਨੁਸਾਰ ਮੁੜ ਸਥਾਪਿਤ ਅਤੇ ਵਿਕਸਤ ਕਰਨ ਦੀ ਲੋੜ-ਮੂਜ਼ਬ ਇਸ ਦੀ ਮੋੜ੍ਹੀ ਭਾਈ ਗੁਰਦਾਸ ਤੋਂ ਮੁੜ ਗਡਵਾ ਕੇ ਉਥੇ ਗੁਰੂ ਘਰ, ਗੁਰੂ ਕਾ ਮਹਿਲ ਵੀ ਵਿਉਂਤਿਆ ਅਤੇ ਤਾਅ-ਕਿਸਮ ਦੇ ਧਰਮ-ਆਸਥੀਆਂ ਦੇ ਧਰਮ ਮੱਠ ਵੀ ਉਸਾਰੇ। ਉਹਨਾਂ ਵਲੋਂ ਉਸਾਰੀ ਗਈ ਮਸੀਤ, ਜਿਸ ਨੂੰ ਗੁਰੂ ਕੀ ਮਸੀਤ ਕਿਹਾ ਜਾਂਦਾ ਹੈ, ਸਦਭਾਵੀ ਜਲੌਅ ਅਤੇ ਇੱਕਮੁਕਤਾ ਦੀ ਸਦੀਵੀ ਨਿਸ਼ਾਨੀ ਬਣ, ਹਾਲੇ ਵੀ ਇਥੇ ਬੁਲੰਦ ਖੜ੍ਹੀ ਹੈ। ਨਵੀਂ ਤਾਮੀਰ, ਹਲਚਲੀ ਗਤੀਵਿਧੀਆਂ, ਸ੍ਰੀ ਗੁਰੂ ਹਰਗੋਬਿੰਦ ਜੀ ਦੀਆਂ ਆਹਲਾ ਸਰਗਰਮੀਆਂ ਕਾਰਨ ਇਸ ਮੁੜ ਜੀਵੰਤ ਹੋ ਰਹੇ ਨਗਰ ਦਾ ਨਾਮਾਂ ਸਿਰੀ ਹਰਗੋਬਿੰਦਪੁਰ ਪ੍ਰਚੱਲਤ ਹੋ ਗਿਆ। ਉਦੋਂ ਸੁਰੱਖਿਆ ਰਣਨੀਤੀ ਤਹਿਤ ਇਸ ਖੇੜੇ ਦੇ ਕੇਂਦਰੀ ਆਬਾਦੀ ਦੁਆਲੇ ਮਜ਼ਬੂਤ ਚਾਰਦੀਵਾਰੀ ਅਤੇ ਮੁੱਖ ਦਰਵਾਜ਼ਾ ਉਸਾਰਿਆ ਗਿਆ। ਸਮੇਂ-ਸਮੇਂ ਵੱਖ-ਵੱਖ ਦਿਸ਼ਾਵਾਂ ਵਿੱਚ ਛੇ ਮਸ਼ਹੂਰ ਲਾਂਘੇ ਉਸਰੇ। ਵਕਤ ਦੀ ਮਾਰ ਅਤੇ ਇਤਿਹਾਸ ਨਾ-ਸਾਂਭਣ ਦੀਆਂ ਸਾਡੀਆਂ ਮੂਰਖਤਾਈਆਂ ਕਾਰਨ ਢਿੱਠੇ-ਧੱਸੇ ਅਤੇ ਖੰਡਰਾਤ ਬਣੇ ਇਹਨਾਂ ਲਾਂਘਿਆਂ ਦੇ ਸਿਰਨਾਵੇਂ, ਅੱਜ ਵੀ ਦਰਵਾਜ਼ਾ ਲਾਹੌਰੀ, ਮਿਆਦੀ, ਸ਼ਾਹਮਾਨਾ, ਮੋਰੀ, ਤੇਲੀ ਅਤੇ ਘਿਰੜ ਦਰਵਾਜ਼ੇ ਵਜੋਂ ਪ੍ਰਚੱਲਤ ਹਨ। ..ਲਾਹੌਰੀ ਦਰਵਾਜ਼ਾ ਅਜੇ ਵੀ ਖੜ੍ਹਾ। ਇਹੀ ਨਹੀਂ, ਲੋੜ ਮੂਜ਼ਬ, ਉਦੋਂ ਤੇ ਬਾਅਦ ਤੱਕ, ਅੱਧਾ ਸੈਂਕੜਾ ਤੋਂ ਕੁੱਝ ਵੱਧ ਖੂਹ ਵੀ ਗਾਲੇ ਗਏ ਸਨ ਅਤੇ ਜਾਤੀ-ਕ੍ਰਮ ਅਨੁਸਾਰ, ਵੱਖ-ਵੱਖ ਬਿਰਾਦਰੀਆਂ ਦੇ ਮੁਹੱਲੇ ਵੀ ਉਸਾਰੇ ਗਏ ਜਾਂ ਉਸਰਦੇ ਰਹੇ। ਗੱਲ ਕੀ ਹਰ ਜਾਤ-ਧਰਮ ਜਾਂ ਮੁਹੱਲੇ ਦਾ ਆਪਣਾ ਖੂਹ ਅਤੇ ਆਪਣਾ ਇਬਾਦਤਖਾਨਾ, ਪਰ ਸੁਰ ਸਭ ਦੀ ਸਾਂਝੀ-ਮੀਂਝੀ।

ਭਾਵੇਂ ਇਸ ਨਗਰ ਨੂੰ ਕਈ ਮਨੁੱਖ ਸਿਰਜਤ ਅਤੇ ਕੁਦਰਤੀ ਤ੍ਰਾਸਦੀਆਂ ਦਾ ਵੀ ਸਾਹਮਣਾ ਕਰਨਾ ਪੈਂਦਾ ਸੀ/ਹੈ, ਪਰ ਇਹ ਕੁਕਨਸ ਵਾਂਗ ਮੁੜ ਜੀਵਤ ਹੋ ਉੱਠਦਾ। ਪ੍ਰਾਚੀਨ ਹਰਗੋਬਿੰਦਪੁਰ ਦੀ ਮੁੱਖ ਵਸੋਂ ਜਾਂ ਸੁਪਰਸਿੱਧ ਗਲੀਆਂ ਇਹ ਸਨ: ਮੁਹੱਲਾ/ਗਲੀ ਗੁਰੂ ਸਾਹਿਬ, ਗਲੀ ਕ੍ਰਿਸ਼ਨ ਮੰਦਿਰ, ਗਲੀ ਘੁਮਾਰਾਂ, ਭੱਲਿਆ, ਅਰੋੜਿਆਂ, ਸ਼ਾਹਮਾਨਾ ਅਤੇ ਗਲੀ ਸਲਵਾਨਾਂ। ਅੱਜ ਵੀ ਪੁਰਾਣੇ ਮੁਹੱਲਿਆ ਦੇ ਨਾਂ, ਪਹਿਲਕਿਆਂ ਵਾਂਗ ਲੋਕ-ਜੁਬਾਂ ਵਿੱਚ ਹਨ: ਮੁਹੱਲਾ ਆਹਲੂਵਾਲੀਆਂ, ਰਾਮਗੜ੍ਹੀਆਂ, ਪਾਧਿਆਂ, ਕਾਸ਼ਤਕਾਰਾਂ, ਰਾਮਦਾਸੀਆਂ, ਘੁਮਾਰਾਂ, ਖੋਸਲਿਆਂ, ਸਲਵਾਨਾਂ, ਖਿੰਦੜੀਆਂ, ਖਾਕਰੋਬਾਂ, ਪੁਰੀਆਂ, ਬਜ਼ਾਜ਼ਾ, ਕੋਕਲੀਆਂ, ਸੈਣੀਆਂ, ਜੱਟਾਂ, ਜੁਲਾਹਿਆਂ, ਘਿਰੜਾਂ (ਕਹੇੜਾਂ), ਮਹਿਮਾਰਾਂ, ਮਲਾਹਾਂ, ਅਰਾਈਆਂ ਅਤੇ ਮੁਹੱਲਾਂ ਸ਼ੇਖਾਂ। ਜਾਤ ਅਤੇ ਕਿੱਤਾ ਅਧਾਰਿਤ ਇਹਨਾਂ ਮੁਹੱਲਿਆਂ ਵਿੱਚ, ਤੋੜ '47 ਤੀਕ, ਉਸ ਜਾਤ-ਧਰਮ ਅਤੇ ਕ੍ਰਮ ਦੇ ਲੋਕ ਭਾਰੂ ਧਿਰ ਵਜੋਂ ਵੱਸਦੇ ਹਨ। ਮੁੱਕਦੀ ਗੱਲ; ਸ੍ਰੀ ਹਰਗੋਬਿੰਦਪੁਰ ਕਦੇ ਰੋਹੀਲਾ ਸੀ।

ਮੋਬਾ. 94634-39075

# ਲੱਗੇ ਦਿਲਾਂ 'ਤੇ ਦਾਗ ਨਈਂ ਮਿੱਟਦੇ

ਜ਼ਿੰਦਗਾਨੀ ਵਿੱਚ ਵਿਚਰਦਿਆਂ ਕਦੋਂ ਕੀ ਹੋ ਜਾਵੇ? ਕੌਣ ਜਾਣਦੈ? ਖੁਸ਼ੀਆਂ-ਖੇੜਿਆਂ ਦੀ ਤਮੰਨਾ ਪਾਲ਼ਦਾ ਬੰਦਾ ਸੁੱਤੇ ਸਿੱਧ ਹੀ ਕਿਹੜੇ ਵੇਲ਼ੇ ਦੁੱਖਾਂ ਤੇ ਪੀੜਾਂ ਦੇ ਸਰਵਰ ਵਿੱਚ ਮੂਧੇ-ਮੂੰਹ ਜਾ ਡਿੱਗੇ, ਕਿਸ ਨੂੰ ਪਤੈ? ਏਥੇ ਅਗਲੇ ਪਲ ਦਾ ਭਰੋਸਾ ਨਈਂ। ਭਵਿੱਖ ਬਾਰੇ ਬਾਰੇ ਕਿੰਝ ਕਿਆਸ ਲਾਉਣ ਲਗਦਾ ਹੈ। ਹਰ ਬੰਦਾ ਭਲਾਂ ਨਜ਼ੂਮੀਂ ਥੋੜ੍ਹੇ ਹੁੰਦੈ? ਨਜ਼ੂਮੀ ਹੋਣਾ ਹਰ ਐਰੇ-ਗੈਰੇ ਦੇ ਵਸ ਦੀ ਗੱਲ ਵੀ ਨਹੀਂ। ਆਮ ਬੰਦਾ ਤਾਂ ਇਸ ਦੇ ਨੇੜੇ ਵੀ ਨਹੀਂ ਪਹੁੰਚ ਸਕਦਾ। ਤਾਰਿਆਂ ਦੀ ਲੋਅ ਤੱਕ ਪਹੁੰਚਣਾ ਏਨਾ ਆਸਾਨ ਵੀ ਤਾਂ ਨਹੀਂ ਹੁੰਦਾ। ਗਹੁ ਨਾਲ਼ ਵਾਚਿਆਂ ਇਹ ਨਤੀਜਾ ਵੀ ਸਾਹਮਣੇ ਆ ਖੜ੍ਹਦੈ ਬਈ ਇਹ ਨਜ਼ੂਮੀ, ਇਹ ਜੋਤਸ਼ੀ, ਇਹ ਟੇਵਾ-ਮਾਸਟਰ ਵੀ ਕਿਹੜਾ ਬੰਦੇ ਨੂੰ ਸਿੱਧੇ ਰਾਹੇ ਪਾਉਂਦੇ ਹਨ। ਇਨ੍ਹਾਂ ਵਿੱਚ ਵੀ ਬਹੁਤੇ ਕੁਰਾਹੀਏ ਕਾਬਜ਼ ਹੋਏ ਪਏ ਹਨ। ਇਨ੍ਹਾਂ ਨੂੰ ਉਸ ਰਾਹ ਦਾ ਹੀ ਪਤਾ ਨਈਂ ਹੁੰਦਾ, ਜਿਸ 'ਤੇ ਉਹ ਹੋਰਨਾਂ ਨੂੰ ਤਾਰਿਆਂ ਦੀ ਸੇਧੇ ਤੋਰਨ ਦੀ ਗੱਲ ਕਰਦੇ ਹਨ। ਇਨ੍ਹਾਂ ਦਾ ਕੰਮ ਭੋਲ਼ੇ-ਭਾਲ਼ੇਤੇ ਥੁੜ੍ਹਾਂ ਮਾਰਿਆਂ ਨੂੰ ਚੱਕਰ ਵਿੱਚ ਪਾਈ ਰੱਖਣਾ ਹੈ। ਫਿਰ ਹੌਲ਼ੀ ਹੌਲ਼ੀ ਰੋਟੀ-ਰੋਜ਼ੀ ਜਾਂ ਧਰਮ ਦੇ ਚੱਕਰਵਿਊ ਵਿੱਚ ਉਲਝਾ ਕੇ ਡਰਾਕਲ਼ ਬਣਾ ਦਿੱਤੀ ਗਈ ਖਲਕਤ ਇਨ੍ਹਾਂ ਦੇ ਸਬਜ਼ਬਾਗ ਵਿੱਚ ਅਜਿਹਾ ਫਸਦੀ ਹੈ, ਜੋ ਅੱਗੇ ਜਾ ਕੇ ਬਹੁਤ ਭਿਆਨਕ ਰੂਪ ਧਾਰ ਲੈਂਦਾ ਹੈ। ਕਹਿੰਦੇ ਹਨ ਕਿ ਸਮੇਂ ਦੇ ਹੇਰ-ਫੇਰ ਨਾਲ਼ ਵੱਡੇ ਵੱਡੇ ਜ਼ਖ਼ਮ ਆਪਣੇ ਆਪ ਭਰ ਜਾਂਦੇ ਹਨ। ਉਂਝ ਜੇ ਭਰਦੇ ਨਈਂ ਤਾਂ ਦਿਲਾਂ 'ਤੇ ਜ਼ਖ਼ਮ ਨਹੀ ਭਰਦੇ। ਭਰ ਵੀ ਜਾਣ ਤਾਂ ਦਿਲਾਂ 'ਤੇ ਲੱਗੇ ਦਾਗ ਕਦੇ ਨਈਂ ਮਿਟਦੇ।

ਪਿਛਲੇ ਦਿਨੀਂ ਮੇਰੇ ਇੱਕ ਗਹਿਰੇ ਦੋਸਤ ਦੇ ਭਰਾ ਦੇ ਤੁਰ ਜਾਣ ਦੀ ਮਿਲ਼ੀ ਖ਼ਬਰ ਨੇ ਮਨ ਦਾ ਅੰਬਰ ਝੰਬ ਸੁੱਟਿਆ। ਚੜ੍ਹਦੀ ਜਵਾਨੀ ਵਿੱਚ ਤੁਰ ਗਏ ਉਸ ਦੇ ਭਰਾ ਦੇ ਛੋਟੇ ਛੋਟੇ ਬੱਚੇ ਤੇ ਭਰ ਜੁਆਨ ਪਤਨੀ ਗਲ਼ ਅਚਾਨਕ ਵਿਧਵਾ ਦਾ ਲਿਬਾਸ ਆ ਪਿਆ। ਮਨ ਦੇ ਅੰਬਰ 'ਤੇ ਪਲਾਂ ਵਿੱਚ ਹੀ ਗਹਿਰੇ ਕਾਲ਼ੇ ਬੱਦਲ਼ ਛਾਏ ਤੇ ਕਿੰਨਾ ਈ ਚਿਰ ਜਲ-ਥਲ ਹੁੰਦੀ ਰਹੀ। ਫਿਰ ਮੈਂ ਸੋਚਦਾ ਰਿਹਾਂ, ਕੀ ਮੈਂ ਆਪਣੇ ਉਸ ਗਹਿਰੇ ਦੋਸਤ ਦੇ ਭਰਾ ਦੇ ਵਿਛੋੜੇ ਨੂੰ ਰੋ ਰਿਹਾ ਸੀ ਜਾਂ ਕਿਸੇ ਹੋਰ ਨੂੰ? ਇਸ ਦਾ ਜਵਾਬ ਨਾਂਹ ਵਿੱਚ ਮਿਲ਼ਿਆ। ਸੱਚ ਪੁੱਛੋਂ ਤਾਂ ਅਜਿਹੇ ਮੌਕੇ ਅਸੀਂ ਦੂਜਿਆਂ ਦੇ ਦੁੱਖਾਂ ਵਿੱਚ ਸ਼ਰੀਕ ਹੋਣ ਲੱਗਿਆਂ ਸਾਡੇ ਆਪਣੇ ਹੀ ਪਿਆਰਿਆਂ ਦੇ ਵਿਛੋੜੇ ਦੀਆਂ ਯਾਦਾਂ ਤਰੋ-ਤਾਜ਼ਾ ਹੋ ਜਾਂਦੀਆਂ ਹਨ। ਮੇਰੇ ਮਨ ਦੀ ਹਾਲਤ ਵੀ ਕਿਸੇ ਬਿਰਹੋਂ ਮਾਰੀ ਅੱਲੜ੍ਹ ਮੁਟਿਆਰ ਦੇ 'ਵੇ ਚਰਖਾ ਮੈਂ ਕੱਤਦੀ ਤੰਦ ਤੇਰਿਆਂ ਦੁੱਖਾਂ ਦੀ ਪਾਵਾਂ' ਵਾਲ਼ੀ ਹੋ ਹੋ ਜਾਂਦੀ ਰਹੀ। ਅੰਤਿਮ ਅਰਦਾਸ ਦੇ ਦਿਨ ਮੈਂ ਆਪਣੇ ਇੱਕ ਹੋਰ ਉੱਚ ਅਧਿਕਾਰੀ ਕੁਲੀਗ ਰਹੇ ਮਿੱਤਰ ਨਾਲ਼ ਚੱਲ ਪਿਆ। ਦਰਅਸਲ ਅਸੀਂ ਤਿੰਨੋ ਇੱਕੋ ਆਫਿਸ ਵਿੱਚ ਲੰਮਾ ਸਮਾਂ ਸਹਿਕਰਮੀ ਰਹੇ। ਉਸ ਉੱਚ ਅਧਿਕਾਰੀ ਮਿੱਤਰ ਦੇ ਸਟਾਫ ਮੈਂਬਰ ਹੋਰ ਮੁੰਡੇ ਵੀ ਓਸੇ ਗੱਡੀ ਵਿੱਚ ਸਵਾਰ ਸਨ। ਨਵੀਂ ਉਮਰ ਦੀਆਂ ਨਵੀਆਂ ਗੱਲਾਂ। ਸਾਰੇ ਰਸਤੇ ਦੌਰਾਨ ਉਨ੍ਹਾਂ ਵੱਲੋਂ ਮਸਤੀ ਭਰੀਆਂ ਕੀਤੀਆਂ ਜਾਂਦੀਆਂ ਟਿੱਚਰਾਂ, ਵਿਅੰਗ ਤੇ ਲੁੱਚੀਆਂ ਗੱਲਾਂ ਸੁਣਦਾ ਮੈਂ ਕਿਸੇ ਹੋਰ ਹੀ ਸੰਸਾਰ ਵਿੱਚ ਵਿਚਰਦਾ ਮਹਿਸੂਸ ਕਰਦਾ ਰਿਹਾ। ਇਨ੍ਹਾਂ ਅੱਲੜ੍ਹ ਮੁੰਡਿਆਂ ਦੇ ਸੱਚੀਂ ਰੱਬ ਵੀ ਯਾਦ ਨਈਂ ਸੀ ਸ਼ਾਇਦ।

**ਸ਼ੀਸ਼ੇ ਦੇ ਵੱਲ ਦੇਖ ਨਾ ਹੋਵੇ-71**

**ਸੁਰਜੀਤ ਸੁਮਨ**

ਕਦੇ ਕਦੇ ਉਨ੍ਹਾਂ ਦੀਆਂ ਖਰਮਸਤੀਆਂ ਚੰਗੀਆਂ ਵੀ ਲਗਦੀਆਂ। ਫਿਰ ਮੈਂ ਸੋਚਣ ਲਗਦਾ ਹਾਂ, ਇਹ ਉਮਰ ਹੀ ਅਜਿਹੀ ਹੁੰਦੀ ਹੈ। ਬੇਪਰਵਾਹ ਵੀ ਤੇ ਲਾਪ੍ਰਵਾਹ ਵੀ। ਮੈਂ ਉਨ੍ਹਾਂ ਦੀਆਂ ਬੇਪਰਵਾਹੀਆਂ ਤੋਂ ਮੁਤਾਸਿਰ ਹੁੰਦਾ ਰਿਹਾ ਤੇ ਉਨ੍ਹਾਂ ਦੀਆਂ ਲਾਪ੍ਰਵਾਹੀਆਂ ਮੇਰੇ ਅੰਦਰਲੇ ਨੂੰ ਕੱਟਦੀਆਂ-ਵੱਢਦੀਆਂ ਵੀ ਰਹੀਆਂ।

ਰੋਪੜ੍ਹ ਦੇ ਪੁਆਧ ਇਲਾਕੇ ਨੂੰ 'ਵਾਏ ਵਾਏ' ਕਹਿੰਦੀ ਗੱਡੀ ਜਿਉਂ ਹੀ ਨਹਿਰੋ-ਨਹਿਰ ਬਲਾਚੌਰ ਵੱਲ ਵਧਣ ਲੱਗੀ, ਨਾਲ਼ ਹੀ ਦੁਆਬੇ ਦੀ ਆਬੋ-ਹਵਾ ਨੇ ਆਪਣੇ ਰੰਗ ਦਿਖਾਉਣੇ ਸ਼ੁਰੂ ਕਰ ਦਿੱਤੇ। ਰੋਪੜ ਹੈੱਡਵਰਕਸ ਤੋਂ ਨਿਕਲ਼ੀ ਇਸ ਬਿਸਤ ਦੁਆਬ ਨਹਿਰ ਦੇ ਪਾਣੀ ਨੇ ਬਲਾਚੌਰ, ਨਵਾਂਸ਼ਹਿਰ ਤੇ ਜਲੰਧਰ ਦੇ ਖੇਤਾਂ ਨੂੰ ਸਿੰਜਣਾ ਹੈ। ਖੇਤਾਂ ਵਿੱਚ ਦੂਰ ਦੂਰ ਤੱਕ ਝੂਲਦੇ ਹਰੇ-ਕਚੂਰ ਪਾਪੂਲਰ ਦੇ ਸੰਘਣੇ ਬੂਟੇ ਇੰਝ ਜਾਪ ਰਹੇ ਸਨ, ਜਿਵੇਂ ਧਰਤੀ ਮਾਂ ਨੇ ਹਰਿਆਵਲ ਦੀ ਬੁੱਕਲ਼ ਮਾਰ ਲਈ ਹੋਵੇ। ਮਨ ਰੁਮਾਂਚਿਤ ਹੋ ਉੱਠਿਆ। ਸ਼ਾਇਦ ਏਸੇ ਲਈ ਹੀ ਉਨ੍ਹਾਂ ਮੁੰਡਿਆਂ ਦੇ ਮਨ ਵੀ ਮਚਲ ਉੱਠੇ ਹੋਣ। ਸ਼ਬਾਬ, ਸ਼ਰਾਬ ਤੇ ਕਬਾਬ ਤੋਂ ਹੁੰਦੀਆਂ ਹੋਈਆਂ ਉਨ੍ਹਾਂ ਦੀਆਂ ਗੱਲਾਂ ਕਿਹੜੇ ਵੇਲ਼ੇ ਔਰਤਾਂ ਦੇ ਅੰਗਾਂ ਨੂੰ ਮਧੋਲ਼ਦੀਆਂ ਗਸ਼ਤੀਆਂ ਦੇ ਵਿਹੜਿਆਂ ਵਿੱਚ ਜਾ ਵੜੀਆਂ, ਪਤਾ ਹੀ ਨਾ ਲੱਗਾ। ਉਨ੍ਹਾਂ ਦੀਆਂ ਗੱਲਾਂ ਵਿੱਚ ਕਨਾਲ਼ ਕਨਾਲ਼ ਦੀਆਂ ਕੋਠੀਆਂ ਉਸਰ ਰਹੀਆਂ ਹਨ। ਵੱਡੀਆਂ ਵੱਡੀਆਂ ਗੱਡੀਆਂ ਘੁੰਮ ਰਹੀਆਂ ਹਨ। ਫਿਰ ਉਨ੍ਹਾਂ ਦੀਆਂ ਗੱਲਾਂ ਸਿਆਸੀ ਲੋਕਾਂ ਦੇ ਨਾਲ਼ ਨਾਲ਼ ਉੱਚ ਦੁਮਾਲੜੇ ਦੇ ਨੌਕਰਸ਼ਾਹਾਂ ਦੇ ਪੋਤੜੇ ਫਰੋਲਣ ਲੱਗੀਆਂ। ਮੈਂ ਹੈਰਾਨ ਸੀ, ਉਹ ਕਿਸੇ ਨੂੰ ਵੀ ਬਖ਼ਸ਼ ਨਹੀਂ ਸਨ ਰਹੇ। ਮੈਂ ਆਪਣੇ ਦੇਸ ਪੰਜਾਬ ਦੇ ਹਾਕਮਾਂ ਬਾਰੇ ਉਨ੍ਹਾਂ ਦੀਆਂ ਇਹੋ ਜਿਹੀਆਂ ਗੱਲਾਂ ਸੁਣ ਸੁਣ ਸੋਚਾਂ ਦੇ ਗਹਿਰੇ ਵਾਵਰੋਲ਼ੇ ਵਿੱਚ ਘਿਰ ਜਾਂਦਾ ਰਿਹਾਂ। ਮੈਨੂੰ ਸਮਝ ਆਉਣ ਲਗਦਾ ਹੈ ਕਿ ਆਮ ਲੋਕਾਂ ਦੇ ਦੁੱਖਾਂ-ਦਰਦਾਂ ਦਾ ਨਿਵਾਰਨ ਕਿਉਂ ਨਹੀਂ ਹੁੰਦਾ? ਜਿੱਥੇ ਕਾਬਜ਼ ਸੱਤਾਧਾਰੀ ਰਾਜਨੀਤਿਕ ਲੋਕ ਤੇ ਨੌਕਰਸ਼ਾਹ ਅਜਿਹੇ ਕਿਰਦਾਰ ਦੇ ਮਾਲਕ ਹੋਣਗੇ, ਉਨ੍ਹਾਂ ਤੋਂ ਫਿਰ ਕਿਸ ਤਰ੍ਹਾਂ ਦੀਆਂ ਆਸਾਂ-ਉਮੀਦਾਂ ਕੀਤੀਆਂ ਜਾ ਸਕਦੀਆਂ ਹਨ?

ਇੱਕ ਜੁਆਨ ਨੇ ਮਹਾਰਾਜਾ ਰਣਜੀਤ ਸਿੰਘ ਦੇ ਸਰਕਾਰ-ਏ-ਖਾਲਸਾ ਰਾਜ ਦੀ ਬਾਤ ਛੋਹੀ ਹੈ। ਮੇਰੇ ਮਨ ਦੇ ਚਿਤਰਪਟ ਦੀ ਟਹਿਣੀ 'ਤੇ ਮਹਾਰਾਜਾ ਦਾ ਰਾਜ ਕਾਲ ਆ ਬੈਠਦਾ ਹੈ। ਵਾਹ, ਸਰਕਾਰ-ਏ-ਖਾਲਸਾ। ਫਿਰ ਮੈਂ ਸੋਚਣ ਲਗਦਾ ਹਾਂ। ਉਮਰ ਦੇ ਕਿਸੇ ਪੜਾਅ 'ਤੇ ਪਹੁੰਚ ਇੱਕ ਮਹਿਫਲ ਵਿੱਚ ਮਹਾਰਾਜਾ ਇੱਕ ਮੁਸਲਮਾਨ ਰਕਾਸਾ ਮੋਰਾਂ ਦੇ ਇਸ਼ਕ ਵਿੱਚ ਪੈ ਉਸ ਨਾਲ਼ ਵਿਆਹ ਰਚਾ ਲੈਂਦਾ ਹੈ। ਰਾਜ ਵਿੱਚ ਤੂਫਾਨ ਉੱਠ ਖੜ੍ਹਾ ਹੁੰਦਾ ਹੈ। ਦੂਜੇ ਜੁਆਨ ਨੇ ਮੇਰੀ ਸੋਚ ਲੜੀ ਨੂੰ ਤੋੜਿਆ ਹੈ। 'ਯਾਰ ਸਾਡੇ ਇੱਕ ਹੋਰ ਮਹਾਰਾਜਾ ਨੇ ਕਿਹੜਾ ਘੱਟ ਗੁਜ਼ਾਰੀ ਸੀਗੀ। ਅਰੂਸਾ ਆਲਮ ਜ਼ਿੰਦਾਬਾਦ। ਮੋਰਾਂ ਜ਼ਿੰਦਾਬਾਦ। ਕੀ ਵਿਗਾੜ ਲਿਆ ਕਿਸੇ ਨੇ? ਰਾਜ-ਭਾਗ ਦੇ ਨਾਲ਼ ਹੋਰ ਵੀ ਬਹੁਤ ਕੁਸ਼ ਤੁਰਨ ਲਗਦੈ ਰਾਜਿਆਂ ਦੇ।' ਡਰਾਈਵਰ ਗੱਡੀ ਨੂੰ ਗੜ੍ਹਸ਼ੰਕਰ ਤੋਂ ਬਿਸਤ ਦੁਆਬ ਨਹਿਰੋ ਨਹਿਰ ਦੌੜਾਈ ਲਿਜਾ ਰਿਹਾ ਸੀ। ਸੜਕ ਕਿਨਾਰੇ ਲੱਗੇ ਸਾਈਨ ਬੋਰਡ ਪੜ੍ਹਦਾ ਹਾਂ। ਪਿੰਡਾਂ ਦੇ ਬੜੇ ਕਮਾਲ ਦੇ ਨਾਂ ਸਨ, ਮੋਰਾਂਵਾਲ਼ੀ, ਕੋਟ-ਫਤੂਹੀ ਬਗੈਰਾ ਬਗੈਰਾ। 'ਕੋਟ-ਫਤੂਹੀ' ਪਿੰਡ ਦਾ ਨਾਂ ਪੜ੍ਹਦਿਆਂ ਮੇਰੇ ਮਨ ਦੀ ਸਕਰੀਨ 'ਤੇ ਇੱਕ ਵਾਕ 'ਕਦੇ ਦੇਸ਼ ਭਗਤ ਬੱਬਰਾਂ ਦੀ ਚੀਫ ਕੋਰਟ ਸੀ - ਕੋਟ ਫਤੂਹੀ' ਉੱਭਰਿਆ। ਦੇਸ਼ ਭਗਤ ਬੱਬਰਾਂ ਬਾਰੇ ਇਹ ਵਾਕ ਹੂਬ-ਹੂ ਮੈਂ ਕਿਤੇ ਪੜ੍ਹਿਆ ਸੀ। ਮੇਰਾ ਮੱਥਾ ਠਣਕਿਆ। ਫਿਰ ਮੇਰਾ ਸਿਰ ਆਪ-ਮੁਹਾਰੇ 'ਕੋਟ-ਫਤੂਹੀ' ਅੱਗੇ ਝੁਕ ਗਿਆ।

ਤਦੇ ਮੇਰੇ ਫੋਨ ਦੀ ਘੰਟੀ ਵੱਜੀ। ਸਕਰੀਨ 'ਤੇ ਬਾਈ ਦਲੇਰ ਸਿੰਘ ਦਾ ਨਾਂ ਫਲੈਸ਼ ਹੋ ਰਿਹਾ ਸੀ। 'ਹੋਰ ਸੁਣਾ ਛੋਟੇ ਭਾਈ ਕਿਆ ਹਾਲ-ਚਾਲ ਹੈ? ਭੋਗ 'ਤੇ ਨਡਾਲ਼ੋਂ ਆ ਰਿਹਾ ਫਿਰ?' ਦਲੇਰ ਸਿੰਘ ਦੇ ਸਹੁਰੇ ਵੀ ਇਸੇ ਪਿੰਡ ਹੀ ਹਨ। ਉਸ ਵੀ ਆਪਣੀ ਪਤਨੀ ਨਾਲ਼ ਇੱਥੇ ਪੁੱਜਣਾ ਸੀ। ਮੇਰੀ 'ਹਾਂ ਜੀ' ਸੁਣ ਉਸ ਫਿਰ ਆਪਣੀ ਮੁਹਾਰਨੀ ਛੇੜ ਲਈ। 'ਛੋਟੇ ਭਾਈ ਸਿਆਸੀ ਲੋਕਾਂ ਨੂੰ ਤਾਂ ਬੱਸ ਹੁਣ ਸਤਾਈ ਦੀ ਚੋਣ ਦਿਖਦੀ ਆ। ਵੋਟਾਂ ਲਈ ਇਹ ਹੁਣ ਕੁਸ਼ ਵੀ ਕਰ ਸਕਦੇ ਆ। ਦੇਖ ਲਾ ਭਾਜਪਾ ਆਦਮਬੋਅ-ਆਦਮਬੋਅ ਕਰਦੀ ਚੜ੍ਹੀ ਆ ਰਹੀ ਆ। ਕਾਂਗਰਸ ਦੀ ਉਂਈ ਅੰਦਰਲੀ ਖਾਨਾਜੰਗੀ ਨੀਂ ਮੁੱਕਦੀ। ਉੱਥੇ ਸਾਰੇ ਈ ਮੁੱਖ ਮੰਤਰੀ ਬਣਨ ਨੂੰ ਫਿਰਦੇ ਨੇ। ਬਾਦਲਾਂ ਨੇ ਇੱਕ ਵਾਰ ਫਿਰ ਧਾਰਮਿਕ ਪੱਤਾ ਖੇਡਿਆ ਹੈ ਤੇ ਆਪ ਮੁੱਖ ਮੰਤਰੀ ਵੀਡੀਓ ਕਾਂਡ ਦੀ ਅਗਨ ਵਿੱਚ ਤਪ ਰਿਹੈ। ਯਾਰ ਕਿਆ ਬਣੂੰ? ਜਥੇਦਾਰਾਂ ਤਾਂ ਤਖਤਾਂ ਦੀ ਮਾਣ-ਮਰਿਆਦਾ ਈ ਦਾਅ 'ਤੇ ਲਾਅ'ਤੀ ਛੋਟੇ ਭਾਈ। ਕਾਹਲ਼ ਕਰਨ ਨਾਲ਼ੋਂ ਹੋਰ ਡੂੰਘਾਈ ਨਾਲ਼ ਸੱਚ ਤੱਕ ਅੱਪੜਨਾ ਚਾਹੀਦਾ ਸੀਗਾ। ਅੱਜ ਦੇਖ ਲਾ ਮੁੱਖ ਮੰਤਰੀ ਨੇ ਦੋਸ਼ ਮੁੱਢੋਂ ਨਕਾਰ 'ਤੇ। ਤੈਨੂੰ ਨੀਂ ਲਗਦਾ ਬਈ ਸਿੱਖ ਸੰਗਤ ਨੇ ਵੀ ਇਹਨੂੰ ਬਹੁਤਾ ਸੀਰੀਅਸਲੀ ਨਈਂ ਲਿਆ? ਚਲੋ ਦੇਖੋ ਕੀ ਬਣਦੈ?' ਫਿਰ ਉਸ ਆਪੇ ਆਪਣੀਆਂ ਗੱਲਾਂ ਦਾ ਮੁਹਾਣ ਵਿਛੜੀ ਆਤਮਾ ਵੱਲ ਮੋੜ ਲਿਆ। ਛੋਟੇ ਭਾਈ ਬੜਾ ਸਾਊ ਮੁੰਡਾ ਸੀਗਾ। ਕਿਸੇ ਫੈਕਟਰੀ ਵਿੱਚ ਕੰਮ ਕਰਦਾ ਸੀਗਾ। ਦੋ ਛੋਟੇ ਛੋਟੇ ਬੱਚੇ ਨੇ ਜਨਾਨੀ ਰੁਲ਼ਗੀ ਵਿਚਾਰੀ। ਭਰਾ ਇਹਦੇ ਪੈਰ ਈ ਨੀਂ ਲੱਗੇ। ਕਈ ਵਾਰ ਡੁਬਈ ਹੋ ਆਇਆ। ਕਿਆ ਕਰਦਾ, 'ਲੇਖ ਜਾਣਗੇ ਨਾਲ਼ੇ ਨਾ ਜਾਈਂ ਬਰਮਾ ਨੂੰ।' ਹੋਰ ਸੁਣ ਇਸ ਪਿੰਡ ਵੱਖ ਵੱਖ ਫਿਰਕਿਆਂ ਦੇ ਸੱਤ ਅੱਠ ਗੁਰੂਦਆਰੇ ਨੇ।' ਫੋਨ ਕੱਟਿਆ ਗਿਆ। ਪਿੰਡ ਪਹੁੰਚ ਅਸੀਂ ਢਾਈ-ਤਿੰਨ ਫੁਟੇ ਰਸਤੇ 'ਤੇ ਤੁਰੇ ਜਾ ਰਹੇ ਆਂ। ਪਾਠੀ ਸਿੰਘ ਦੀ ਆਵਾਜ਼ ਕੰਨੀਂ ਪੈਂਦੀ ਹੈ, 'ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ॥' ਇੱਕ ਬੇਭਾਗੇ ਜਿਹੇ ਘਰ ਅੱਗੇ ਰੁਕਦੇ ਹਾਂ। ਛੋਟਾ ਜਿਹਾ ਇੱਕ ਕਮਰਾ ਤੇ ਅੱਗੇ ਬਰਾਂਡਾ। ਕੁਸ਼ ਔਰਤਾਂ ਤੇ ਮਰਦ ਅਰਦਾਸ ਵਿੱਚ ਹਨ। ਅੰਤਿਮ ਅਰਦਾਸ ਹੋ ਚੁੱਕੀ ਹੈ। ਅੰਦਰ ਥਾਂ ਨਾ ਹੋਣ ਕਰਕੇ ਅਸੀਂ ਬਾਹਰ ਹੀ ਖੜ੍ਹ ਜਾਂਦੇ ਹਾਂ। ਸਮਾਜ ਵਿੱਚਲੀ ਕਾਣੀ ਵੰਡ ਦੇ ਪ੍ਰਤੱਖ ਦਰਸ਼ਨ ਹੋ ਰਹੇ ਹਨ। ਮੇਰੇ ਬੁੱਲ੍ਹਾਂ 'ਤੇ ਆ ਕੇ ਮੇਰੇ ਗੀਤ ਦੇ ਬੋਲ ਮਰਨ ਲਗਦੇ ਹਨ, 'ਕਦੇ ਲੰਘੀਏ ਸਚਾਈ ਨੂੰ ਨਾ ਪਿੱਠ ਦੇ/ ਲੱਗੇ ਦਿਲਾਂ 'ਤੇ ਦਾਗ ਨਈਂ ਮਿਟਦੇ।'

ਸੰਪਰਕ : 98144-30874

# .ਗਦਰੀਆਂ ਦਾ ਮੱਕਾ ਗੁਰਦੁਆਰਾ ਝਾੜ ਸਾਹਿਬ ਦੇ ਮਹੰਤ ਸ਼ਹੀਦ ਬੋਘ ਸਿੰਘ

ਗ਼ਦਰੀਆਂ ਦਾ ਮੱਕਾ ਸੀ ਗੁਰਦੁਆਰਾ ਝਾੜ ਸਾਹਿਬ, ਜਿੱਥੋਂ ਦੇ ਮਹੰਤ ਬੋਘ ਸਿੰਘ ਨੂੰ ਗ਼ਦਰੀਆਂ ਨੇ ਨਾਲ ਰਲਾ ਕੇ ਗੁਰਦੁਆਰਾ ਸਾਹਿਬ ਗ਼ਦਰੀਆਂ ਦਾ ਹੈੱਡਕੁਆਰਟਰ ਬਣਾਇਆ ਸੀ। ਇਸ ਪਵਿੱਤਰ ਥਾਂ 'ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਚਰਨ ਪਏ ਹਨ।ਗ਼ਦਰੀਆਂ ਦੇ ਇਸ ਮੁੱਢਲੇ ਹੈੱਡਕੁਆਰਟਰ ਦੇ ਬਾਨੀ ਮਹੰਤ ਗੁੱਜਰ ਸਿੰਘ ਦੀ ਯਾਦ ਵਿੱਚ ਹਰ ਸਾਲ ਸੱਤ ਹਾੜ੍ਹ ਭਾਵ 21 ਜੂਨ ਨੂੰ ਬੜੀ ਧੂਮਧਾਮ ਨਾਲ ਮੇਲਾ ਲਗਦਾ ਹੈ। ਗੁਰਦੁਆਰਾ ਸਾਹਿਬ ਵਿਖੇ ਆਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਕੀਰਤਨ ਅਤੇ ਦੀਵਾਨ ਸਜਦੇ ਹਨ।

ਹਿੰਦੁਸਤਾਨੀ ਕ੍ਰਾਂਤੀਕਾਰੀਆਂ ਨੇ ਹਿੰਦ ਨੂੰ ਆਜ਼ਾਦ ਕਰਾਉਣ ਵਾਸਤੇ ਲੰਬੀ, ਸਿਰੜੀ ਅਤੇ ਕੁਰਬਾਨੀਆਂ ਭਰਪੂਰ ਲੜਾਈ ਲੜੀ ਅਤੇ ਅੰਗਰੇਜ਼ਾਂ ਤੋਂ 15 ਅਗਸਤ 1947 ਨੂੰ ਦੇਸ਼ ਆਜ਼ਾਦ ਹੋਇਆ।

ਆਜ਼ਾਦੀ ਸੰਗਰਾਮ ਵਿੱਚ ਰੁਹਾਨੀ ਮਹਾਂਪੁਰਖ ਵੀ ਪਿੱਛੇ ਨਹੀਂ ਰਹੇ। ਇਨ੍ਹਾਂ ਮਹਾਂਪੁਰਖਾਂ ਵਿੱਚ ਮਹੰਤ ਬੋਘ ਸਿੰਘ, ਨਾਮਧਾਰੀ ਆਗੂ ਗੁਰੂ ਰਾਮ ਸਿੰਘ ਅਤੇ ਸੰਤ ਰਣਧੀਰ ਸਿੰਘ ਨਾਰੰਗਵਾਲ ਆਦਿ ਸਨ। ਮਹੰਤ ਬੋਘ ਸਿੰਘ ਨੂੰ ਜਦੋਂ ਗ਼ਦਰੀਆਂ ਨੇ ਗਦਰ ਪਾਰਟੀ ਨਾਲ ਰਲਾਇਆ ਸੀ, ਉਸ ਵੇਲੇ ਉਹ 21 ਵਰ੍ਹਿਆਂ ਦੇ ਗੱਭਰੂ ਸਨ। ਸਾਬਾਜਪੁਰ-ਸੁਰਸਿੰਘ ਦੇ ਇਲਾਕਿਆਂ ਵਿੱਚ ਉਨ੍ਹਾਂ ਨੂੰ ਸ਼ਹੀਦ ਮਹੰਤ ਬੋਘ ਸਿੰਘ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ।

ਇਨਕਲਾਬੀ ਮਹੰਤ ਬੋਘ ਸਿੰਘ ਦਾ ਸੁਭਾਅ ਭਗਤੀ ਤੇ ਸੇਵਾ ਵਾਲਾ ਵੇਖ ਕੇ ਗੁਰਦੁਆਰੇ ਦੀ ਸੰਪਰਦਾ ਨੇ ਉਨ੍ਹਾਂ ਨੂੰ ਮਹਾਨ ਕੇਂਦਰ ਗੁਰਦੁਆਰਾ ਝਾੜ ਸਾਹਿਬ ਦਾ ਮਹੰਤ ਬਣਾ ਦਿੱਤਾ। ਜਦੋਂ ਉਨ੍ਹਾਂ ਨੇ ਗਦਰ ਲਹਿਰ ਦੇ ਸੰਘਰਸ਼ ਦੌਰਾਨ ਵੀਰਗਤੀ ਪ੍ਰਾਪਤ ਕਰ ਲਈ ਤੇ ਉਨ੍ਹਾਂ ਦੀ ਜਗ੍ਹਾ 'ਤੇ ਉਨ੍ਹਾਂ ਦੇ ਭਰਾ ਜੱਸਾ ਸਿੰਘ ਨੂੰ ਗੁਰਦੁਆਰੇ ਦਾ ਮਹੰਤ ਥਾਪਿਆ ਗਿਆ। ਮਹੰਤ ਜੱਸਾ ਸਿੰਘ ਨੇ ਵੀ ਆਜ਼ਾਦੀ ਸੰਗਰਾਮ ਦੌਰਾਨ ਅੰਗਰੇਜ਼ਾਂ ਦਾ ਤਸ਼ੱਦਦ ਝੱਲਿਆ ਸੀ ਅਤੇ ਛੇ ਮਹੀਨੇ ਕੈਦ ਕੱਟੀ ਸੀ। ਗਦਰੀ ਦੇਸ਼ ਭਗਤ ਭਰਾਵਾਂ ਦੀ ਮਾਤਾ ਜੱਸ ਕੌਰ ਨੂੰ ਵੀ ਅੰਗਰੇਜ਼ਾਂ ਨੇ ਨਾ ਬਖਸ਼ਿਆ। ਉਸ ਨੂੰ ਹਵਾਲਾਤ ਵਿੱਚ ਬੰਦ ਕਰਕੇ ਗ਼ਦਰੀਆਂ ਦੀ ਸਰਗਰਮੀ ਬਾਰੇ ਪੁੱਛਗਿੱਛ ਕੀਤੀ ਗਈ। ਸੂਤਰਾਂ ਅਨੁਸਾਰ ਮਾਤਾ ਜੱਸ ਕੌਰ ਪਹਿਲੀ ਔਰਤ ਸੀ, ਜਿਸ ਨੇ ਅੰਗਰੇਜ਼ਾਂ ਦਾ ਕਾਇਰ ਝੱਲਿਆ।

ਮਹੰਤ ਬੋਘ ਸਿੰਘ ਨੇ ਗੁਰਦੁਆਰਾ ਝਾੜ ਸਾਹਿਬ ਨੂੰ ਇਕੱਲਾ ਸਿੱਖਾਂ ਦੀ ਸਿੱਖਿਆ ਦਾ ਕੇਂਦਰ ਹੀ ਨਾ ਰਹਿਣ ਦਿੱਤਾ, ਸਗੋਂ ਗੁਰਦੁਆਰੇ ਨੂੰ ਇਨਕਲਾਬੀ ਕੇਂਦਰ ਬਣਾ ਦਿੱਤਾ। ਗ਼ਦਰੀਆਂ ਦੀਆਂ ਝਾੜ ਸਾਹਿਬ ਮੀਟਿੰਗਾਂ ਵਿੱਚ ਮਹੰਤ ਬੋਘ ਸਿੰਘ ਜੀ ਤੇ ਉਨ੍ਹਾਂ ਦੇ ਛੋਟੇ ਭਰਾ ਭਾਈ ਸੰਤ ਜੱਸਾ ਸਿੰਘ ਸਰਗਰਮੀ ਨਾਲ ਹਿੱਸਾ ਲੈਂਦੇ ਸਨ।

**ਪ੍ਰਿਥੀਪਾਲ ਸਿੰਘ ਮਾੜੀਮੇਘਾ**

ਗ਼ਦਰੀਆਂ ਨੇ ਗਹਿਰ-ਗੰਭੀਰ ਵਿਚਾਰਾਂ ਤੋਂ ਬਾਅਦ ਇਨਕਲਾਬੀ ਨੁਕਤੇ ਤੋਂ ਫੌਜ ਦੇ ਸਿਪਾਹੀਆਂ ਨੂੰ ਗਦਰ ਵਿੱਚ ਨਾਲ ਲੈਣ ਅਤੇ ਅਸਲੇ ਨੂੰ ਕਾਬੂ ਕਰਨ ਲਈ ਲਾਹੌਰ ਦੀ ਮੀਆਂਮੀਰ ਤੇ ਫਿਰੋਜ਼ਪੁਰ ਦੀ ਛਾਉਣੀ ਨੂੰ ਚੁਣਿਆ। ਮੀਆਂਮੀਰ ਛਾਉਣੀ ਫੌਜ ਦੀਆਂ ਨੌਂ ਡਵੀਜ਼ਨਾਂ ਵਿੱਚੋਂ ਇੱਕ ਡਵੀਜ਼ਨ ਹੈੱਡਕੁਆਰਟਰ ਸੀ ਤੇ ਪੰਜਾਬ ਦੀਆਂ ਸਾਰੀਆਂ ਛਾਉਣੀਆਂ ਇਸ ਦੇ ਮਾਤਹਿਤ ਸਨ। ਗ਼ਦਰੀਆਂ ਦੀ ਕੋਸ਼ਿਸ਼ ਸੀ ਕਿ ਇਸ ਛਾਉਣੀ 'ਤੇ ਕਬਜ਼ਾ ਕਰਕੇ ਪੰਜਾਬ ਦੀ ਸਰਕਾਰ ਉਲਟਾਈ ਜਾ ਸਕਦੀ। ਫਿਰੋਜ਼ਪੁਰ ਦੀ ਛਾਉਣੀ ਜਿੱਥੇ ਉੱਤਰੀ ਕਮਾਂਡ ਦਾ ਮੈਗਜ਼ੀਨ ਸੀ, ਇਸ ਉੱਤੇ ਕਬਜ਼ਾ ਕਰਕੇ ਸਾਰੇ ਉੱਤਰੀ ਭਾਰਤ ਦੀ ਫੌਜ ਨੂੰ ਗਦਰ ਨਾਲ ਜੋੜਿਆ ਜਾ ਸਕਦਾ ਸੀ। ਇਸ ਢੰਗ ਨਾਲ ਗਦਰੀ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਦੇ ਰਾਹ ਤੁਰੇ ਸਨ।

ਗਦਰੀਆਂ ਦੀ ਗਦਰ ਕਰਨ ਦੀ ਤਰਕੀਬ ਵੀ ਬੜੀ ਗਜ਼ਬ ਦੀ ਸੀ, ਕਿਉਂਕਿ ਉਸ ਵਕਤ ਸਾਰੀਆਂ ਗੋਰਾ ਫੌਜਾਂ ਵਿਸ਼ਵ ਜੰਗ ਵਿੱਚ ਹਿੱਸਾ ਲੈਣ ਲਈ ਯੌਰਪ ਜਾ ਚੁੱਕੀਆਂ ਸਨ। ਛਾਉਣੀਆਂ ਵਿੱਚ ਸਿਰਫ ਵੱਡੀ ਉਮਰ ਦੇ ਗੋਰੇ ਸਿਪਾਹੀ ਅਤੇ ਅਫਸਰ ਹੀ ਸਨ।ਉਹ ਵੀ ਸਿਰਫ ਹਿੰਦੁਸਤਾਨੀਆਂ 'ਤੇ ਦਬਦਬਾ ਰੱਖਣ ਅਤੇ ਹਥਿਆਰਾਂ ਦੀ ਰਾਖੀ ਲਈ ਸਨ। ਗ਼ਦਰੀਆਂ ਦੀ ਸਕੀਮ ਇਹ ਸੀ ਕਿ ਇੰਨੀ ਵੱਡੀ ਉਮਰ ਦੇ ਗੋਰੇ ਸਿਪਾਹੀਆਂ ਨੂੰ ਕਬਜ਼ੇ ਵਿੱਚ ਲੈ ਕੇ ਹਥਿਆਰਾਂ ਅਤੇ ਘੋੜਿਆਂ 'ਤੇ ਕਬਜ਼ਾ ਕੀਤਾ ਜਾਵੇ।

ਸਿਪਾਹੀ ਸੁੱਚਾ ਸਿੰਘ ਚੋਹਲਾ ਸਾਹਿਬ ਛੁੱਟੀ 'ਤੇ ਆਇਆ ਹੋਇਆ ਸੀ ਤੇ ਉਸ ਨੇ ਗਦਰੀਆਂ ਦੀ ਸਰਗਰਮੀ ਬਾਰੇ ਸੁਣਿਆ। ਜਦੋਂ ਉਹ ਛੁੱਟੀ ਤੋਂ ਵਾਪਸ ਗਿਆ ਤੇ ਉਸ ਨੇ ਗ਼ਦਰੀਆਂ ਦੀ ਸਾਰੀ ਕਹਾਣੀ ਆਪਣੀ ਕਮਾਂਡ ਦੇ ਲੈਸ ਨਾਇਕ ਦਫੇਦਾਰ ਲਛਮਣ ਸਿੰਘ ਚੂਸਲੇਵੜ ਨੂੰ ਦੱਸੀ।

ਭਾਈ ਪ੍ਰੇਮ ਸਿੰਘ ਸੁਰਸਿੰਘ ਨੇ ਗਦਰ ਪਾਰਟੀ ਦੀ ਯੋਜਨਾ ਅਨੁਸਾਰ ਮਦਨ ਸਿੰਘ ਗਾਗੇ ਨੂੰ ਨਾਲ ਜੋੜ ਕੇ ਮੀਆਂਮੀਰ ਛਾਉਣੀ ਦੇ ਨਜ਼ਦੀਕ ਉਸ ਦੀ ਤਰਖਾਣਾ ਦੁਕਾਨ ਨੂੰ ਅੱਡਾ ਬਣਾਇਆ। ਸਿਪਾਹੀ ਸੁੱਚਾ ਸਿੰਘ ਨੇ ਭਾਈ ਪ੍ਰੇਮ ਸਿੰਘ ਨੂੰ ਦਫੇਦਾਰ ਲਛਮਣ ਸਿੰਘ ਨਾਲ ਮਿਲਾ ਦਿੱਤਾ। ਲਛਮਣ ਸਿੰਘ ਨੇ ਛਾਉਣੀ ਵਿੱਚ ਭਾਈ ਪ੍ਰੇਮ ਸਿੰਘ ਦੀਆਂ ਮੀਟਿੰਗਾਂ ਕਰਾਈਆਂ ਤੇ ਸਿਪਾਹੀ ਬਗਾਵਤ ਕਰਨ ਲਈ ਤਿਆਰ ਹੋ ਗਏ। ਭਾਈ ਪ੍ਰੇਮ ਸਿੰਘ ਤੇ ਲਛਮਣ ਸਿੰਘ ਵਿੱਚ ਫੈਸਲਾ ਹੋਇਆ ਕਿ ਗਦਰ ਪਾਰਟੀ ਵਾਲੇ ਮੀਆਂਮੀਰ ਛਾਉਣੀ 'ਤੇ ਕਬਜ਼ਾ ਕਰ ਲੈਣ, ਅਸੀਂ ਉਨ੍ਹਾਂ ਦੀ ਪੂਰੀ ਮਦਦ ਕਰਾਂਗੇ। ਇੱਥੋਂ ਫੌਜ ਸਮੇਤ ਸਾਰਾ ਲਾਮਲਸ਼ਕਰ ਝਾੜ ਸਾਹਿਬ ਪਹੁੰਚੇਗਾ। ਝਾੜ ਸਾਹਿਬ ਤੋਂ ਗ਼ਦਰੀਆਂ ਨੂੰ ਨਾਲ ਲੈ ਕੇ ਪਿੰਡਾਂ ਵਿੱਚੋਂ ਹੋਰ ਲੋਕਾਂ ਨਾਲ ਰਲਾ ਕੇ ਇਹ ਵੱਡਾ ਹਜੂਮ ਲਾਹੌਰ ਜਾ ਕੇ ਗਵਰਨਰ ਦੀ ਕੋਠੀ 'ਤੇ ਝੰਡਾ ਚੜ੍ਹਾ ਕੇ ਆਜ਼ਾਦੀ ਦਾ ਐਲਾਨ ਕਰੇਗਾ।

ਮੀਆਂਮੀਰ ਦੇ ਫੌਜੀਆਂ ਨੇ 26 ਨਵੰਬਰ 1914 ਨੂੰ ਝਾੜ ਸਾਹਿਬ ਵਿਖੇ ਗ਼ਦਰੀਆਂ ਨਾਲ ਰਲਣਾ ਸੀ। ਸਿਪਾਹੀ ਛਾਉਣੀ ਵਿੱਚ ਇਕੱਠੇ ਹੋ ਗਏ, ਪਰ 23 ਨੰਬਰ ਰਸਾਲੇ ਦੇ ਮੂਲ ਸਿੰਘ ਗਰੰਥੀ ਵੱਲੋਂ ਭੁਚਲਾਏ ਜਾਣ ਕਰਕੇ ਰਸਾਲੇ ਦੇ ਸਿਪਾਹੀ ਆਉਣ ਤੋਂ ਝਿਜਕ ਗਏ, ਪਰ ਫਿਰ ਵੀ ਘੋੜਿਆਂ ਤੇ ਹਥਿਆਰਾਂ ਸਮੇਤ ਸੁੱਚਾ ਸਿੰਘ ਚੋਹਲਾ ਸਾਹਿਬ ਨਾਲ ਚਾਰ ਸਿਪਾਹੀ ਆ ਗਏ।

ਗਦਰੀਆਂ ਦੇ ਝਾੜ ਸਾਹਿਬ ਦੇ ਕੇਂਦਰ ਦੀ ਸੂਹ ਅੰਗਰੇਜ਼ਾਂ ਦੇ ਝੋਲੀ ਚੁੱਕਾਂ ਨੂੰ ਮਿਲ ਗਈ। ਸਭ ਤੋਂ ਪਹਿਲਾਂ ਅੰਗਰੇਜ਼ਾਂ ਦੇ ਮੁਖਬਰ ਕਪੂਰ ਸਿੰਘ ਪੱਧਰੀ ਨੇ ਪੁਲਸ ਨੂੰ ਦੱਸਿਆ। ਅੰਗਰੇਜ਼ ਹਾਕਮ ਡਿਪਟੀ ਕਮਿਸ਼ਨਰ ਨੇ ਗੁਰਦੁਆਰਾ ਝਾੜ ਸਾਹਿਬ ਦੇ ਨਜ਼ਦੀਕ ਪੁਲਸ ਦੀ ਗਸ਼ਤ ਲਾ ਦਿੱਤੀ।

ਮਹੰਤ ਬੋਘ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ ਤੇ ਘੋਰ ਤਸ਼ੱਦਦ ਕੀਤਾ, ਪਰ ਆਪ ਨੇ ਗਦਰ ਪਾਰਟੀ ਬਾਰੇ ਕੋਈ ਜਾਣਕਾਰੀ ਨਾ ਦਿੱਤੀ। ਮਹੰਤ ਬੋਘ ਸਿੰਘ ਨੂੰ ਛੱਡ ਦਿੱਤਾ ਗਿਆ। ਅਨਾਰਕਲੀ ਬਾਜ਼ਾਰ ਲਾਹੌਰ ਦੀ ਘਟਨਾ ਵਾਪਰਨ ਕਰਕੇ ਮਹੰਤ ਬੋਘ ਸਿੰਘ ਤੇ ਉਨ੍ਹਾਂ ਦੇ ਭਾਈ ਜੱਸਾ ਸਿੰਘ ਨੂੰ ਪੁਲਸ ਨੇ ਮੁੜ ਗ੍ਰਿਫਤਾਰ ਕਰ ਲਿਆ। ਮਹੰਤ ਬੋਘ ਸਿੰਘ ਨੂੰ ਉਮਰ ਕੈਦ ਕਾਲੇ ਪਾਣੀ ਦੀ ਸਜ਼ਾ ਮਿਲੀ ਅਤੇ ਭਾਈ ਜੱਸਾ ਸਿੰਘ ਨੂੰ ਤਿੰਨ ਸਾਲ ਦੀ ਕੈਦ ਹੋਈ।

ਕਾਲੇਪਾਣੀ ਜੇਲ੍ਹ ਟੁੱਟਣ ਤੋਂ ਬਾਅਦ ਜਦੋਂ ਬੋਘ ਸਿੰਘ ਹਿੰਦੁਸਤਾਨ ਦੀ ਜੇਲ੍ਹ ਵਿੱਚ ਸੀ, ਅੰਗਰੇਜ਼ਾਂ ਨੇ ਬਾਕੀ ਗਦਰੀ ਸਾਥੀਆਂ ਨਾਲ ਮਹੰਤ ਬੋਘ ਸਿੰਘ ਨੂੰ ਜ਼ਹਿਰ ਦੇ ਦਿੱਤਾ। ਜਦੋਂ ਮਹੰਤ ਬੋਘ ਸਿੰਘ ਰਿਹਾਅ ਹੋ ਕੇ ਝਾੜ ਸਾਹਿਬ ਪਹੁੰਚੇ ਤਾਂ ਆਪ ਤੇ ਆਪ ਦੇ ਸਾਥੀ 10-11 ਦਿਨਾਂ ਵਿੱਚ ਸ਼ਹਾਦਤ ਦਾ ਜਾਮ ਪੀ ਗਏ।

ਸੰਪਰਕ : 98760-78731

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਰਿਸ਼ਤਿਆਂ ਦੇ ਸਾਵੇਂਪਨ 'ਚ ਪਰਜੀਵੀ ਸੋਚ ਘਾਤਕ

**ਫੋਕਸ**

**ਚਰਚਾ ਇਕ ਪੁਸਤਕ ਦੀ**

**ਡਾ. ਜਸਵਿੰਦਰ ਕੌਰ ਬਿੰਦਰਾ**






## ਪਰਜੀਵੀ

(ਨਾਵਲ)
**ਕੁਲਦੀਪ ਸਿੰਘ ਬੇਦੀ**
**ਪੰਨੇ : 166, ਮੁੱਲ : 250 ਰੁਪਏ**
**ਸਹਿਜ ਪਬਲੀਕੇਸ਼ਨ ਸਮਾਣਾ**

ਸਾਹਿਤਕ ਪਿੜ ਵਿੱਚ ਲੰਮੇ ਸਮੇਂ ਤੋਂ ਵੱਖ-ਵੱਖ ਵੰਨਗੀਆਂ ਰਾਹੀਂ ਆਪਣੀ ਹਾਜ਼ਰੀ ਲਗਾ ਰਹੇ ਕੁਲਦੀਪ ਸਿੰਘ ਬੇਦੀ ਦਾ ਨਵੀਨ ਨਾਵਲ 'ਪਰਜੀਵੀ' ਸਾਡੇ ਸਾਹਮਣੇ ਹੈ। ਕੁਲਦੀਪ ਸਿੰਘ ਦੇ ਨਾਵਲਾਂ ਦੇ ਵਿਸ਼ੇ ਹਮੇਸ਼ਾ ਤੋਂ ਹਟ ਕੇ ਰਹੇ। ਇਸ ਨਾਵਲ ਨੂੰ ਵੀ ਇਸੇ ਪੱਖੋਂ ਦੇਖ ਸਕਦੇ ਹਾਂ। ਮਨੁੱਖੀ ਜ਼ਿੰਦਗੀ ਦਾ ਵਰਤਾਰਾ ਇੰਨਾ ਵਸੀਹ ਤੇ ਜਟਿਲ ਹੈ ਕਿ ਪਹਿਲੀ ਨਜ਼ਰੀਂ ਦੇਖਿਆਂ ਇਹ ਪੱਲੇ ਹੀ ਨਹੀਂ ਪੈਂਦਾ। ਉੱਪਰੋਂ ਦੇਖਣ ਤੋਂ ਜੋ ਖੁਸ਼ਹਾਲ ਦਿਸਦਾ ਹੈ, ਪਤਾ ਨਹੀਂ ਅੰਦਰੋਂ ਉਹ ਕਿੰਨਾ ਉਦਾਸ/ਨਿਰਾਸ਼ ਹੋਵੇ, ਬਹੁਤ ਹੀ ਮੁੱਸਿਆ ਹੋਇਆ ਹੋਵੇ, ਸਵਾਰਥੀ ਤੇ ਖ਼ਤਰਨਾਕ ਵੀ ਹੋਵੇ। ਇਹ ਸਾਰੀਆਂ ਹੀ ਗੱਲਾਂ, ਸੁਭਾਅ ਤੇ ਸਥਿਤੀਆਂ ਹਰ ਇਕ ਦੀ ਜ਼ਿੰਦਗੀ ਦਾ ਹਿੱਸਾ ਹੁੰਦੀਆਂ ਹਨ। ਸਾਹਿਤਕ ਰਚਨਾਵਾਂ ਵਿੱਚ ਅਜਿਹੀਆਂ ਵੱਖ-ਵੱਖ ਸਥਿਤੀਆਂ ਤੇ ਹਾਲਾਤ ਵਿੱਚ ਘਿਰੇ, ਉਨ੍ਹਾਂ ਦਾ ਸ਼ਿਕਾਰ ਹੋਏ ਜਾਂ ਹੱਥ-ਪੈਰ ਮਾਰ ਕੇ ਪਰੇਸ਼ਾਨੀਆਂ ਵਿੱਚੋਂ ਨਿਕਲਦੇ ਬੰਦਿਆਂ ਦਾ ਚਿੱਤਰਣ ਮਿਲਦਾ ਹੈ। ਸੁਭਾਅ ਪੱਖੋਂ ਬੰਦਾ ਕੁਝ ਗੱਲਾਂ ਵਿੱਚ ਇਕੋ ਜਿਹਾ ਹੀ ਹੁੰਦਾ ਹੈ, ਪਰ ਹਾਲਾਤ ਉਸ ਦੇ ਜੀਵਨ ਦੀ ਦਸ਼ਾ ਤੇ ਦਿਸ਼ਾ ਤੈਅ ਕਰਨ ਵਿੱਚ ਵੱਡੀ ਭੂਮਿਕਾ ਨਿਭਾਉਂਦੇ ਹਨ। ਫਿਰ ਇਸ ਦੇ ਚੱਲਦੇ ਉਹ ਜੋ ਰਾਹ ਚੁਣਦਾ ਹੈ, ਉਹੀ ਉਸ ਦਾ ਸੱਚ ਬਣ, ਉਸ ਨੂੰ ਪਰਿਭਾਸ਼ਤ ਕਰਦਾ ਹੈ।

ਨਾਵਲ 'ਪਰਜੀਵੀ' ਮੁੰਬਈ ਤੇ ਫਿਲਮੀ ਦੁਨੀਆ ਦੀ ਚਮਕ-ਦਮਕ ਵਿੱਚ ਵਿਚਰਦੇ ਪਾਤਰਾਂ ਨੂੰ ਬਿਆਨ ਕਰਦਾ ਹੈ। ਨਾਵਲ ਇਕ ਅਜਿਹੇ ਪਰਵਾਰ ਦੀ ਕਹਾਣੀ ਹੈ, ਜਿਸ ਵਿੱਚ ਪਤੀ-ਪਤਨੀ ਤੇ ਦੋ ਧੀਆਂ ਹਨ। ਇਸ ਵਿੱਚ ਪਤੀ-ਪਤਨੀ ਦੇ ਕੇਂਦਰੀ ਪਾਤਰਾਂ ਵਜੋਂ ਸਾਹਮਣੇ ਆਉਂਦੇ ਹਰਨਾਮ ਤੇ ਜਸਮੀਨ ਦਾ ਇਸ ਤੋਂ ਪਹਿਲਾਂ ਵੀ ਇਕ ਅਤੀਤ ਰਿਹਾ, ਜਿਸ ਤੋਂ ਦੋਵੇਂ ਭਲੀ-ਭਾਂਤੀ ਜਾਣੂ ਸਨ। ਦੋਵੇਂ ਮੁੰਬਈ ਵਿੱਚ ਫਿਲਮੀ ਦੁਨੀਆ ਨਾਲ ਜੁੜੇ ਹੋਣ ਕਾਰਨ ਇਕੱਠੇ ਹੋ ਗਏ, ਪਰ ਇਹ ਰਿਸ਼ਤਾ ਲੰਮੇ ਸਮੇਂ ਤੱਕ ਸਾਵਾਂ ਨਾ ਰਿਹਾ। ਨਾਵਲ ਦੀ ਅਸਲ ਕਹਾਣੀ ਉਨ੍ਹਾਂ ਦੇ ਇਕ-ਦੂਜੇ ਤੋਂ ਵੱਖ ਹੋ ਜਾਣ ਤੋਂ ਬਾਅਦ ਵੀ ਕਿਸੇ ਨਾ ਕਿਸੇ ਮੌਕੇ ਆਮ੍ਹਣਾ-ਸਾਹਮਣਾ ਹੋਣ ਦੇ ਨਾਲ ਵੱਡੀ ਸਟਾਰ ਬਣੀ ਉਨ੍ਹਾਂ ਦੀ ਧੀ ਸੰਜੀਵਨੀ ਲਈ ਹੁੰਦੀ ਖਿੱਚ-ਧੂਹ ਨੂੰ ਦਰਸਾਉਂਦੀ ਹੈ।

ਨਾਵਲ ਵਿੱਚ ਪ੍ਰਮੁੱਖ ਚਾਰ ਹੀ ਪਾਤਰ ਹਨ : ਹਰਨਾਮ, ਜਸਮੀਨ, ਸੰਜੀਵਨੀ ਤੇ ਅੰਮ੍ਰਿਤ। ਪਹਿਲੇ ਤਿੰਨੋਂ ਪਾਤਰ ਇੱਕੋ ਪਰਵਾਰ ਦੇ ਤੇ ਅੰਮ੍ਰਿਤ ਉਨ੍ਹਾਂ ਦਾ ਸਾਂਝਾ ਮਿੱਤਰ। ਇਨ੍ਹਾਂ ਵਿੱਚੋਂ ਪਤੀ-ਪਤਨੀ ਤੇ ਅੰਮ੍ਰਿਤ ਹੀ ਪਾਠਕਾਂ ਸਨਮੁੱਖ ਹੁੰਦੇ ਹਨ, ਜਦਕਿ ਸੰਜੀਵਨੀ ਬਹੁਤ ਘੱਟ। ਇਕ ਪਰਵਾਰ ਦੀ ਇਕਾਈ ਰਾਹੀਂ ਨਾਵਲਕਾਰ ਫਿਲਮੀ ਦੁਨੀਆ ਦੇ ਹਨੇਰੇ-ਉਜਾਲੇ ਪੱਖਾਂ ਨਾਲ ਜਾਣੂ ਕਰਾਉਂਦੇ ਹੋਏ ਮਨੁੱਖਾਂ ਦੇ ਬਦਲਦੇ ਵਿਹਾਰ ਨੂੰ ਦਰਸਾਉਂਦਾ ਹੈ, ਜਿਸ ਤੋਂ ਉਨ੍ਹਾਂ ਦੇ ਸੁਭਾਅ ਦੇ ਵਿਕਾਰਾਂ ਤੇ ਭਾਵਾਂ ਦੇ ਸੂਖ਼ਮ ਪੱਖਾਂ ਦਾ ਪਤਾ ਲੱਗਦਾ ਹੈ।

ਇਹ ਤਿੰਨੋਂ ਹੀ ਪਾਤਰ ਆਪਣੇ ਢੰਗ ਨਾਲ ਇਸ ਮੂਲ ਬਿਰਤਾਂਤ ਨੂੰ ਵਾਰ-ਵਾਰ ਦੱਸਦੇ ਹਨ, ਜਿਸ ਨਾਲ ਨਾਵਲ ਵਿੱਚ ਬਹੁਤ ਦੁਹਰਾਉਂਦਾ ਜਾਪਦਾ ਹੈ। ਹਰਨਾਮ ਤੇ ਜਸਮੀਨ ਆਪਣਾ-ਆਪਣਾ ਪੱਖ ਰੱਖਦੇ ਹਨ ਤੇ ਸਾਂਝੇ ਮਿੱਤਰ ਅੰਮ੍ਰਿਤ ਰਾਹੀਂ ਇਨ੍ਹਾਂ ਦੋਵਾਂ ਦਾ ਵਿਸ਼ਲੇਸ਼ਣ ਕਰਦੇ ਦੇਖਦੇ ਹਾਂ। ਜਿਸ ਤੋਂ ਪਤਾ ਲੱਗਦਾ ਹੈ ਕਿ ਇਕੋ ਹੀ ਘਟਨਾ ਨੂੰ ਹਰ ਬੰਦਾ ਆਪਣੇ-ਆਪਣੇ ਢੰਗ ਨਾਲ ਬਿਆਨ ਕਰਦਾ ਹੈ ਤੇ ਖੁਦ ਨੂੰ ਨਿਰਦੋਸ਼ ਸਾਬਤ ਕਰਨ ਦੀ ਕੋਸ਼ਿਸ਼ ਕਰਦਾ ਹੈ।

ਹਰਨਾਮ ਦੇ ਕਲਾ-ਸਾਹਿਤ ਦੇ ਸ਼ੌਕ ਨੇ ਉਸ ਨੂੰ ਮੁੰਬਈ ਆਉਣ ਤੇ ਫਿਲਮੀ ਦੁਨੀਆ ਵਿੱਚ ਆਪਣੀ ਕਿਸਮਤ ਅਜ਼ਮਾਉਣ ਲਈ ਪ੍ਰੇਰਿਆ। ਉਸ ਨੇ ਕੁਝ ਛੋਟੇ-ਮੋਟੇ ਕੰਮ ਕੀਤੇ, ਲੰਮੇ ਸਮੇਂ ਤੱਕ ਇੱਥੇ ਰਹਿਣ ਕਾਰਨ ਫਿਲਮੀ ਦੁਨੀਆ ਦੇ ਨਿਰਮਾਤਾ, ਨਿਰਦੇਸ਼ਕਾਂ, ਪ੍ਰੋਡਕਸ਼ਨ ਹਾਊਸਾਂ ਨਾਲ ਜਾਣ-ਪਛਾਣ ਹੋ ਗਈ। ਕਈ ਕਿਸਮਤ ਅਜ਼ਮਾਉਂਦੇ, ਸੰਘਰਸ਼ ਕਰਨ ਵਾਲੇ ਹੋਰ ਕਈ ਛੋਟੇ-ਮੋਟੇ ਕਲਾਕਾਰਾਂ ਨਾਲ ਮੁਲਾਕਾਤ ਹੋਣ ਨਾਲ ਉਸ ਦੀ ਪਛਾਣ ਦਾ ਦਾਇਰਾ ਵਧਦਾ ਗਿਆ, ਜਿਨ੍ਹਾਂ ਵਿੱਚੋਂ ਕੁੜੀਆਂ ਦੀ ਤਾਦਾਦ ਜ਼ਿਆਦਾ ਰਹੀ। ਹਰਨਾਮ ਦਾ ਖੁੱਲ੍ਹਾ ਖ਼ਰਚ ਕਰਨ ਦਾ ਅੰਦਾਜ਼ ਤੇ ਜਾਣ-ਪਛਾਣ ਦੇ ਵੱਡੇ ਦਾਇਰੇ ਕਾਰਨ ਸੋਹਣੀਆਂ ਤੇ ਜਵਾਨ ਕੁੜੀਆਂ ਉਸ ਵੱਲ ਆਕਰਸ਼ਿਤ ਹੁੰਦੀਆਂ। ਉਸ ਕੋਲ ਰਹਿੰਦੀਆਂ-ਖਾਂਦੀਆਂ, ਕਿਉਂਕਿ ਉਨ੍ਹਾਂ ਨੂੰ ਹਰਨਾਮ ਨਾਲ ਕੁਝ ਫਿਲਮੀ ਪਾਰਟੀਆਂ ਵਿੱਚ ਜਾਣ ਦਾ ਮੌਕਾ ਮਿਲ ਜਾਂਦਾ ਸੀ। ਜਿੱਥੇ ਉਹ ਆਪਣੇ ਹਿਸਾਬ ਨਾਲ ਕਈਆਂ ਨੂੰ ਮਿਲ ਕੇ ਆਪਣੇ ਰਾਹ ਤਲਾਸ਼ਣ ਦੀ ਕੋਸ਼ਿਸ਼ ਕਰਦੀਆਂ ਸਨ। ਹਰਨਾਮ ਨੇ ਕਮਾਇਆ ਕੁਝ ਖ਼ਾਸ ਨਹੀਂ, ਪਰ ਉਡਾਇਆ ਖੁੱਲ੍ਹੇ ਹੱਥਾਂ ਨਾਲ। ਕਿਸੇ ਵੀ ਪ੍ਰੋਜੈਕਟ ਲਈ ਘੇਰ-ਘਾਰ ਕੇ ਲਿਆਏ ਗਏ ਕਿਸੇ ਫਾਈਨਾਂਸਰ ਦੇ ਪੈਸੇ ਨੂੰ ਉਹ ਬਿਨਾਂ ਸੋਚੇ-ਸਮਝੇ ਖ਼ਰਚ ਕਰਨ ਵਿੱਚ ਮਾਹਿਰ ਸੀ, ਜਿਸ ਕਾਰਨ ਉਸ ਦਾ ਕੋਈ ਵੀ ਪ੍ਰੋਜੈਕਟ ਸਿਰੇ ਨਹੀਂ ਚੜ੍ਹ ਸਕਿਆ, ਕਿਉਂਕਿ ਕਿਸੇ ਵੀ ਕੰਮ ਨੂੰ ਪਲੈਨਿੰਗ ਨਾਲ ਕਰਨ ਤੇ ਵਿਵਸਥਿਤ ਢੰਗ ਨਾਲ ਤੋਰਨ ਵਾਲੀ ਗੰਭੀਰਤਾ ਉਸ ਵਿੱਚ ਨਹੀਂ ਸੀ। ਗੱਲ ਕਰਨ ਵਿੱਚ ਮਾਹਿਰ, ਦੂਜਿਆਂ ਨੂੰ ਚੰਗੀ ਤਰ੍ਹਾਂ ਪ੍ਰਭਾਵਤ ਕਰਨ ਦੀ ਵਿਸ਼ੇਸ਼ਤਾ ਰੱਖਣ ਵਾਲੇ ਹਰਨਾਮ ਦੀ ਜ਼ਿੰਦਗੀ ਸਦਾ ਡਾਵਾਂਡੋਲ ਰਹੀ, ਦੋ-ਦੋ ਵਿਆਹ ਕਰਨ, ਧੀ-ਪੁੱਤਰ ਹੋਣ ਦੇ ਬਾਵਜੂਦ ਉਹ ਸਾਰੀ ਉਮਰ ਇਕੱਲਾ ਹੀ ਰਿਹਾ। ਕਿਉਂ? ਕਿਉਂਕਿ ਉਸ ਦੀ ਐਸ਼ਪ੍ਰਸਤੀ, ਗੈਰ-ਜ਼ਿੰਮੇਵਾਰੀ ਵਾਲਾ ਵਿਹਾਰ, ਵਾਅਦੇ ਤੋਂ ਮੁਨਕਰ ਹੋਣਾ ਉਸ ਦੀਆਂ ਸਭ ਤੋਂ ਵੱਡੀਆਂ ਖਾਮੀਆਂ ਰਹੀਆਂ। ਪੈਸੇ ਦੀ ਕਦਰ ਨਾ ਕਰਨਾ, ਦੂਜਿਆਂ ਦੇ ਭਰੋਸੇ ਨੂੰ ਤੋੜਨ ਵਿੱਚ ਦੇਰ ਨਾ ਕਰਨਾ, ਮੁਸੀਬਤ ਵੇਲੇ ਦੋਸਤਾਂ ਤੋਂ ਵੀ ਮੂੰਹ ਚੁਰਾਉਣ ਵਾਲੇ ਹਰਨਾਮ ਜਿਹੇ ਬੰਦੇ ਹਰ ਥਾਂ ਉੱਤੇ ਹੁੰਦੇ ਹਨ।

ਨਾਵਲਕਾਰ ਹਰਨਾਮ ਜਿਹੇ ਪਾਤਰ ਰਾਹੀਂ ਦੱਸਣਾ ਚਾਹੁੰਦਾ ਹੈ ਕਿ ਉਹ ਯੋਗ ਹੋਣ ਦੇ ਬਾਵਜੂਦ ਅਜਿਹੀਆਂ ਗੱਲਾਂ ਕਾਰਨ ਜ਼ਿੰਦਗੀ ਵਿੱਚ ਕਾਮਯਾਬ ਨਹੀਂ ਹੋ ਸਕਿਆ। ਇਸ ਦੇ ਪਿੱਛੇ ਛੁਪਿਆ ਕਾਰਨ ਇਹ ਹੈ ਕਿ ਜਦੋਂ ਬਿਨਾਂ ਮਿਹਨਤ ਦੇ ਜ਼ਿਆਦਾ ਪੈਸਾ ਮਿਲ ਜਾਏ ਤਾਂ ਉਹ ਬੰਦੇ ਨੂੰ ਵਿਗਾੜਨ ਵਿੱਚ ਵਾਧਾ ਕਰਦਾ ਹੈ। ਹੌਲੀ-ਹੌਲੀ ਅਜਿਹਾ ਬੰਦੇ ਦਾ ਸੁਭਾਅ ਬਣ ਜਾਂਦਾ ਹੈ ਤੇ ਦੂਜਿਆਂ ਉਤੇ ਨਿਰਭਰ ਕਰਦਾ 'ਪਰਜੀਵੀ' ਬਣਦਾ ਜਾਂਦਾ ਹੈ। ਹਰਨਾਮ ਨੇ ਆਪਣੀਆਂ ਚਿਕਨੀਆਂ-ਚੁਪੜੀਆਂ ਗੱਲਾਂ ਨਾਲ ਬੜੇ ਲੋਕਾਂ ਤੋਂ ਫਾਇਦਾ ਚੁੱਕਿਆ, ਕਬੂਤਰਬਾਜ਼ੀ ਵਿੱਚ ਬਹੁਤ ਪੈਸਾ ਕਮਾਇਆ, ਪਰ ਐਸ਼ਪ੍ਰਸਤੀ ਦੀ ਆਦਤ ਕਾਰਨ ਲੰਮੇ ਸਮੇਂ ਤੱਕ ਮੁੰਬਈ ਵਿੱਚ ਰਹਿਣ ਦੇ ਬਾਵਜੂਦ ਆਪਣਾ ਇਕ ਛੋਟਾ ਜਿਹਾ ਫਲੈਟ ਖਰੀਦਣ ਵਿੱਚ ਵੀ ਅਸਮਰੱਥ ਰਿਹਾ। ਹੁਣ ਉਸ ਦਾ ਸਾਰਾ ਦਾਰੋਮਦਾਰ ਆਪਣੀ ਸਟਾਰ ਧੀ ਸੰਜੀਵਨੀ ਉੱਤੇ ਹੈ, ਜਿਸ ਰਾਹੀਂ ਉਹ ਜੋੜ-ਤੋੜ ਕਰਕੇ 'ਨੈਟਫਲਿਕਸ' ਜਿਹੇ ਵਿਸ਼ਵੀ-ਪੱਧਰ ਚੈਨਲ ਤੱਕ ਪਹੁੰਚਣ ਦਾ ਸੁਪਨਾ ਦੇਖਣ ਲੱਗ ਪਿਆ ਹੈ, ਜਦਕਿ ਸਾਰੀਆਂ ਗੱਲਾਂ ਅਜੇ ਹਵਾ ਵਿੱਚ ਤੇ ਉਸ ਦੇ ਦਿਮਾਗ਼ ਵਿੱਚ ਹਨ, ਜਿੱਥੇ ਉਹ ਅਸਲੀਅਤ ਵਿੱਚ ਠੋਸ ਕੁਝ ਕੀਤੇ ਬਿਨਾਂ ਹੀ ਬਹੁਤ ਕੁਝ ਪਾਉਣ ਦੀ ਆਸ ਲਗਾਈ ਬੈਠਾ ਹੈ। ਇਹ ਵੀ ਪਤਾ ਨਹੀਂ, ਸੰਜੀਵਨੀ ਇਸ ਵਿੱਚ ਕਿੰਨਾ ਕੁ ਸਹਿਯੋਗ ਕਰ ਸਕੇਗੀ! ਬੰਦੇ ਨੂੰ ਸੋਚਣ ਤੋਂ ਕੋਈ ਰੋਕ ਸਕਦਾ ਹੈ!!

ਜਦਕਿ ਨਾਵਲਕਾਰ ਦੂਜੇ ਪਾਸੇ ਉਸ ਦੀ ਦੂਜੀ ਬੀਵੀ ਜਸਮੀਨ ਨੂੰ ਪੇਸ਼ ਕਰਦਾ ਹੈ। ਮੁੰਬਈ ਵਿੱਚ ਸਥਾਪਤ ਹੋਣ ਲਈ ਭਾਵੇਂ ਪਹਿਲੇ-ਪਹਿਲ ਉਹ ਹਰਨਾਮ ਵੱਲ ਆਕਰਸ਼ਿਤ ਹੋਈ, ਪਰ ਉਸ ਨੇ ਸੰਘਰਸ਼ ਕਰਨਾ ਕਦੇ ਨਹੀਂ ਛੱਡਿਆ। ਪਰੇਸ਼ਾਨੀਆਂ ਉਸ ਦੇ ਜੀਵਨ ਵਿੱਚ ਵੀ ਘੱਟ ਨਹੀਂ ਆਈਆਂ। ਆਪਣੇ ਵੱਡੇ ਪਰਵਾਰ ਵੱਲੋਂ ਕੋਈ ਸਹਾਇਤਾ ਨਾ ਮਿਲਣ, ਪਹਿਲੇ ਪਤੀ ਤੇ ਸਹੁਰਿਆਂ ਵੱਲੋਂ ਕੀਤੇ ਗਏ ਮਾੜੇ ਵਿਹਾਰ ਕਾਰਨ ਉਸ ਨੇ ਆਪਣਾ ਸ਼ਹਿਰ ਛੱਡ ਕੇ ਮੁੰਬਈ ਵਿੱਚ ਕਿਸਮਤ ਅਜ਼ਮਾਉਣ ਦਾ ਫੈਸਲਾ ਕੀਤਾ। ਭਾਵੇਂ ਪੱਕੇ ਪੈਰੀਂ ਹੋਣ ਲਈ ਹਰਨਾਮ ਨੇ ਉਸ ਦਾ ਸਾਥ ਦਿੱਤਾ, ਪਰ ਜਸਮੀਨ ਨੇ ਹਿੰਮਤ ਨਹੀਂ ਹਾਰੀ। ਪਹਿਲੇ ਪਤੀ ਤੋਂ ਹੋਈ ਬੇਟੀ ਖੁਸ਼ਬੂ ਤੇ ਹਰਨਾਮ ਤੋਂ ਹੋਈ ਬੇਟੀ ਸੰਜੀਵਨੀ ਦੋਵਾਂ ਦੀ ਪਰਵਰਿਸ਼, ਪੜ੍ਹਾਈ-ਲਿਖਾਈ ਦੇ ਨਾਲ ਟੀਵੀ, ਫਿਲਮਾਂ ਤੇ ਵਿਗਿਆਪਨਾਂ ਵਿੱਚ ਜਿੱਥੇ ਵੀ ਉਸ ਨੂੰ ਕੋਈ ਛੋਟਾ-ਮੋਟਾ ਕੰਮ ਮਿਲਦਾ ਰਿਹਾ, ਉਸ ਨੇ ਉਹ ਕੰਮ ਕੀਤਾ। ਹੌਲੀ-ਹੌਲੀ ਉਸ ਨੇ ਆਪਣਾ ਘਰ ਵੀ ਬਣਾ ਲਿਆ ਤੇ ਛੋਟੀ ਬੇਟੀ ਸੰਜੀਵਨੀ ਨੂੰ ਬਚਪਨ ਤੋਂ ਹੀ ਇਸ ਗਲੈਮਰ ਦੁਨੀਆ ਦੇ ਅਨੁਰੂਪ ਢਾਲਣਾ ਸ਼ੁਰੂ ਕਰ ਦਿੱਤਾ। ਹਰਨਾਮ ਦੀਆਂ ਮਾੜੀਆਂ ਆਦਤਾਂ ਤੋਂ ਉਹ ਪੂਰੀ ਤਰ੍ਹਾਂ ਜਾਣੂ ਸੀ। ਉਸ ਦੇ ਪਹਿਲੇ ਪਰਵਾਰ, ਪਤਨੀ-ਬੱਚੇ, ਉਸ ਦੀਆਂ ਢੇਰ ਸਾਰੀਆਂ ਸਹੇਲੀਆਂ..। ਭਾਵੇਂ ਆਪਣੇ ਸਵਾਰਥ ਲਈ ਜਸਮੀਨ ਨੇ ਇਸ ਸਭ ਤੋਂ ਅੱਖਾਂ ਮੀਟ ਲਈਆਂ ਤੇ ਉਸ ਨਾਲ ਵਿਆਹ ਕਰਵਾ ਲਿਆ, ਪਰ ਜ਼ਿੰਦਗੀ ਵਿੱਚ ਅੱਗੇ ਉਹ ਆਪਣੀ ਮਿਹਨਤ, ਸਿਰੜ ਤੇ ਸਬਰ ਨਾਲ ਵਧਦੀ ਗਈ। ਫਿਲਮੀ ਦੁਨੀਆ ਵਿੱਚ ਪੈਰ ਜਮਾਉਣ ਤੋਂ ਬਾਅਦ ਜਸਮੀਨ ਦਾ ਹਰਨਾਮ ਪ੍ਰਤੀ ਰਵੱਈਏ ਦਾ ਬਦਲ ਜਾਣ ਕੋਈ ਅਨੋਖੀ ਜਾਂ ਜੱਗੋਂ-ਬਾਹਰੀ ਗੱਲ ਨਹੀਂ ਲੱਗਦੀ।

ਜਿਸ ਸੰਜੀਵਨੀ ਨੂੰ ਬਚਪਨ ਤੋਂ ਉਸ ਨੇ ਇਕ ਸਟਾਰ ਵਜੋਂ ਤਿਆਰ ਕੀਤਾ, ਹੁਣ ਜਦੋਂ ਉਹ ਵੱਡੇ-ਵੱਡੇ ਪ੍ਰੋਡਕਸ਼ਨ-ਹਾਊਸਾਂ ਵਿੱਚ ਚੰਗਾ ਕੰਮ ਕਰਕੇ ਨਾਂਅ ਤੇ ਪੈਸਾ ਕਮਾਉਣ ਲੱਗ ਪਈ ਤਾਂ ਹਰਨਾਮ ਨੇ ਉਸ ਤੋਂ ਵੀ ਮਾਇਕ ਸਹਾਇਤਾ ਲੈਣ ਤੋਂ ਗੁਰੇਜ਼ ਨਹੀਂ ਕੀਤਾ। ਇਹ ਦੇਖ ਕੇ ਜਸਮੀਨ ਦਾ ਬਿਟਰ ਜਾਣਾ ਤੇ ਤਲਖ਼ ਹੋਣਾ, ਉਸ ਦੇ ਹੰਢੇ ਅਨੁਭਵਾਂ ਦਾ ਨਤੀਜਾ ਹੈ। ਉਹ ਨਹੀਂ ਚਾਹੁੰਦੀ ਕਿ ਸੰਜੀਵਨੀ ਆਪਣੇ ਬਾਪ ਦੀ ਹਰ ਵੇਲੇ ਮਦਦ ਕਰੇ, ਕਿਉਂਕਿ ਉਸ ਨੂੰ ਇਹ ਪਤਾ ਹੈ ਕਿ ਸੰਜੀਵਨੀ ਹੀ ਨਹੀਂ, ਖੁਸ਼ਬੂ ਵੀ ਹਰਨਾਮ ਨੂੰ ਬਾਪ ਵਜੋਂ ਬਹੁਤ ਪਿਆਰ ਕਰਦੀਆਂ ਹਨ ਤੇ ਉਸ ਨਾਲ ਉਨ੍ਹਾਂ ਦੀ ਭਾਵੁਕ ਸਾਂਝ ਜੁੜੀ ਹੋਈ ਹੈ। ਸੰਜੀਵਨੀ ਬਾਪ ਹੋਣ ਕਾਰਨ ਹਰਨਾਮ ਦੀ ਮਦਦ ਕਰਨਾ ਚਾਹੁੰਦੀ ਹੈ, ਪਰ ਮਾਂ ਦਾ ਸ਼ਿਕੰਜ਼ਾ ਸਖ਼ਤ ਹੋਣ ਕਾਰਨ ਉਹ ਬਿਨਾਂ ਉਸ ਦੀ ਸਲਾਹ ਦੇ ਵੱਡੇ ਫੈਸਲੇ ਇਕੱਲੇ ਲੈਣ ਤੋਂ ਡਰਦੀ ਹੈ। ਖੁਸ਼ਬੂ ਦੇ ਵਿਆਹ 'ਤੇ ਹਰਨਾਮ ਨੂੰ ਬੁਲਾਉਣਾ, ਉਸ ਨੂੰ ਨਵੇਂ ਸੂਟ ਲੈ ਕੇ ਦੇਣਾ, ਸਭ ਸੰਜੀਵਨੀ ਆਪਣੀ ਮਰਜ਼ੀ ਨਾਲ ਕਰਦੀ ਰਹੀ, ਉਸ ਵੇਲੇ ਜਸਮੀਨ ਨੇ ਇਸ ਕਰਕੇ ਵੀ ਮਨ੍ਹਾ ਨਹੀਂ ਕੀਤਾ, ਕਿਉਂਕਿ ਵਿਆਹ ਵੇਲੇ ਤੇ ਫਿਲਮੀ ਦੁਨੀਆ ਵਿੱਚ ਪਾਰਟੀ ਵੇਲੇ ਪਤੀ-ਪਤਨੀ ਦਾ ਇਕੱਠੇ ਖੜ੍ਹਾ ਹੋਣਾ, ਸਮਾਜ ਵਿੱਚ ਉਸ ਦੀ ਸਥਾਪਤੀ ਜ਼ਾਹਰ ਕਰਨ ਵਿੱਚ ਮਦਦਗਾਰ ਸਾਬਤ ਹੋ ਸਕਦਾ ਸੀ। ਇਸ ਕਰਕੇ ਹਰਨਾਮ ਨੂੰ ਵਿਆਹ ਦਾ ਸੱਦਾ ਦਿੱਤਾ ਗਿਆ ਸੀ।

ਨਾਵਲ ਵਿੱਚ ਵਰੀਸ਼, ਸ਼ਿਵਰਾਜ ਤੇ ਹੋਰ ਕਈ ਪਾਤਰ ਆਪਣੇ-ਆਪਣੇ ਸਵਾਰਥ ਕਾਰਨ ਹਰਨਾਮ ਨਾਲ ਜੁੜੇ ਦਿਸਦੇ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਵਿਚਾਰਧਾਰਕ ਗਹਿਰਾਈ ਤੇ ਬੌਧਿਕ ਸਮਰਥਾ ਦਾ ਸੁਮੇਲ

**ਸਾਹਿਤ ਚਿੰਤਨ**

**ਡਾ. ਧਰਮਿੰਦਰ ਸਿੰਘ**

## ਬੀਜ ਅੰਦਰਲਾ ਜੰਗਲ

**ਰਾਮਪਾਲ ਸ਼ਾਹਪੁਰੀ**
**ਸਫੇ : 120, ਮੁੱਲ : 195 ਰੁਪਏ**
**ਕੈਲੀਬਰ ਪਬਲੀਕੇਸ਼ਨ, ਪਟਿਆਲਾ**

ਰਾਮਪਾਲ ਸ਼ਾਹਪੁਰੀ ਕਿਸੇ ਜਾਣ-ਪਛਾਣ ਦਾ ਮੁਹਤਾਜ ਨਹੀਂ, ਆਪਣੀ ਕਾਵਿ ਸਿਰਜਣਾ ਅਤੇ ਆਲੋਚਨਾਤਮਿਕ ਸਮੀਖਿਆ ਦੇ ਨਾਲ ਉਸ ਨੇ ਚੰਗਾ ਨਾਮਣਾ ਖੱਟਿਆ ਹੈ। ਉਸ ਦੇ ਹੁਣ ਤੱਕ ਚਾਰ ਕਾਵਿ-ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ। ਗੁਲਦਸਤਾ, ਮਲਾਲ ਅਤੇ 'ਅੱਖਰਾਂ ਦੇ ਸਰਚਸ਼ਮੇ' ਵਰਗੇ ਮਹੱਤਵਪੂਰਨ ਕਾਵਿ-ਸੰਗ੍ਰਹਿ ਤੋਂ ਬਾਅਦ ਉਸ ਦਾ ਹੁਣ ਨਵਾਂ ਕਾਵਿ-ਸੰਗ੍ਰਹਿ 'ਬੀਜ ਅੰਦਰਲਾ ਜੰਗਲ' ਪ੍ਰਕਾਸ਼ਿਤ ਹੋਇਆ ਹੈ। ਇਸ ਕਾਵਿ-ਸੰਗ੍ਰਹਿ ਨੇ ਪੰਜਾਬੀ ਪਾਠਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ।ਇਸ ਕਾਵਿ-ਸੰਗ੍ਰਹਿ ਵਿੱਚ ਰਾਮਪਾਲ ਸ਼ਾਹਪੁਰੀ ਜਦੋਂ ਵੀ ਬੋਲ ਉਚਾਰਦਾ ਹੈ ਤਾਂ ਜ਼ਿੰਦਗੀ ਦੇ ਨਵੇਂ ਰਹੱਸਾਂ ਦੀ ਤਲਾਸ਼ ਵਿੱਚ ਜੱਦੋ-ਜ਼ਹਿਦ ਕਰ ਰਿਹਾ ਦਿਖਾਈ ਦਿੰਦਾ ਹੈ।ਇਹ ਜੱਦੋ-ਜਹਿਦ ਹੀ ਉਸ ਦੀ ਸਿਰਜਣਾਤਮਕ ਪ੍ਰਤਿਭਾ ਨੂੰ ਹੁਨਰਮੰਦੀ ਬਖਸ਼ਿਸ਼ ਕਰ ਰਹੀ ਪ੍ਰਤੀਤ ਹੁੰਦੀ ਹੈ। ਉਹ ਕਲਪਨਾਵਾਂ ਦੇ ਸੰਸਾਰ ਵਿੱਚ ਨਹੀਂ ਜਿਉਂਦਾ, ਸਗੋਂ ਜ਼ਿੰਦਗੀ ਦੀਆਂ ਤਲਖ ਹਕੀਕਤਾਂ ਨਾਲ ਸਾਰੇ ਸੰਦ (ਸ਼ਬਦ) ਸ਼ਸਤਰ ਲੈ ਕੇ ਇੱਕ ਯੁੱਧ ਲੜ ਰਿਹਾ ਮਹਿਸੂਸ ਹੁੰਦਾ ਹੈ। ਇਹ ਯੁੱਧ ਉਸ ਦਾ ਸਵੈ ਨਾਲ ਵੀ ਹੈ ਅਤੇ ਦੂਜੀਆਂ ਤਾਕਤਾਂ ਨਾਲ ਵੀ ਹੈ, ਪਰ ਉਸ ਦੀ ਸਿਰਜਣਾਤਮਕ ਸੰਵੇਦਨਾ ਦੀ ਖ਼ੂਬਸੂਰਤੀ ਇਹ ਹੈ ਕਿ ਉਹ ਪਰੰਪਰਾ ਤੋਂ ਊਰਜਾ ਗ੍ਰਹਿਣ ਕਰਦਾ ਹੈ ਤੇ ਮਨੁੱਖ ਦੇ ਸਨਮੁਖ ਨਵੇਂ ਸਮੱਸਿਆਕਾਰਾਂ ਨਾਲ ਨਜਿੱਠਣ ਲਈ ਯਤਨਸ਼ੀਲ ਹੁੰਦਾ ਹੈ। ਇਹ ਹੀ ਨਹੀਂ ਉਹ ਤਾਂ ਸਗੋਂ ਮਨੁੱਖ ਦੇ ਮਨੁੱਖ ਬਣੇ ਰਹਿਣ ਲਈ ਵੀ ਫਿਕਰਮੰਦ ਹੈ। ਉਸ ਦੀ ਕਵਿਤਾ ਵਿੱਚ ਇੱਕ ਖ਼ਾਸ ਤਰ੍ਹਾਂ ਦੀ ਡੂੰਘਾਈ ਹੈ, ਇੱਕ ਫ਼ਿਕਰ ਹੈ, ਆਸ ਹੈ, ਫ਼ਲਸਫਾਨਾ ਰਹੱਸ ਹੈ, ਜਿਹੜਾ ਉਸ ਨੂੰ ਦੂਸਰੇ ਕਵੀਆਂ ਨਾਲੋਂ ਵੱਖਰਾ ਕਰਦਾ ਹੈ। ਉਹ ਭਾਵੁਕਤਾ ਭਰੇ ਬੋਲਾਂ ਨਾਲ ਵਕਤੀ ਸੁਆਦ ਨਹੀਂ ਦਿੰਦਾ, ਸਗੋਂ ਮਨੁੱਖ ਨੂੰ ਸੋਚਣ ਲਈ ਮਜਬੂਰ ਕਰਦਾ ਹੈ। ਉਹ ਸਾਡੀ ਚੇਤਨਾ ਉੱਪਰ ਜੰਮ ਗਈਆਂ ਅਗਿਆਨ ਦੀਆਂ ਪਰਤਾਂ ਨੂੰ ਉਧੇੜਦਾ ਹੈ ਅਤੇ ਸਾਨੂੰ ਮਨੁੱਖੀ ਸੰਵੇਦਨਾ ਦੇ ਬਹੁਰੰਗੇ ਸੱਭਿਆਚਾਰਕ, ਸਮਾਜਿਕ ਯਥਾਰਥ ਦੇ ਸਨਮੁੱਖ ਲਿਜਾ ਖੜ੍ਹਾ ਕਰਦਾ ਹੈ। ਇਹ ਉਸ ਦੀ ਸਿਰਜਣਾਤਮਕ ਪਰਿਪੱਕਤਾ ਅਤੇ ਕਾਵਿਕ ਸੂਝ ਦਾ ਪ੍ਰਤੀਫਲ ਹੈ ਕਿ ਉਹ ਖੁੱਲ੍ਹੀ ਕਵਿਤਾ ਨੂੰ ਨਵੀਂ ਨੁਹਾਰ ਪ੍ਰਦਾਨ ਕਰਦਾ ਹੈ ਅਤੇ ਵਿਰਾਸਤੀ ਸਿਰਜਣਾਤਮਕ ਅਮਲ ਨੂੰ ਸਮਝਣ ਲਈ ਮਹੱਤਵਪੂਰਨ ਨੁਕਤੇ ਉਠਾਉਂਦਾ ਹੈ।

ਇਹ ਸ਼ਾਇਰੀ ਰਵਾਇਤੀ ਤੌਰ 'ਤੇ ਲਿਖੀ ਜਾ ਰਹੀ ਕਵਿਤਾ ਤੋਂ ਵੱਖਰੀ ਸੁਹਜ ਸੰਵੇਦਨਾ ਦਾ ਸੰਚਾਰ ਕਰਦੀ ਹੈ। ਉਸ ਦੀ ਖ਼ੂਬਸੂਰਤੀ ਅਤੇ ਵੱਖਰਤਾ ਇਹ ਹੈ ਕਿ ਉਹ ਸਾਡੇ ਆਲੇ-ਦੁਆਲੇ ਦੀਆਂ ਸਮੱਸਿਆਵਾਂ, ਗੈਰ-ਸੰਵੇਦਨਸ਼ੀਲਤਾ, ਸਮਾਜਿਕ-ਰਾਜਸੀ ਸਥਿਤੀਆਂ ਅਤੇ ਸੱਭਿਆਚਾਰਕ ਵਿਸ਼ਿਆਂ ਪ੍ਰਤੀ ਭਾਵੁਕ ਪੇਸ਼ਕਾਰੀ ਨਹੀਂ ਕਰਦਾ, ਸਗੋਂ ਸਾਂਝੀ ਸਮਾਜਿਕ ਬਣਤਰ ਵਿੱਚ ਆ ਰਹੀਆਂ ਵਿਸ਼ਵੀ ਤਬਦੀਲੀਆਂ ਦੀ ਲੋਅ ਵਿੱਚ ਇਹਨਾਂ ਦੀ ਪੜਚੋਲ ਕਰਦਾ ਹੈ।

ਰਾਮਪਾਲ ਸ਼ਾਹਪੁਰੀ ਆਪਣੀ ਸਿਰਜਣਾ ਵਿੱਚ ਮੱਧ ਸ਼੍ਰੇਣੀ ਚੇਤਨਾ ਤੋਂ ਵਿੱਥ 'ਤੇ ਖੜ੍ਹੋ ਕੇ ਸਮਾਜਿਕ, ਸੱਭਿਆਚਾਰਕ ਅਤੇ ਅਵਚੇਤਨੀ ਵਰਤਾਰਿਆਂ ਨੂੰ ਦੇਖਦਾ ਹੈ। ਇਸੇ ਲਈ ਉਹ ਕਵਿਤਾ ਦੇ ਪੂਰਵ ਘੜੇ ਗਏ ਪੈਟਰਨਾਂ ਨੂੰ ਤੋੜਦਾ ਹੈ। ਉਹ ਆਪਣੇ ਕਾਵਿ ਪ੍ਰਵਚਨ ਵਿੱਚ ਸਹਿਜ ਸੁਭਾਅ ਅਜਿਹੀ ਸ਼ਬਦ ਸਿਰਜਣਾ ਕਰਦਾ ਹੈ, ਜਿਹੜੀ ਸਵੈ ਮੋਹ ਦੀਆਂ ਤੰਦਾਂ ਨੂੰ ਚੇਤਨਾ ਦੀ ਕਟਾਰ ਨਾਲ ਦੋਫਾੜ ਕਰ ਦਿੰਦੀ ਹੈ। ਇਸ ਤਰਕ ਨਾਲ ਉਸ ਦੀ ਕਵਿਤਾ ਆਪਣੇ ਆਪ ਦੇ ਖ਼ਿਲਾਫ਼ ਗਵਾਹੀ ਦਾ ਪ੍ਰਗਟਾਵਾ ਬਣ ਜਾਂਦੀ ਹੈ। ਰਾਮਪਾਲ ਸ਼ਾਹਪੁਰੀ ਇੱਕ ਵਿੱਥ 'ਤੇ ਖੜ੍ਹੋ ਕੇ ਸਮਾਜਿਕ, ਸੱਭਿਆਚਾਰਕ ਚਿੱਤਰਪਟ 'ਤੇ ਹੋ ਰਹੀ ਉਥਲ-ਪੁਥਲ ਅਤੇ ਅਸਾਵੀਆਂ ਘਟਨਾਵਾਂ ਦਾ ਮਹਿਜ਼ ਦਰਸ਼ਕ ਨਹੀਂ ਹੈ, ਉਹ ਇਸ ਵਰਤਾਰੇ ਨੂੰ ਡੂੰਘੀ ਨੀਝ ਨਾਲ ਵੇਖਦਾ ਹੈ। ਇਹ ਹੀ ਨਹੀਂ, ਉਹ ਹੇਠਲੇ ਮੱਧ ਵਰਗੀ ਬੰਦੇ ਦੀਆਂ ਚਿੱਤ ਬਿਰਤੀਆਂ ਦੀ ਖੇਡ ਨੂੰ ਇੱਕ ਕਵੀ ਵਜੋਂ ਗੰਭੀਰ ਅਤੇ ਚਿੰਤਨੀ ਦ੍ਰਿਸ਼ਟੀ ਤੋਂ ਨਿਰਖਦਾ-ਪਰਖਦਾ ਹੈ। ਇਸ ਲਈ ਉਸ ਦੀ ਕਵਿਤਾ ਪੰਜਾਬੀ ਸੱਭਿਆਚਾਰਕ ਸਥਲ 'ਤੇ ਵਾਪਰ ਰਹੀਆਂ ਬੇ-ਤਰਤੀਬੀਆਂ ਨੂੰ ਸੰਵੇਦਨਸ਼ੀਲ ਰੂਪ ਵਿੱਚ ਫੜਨ ਦੇ ਸਮਰੱਥ ਹੈ। ਪੰਜਾਬੀ ਬੰਦੇ ਅੰਦਰ ਵਸ ਗਏ ਵਹਿਸ਼ੀਪਣ, ਲਾਲਚ, ਫਰੇਬ ਅਤੇ ਅਕਾਂਖਿਆਵਾਂ ਦੀ ਲਰਜ਼ਣ ਨੇ ਸਾਡੇ ਅੰਦਰੋਂ ਮਨੁੱਖਤਾ, ਇਖਲਾਕ ਅਤੇ ਖ਼ਿਆਲ ਦੀ ਸ਼ੁੱਧਤਾ ਨੂੰ ਮਨਫੀ ਕਰ ਦਿੱਤਾ ਹੈ। ਉਹ ਪੰਜਾਬੀ ਸੱਭਿਆਚਾਰ ਦੀਆਂ ਨਰੋਈਆਂ ਕਦਰਾਂ, ਸਬਰ, ਸ਼ੁਕਰ ਅਤੇ ਸਿਦਕ ਦੇ ਖੁਰ ਜਾਣ ਨੂੰ ਮਹਿਜ਼ ਇਤਫ਼ਾਕ ਨਹੀਂ ਮੰਨਦਾ, ਸਗੋਂ ਇਸ ਦੇ ਪਿਛੋਕੜ ਵਿੱਚ ਕਾਰਜਸ਼ੀਲ ਪ੍ਰੇਰਨਾਕਾਰਾਂ ਦੀ ਸ਼ਨਾਖਤ ਕਰਦਾ ਹੈ।




ਮਨੁੱਖ ਦੀ ਹਸਤੀ ਵਿੱਚ ਦੁੱਖ ਦੀ ਫੀਜ਼ੀਕਲਟੀ ਅਤੇ ਆਤਮ ਪਛਾਣ ਦੇ ਮਿਟਣ ਦੀ ਪੇਨ ਮਨੁੱਖ ਦੇ ਅਤਹਕਰਨ ਨੂੰ ਝੰਜੋੜਨ, ਮੁੜ ਸਿਰਜਣ ਅਤੇ ਵਿਉਂਤਣ ਲਈ ਉਸ ਨੂੰ ਆਪਣੀਆਂ ਜੜ੍ਹਾਂ ਦੀ ਤਲਾਸ਼ ਵੱਲ ਤੋਰਦੀ ਹੈ। ਮਨੁੱਖ ਦੀ ਇਸ ਪ੍ਰਵਿਰਤੀ ਦੇ ਪਿਛੋਕੜ ਵਿੱਚ ਉਸ ਦੀ ਦਾਰਸ਼ਨਿਕ ਪਰੰਪਰਾ ਪ੍ਰੇਰਨਾਕਾਰ ਦੇ ਰੂਪ ਵਿੱਚ ਕੰਮ ਕਰਦੀ ਹੈ। ਬੁੱਧ ਦੀ ਚਿੰਤਾ ਅਤੇ ਚਿੰਤਨ ਇਸ ਪ੍ਰਕਿਰਿਆ ਰਾਹੀਂ ਹੋਂਦ ਗ੍ਰਹਿਣ ਕਰਦਾ ਹੈ। ਜਿਸ ਦੀ ਫਲਸਫਾਨਾ ਪੇਸ਼ਕਾਰੀ ਰਾਮਪਾਲ ਦੀ ਸਿਰਜਣਾ ਵਿੱਚ ਮਿਲਦੀ ਹੈ। ਰਾਮਪਾਲ ਦੀ ਕਵਿਤਾ ਦਾ ਸਫ਼ਰ ਸਿਰਫ਼ ਧਰਤੀ ਤੋਂ ਆਕਾਸ਼ ਵੱਲ ਹੀ ਨਹੀਂ ਹੈ, ਸਗੋਂ ਇੱਕੋ ਵੇਲੇ ਪਤਾਲ ਵੱਲ ਵੀ ਹੈ। ਭਾਵ ਉਹ ਸਿਰਫ਼ ਮੈਟਾਫਿਜੀਕਲ ਸਟਰੈਂਥ ਵੱਲ ਹੀ ਧਿਆਨ ਨਹੀਂ ਦਿੰਦਾ, ਸਗੋਂ ਉਹ ਪਰੰਪਰਾ ਦੀ ਊਰਜਾਮਈ ਦਾਰਸ਼ਨਿਕਤਾ ਨੂੰ ਵੀ ਓਨੀ ਹੀ ਸ਼ਿੱਦਤ ਨਾਲ ਪਕੜਦਾ ਹੈ।

ਰਾਮਪਾਲ ਦੀ ਸ਼ਬਦ ਸਿਰਜਣਾ ਜਿੱਥੇ ਖ਼ਿਆਲ ਦੀ ਉਡਾਰੀ ਨਾਲ ਮਸਤਕ 'ਤੇ ਚਾਰੋਂ ਤਰਫ ਨਵਾਂ ਆਭਾ ਮੰਡਲ ਬਣਾਉਂਦੀ ਹੈ, ਉੱਥੇ ਉਹ ਕਾਵਿਕ ਅਤੇ ਭਾਸ਼ਿਕ ਵਿਰੋਧੀ ਜੁੱਟ ਸਿਰਜਦਾ ਹੈ। ਉਹ ਕਵਿਤਾ ਦੀ ਟੈਕਸਟ ਨੂੰ ਵਿਰੋਧੀ ਸਥਿਤੀਆਂ ਦੇ ਤਨਾਓ ਰਾਹੀਂ ਨਾ ਸਿਰਫ਼ ਉਸਾਰਦਾ ਹੈ, ਸਗੋਂ ਉਸ ਦੇ ਡੂੰਘੇ ਅਤੇ ਵਿਸ਼ਾਲ ਅਰਥਾਂ ਦਾ ਸੰਚਾਰ ਵੀ ਕਰਦਾ ਹੈ। ਇਨ੍ਹਾਂ ਵਿਰੋਧੀ ਜੁੱਟਾਂ ਦੀ ਸਿਰਜਣਕਾਰੀ ਉਸ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਦੀ ਸੰਰਚਨਾ ਵਿੱਚ ਮਿਲਦੀ ਹੈ। ਇਨ੍ਹਾਂ ਗਹਿਰ-ਗੰਭੀਰ ਵਿਰੋਧੀ ਜੁੱਟਾਂ ਨਾਲ ਜਿੱਥੇ ਉਸ ਦੀ ਕਵਿਤਾ ਦਾਰਸ਼ਨਿਕ ਗਹਿਰਾਈ ਅਤੇ ਬੌਧਿਕ ਬੁਲੰਦੀ ਨੂੰ ਛੋਂਹਦੀ ਹੈ, ਉੱਥੇ ਮਨੁੱਖ ਦੀ ਵਿਚਾਰਧਾਰਕ ਚੇਤਨਾ ਨੂੰ ਵੀ ਅੰਕ੍ਰਿਤ ਕਰਦੀ ਹੈ, ਜਿਵੇਂ ਪੰਖੇਰੂਆਂ ਦੀ ਉਡਾਰੀ ਦੀ ਆਤਮ ਕਥਾ ਨੂੰ ਜਿੱਥੇ ਉਹ ਆਕਾਸ਼ ਦੀ ਸੀਮਾ ਰਹਿਤ ਸਪੇਸ ਨਾਲ ਜੋੜਦਾ ਹੈ, ਉੱਥੇ ਉਹ ਖੂਹ ਦੇ ਮੈਟਾਫਰ ਨਾਲ ਇਹਨਾਂ ਦੇ ਦਰਦ ਨੂੰ ਪਤਾਲ ਦੀ ਗਹਿਰਾਈ ਨਾਲ ਵੀ ਜੋੜਦਾ ਹੈ। ਇਹ ਉਸ ਦੀ ਕਾਵਿ ਸਿਰਜਣਾ ਦੀ ਜੁਗਤ ਵੀ ਹੈ ਤੇ ਉਸ ਦੀ ਲਿਆਕਤ ਦੀ ਸੂਤਰਿਕ ਵਿਸ਼ੇਸ਼ਤਾ ਵੀ ਹੈ ਕਿ ਉਹ ਬਹੁਤ ਸਾਰੇ ਖ਼ਿਆਲਾਂ, ਜਜ਼ਬਾਤਾਂ, ਅਨੁਭਵਾਂ ਅਤੇ ਵਿਚਾਰਾਂ ਨੂੰ ਇੱਕੋ ਕਵਿਤਾ ਵਿੱਚ ਗੁੰਦ ਦਿੰਦਾ ਹੈ। ਉਸ ਦੀ ਬੁੱਧੀ ਦੀ ਮਹੀਨਤਾ ਅਤੇ ਵਿਚਾਰਾਂ ਦਾ ਸੰਗਠਨ ਏਨਾ ਸੰਯੁਕਤ ਅਤੇ ਗਹਿਰਾ ਹੈ ਕਿ ਕਵਿਤਾ ਬ੍ਰਹਿਮੰਡਕ ਉਚਾਈਆਂ ਦੇ ਸਿਖਰ ਤੱਕ ਜਾ ਪਹੁੰਚਦੀ ਹੈ। ਉਹਦੀ ਕਵਿਤਾ ਦੇ ਰਿਦਮ ਦੁਆਰਾ ਪੈਦਾ ਕੀਤੀ ਧੁੰਨ ਦੀ ਗੂੰਜ ਇੰਨੀ ਸਹਿਜ ਤੇ ਸਜੀਲੀ ਹੈ ਕਿ ਉਹ ਮਸਤਕ ਦੇ ਕੌਲ ਨੂੰ ਜਾ ਟੁਣਕਾਉਂਦੀ ਹੈ ਅਤੇ ਸਾਡੀ ਸੁਸਤ ਹੋ ਰਹੀ ਚੇਤਨਾ ਨੂੰ ਹਲੂਣਾ ਦਿੰਦੀ ਹੈ।

ਰਾਮਪਾਲ ਸ਼ਾਹਪੁਰੀ ਕਾਵਿ-ਸਿਰਜਣਾ ਦੇ ਸਫ਼ਰ 'ਤੇ ਤੁਰਦਿਆਂ ਸਦੀਆਂ ਦੇ ਫ਼ਾਸਲੇ ਪਲਾਂ ਦੇ ਫੋਰ ਵਿੱਚ ਤੈਅ ਕਰਨ ਦੀ ਸੰਕਲਪਨਾ ਕਰਦਾ ਹੈ ਅਤੇ ਸਾਡੀ ਕਠੋਰ ਅਤੇ ਕਰੱਖਤ ਹੋ ਗਈ ਸੱਭਿਅਤਾ ਦੇ ਖੰਡਰ ਹੋ ਚੁੱਕੇ ਨਕਸ਼ਾਂ ਨੂੰ ਪਛਾਨਣ ਲਈ ਅਸਲੋਂ ਨਿਵੇਕਲੀ ਕਾਵਿ ਭਾਸ਼ਾ ਦੀ ਵਰਤੋਂ ਕਰਦਾ ਹੈ। ਇਹ ਭਾਸ਼ਾ ਸ਼ਾਬਦਿਕ ਮੈਟਾਫਰਾਂ ਨੂੰ ਵਿਚਾਰਧਾਰਾ ਦੀਆਂ ਅਨੇਕਾਂ ਪਰਤਾਂ ਹੇਠ ਨਪੀੜੇ ਗਏ ਇਤਿਹਾਸਕ ਸੱਚ ਨੂੰ ਮੁੜ ਤੋਂ ਸਤਹ 'ਤੇ ਲਿਆਉਣ ਦਾ ਸਿਰਜਣਾਤਮਕ ਅਮਲ ਆਰੰਭਦੀ ਹੈ। ਇਹ ਅਮਲ ਨਾ ਸਿਰਫ਼ ਤਰਕ ਯੁਕਤ ਖ਼ਿਆਲ ਨਾਲ ਸਰਾਬੋਰ ਹੈ, ਸਗੋਂ ਭਾਵੁਕਤਾ ਅਤੇ ਸੰਵੇਦਨਾ ਦੇ ਸੁੰਦਰ ਸੁਮੇਲ ਨਾਲ ਵੀ ਸੰਬੰਧਤ ਹੈ। ਰਾਮਪਾਲ ਸ਼ਾਹਪੁਰੀ ਕਿਸੇ ਇੱਕ ਵਿਸ਼ੇਸ਼ ਧਿਰ ਦੀ ਪੀੜ ਜਾਂ ਸੰਸਿਆਂ ਨੂੰ ਰੇਖਾਕ੍ਰਿਤ ਨਹੀਂ ਕਰਦਾ, ਸਗੋਂ ਉਹਨਾਂ ਸਾਰੀਆਂ ਦਮਿਤ ਪਛਾਣਾਂ ਅਤੇ ਨਸਲਾਂ ਦੇ ਦਫ਼ਨ ਹੋ ਗਏ ਹਾਸਿਆਂ ਅਤੇ ਹਟਕੋਰਿਆਂ ਦੀ ਬਾਤ ਪਾਉਂਦਾ ਹੈ। ਉਹ ਫਿਊਡਲ ਸਮਾਜ ਦੁਆਰਾ ਨਿਰਮਿਤ ਕੀਤੇ ਗਏ ਸੱਤਾ ਦੇ ਪ੍ਰਵਚਨ ਨੂੰ ਚਕਨਾਚੂਰ ਕਰਦਾ ਹੈ ਅਤੇ ਸਦੀਆਂ ਤੋਂ ਕਾਇਮ ਕੀਤੀ ਗਈ ਸੱਭਿਆਚਾਰਕ ਹੈਜਮਨੀ/ਪ੍ਰਭੂਤਾ ਵਾਲੇ ਸਮਾਜਿਕ ਜਮੂਦ ਨੂੰ ਨਵੀਂ ਕਾਵ ਭਾਸ਼ਾ ਰਾਹੀਂ ਤਰੇੜ ਦਿੰਦਾ ਹੈ।


ਰਾਮਪਾਲ ਅਸਲ ਵਿੱਚ ਗਿਆਨ ਦੀ ਸਿਰਜਣਾ ਵਿੱਚ ਪੰਜਾਬ ਦੀ ਜ਼ਰਖੇਜ਼ ਧਰਤੀ ਦੀਆਂ ਨਿਆਮਤਾਂ ਦੀ ਰਵਾਨੀ ਅਤੇ ਮੁਸ਼ਕੀ ਰਾਤਾਂ ਵਿੱਚ ਨਗਮੇ ਗਾਉਂਦੀ ਪੰਜਾਬ ਦੀ ਜਵਾਨੀ ਦੀਆਂ ਲੰਮੀਆਂ ਹੇਕਾਂ ਦੇ ਮੈਟਾਫ਼ਰ ਅੰਦਰ ਧੱਸੀ ਹੋਈ ਡੂੰਘੀ ਚੀਸ ਨੂੰ ਫੜਦਾ ਹੈ। ਇਹ ਚੀਸ ਗੈਰ ਬਰਾਬਰੀ ਅਤੇ ਜਗੀਰੂ ਹੈਜਮਨੀ ਦੁਆਰਾ ਪੈਦਾ ਕੀਤੇ ਗਏ ਹਾਲਾਤ ਵਿੱਚ ਵਿਅਕਤੀਗਤ ਅਤੇ ਸਮੂਹਿਕ ਪੁਜ਼ੀਸ਼ਨਾਂ ਨੂੰ ਸੰਬੋਧਿਤ ਹੈ ਅਤੇ ਇਹ ਸਾਨੂੰ ਇਤਿਹਾਸਕ ਹਕੀਕਤਾਂ ਦੇ ਰੂਬਰੂ ਲਿਜਾ ਖੜ੍ਹਾ ਕਰਦੀ ਹੈ। ਵਿਅਕਤੀਗਤ ਅਤੇ ਸਮੂਹਿਕ ਪੇਨ ਦੀ ਗੋਲਾਈਜੇਸ਼ਨ ਉਸ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਦੇ ਆਰ-ਪਾਰ ਫੈਲੀ ਹੋਈ ਹੈ। ਉਹ ਇਹਨਾਂ ਪੀੜਾਦਾਇਕ ਪ੍ਰਸਥਿਤੀਆਂ ਨੂੰ 'ਹੀਰ' ਦੇ ਮੈਟਾਫਰ ਰਾਹੀਂ ਅਸਲੋਂ ਨਿਵੇਕਲੀ ਕਾਵਿ ਭਾਸ਼ਾ ਰਾਹੀਂ ਪ੍ਰਗਟ ਕਰਦਾ ਹੈ। ਰਾਮਪਾਲ ਸ਼ਾਹਪੁਰੀ ਆਪਣੀ ਕਵਿਤਾ ਆਪਣੀ ਕਾਵਿ ਸਿਰਜਣਾ ਲਈ ਸਾਡੇ ਸੱਭਿਆਚਾਰਕ ਵਿਰਸੇ ਅਤੇ ਪ੍ਰੰਪਰਿਕ ਰਵਾਇਤਾਂ ਤੋਂ ਊਰਜਾ ਗ੍ਰਹਿਣ ਕਰਦਾ ਹੈ। ਇਤਿਹਾਸਕ ਤੇ ਮਿਥਿਹਾਸਕ ਹਵਾਲੇ ਨਾਲ ਜਿੱਥੇ ਉਸ ਦੀ ਕਵਿਤਾ ਵਿੱਚ ਦਾਰਸ਼ਨਿਕ ਗਹਿਰਾਈ ਆਉਂਦੀ ਹੈ, ਉੱਥੇ ਉਹ ਮੈਥਾਲੋਜੀਕਲ ਵਿੱਥਾਂ ਅਤੇ ਖੱਪਿਆਂ ਨਾਲ ਸੰਵਾਦ ਵੀ ਰਚਾਉਂਦਾ ਹੈ। ਉਸ ਦੀ ਸੰਵਾਦ ਸਿਰਜਣਾ ਦੀ ਖ਼ੂਬਸੂਰਤੀ ਇਹ ਹੈ ਕਿ ਉਹ ਆਪਣੀ ਕਵਿਤਾ ਵਿੱਚ ਮਿੱਥ ਸਿਰਜਣਾ ਨਹੀਂ ਕਰਦਾ, ਸਗੋਂ ਨਵੇਂ ਗਿਆਨ ਪ੍ਰਬੰਧ ਦੇ ਪ੍ਰਸੰਗ ਵਿੱਚ ਮਿੱਥ ਭੰਜਨ ਕਰਦਾ ਹੈ।

ਰਾਮਪਾਲ ਸ਼ਾਹਪੁਰੀ ਦੀ ਸਿਰਜਨਾਤਮਿਕ ਪ੍ਰਤਿਭਾ ਅਤੇ ਕਾਵਿ ਸੌਂਦਰਯ ਦਾ ਆਨੰਦ ਲੈਣ ਲਈ ਉਸ ਦੀ ਕਵਿਤਾ ਨੂੰ ਸਮੁੱਚ ਵਿੱਚ ਪੜ੍ਹਨਾ ਪੈਂਦਾ ਹੈ। ਉਸ ਦੀ ਹਰ ਕਵਿਤਾ ਇੱਕ ਸੰਪੂਰਨ ਸੰਗਠਨ ਵਿੱਚ ਉਸਰਦੀ ਹੈ। ਇਸ ਨੂੰ ਖੰਡ-ਖੰਡ ਕਰਕੇ ਪੜ੍ਹਨ ਨਾਲ ਇਸ ਦੀ ਸਾਰਥਿਕਤਾ ਅਤੇ ਆਰਥਿਕ ਗਹਿਰਾਈ ਨੂੰ ਸਮਝਣ ਤੋਂ ਖੁੰਝ ਸਕਦੇ ਹਾਂ। ਉਸ ਦੀ ਹਰ ਇੱਕ ਕਵਿਤਾ ਵਿੱਚ ਬਹੁਤ ਡੂੰਘੀਆਂ ਅਰਥ ਸੰਭਾਵਨਾਵਾਂ ਹਨ। ਉਹ ਸ਼ਬਦਾਂ ਦਾ ਜਾਦੂਗਰ ਹੈ। ਇਸੇ ਲਈ ਉਹ ਸ਼ਬਦਾਂ ਨਾਲ ਅਠਖੇਲੀਆਂ ਕਰਦਾ ਹੈ। ਉਹ ਨਾ ਸਿਰਫ ਆਪਣੀ ਨਵੀਂ ਸ਼ਬਦ ਘਾਤ ਕਰਦਾ ਹੈ ਸਗੋਂ ਸਾਡੇ ਤੋਂ ਖੁੱਸ ਰਹੀ ਪੁਰਾਣੀ ਸ਼ਬਦਾਵਲੀ ਦੀ ਮੁੜ ਵਰਤੋਂ ਕਰਕੇ, ਰਵਾਇਤੀ ਭਾਸ਼ਾਈ ਰਜਿਸਟਰ ਨੂੰ ਵੀ ਕਾਇਮ ਕਰਦਾ ਹੈ। ਉਸ ਦੀ ਇੱਕ-ਇੱਕ ਕਵਿਤਾ ਬਾਰੇ ਬਹੁਤ ਕੁਝ ਲਿਖਿਆ ਅਤੇ ਕਿਹਾ ਜਾ ਸਕਦਾ ਹੈ। ਬੌਧਿਕ ਸਮਰੱਥਾ ਵਿਚਾਰਧਾਰਕ ਗਹਿਰਾਈ ਅਤੇ ਵਿਸ਼ਾਲ ਅਰਥ ਵਾਲੀ ਕਿਤਾਬ ਹੈ।

## ਨਵਾਂ ਸੰਸਕਰਨ

### ਹਾਂ ਕਹੀਏ ਜਾਂ ਨਾਂਹ ਕਹੀਏ

**ਨਰਿੰਦਰ ਸਿੰਘ ਕਪੂਰ**
**ਪੰਨੇ : 151 , ਮੁੱਲ : 250 ਰੁਪਏ**
**ਲੋਕ ਗੀਤ ਪ੍ਰਕਾਸ਼ਨ, ਮੁਹਾਲੀ**




ਇਹ ਪੁਸਤਕ 17 ਲੇਖਾਂ 'ਤੇ ਅਧਾਰਤ ਹੈ, ਜਿਨ੍ਹਾਂ ਵਿੱਚ ਲੇਖਕ ਨੇ ਵਿਅਕਤੀ ਦੁਆਰਾ ਨਿਰਣਾ ਕਰਨ ਸਮੇਂ ਮਨ ਦੇ ਦੁਚਿੱਤੀ ਵਿੱਚ ਹੋਣ, ਕਿਸੇ ਕੰਮ ਨੂੰ ਕਰਨ ਲਈ ਹਾਂ ਕਹਿਣ ਜਾਂ ਮਨ੍ਹਾਂ ਕਰ ਦੇਣ ਜਾਂ ਫਿਰ ਕੋਈ ਫ਼ੈਸਲਾ ਲੈਣ ਲਈ ਕਿੰਨਾ ਸਮਾਂ ਲਗਾਇਆ ਜਾਵੇ, ਇਹਨਾਂ ਗੱਲਾਂ ਤੇ ਚਰਚਾ ਕੀਤੀ ਹੈ। ਭੂਮਿਕਾ ਵਿੱਚ ਲੇਖਕ ਫ਼ੈਸਲਾ ਕਰਨ ਬਾਰੇ ਮਨੁੱਖ ਦੀ ਪ੍ਰਵਿਰਤੀ ਨੂੰ ਸਮਝਦਾ ਹੋਇਆ ਇੱਕ ਬਹੁਤ ਵਧੀਆ ਨੁਕਤਾ ਪੇਸ਼ ਕਰਦਾ ਹੈ, ਜਿਸ ਅਨੁਸਾਰ ਉਹ ਕਹਿੰਦਾ ਹੈ ਕਿ ਫ਼ੈਸਲੇ ਤਿੰਨ ਪ੍ਰਕਾਰ ਦੇ ਹੁੰਦੇ ਹਨ। ਸਹੀ ਫ਼ੈਸਲਾ, ਗ਼ਲਤ ਫ਼ੈਸਲਾ ਤੇ ਤੁਹਾਡਾ ਫ਼ੈਸਲਾ। ਤੁਹਾਡਾ ਫ਼ੈਸਲਾ ਕਿਸੇ ਤਰਕ ਨਾਲ ਨਹੀਂ, ਭਾਵੁਕਤਾ ਅਧੀਨ ਕੀਤਾ ਜਾਂਦਾ ਹੈ ਤੇ ਭਾਵੁਕ ਫ਼ੈਸਲਿਆਂ ਵਿੱਚ ਸਭ ਤੋਂ ਵਧੇਰੇ ਗਲਤੀਆਂ ਹੋਣ ਦਾ ਮੌਕਾ ਹੁੰਦਾ ਹੈ। ਇਸ ਪੁਸਤਕ ਦੇ ਪਹਿਲੇ ਲੇਖ ਦਾ ਸਿਰਲੇਖ ਵੀ 'ਫ਼ੈਸਲੇ ਕਰਨ ਦੀਆਂ ਮੁਸ਼ਕਲਾਂ' ਹੀ ਹਨ। ਇਸ ਵਿੱਚ ਲੇਖਕ ਨੇ ਕਿਸੇ ਵੀ ਵਿਅਕਤੀਗਤ ਜਾਂ ਜਨਤਕ ਪੱਧਰ 'ਤੇ ਲਏ ਗਏ ਫ਼ੈਸਲਿਆਂ ਨੂੰ ਵਿਸ਼ਾ ਬਣਾ ਕੇ ਸਾਰੇ ਨੁਕਤੇ ਪ੍ਰਦਾਨ ਕੀਤੇ ਹਨ।

ਦੂਜੇ ਲੇਖ 'ਮਜਬੂਰੀ ਅਤੇ ਬੇਵਸੀ' ਵਿੱਚ ਲੇਖਕ ਮਨੁੱਖ ਦੀਆਂ ਮਜਬੂਰੀਆਂ ਦੇ ਕਾਰਨ ਲੱਭਣ ਦੀ ਕੋਸ਼ਿਸ਼ ਕਰਦਾ ਹੈ। ਉਹ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਅਸੀਂ ਪ੍ਰਸੰਨਤਾ ਵਾਲੇ ਸਮੇਂ ਨੂੰ ਲਾਪਰਵਾਹੀ ਨਾਲ ਲੰਘਾ ਦਿੰਦੇ ਹਾਂ, ਜਦੋਂ ਕਿ ਮਜਬੂਰੀ ਤੇ ਜਾਂ ਬੇਵਸੀ ਵਾਲੀ ਹਰ ਘੜੀ ਨੂੰ ਕਈ ਵਾਰ ਗਿਣਦੇ ਹਾਂ ਤੇ ਯਾਦ ਕਰਕੇ ਅਨੇਕਾਂ ਵਾਂਗ ਹੋਰ ਦੁਖੀ ਹੁੰਦੇ ਹਾਂ।

ਲੇਖ 'ਪੈਸਾ ਧਨ ਅਤੇ ਦੌਲਤ' ਵਿੱਚ ਲੇਖਕ ਨੇ ਜ਼ਿੰਦਗੀ ਵਿੱਚ ਪੈਸੇ ਦੀ ਅਹਿਮੀਅਤ ਬਾਰੇ ਵਿਚਾਰ-ਚਰਚਾ ਕੀਤੀ ਹੈ। ਇਸ ਲੇਖ ਵਿੱਚ ਉਸ ਨੇ ਪੈਸੇ ਦੀ ਅਹਿਮੀਅਤ ਨੂੰ ਧਰਮ, ਅਰਥਚਾਰਾ, ਮਿਹਨਤ, ਭਾਈਚਾਰਕ ਸਾਂਝ, ਰਾਸ਼ਟਰੀ ਵਿਕਾਸ, ਮੰਡੀਕਰਨ ਅਤੇ ਸਮਾਜਿਕਤਾ ਦੇ ਪੱਖ ਤੋਂ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਲੇਖ 'ਜਿੱਤ ਦਾ ਭਰੋਸਾ' ਵਿੱਚ ਡਾ. ਕਪੂਰ ਨੇ ਸਫ਼ਲਤਾ, ਮਿਹਨਤ ਤੇ ਬਹਾਦਰੀ ਨੂੰ ਸਮਾਂਤਰ ਰੱਖ ਕੇ ਪੇਸ਼ ਕੀਤਾ ਹੈ।

'ਢਹਿੰਦੀ ਕਲਾ ਚੜ੍ਹਦੀ ਕਲਾ' ਲੇਖ ਵਿੱਚ ਲੇਖਕ ਨੇ ਮਨ ਦੀਆਂ ਇਹਨਾਂ ਦੋ ਅਵਸਥਾਵਾਂ ਨੂੰ ਹਰ ਕੰਮ ਦੀ ਸਫ਼ਲਤਾ ਪਿੱਛੇ ਕਾਰਨ ਮੰਨਿਆ ਹੈ। ਇੱਥੇ ਲੇਖਕ ਇਤਿਹਾਸ, ਮਿਥਿਹਾਸ ਵਿੱਚੋਂ ਉਦਾਹਰਨਾਂ ਲੈ ਕੇ ਆਪਣੀ ਗੱਲ ਸਿੱਧ ਕਰਦਾ ਹੈ। ਉਹ ਦੱਸਦਾ ਹੈ ਕਿ ਮਨੁੱਖ ਨੂੰ ਜਦੋਂ ਵੀ ਚੜ੍ਹਦੀ ਕਲਾ ਦੀ ਜਾਗ ਲੱਗਦੀ ਹੈ, ਉਹ ਦੁੱਖਾਂ-ਤਕਲੀਫ਼ਾਂ ਵਿੱਚੋਂ ਸ਼ਾਂਤ ਮਨ ਨਾਲ ਜੂਝ ਕੇ ਪਾਰ ਲੰਘ ਜਾਂਦਾ ਹੈ।

ਅਗਲੇ ਲੇਖ 'ਆਤਮ ਵਿਸ਼ਵਾਸ ਵਾਲੀ ਮੈਂ' ਤੇ 'ਅਕਲ, ਗਿਆਨ ਅਤੇ ਸਿਆਣਾ' ਵਿੱਚ ਲੇਖਕ ਸਿੱਧ ਕਰਦਾ ਹੈ ਕਿ ਆਤਮ ਵਿਸ਼ਵਾਸ ਤੋਂ ਬਿਨਾਂ ਕੋਈ ਵੀ ਵਿਅਕਤੀ ਆਪਣੇ ਕੰਮਾਂ ਨੂੰ ਨਾ ਤਾਂ ਪੂਰਾ ਕਰ ਸਕਦਾ ਹੈ ਤੇ ਨਾ ਹੀ ਅੱਗੇ ਆਉਣ ਵਾਲੇ ਸੰਕਟਾਂ ਦਾ ਸਾਹਮਣਾ ਕਰ ਸਕਦਾ ਹੈ।

ਲੇਖ 'ਆਲੂ ਵਿਚਾਰਾ' ਵਿੱਚ ਲੇਖਕ ਨੇ ਬੜੇ ਮਜ਼ਾਹੀਆ ਢੰਗ ਨਾਲ ਆਲੂ ਦੇ ਗੁਣ ਅਤੇ ਉਸ ਦੀ ਹਾਲਤ ਬਿਆਨ ਕੀਤੀ ਹੈ। ਉਹ ਲਿਖਦਾ ਹੈ—ਆਲੂ ਅਕਸਰ ਇਕੱਲਾ ਨਹੀਂ ਹੁੰਦਾ, ਇਹ ਹੋਰ ਸਬਜ਼ੀਆਂ ਨਾਲ ਸਾਂਝ ਪਾਈ ਰੱਖਦਾ ਹੈ।

ਇਸ ਪੁਸਤਕ ਦੇ ਸਿਰਲੇਖ ਵਾਲਾ ਲੇਖ 'ਹਾਂ ਕਹੀਏ ਜਾਂ ਨਾਂਹ ਕਹੀਏ' ਨੈਤਿਕ ਸਿੱਖਿਆ ਦੇ ਕਈ ਪੱਖਾਂ ਨੂੰ ਵਿਸ਼ਾ ਬਣਾਉਂਦਾ ਹੈ। ਲੇਖਕ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਹਾਂ ਕਹਿਣ ਜਾਂ ਨਾਂਹ ਕਹਿਣ ਵਿੱਚ ਵਿਅਕਤੀ ਨੂੰ ਝਿਜਕਣਾ ਨਹੀਂ ਚਾਹੀਦਾ। ਉਹ ਦੱਸਦਾ ਹੈ ਕਿ ਹਾਂ ਕਹਿਣੀ ਸੌਖੀ ਹੁੰਦੀ ਹੈ, ਪਰ ਹਾਂ ਕਹਿ ਕੇ ਪੁਗਾਉਣੀ ਜ਼ਿਆਦਾ ਔਖੀ ਹੈ। ਲੇਖ 'ਉਧਾਰ ਮੰਗਣ ਵਾਲੇ' ਵਿੱਚ ਲੇਖਕ ਇਸ ਸਮਾਜ ਦੇ ਕਈ ਗੁੱਝੇ ਰਾਜ ਖੋਲ੍ਹਦਾ ਹੈ। ਉਸ ਅਨੁਸਾਰ ਜ਼ਿੰਦਗੀ ਦੀਆਂ ਹਕੀਕਤਾਂ, ਆਰਥਿਕ ਵਖਰੇਵੇਂ ਅਤੇ ਖ਼ਰਚਣ ਢੰਗ ਵਿਅਕਤੀ ਦੇ ਜੀਵਨ ਪੱਧਰ ਨੂੰ ਪ੍ਰਭਾਵਿਤ ਕਰਦਾ ਹੈ। ਕਮਾਈ ਕਰਨ ਦੀਆਂ ਸਾਰੀਆਂ ਵਿਉਂਤਾਂ ਯੋਗਤਾਵਾਂ ਨਾਲ ਜੁੜੀਆਂ ਹਨ, ਜਦੋਂ ਵਿਅਕਤੀ ਆਪਣੀ ਸਮਰੱਥਾ ਤੋਂ ਉਤੇ ਖ਼ਰਚਾ ਕਰਨ ਲੱਗਦਾ ਹੈ ਤਾਂ ਫਿਰ ਉਧਾਰ ਮੰਗਣ ਤੋਂ ਬਿਨਾਂ ਕੋਈ ਚਾਰਾ ਨਹੀਂ ਰਹਿ ਜਾਂਦਾ।

ਪੁਸਤਕ ਦੇ ਅੰਤਮ ਲੇਖ ਵਿੱਚ ਲੇਖਕ ਨੇ ਇਸ ਸਮਾਜ ਦੀ ਇੱਕ ਹਾਸੋਹੀਣੀ ਪਰ ਮਹੱਤਤਾ ਰੱਖਦੀ ਆਦਤ ਵੱਲ ਧਿਆਨ ਦਿਵਾਇਆ ਹੈ। 'ਟਾਲ ਮਟੋਲ ਕਰਨ ਦੀ ਆਦਤ' ਸਿਰਲੇਖ ਹੇਠ ਉਹ ਲਿਖਦਾ ਹੈ ਕਿ ਸੁਸਤੀ ਅਸਲ ਵਿੱਚ ਸਮਾਜ ਦੇ ਨਿਘਾਰ ਦਾ ਕਾਰਨ ਬਣਦੀ ਹੈ। ਜ਼ਰੂਰੀ ਕੰਮਾਂ ਨੂੰ ਅੱਗੇ-ਅੱਗੇ ਪਾ ਕੇ ਨਾ ਤਾਂ ਯੋਜਨਾਵਾਂ ਸਿਰੇ ਚੜ੍ਹਦੀਆਂ ਹਨ ਤੇ ਨਾ ਹੀ ਵਸੀਲਿਆਂ ਦੀ ਪੂਰੀ ਵਰਤੋਂ ਹੁੰਦੀ ਹੈ। ਲੇਖਕ ਇਸ ਲੇਖ ਦੇ ਨਾਲ-ਨਾਲ ਇਸ ਪੁਸਤਕ ਦਾ ਅੰਤ ਬੜੇ ਮਜ਼ਾਹੀਆ ਮਿਸਰੇ ਨਾਲ ਕਰਦਾ ਹੈ। ਉਹ ਲਿਖਦਾ ਹੈ, ਜਿਹੜਾ ਸਵੇਰੇ ਉਠਣ ਵਿੱਚ ਹੀ ਟਾਲ-ਮਟੋਲ ਕਰਦਾ ਹੈ, ਉਸ ਦੀ ਕਾਰਗੁਜ਼ਾਰੀ ਕਦੇ ਵੀ ਸੰਤੋਖਜਨਕ ਨਹੀਂ ਹੁੰਦੀ। ਜਿਹੜਾ ਬਰਾਤ ਵਿੱਚ ਸ਼ਾਮਿਲ ਹੋਣ ਦੀ ਥਾਂ ਡੋਲੀ ਚੱਲਣ ਵੇਲੇ ਪਹੁੰਚਦਾ ਹੈ, ਉਹ ਗ਼ੈਰ-ਹਾਜ਼ਰ ਹੀ ਗਿਣਿਆ ਜਾਂਦਾ ਹੈ।

**— ਡਾ. ਸੰਦੀਪ ਰਾਣਾ**

# ਪੁਸਤਕ ਰੀਵਿਊ

## ਭਾਰੀਆਂ ਪੰਡਾਂ

(ਨਾਵਲ)
**ਜਿੰਗਾ ਸਿੰਘ**
**ਕੀਮਤ-300, ਪੰਨੇ-196**
**ਸਹਿਜ ਪਬਲੀਕੇਸ਼ਨ, ਸਮਾਣਾ**




ਜਿੰਗਾ ਸਿੰਘ ਪੰਜਾਬੀ ਸਾਹਿਤ ਵਿੱਚ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ ਹਨ। 'ਕੋਈ ਕੋਈ ਤਾਰਾ' ਤੋਂ ਬਾਅਦ ਉਸ ਦਾ ਇਹ ਦੂਜਾ ਨਾਵਲ ਹੈ। ਖ਼ੂਬਸੂਰਤ ਸਰਵਰਕ ਵਾਲੀ ਇਹ ਪੁਸਤਕ ਸਮਰਪਿਤ ਹੈ ਸੰਸਾਰ ਦੀਆਂ ਮਾਵਾਂ ਨੂੰ। ਨਾਵਲ ਦੀ ਭੂਮਿਕਾ ਵਿੱਚ ਨਾਵਲਕਾਰ ਜਿੰਗਾ ਸਿੰਘ ਨੇ ਆਪਣੇ ਇਸ ਨਾਵਲ ਲਈ ਸਹਿਯੋਗੀਆਂ ਦਾ ਧੰਨਵਾਦ ਕੀਤਾ ਹੈ। ਉਪਰੰਤ ਗੌਰਮਿੰਟ ਟੀਚਰ ਯੂਨੀਅਨ ਦੇ ਪ੍ਰਧਾਨ ਜਸਵੀਰ ਸਿੰਘ 'ਸ਼ਾਇਰ' ਨੇ 'ਸਿਰ ਚਾਈਆ ਭਾਰੀਆਂ ਪੰਡਾਂ ਦੀ ਦਰਦੀਲੀ ਦਾਸਤਾਨ' ਸਿਰਲੇਖ ਹੇਠ ਨਾਵਲਕਾਰ ਦੀ ਰਚਨਾ-ਦ੍ਰਿਸ਼ਟੀ 'ਤੇ ਚਾਨਣਾ ਪਾਇਆ ਹੈ। ਪੰਜਤਾਲੀ ਕਾਂਡਾਂ ਵਿੱਚ ਲਿਖੇ ਇਸ ਨਾਵਲ ਦੀ ਕਹਾਣੀ ਪਾਠਕਾਂ ਨੂੰ ਆਪਣੇ ਨਾਲ ਜੋੜੀ ਰੱਖਦੀ ਹੈ। ਨਾਵਲ ਦੀ ਸਾਰੀ ਕਹਾਣੀ ਤੋਸ਼ੀ ਦੇ ਦੁਆਲੇ ਘੁੰਮਦੀ ਹੈ, ਜੋ ਇਕੱਲੀ ਹੀ ਘਰ ਪਰਵਾਰ ਦੀਆਂ ਭਾਰੀਆਂ ਪੰਡਾਂ ਆਪਣੇ ਸਿਰ 'ਤੇ ਚੁੱਕਦੀ ਹੈ। ਉਹ ਇੱਕ ਬਹੁਤ ਮਿਹਨਤੀ ਤੇ ਸਿਰੜੀ ਪਾਤਰ ਹੈ, ਜੋ ਤਿੰਨ ਬੱਚਿਆਂ ਰਾਣੀ, ਕਾਲੂ, ਰਿੰਪੀ ਤੇ ਭਿੰਦੇ ਦੀ ਮਾਂ ਹੈ। ਪਿਆਰਾ ਤੇ ਤੋਸ਼ੀ ਘਰ ਪਰਵਾਰ ਦੀਆਂ ਭਾਰੀਆਂ ਪੰਡਾਂ ਢੋਂਦੇ ਹੋਏ ਕਈ ਕਿਸਮ ਦੀਆਂ ਤੰਗੀਆਂ-ਤੁਰਸ਼ੀਆਂ ਨੂੰ ਸਹਿਣ ਕਰਦੇ ਹਨ। ਤੋਸ਼ੀ ਘਰ ਪਰਵਾਰ ਨੂੰ ਜੋੜ ਕੇ ਵੀ ਰੱਖਦੀ ਹੈ।ਨਨਾਣ ਨਿੰਮੋ ਤੇ ਜੇਠ ਮਹਿੰਦਰ ਦਾ ਪੂਰਾ ਸਤਿਕਾਰ ਕਰਦੀ ਹੈ। ਜ਼ਿੰਮੇਵਾਰੀਆਂ ਨੂੰ ਨਿਭਾਉਂਦਿਆਂ ਕਈ ਮੁਸ਼ਕਲਾਂ ਆਈਆਂ, ਪਰ ਤੋਸ਼ੀ ਨੇ ਸੀ ਨਾ ਕੀਤੀ। ਬੜੀ ਹਿੰਮਤ ਨਾਲ ਉਹ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਦੀ ਰਹੀ ਤੇ ਅਖੀਰ ਵਿੱਚ ਪਿਆਰੇ ਦੇ ਬਿਮਾਰ ਰਹਿਣ ਕਾਰਨ ਉਸ ਦੀ ਰਾਣੀ ਦੇ ਵਿਆਹ ਦੀ ਚਿੰਤਾ ਵੀ ਦੂਰ ਹੋ ਗਈ। ਰਾਣੀ ਦੇ ਵਿਆਹ ਤੋਂ ਬਾਅਦ ਉਸ ਨੂੰ ਇੰਝ ਜਾਪਿਆ ਜਿਵੇਂ ਕਬੀਲਦਾਰੀ ਦਾ ਪਹਿਲਾ ਡੰਡਾ ਚੜ੍ਹ ਲਿਆ ਹੋਵੇ ਤੇ ਉਸ ਨੂੰ ਤਪੀ ਹੋਈ ਧਰਤੀ ਠੰਢੀ-ਠਾਰ ਹੋ ਗਈ ਪ੍ਰਤੀਤ ਹੋਣ ਲੱਗੀ। ਜਿੰਗਾ ਸਿੰਘ ਨੇ ਬਿਰਤਾਂਤ ਸਿਰਜਣ ਲੱਗਿਆਂ ਨਾਵਲ ਵਿੱਚ ਰੌਚਕਤਾ ਨੂੰ ਲਾਂਭੇ ਨਹੀਂ ਹੋਣ ਦਿੱਤਾ। ਨਾਵਲ 'ਤੋਸ਼ੀ' ਵਰਗੀਆਂ ਸਹੁੰਨਰੀ ਔਰਤਾਂ ਦੀ ਕਹਾਣੀ ਕਹਿੰਦਾ ਹੈ, ਜੋ ਹਰ ਔਰਤ ਲਈ ਪ੍ਰੇਰਨਾ ਬਣਦੀ ਹੈ। ਜਿੰਗਾ ਸਿੰਘ ਨੇ ਇਸ ਨਾਵਲ ਵਿੱਚ ਭੈਣ-ਭਰਾਵਾਂ ਦੀਆਂ ਮਿੱਠੀਆਂ-ਮਿੱਠੀਆਂ ਲੜਾਈਆਂ, ਉਹਨਾਂ ਦੀਆਂ ਨਿੱਕੀਆਂ-ਨਿੱਕੀਆਂ ਗੱਲਾਂ, ਉਹਨਾਂ ਦਾ ਆਪਣੇ ਮਾਪਿਆਂ ਨਾਲ ਘਰ ਦੇ ਕੰਮ ਵਿੱਚ ਹੱਥ ਵਟਾਉਣਾ ਤੇ ਪਿਠੂਕੈਮ, ਘੋੜੀ ਵਛੇਰਾ, ਤਾੜਮ ਤਾੜਾ, ਕਬੱਡੀ, ਅੱਡਾ-ਖੱਡਾ, ਰੱਸੀ ਟੱਪਣਾ ਵਰਗੀਆਂ ਲੋਕ ਖੇਡਾਂ ਦਾ ਜ਼ਿਕਰ ਵੀ ਕੀਤਾ ਹੈ। ਜਿੰਗਾ ਸਿੰਘ ਨੂੰ ਪਿੰਡਾਂ ਦੇ ਜੀਵਨ ਦੀ ਪੂਰੀ ਜਾਣਕਾਰੀ ਹੈ, ਜਿਸ ਨੂੰ ਉਸ ਨੇ ਆਪਣੇ ਇਸ ਨਾਵਲ ਵਿੱਚ ਪੇਸ਼ ਕੀਤਾ ਹੈ। ਨਾਵਲ ਵਿੱਚ ਸ਼ਬਦ-ਚਿੱਤਰਾਂ ਰਾਹੀਂ ਪਿੰਡ ਦੇ ਮਾਹੌਲ ਨੂੰ ਸਾਡੀ ਕਲਪਨਾ ਵਿੱਚ ਸਾਕਾਰ ਕਰ ਦਿੰਦਾ ਹੈ। ਬੱਚਿਆਂ ਦੀ ਤੋਤਲੀ ਭਾਸ਼ਾ ਇਸ ਨੂੰ ਹੋਰ ਵੀ ਯਥਾਰਥਕ ਬਣਾ ਦਿੰਦੀ ਹੈ। ਸੋ ਇਸ ਨਾਵਲ ਦੀ ਪਾਤਰ ਤੋਸ਼ੀ ਉਹਨਾਂ ਔਰਤਾਂ ਦੀ ਪ੍ਰਤੀਨਿਧਤਾ ਕਰਦੀਆਂ ਹਨ, ਜੋ ਘਰ ਪਰਵਾਰ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਂਦਿਆਂ ਹੋਇਆਂ ਸੀ ਨਹੀਂ ਕਰਦੀਆਂ ਤੇ ਆਪਣੇ ਆਪ ਨੂੰ ਪਰਵਾਰ ਲਈ ਸਮਰਪਿਤ ਕਰ ਦਿੰਦੀਆਂ ਹਨ।ਜਸਵੀਰ ਸਿੰਘ ਨਾਵਲ ਦੀ ਸਿਫ਼ਤ ਕਰਦੇ ਹੋਏ ਕਹਿੰਦੇ ਹਨ, ਤੋਸ਼ੀ ਰਾਹੀਂ ਨਾਵਲਕਾਰ ਨੇ ਔਰਤ ਦੀ ਸਿਰਜਣਾਤਮਕ ਪ੍ਰਤਿਭਾ ਤੇ ਘਰ ਵਿਚਲੀ ਬਰਕਤ ਨੂੰ ਔਰਤ ਦੇ ਹੁਨਰੀ ਪ੍ਰਗਟਾਵੇ ਦਾ ਨਾਂਅ ਦਿੱਤਾ ਹੈ, ਕਿਉਂ ਜੋ ਉਕਤ ਪਾਤਰ ਆਪਣੇ ਜਾਇਆਂ ਨੂੰ ਘਰ-ਬਾਰ ਦੀ ਸੂਝ ਦਿੰਦਾ, ਉਨ੍ਹਾਂ ਨੂੰ ਨਾਲ ਜੋੜਦਾ ਤੇ ਹੋਈ ਟੁੱਟ-ਭੱਜ ਦਾ ਅਹਿਸਾਸ ਕਰਾਉਂਦਾ ਹੈ। ਤੋਸ਼ੀ ਦਾ ਕੱਟੀ ਲਿਆਉਣਾ ਉਸ ਨੂੰ ਪਾਲਣਾ...... ਆਪਣੀ ਕੁੜੀ ਨੂੰ ਘਰ-ਬਾਰ ਦੀ ਜਾਚ ਸਿਖਾਉਣੀ..... ਪਤੀ ਨੂੰ ਕੰਮ 'ਤੇ ਤੋਰਨਾ ਤੇ ਰੋਟੀ ਟੁੱਕ..... ਇਹ ਕੰਮ ਤਾਂ ਮਹਿਜ਼ ਸਾਧਾਰਨ ਗਾਥਾ ਦਾ ਹਿੱਸਾ ਹਨ, ਪਰ ਬਾ-ਤਰਤੀਬ ਕਰਨੇ ਤੇ ਤੰਗੀਆਂ-ਤੁਰਸ਼ੀਆਂ, ਥੁੜਾਂ-ਝੋਰਿਆਂ ਅਤੇ ਸੰਤਾਪਾਂ ਦੀ ਅਗਨ ਵਿੱਚ ਬਲਦਿਆਂ ਨਿੱਤ ਨੇਮ ਵਾਂਗ ਸਿਦਕ ਤੇ ਸਾਦਗੀ ਨਾਲ ਕਰਨੇ ਜੀਵਨ ਛੋਹ ਪ੍ਰਾਪਤ ਕਰਨ ਦੇ ਤੁਲ ਹਨ। ਇਹੀ ਨਹੀਂ, ਪਤੀ ਦੇ ਇਲਾਜ ਲਈ ਗਹਿਣਾ ਵੇਚਣ ਤੋਂ ਧੀ ਦੇ ਵਿਆਹ ਤੱਕ ਵਿਕਿਆ ਗਹਿਣਾ ਤੋਸ਼ੀ ਦੇ ਪਾਤਰ ਦਾ ਵਿਹਾਰਿਕ ਕੱਦ ਉਚਿਆਉਂਦਾ ਹੈ। ਬਹੁਤ ਵਧੀਆ ਤੇ ਪੜ੍ਹਨਯੋਗ ਨਾਵਲ ਹੈ। ਨਾਵਲਕਾਰ ਨੂੰ ਪਾਠਕਾਂ ਦੇ ਹੁੰਗਾਰੇ ਦੀ ਉਡੀਕ ਰਹੇਗੀ। ਜਿੰਗਾ ਸਿੰਘ ਦੇ ਇਸ ਨਾਵਲ ਦਾ ਸਾਹਿਤ ਜਗਤ ਵਿੱਚ ਸਵਾਗਤ ਹੈ।

**— ਡਾ. ਭੁਪਿੰਦਰ ਕੌਰ**

## ਵਿਛੜਨਾ ਜ਼ਰੂਰੀ ਸੀ

(ਕਾਵਿ ਸੰਗ੍ਰਹਿ)
**ਸਾਹਿਲ ਸੈਲੀ**
**ਪੰਨੇ-160, ਮੁੱਲ-299 ਰੁਪਏ**
**ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ**

ਸਾਹਿਲ ਸੈਲੀ ਨੌਜਵਾਨ ਕਵੀ ਹੈ। 'ਵਿਛੜਨਾ ਜ਼ਰੂਰੀ ਸੀ' ਉਸ ਦਾ ਪਹਿਲਾ ਕਾਵਿ-ਸੰਗ੍ਰਹਿ ਹੈ। ਇਸ ਸੰਗ੍ਰਹਿ ਦੀਆਂ ਰਚਨਾਵਾਂ ਭਾਵੁਕ ਉਲਾਰ ਵਾਲੀਆਂ ਹਨ। ਮੁਹੱਬਤ ਦੀ ਚਾਸ਼ਨੀ ਨਾਲ ਲਬਰੇਜ ਸ਼ਬਦਾਂ ਵਿੱਚ ਨਿੱਕੇ-ਨਿੱਕੇ ਰੋਸੇ, ਸ਼ਿਕਵੇ, ਸ਼ਿਕਾਇਤਾਂ ਹਨ, ਜੋ ਆਪਣੇ ਪਿਆਰੇ ਪ੍ਰਤੀ ਹਨ। ਪਿਆਰ ਰੰਗੀਆਂ ਅਤੇ ਸਮਾਜਿਕ ਵਰਤਾਰਿਆਂ 'ਤੇ ਓਪਰੀ ਨਜ਼ਰ ਪਾਉਣ ਵਾਲੀਆਂ ਇਹ ਕਵਿਤਾਵਾਂ ਵਿੱਚ ਯਾਦਾਂ ਦਾ ਝੁਰਮਟ ਐਨਾ ਸੰਘਣਾ ਹੈ ਕਿ ਸਤਰਾਂ ਦੇ ਅਰਥ ਦੂਜੀ ਸਤਰ ਦੇ ਅਰਥਾਂ ਵਿੱਚ ਉਲਝ ਗਏ ਹਨ। ਸਕੂਨ ਦੀ ਗੱਲ ਇਹ ਹੈ ਕਿ ਕਵੀ ਅੰਦਰ ਵਲਵਲੇ ਹਨ। ਇਨ੍ਹਾਂ ਵਲਵਲਿਆਂ ਨੇ ਹੀ ਅੱਗੋਂ ਚੱਲ ਕੇ ਭਾਰੀ ਭਰਕਮ ਵਿਚਾਰਾਂ ਲਈ ਜ਼ਮੀਨ ਤਿਆਰ ਕਰਨੀ ਹੈ। ਕਵੀ ਦਿਲ ਅੰਦਰ ਕੁਝ ਲੁਕੋ ਕੇ ਰੱਖਣ ਲਈ ਝਰੋਖੇ ਨਹੀਂ, ਉਹ ਜੋ-ਜੋ ਕਹਿਣਾ ਚਾਹੁੰਦਾ ਹੈ, ਆਪਣੇ ਸ਼ਬਦਾਂ ਵਿੱਚ ਸਿੱਧਾ ਤੇ ਸਪੱਸ਼ਟ ਕਹਿੰਦਾ ਹੈ। ਇਹ ਸਪੱਸ਼ਟਤਾ ਕਿਤੇ-ਕਿਤੇ ਉਹਦੀ ਕਾਵਿਕ ਸਿਰਜਣਾ ਦਾ ਗੁਣ ਬਣੀ ਪ੍ਰਤੀਤ ਹੁੰਦੀ ਹੈ। ਉਸ ਦਾ ਇਹ ਪਹਿਲਾ ਕਾਵਿ ਸੰਗ੍ਰਹਿ ਵਿਚਾਰਧਾਰਕ ਪ੍ਰਪੱਕਤਾ ਵੱਲ ਪਹਿਲਾ ਕਦਮ ਹੈ। ਵਿਚਾਰਾਂ ਅਤੇ ਕਾਵਿਕਤਾ ਦੋਨਾਂ ਨੂੰ ਬਰਾਬਰਤਾ ਵਿੱਚ ਕਦੋਂ ਰੱਖਣਾ ਤੇ ਕਦੋਂ ਇਹਨਾਂ ਨੂੰ ਇੱਕ-ਦੂਜੇ ਤੋਂ ਅੱਗੇ-ਪਿੱਛੇ ਕਰਨਾ ਹੈ।




ਜੇਕਰ ਲਿਖਣ ਦੀ ਤੇ ਪੜ੍ਹਨ ਦੀ ਨਿਰੰਤਰਤਾ ਰਹੀ ਤਾਂ ਉਹ ਜਲਦੀ ਹੀ ਸਿੱਖ ਜਾਵੇਗਾ। ਇਸ ਪਹਿਲੇ ਕਾਵਿ ਸੰਗ੍ਰਹਿ ਨੂੰ ਜੀ ਆਇਆਂ ਨੂੰ। ਸਾਹਿਲ ਸੈਲੀ ਨੂੰ ਮੁਬਾਰਕਬਾਦ।

**— ਰਾਮਪਾਲ ਸ਼ਾਹਪੁਰੀ (ਡਾ.)**

## ਬਾਈਧਾਰ ਦੀਆਂ ਰਿਆਸਤਾਂ 'ਚੋਂ ਇੱਕ ਸੀ

# ਹੰਡੂਰੀਆ (ਨਾਲਾਗੜ੍ਹ) ਰਿਆਸਤ

ਪੰਜਾਬ ਰਾਜ ਦੇ ਰੂਪਨਗਰ ਜ਼ਿਲ੍ਹੇ ਤੋਂ 20 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹਿਮਾਚਲ ਰਾਜ ਦੇ ਸੋਲਨ ਜ਼ਿਲ੍ਹੇ ਦਾ ਪ੍ਰਵੇਸ਼ ਦੁਆਰਾ ਮੰਨਿਆ ਜਾਣ ਵਾਲਾ ਨਾਲਾਗੜ੍ਹ ਹਿੰਦੂ ਰਿਆਸਤ ਦਾ ਹਿੱਸਾ ਰਿਹਾ ਹੈ, ਜੋ ਹੰਡੂਰ ਰਿਆਸਤ ਦਾ ਦੂਜਾ ਨਾਂਅ ਵੀ ਹੈ। ਸ਼ਿਮਲਾ ਹਿੱਲ ਸਟੇਟ ਗਜ਼ੇਟੀਅਰ 1910 ਅਨੁਸਾਰ ਇਸ ਰਿਆਸਤ ਨੂੰ 1100 ਈਸਵੀ ਵਿਚ ਕਹਿਲੂਰੀਆ ਰਿਆਸਤ (ਬਿਲਾਸਪੁਰ) ਦੇ ਰਾਜਾ ਕਾਹਨ ਚੰਦ ਦੇ ਪੁੱਤਰ ਅਜੈ ਚੰਦ ਨੇ ਇੱਥੋਂ ਦੇ ਹੰਡੂ ਨਾਂਅ ਦੇ ਸ਼ਾਸਕ ਨੂੰ ਹਰਾ ਕੇ ਗੁਲਰਵਾਲ ਨੂੰ ਆਪਣੀ ਰਾਜਧਾਨੀ ਬਣਾਇਆ। ਸੰਨ 1421 ਨੂੰ ਰਾਜਾ ਬਿਕਰਮ ਚੰਦ ਨੇ ਨਾਲਾਗੜ੍ਹ ਸ਼ਹਿਰ ਦੀ ਸਥਾਪਨਾ ਕਰਕੇ ਇਸ ਨੂੰ ਆਪਣੀ ਰਾਜਧਾਨੀ ਬਣਾਇਆ। ਉਸ ਨੇ ਇੱਕ ਕਿਲ੍ਹੇ ਦਾ ਨਿਰਮਾਣ ਵੀ ਕਰਵਾਇਆ, ਜੋ ਅੱਜ ਵੀ ਆਪਣੀ ਵਿਲੱਖਣ ਸ਼ੈਲੀ ਦਾ ਦ੍ਰਿਸ਼ ਪੇਸ਼ ਕਰਦਾ ਹੈ।

ਸੰਨ 1619 ਨੂੰ ਹੰਡੂਰ ਦੇ ਰਾਜਾ ਹਿੰਮਤ ਚੰਦ ਨੂੰ ਜਹਾਂਗੀਰ ਨੇ ਰਿਆਸਤ ਦਾ ਟੈਕਸ ਨਾ ਦੇਣ ਬਦਲੇ

### ਸੁਰਿੰਦਰ ਸਿੰਘ ਰਸੂਲਪੁਰ

ਗ੍ਰਿਫ਼ਤਾਰ ਕਰਕੇ ਗਵਾਲੀਅਰ ਦੇ ਕਿਲ੍ਹੇ ਵਿੱਚ ਕੈਦ ਕਰ ਦਿੱਤਾ। ਇਸ ਸਮੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਵੀ ਗਵਾਲੀਅਰ ਦੇ ਕਿਲ੍ਹੇ ਅੰਦਰ ਕੈਦ ਸਨ। ਜਦੋਂ ਗੁਰੂ ਸਾਹਿਬ ਕਿਲ੍ਹੇ 'ਚੋਂ ਰਿਹਾਅ ਹੋ ਕੇ ਆਏ ਤਾਂ 52 ਰਾਜਿਆਂ ਸਮੇਤ ਰਾਜਾ ਹਿੰਮਤ ਚੰਦ ਹੰਡੂਰੀਆ ਵੀ ਗਵਾਲੀਅਰ ਦੇ ਕਿਲ੍ਹੇ ਤੋਂ ਬਾਹਰ ਆਇਆ। ਅਪ੍ਰੈਲ 1624 ਨੂੰ ਰਾਜਾ ਹਿੰਮਤ ਚੰਦ ਹੰਡੂਰੀਆ ਆਪਣੀ ਰਿਆਸਤ ਦੇ ਨੇੜਲੇ ਰਾਜਾ ਕਲਿਆਣ ਚੰਦ ਕਹਿਲੂਰੀਏ ਨਾਲ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਮਿਲਣ ਲਈ ਅੰਮ੍ਰਿਤਸਰ ਵਿੱਚ ਆਏ। ਉਨ੍ਹਾਂ ਗੁਰੂ ਸਾਹਿਬ ਨੂੰ ਪਹਾੜੀ ਇਲਾਕੇ ਵਿੱਚ ਸਿੱਖ ਨਗਰ ਵਸਾਉਣ ਦੀ ਬੇਨਤੀ ਕੀਤੀ। ਗੁਰੂ ਸਾਹਿਬ ਨੇ ਰਾਜਿਆਂ ਦੀ ਬੇਨਤੀ ਨੂੰ ਸਵੀਕਾਰ ਕਰਦਿਆਂ ਕਹਿਲੂਰ (ਬਿਲਾਸਪੁਰ) ਰਿਆਸਤ ਦੇ ਚਾਰ ਪਿੰਡਾਂ ਦੀ ਜ਼ਮੀਨ ਖਰੀਦ ਕੇ ਬਾਬਾ ਗੁਰਦਿੱਤਾ ਜੀ ਰਾਹੀਂ 23 ਅਪ੍ਰੈਲ 1624 ਨੂੰ ਸਿੱਖ ਨਗਰ ਕੀਰਤਪੁਰ ਸਾਹਿਬ ਦੀ ਸਥਾਪਨਾ ਕੀਤੀ। ਡੌਟ ਵਧੀ ਮੁਲਤਾਨੀ ਸਿੰਧੀ ਮੁਤਾਬਕ ਗੁਰੂ ਨਾਨਕ ਸਾਹਿਬ ਜੀ ਦੇ ਸਪੁੱਤਰ ਬਾਬਾ ਸ੍ਰੀਚੰਦ ਜੀ ਨੇ ਇਸ ਬਾਉਲੀ ਦਾ ਟੱਕ ਲਾ ਕੇ ਸਿੱਖ ਨਗਰ ਦੀ ਮੋੜ੍ਹੀ ਗੱਡੀ। 03 ਮਈ 1635 ਈਸਵੀ ਨੂੰ ਗੁਰੂ ਹਰਿਗੋਬਿੰਦ ਸਾਹਿਬ ਧਰਮ ਦਾ ਪ੍ਰਚਾਰ ਕਰਨ ਲਈ ਨਵੇਂ ਵਸਾਏ ਸਿੱਖ ਨਗਰ ਕੀਰਤਪੁਰ ਸਾਹਿਬ ਆਏ। ਇਸ ਸਮੇਂ ਮੁਗ਼ਲ ਬਾਦਸ਼ਾਹ ਸ਼ਾਹਜਹਾਨ ਨੇ ਭਾਰਤ ਦੇ ਕਈ ਹਿੱਸਿਆਂ ਨੂੰ ਜਿੱਤ ਕੇ ਆਪਣੇ ਰਾਜ ਵਿੱਚ ਮਿਲਾਉਣ ਦੀ ਮੁਹਿੰਮ ਵਿੱਢੀ ਹੋਈ ਸੀ। ਮੁਗ਼ਲ ਬਾਦਸ਼ਾਹ ਦੇ ਡਰੋਂ ਕਈ ਰਿਆਸਤਾਂ ਦੇ ਰਾਜਿਆਂ ਨੇ ਉਸ ਦੀ ਸ਼ਰਨ ਵਿੱਚ ਜਾ ਕੇ ਬਾਦਸ਼ਾਹ ਅੱਗੇ ਸਿਰ ਝੁਕਾਇਆ ਅਤੇ ਕਈ ਰਾਜੇ ਬਾਗ਼ੀ ਹੋ ਕੇ ਆਪਣੀ ਰਿਆਸਤ ਛੱਡ ਦੂਰ ਚਲੇ ਗਏ। ਸਿੱਖ ਇਤਿਹਾਸਕਾਰ ਹਰਜਿੰਦਰ ਸਿੰਘ ਦਿਲਗੀਰ ਅਨੁਸਾਰ ਇਨ੍ਹਾਂ ਬਾਗੀ ਰਾਜਿਆਂ ਵਿੱਚੋਂ ਕਈਆਂ ਨੇ ਗੁਰੂ ਸਾਹਿਬ ਦੀ ਸ਼ਰਨ ਵਿੱਚ ਕੀਰਤਪੁਰ ਸਾਹਿਬ ਆ ਕੇ ਪਨਾਹ ਲੈ ਲਈ, ਜਿਨ੍ਹਾਂ ਵਿੱਚ ਜੈਸਲਮੇਰ ਦਾ ਰਾਜਾ ਰਾਮ ਪ੍ਰਤਾਪ ਸਿੰਹੁ, ਉਸ ਦਾ ਪੁੱਤਰ ਰਾਮ ਸਿੰਹੁ, ਭਟਨੇਰ ਦਾ ਰਾਜਾ ਸੰਗਰਾਮ ਸਿੰਹੁ, ਰਾਜਾ ਮੰਗਲ ਸ਼ਾਹ (ਪੋਤਾ ਹੇਮੂ) ਤੋਂ ਇਲਾਵਾ ਖਾਵਾਜ਼ਾ ਸਰਾਇ ਅਤੇ ਅੱਲਾ ਯਾਰ ਖਾਂ ਵਹਜਾਰੀ ਦੇ ਨਾਂਅ ਜ਼ਿਕਰਯੋਗ ਹਨ। ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਸ੍ਰੀ ਕੀਰਤਪੁਰ ਸਾਹਿਬ ਆਇਆਂ ਅਜੇ ਦੋ ਕੁ ਮਹੀਨੇ ਹੀ ਹੋਏ ਸਨ ਕਿ ਰੋਪੜ ਦੇ ਨਵਾਬ ਨਾਸਰ ਅਲੀ ਖ਼ਾਨ ਨੇ ਆਪਣੇ ਭਤੀਜੇ ਮੁਹੰਮਦ ਬੇਗ ਦੀ ਅਗਵਾਈ ਵਿੱਚ ਫ਼ੌਜ ਭੇਜ ਕੇ ਹੰਡੂਰ ਨਾਲਾਗੜ੍ਹ ਰਿਆਸਤ ਉੱਤੇ ਹਮਲਾ ਕਰ ਦਿੱਤਾ। ਹੰਡੂਰ ਰਿਆਸਤ ਦੀਆਂ ਸਰਹੱਦਾਂ ਕਹਿਲੂਰ (ਬਿਲਾਸਪੁਰ) ਅਤੇ ਰੋਪੜ ਇਲਾਕੇ ਨਾਲ ਲੱਗਦੀਆਂ ਸਨ। ਇਹ ਨਵਾਬ ਅਕਸਰ ਹੀ ਕੋਈ ਨਾ ਕੋਈ ਬਹਾਨਾ ਬਣਾ ਕੇ ਇਸ ਰਿਆਸਤ ਨਾਲ ਜੰਗ ਦਾ ਮਾਹੌਲ ਬਣਾਈ ਰੱਖਦਾ ਸੀ। ਇਸ ਦੀ ਹਰਕਤ ਤੋਂ ਤੰਗ ਆ ਕੇ ਰਾਜਾ ਹਿੰਮਤ ਚੰਦ ਨੇ ਗੁਰੂ ਜੀ ਦੀ ਸ਼ਰਨ ਵਿੱਚ ਜਾ ਕੇ ਉਨ੍ਹਾਂ ਤੋਂ ਮਦਦ ਦੀ ਗੁਹਾਰ ਲਗਾਈ। ਜੁਲਾਈ 1635 ਨੂੰ ਗੁਰੂ ਜੀ ਨੇ ਆਪਣੇ ਸਪੁੱਤਰ ਭਾਈ ਗੁਰਦਿੱਤਾ ਜੀ ਦੀ ਅਗਵਾਈ ਵਿੱਚ 100 ਸਿੱਖਾਂ ਦਾ ਜਥਾ ਹੰਡੂਰੀਏ ਰਿਆਸਤ ਦੇ ਰਾਜੇ ਹਿੰਮਤ ਚੰਦ ਦੀ ਹਿਫ਼ਾਜ਼ਤ ਲਈ ਭੇਜਿਆ। ਨੰਗਲ ਗੁੱਜਰਾਂ ਹੁਣ ਨੰਗਲ ਸਰਸਾ (ਰੋਪੜ) ਪਿੰਡ ਵਿੱਚ ਸਰਸਾ ਨਦੀ ਦੇ ਕੰਢੇ 'ਤੇ ਜ਼ਬਰਦਸਤ ਜੰਗ ਹੋਈ, ਜਿਸ ਵਿੱਚ ਰੋਪੜ ਦੇ ਨਵਾਬ ਦੀਆਂ ਫ਼ੌਜਾਂ ਦਾ ਭਾਰੀ ਨੁਕਸਾਨ ਹੋਇਆ। ਨਵਾਬ ਨਾਸਰ ਅਲੀ ਖ਼ਾਨ ਨੇ ਸਮੇਂ ਦੀ ਨਜ਼ਾਕਤ ਨੂੰ ਵੇਖਦਿਆਂ ਕੋਟਲਾ ਨਿਹੰਗ ਦੇ ਮੁਖੀ ਸ਼ਮਸ਼ ਖ਼ਾਨ ਦੀ ਸਿਫ਼ਾਰਸ਼ ਨਾਲ ਗੁਰੂ ਜੀ ਤੋਂ ਮੁਆਫ਼ੀ ਮੰਗੀ ਅਤੇ ਹੰਡੂਰ ਰਿਆਸਤ ਵਿੱਚ ਕਦੇ ਵੀ ਦਖ਼ਲ ਨਾ ਦੇਣ ਦੀ ਗੱਲ ਵੀ ਕਬੂਲੀ।


ਨਾਲਾਗੜ੍ਹ ਵਿੱਚ ਸਥਿਤ ਵਿਰਾਸਤੀ ਕਿਲ੍ਹਾ

ਸਿੱਖ ਇਤਿਹਾਸਕਾਰ ਗਿਆਨੀ ਗਰਜਾ ਸਿੰਘ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਹੰਡੂਰ ਦਾ ਰਾਜਾ ਹਰੀ ਚੰਦ ਹੰਡੂਰੀਆ ਸੀ। 18 ਸਤੰਬਰ 1688 ਈਸਵੀ ਨੂੰ ਭੰਗਾਣੀ ਦੇ ਯੁੱਧ ਦੌਰਾਨ ਰਾਜਾ ਹਰੀ ਚੰਦ ਹੰਡੂਰੀਆ ਗੁਰੂ ਗੋਬਿੰਦ ਸਿੰਘ ਜੀ ਦੇ ਵਿਰੁੱਧ ਹੋ ਕੇ ਮਾਰਿਆ ਗਿਆ। ਉਹ ਇਸ ਸਮੇਂ ਰਾਜਾ ਫ਼ਤੇ ਸ਼ਾਹ ਗੜ੍ਹਵਾਲੀਆ ਦੀ ਪੁੱਤਰੀ ਦੀ ਸ਼ਾਦੀ ਵਿੱਚ ਸ਼ਾਮਲ ਹੋਣ ਲਈ ਗੜ੍ਹਵਾਲ ਆਇਆ ਹੋਇਆ ਸੀ। ਇਸ ਸ਼ਾਦੀ ਦੌਰਾਨ ਦੂਜੀਆਂ ਪਹਾੜੀ ਰਿਆਸਤਾਂ ਦੇ ਰਾਜੇ ਵੀ ਸ਼ਾਮਲ ਹੋਏ। ਰਾਜਾ ਭੀਮ ਚੰਦ ਕਹਿਲੂਰੀਆ ਗੁਰੂ ਜੀ ਵੱਲੋਂ ਉਸ ਨੂੰ ਪ੍ਰਸ਼ਾਦੀ ਹਾਥੀ ਨਾ ਦੇਣ ਕਰਕੇ ਪਹਿਲਾਂ ਹੀ ਨਰਾਜ਼ ਸੀ। ਇਸ ਤੋਂ ਗੁੱਸੇ ਵਿੱਚ ਆਏ ਭੀਮ ਚੰਦ ਨੇ ਵਿਆਹ ਤੋਂ ਬਾਅਦ ਪਹਾੜੀ ਰਾਜਿਆਂ ਦਾ ਸੰਘ ਬਣਾ ਕੇ ਭੰਗਾਣੀ ਪਿੰਡ ਦੇ ਸਥਾਨ 'ਤੇ ਸਿੱਖਾਂ ਉੱਤੇ ਹਮਲਾ ਕਰ ਦਿੱਤਾ। ਇਸ ਸਮੇਂ ਰਾਜਾ ਹਰੀ ਚੰਦ ਹੰਡੂਰੀਆ ਦੀ ਤੀਰ ਅੰਦਾਜ਼ੀ ਨੇ ਪਹਾੜੀ ਫ਼ੌਜਾਂ ਦੇ ਹੌਸਲੇ ਬੁਲੰਦ ਕਰ ਦਿੱਤੇ। ਇਸ ਜੰਗ ਦੌਰਾਨ ਗੁਰੂ ਜੀ ਦੀ ਆਗਿਆ ਲੈ ਕੇ ਪਹਿਲਾਂ ਭਾਈ ਦਯਾ ਰਾਮ ਅਤੇ ਫਿਰ ਜੀਤ ਮੱਲ ਨੇ ਹਰੀ ਚੰਦ ਨੂੰ ਲਲਕਾਰਿਆ। ਹਰੀ ਚੰਦ ਦਾ ਘੋੜਾ ਵੀ ਰਾਜੇ ਦੀ ਤਰ੍ਹਾਂ ਹੀ ਤੇਜ਼-ਤਰਾਰ ਸੀ। ਇਸ ਜੰਗ ਦੌਰਾਨ ਰਾਜਾ ਹਰੀ ਚੰਦ ਅਤੇ ਜੀਤ ਮੱਲ (ਬੀਬੀ ਵੀਰੋ ਦੇ ਸਪੁੱਤਰ) ਦੇ ਘੋੜੇ ਮਾਰੇ ਗਏ। ਇਸ ਤੋਂ ਬਾਅਦ ਦੋਵੇਂ ਸੂਰਬੀਰਾਂ ਨੇ ਤਲਵਾਰਾਂ ਨਾਲ ਲੜਾਈ ਕਰਨੀ ਸ਼ੁਰੂ ਕਰ ਦਿੱਤੀ। ਇਸ ਸਮੇਂ ਰਾਜਾ ਹਰੀ ਚੰਦ ਬੇਹੋਸ਼ ਹੋ ਕੇ ਧਰਤੀ 'ਤੇ ਡਿੱਗ ਪਿਆ ਅਤੇ ਭਾਈ ਜੀਤ ਮੱਲ ਸ਼ਹੀਦ ਹੋ ਗਏ। ਰਾਜਾ ਹਰੀ ਚੰਦ ਜਦੋਂ ਹੋਸ਼ ਵਿੱਚ ਆਇਆ ਤਾਂ ਉਸ ਨੇ ਪਹਾੜੀ ਫ਼ੌਜਾਂ ਦੀ ਅਗਵਾਈ ਕਰਦਿਆਂ ਗੁਰੂ ਜੀ ਵੱਲ ਤੀਰਾਂ ਦੀ ਬੁਛਾੜ ਕਰ ਦਿੱਤੀ। ਇਨ੍ਹਾਂ ਵਿੱਚੋਂ ਇੱਕ ਤੀਰ ਗੁਰੂ ਜੀ ਦੇ ਘੋੜੇ ਨੂੰ ਲੱਗਾ ਅਤੇ ਦੂਸਰਾ ਤੀਰ ਗੁਰੂ ਸਾਹਿਬ ਦੇ ਕੰਨ ਨੂੰ ਛੂੰਹਦਾ ਹੋਇਆ ਨਿਕਲ ਗਿਆ। ਤੀਸਰਾ ਤੀਰ ਗੁਰੂ ਸਾਹਿਬ ਦੇ ਕਮਰ ਬੰਦ ਵਿੱਚ ਆਣ ਖੁੱਭਿਆ, ਜਿਸ ਦੇ ਅਗਲੇ ਹਿੱਸੇ ਦੀ ਨੋਕ ਗੁਰੂ ਜੀ ਦੇ ਸਰੀਰ ਨੂੰ ਜਾ ਚੁੱਭੀ। ਇਸ ਤੋਂ ਬਾਅਦ ਗੁਰੂ ਜੀ ਦੇ ਇਕੋ ਤੀਰ ਨੇ ਹਰੀ ਚੰਦ ਹੰਡੂਰੀਏ ਦੀ ਜਾਨ ਲੈ ਲਈ। ਇਹ ਰਾਜਾ ਚੰਗਾ ਧਨੁੱਖਧਾਰੀ ਯੋਧਾ ਸੀ। ਇਸ ਦੀ ਵੀਰਤਾ ਦਾ ਜ਼ਿਕਰ ਬਚਿੱਤਰ ਨਾਟਕ ਵਿੱਚ ਵੀ ਕੀਤਾ ਗਿਆ ਹੈ ਤਹਾਂ ਏਕ ਬੀਰੰ ਹਰੀ ਚੰਦ ਕੋਪਯੋ ॥ ਇਸ ਯੁੱਧ ਤੋਂ ਬਾਅਦ ਰਾਜਾ ਹਰੀ ਚੰਦ ਹੰਡੂਰੀਆ ਦੀ ਰਾਣੀ ਅਤੇ ਇਸ ਯੁੱਧ ਵਿੱਚ ਮਾਰੇ ਗਏ ਹੋਰ ਬਹੁਤ ਸਾਰੇ ਪਹਾੜੀ ਜਰਨੈਲਾਂ ਦੀਆਂ ਪਤਨੀਆਂ ਭੰਗਾਣੀ ਦੇ ਇਸ ਸਥਾਨ 'ਤੇ ਜਾ ਕੇ ਸਤੀ ਹੋ ਗਈਆਂ ਸਨ। ਭੰਗਾਣੀ ਦੇ ਯੁੱਧ ਵਿੱਚ ਜਿੱਥੇ ਹਰੀ ਚੰਦ ਹੰਡੂਰੀਆ ਮਾਰਿਆ ਗਿਆ ਸੀ, ਉੱਥੇ ਗੁਰਦੁਆਰਾ ਤੀਰਗੜ੍ਹ ਬਣਿਆ ਹੋਇਆ ਹੈ। ਹਰੀ ਚੰਦ ਹੰਡੂਰੀਏ ਅਤੇ ਪਹਾੜੀ ਜਰਨੈਲਾਂ ਦੀਆਂ ਸਮਾਧਾਂ ਇਸ ਜਗ੍ਹਾ 'ਤੇ ਅੱਜ ਵੀ ਮੌਜੂਦ ਹਨ। ਇੱਥੇ ਦੇ ਮੁਕਾਮੀ ਲੋਕ ਇਨ੍ਹਾਂ ਸਮਾਧਾਂ ਨੂੰ ਸਤੀਆਂ ਦੇ ਰੂਪ ਵਿੱਚ ਪੂਜਦੇ ਹਨ।

ਸੰਨ 1704 ਨੂੰ ਹੰਡੂਰ ਰਿਆਸਤ ਦੇ ਰਾਜਾ ਭੂਪ ਚੰਦ ਹੰਡੂਰੀਏ ਨੇ ਬਿਲਾਸਪੁਰ ਦੇ ਰਾਜਾ ਅਜਮੇਰ ਚੰਦ ਨਾਲ ਰਿਸ਼ਤੇਦਾਰੀ ਬਣਾ ਲਈ। ਇਸ ਰਿਆਸਤ ਦੇ ਰਾਜੇ ਨੇ ਅਜਮੇਰ ਚੰਦ ਕਹਿਲੂਰੀਏ ਨਾਲ ਮਿਲ ਕੇ 16 ਜਨਵਰੀ 1704 ਈਸਵੀ ਨੂੰ ਆਨੰਦਪੁਰ ਸਾਹਿਬ 'ਤੇ ਹਮਲਾ ਕਰ ਦਿੱਤਾ, ਜਿਸ ਵਿੱਚ ਇਨ੍ਹਾਂ ਦੀ ਬੁਰੀ ਤਰ੍ਹਾਂ ਨਾਲ ਹਾਰ ਹੋਈ। ਆਨੰਦਪੁਰ ਸਾਹਿਬ ਨੂੰ ਚੁਫੇਰਿਓਂ ਘੇਰਾ ਪਾਉਣ ਵੇਲੇ ਹੰਡੂਰੀਏ ਰਿਆਸਤ ਦੀਆਂ ਫ਼ੌਜਾਂ ਨੇ ਦੂਸਰੇ ਪਹਾੜੀ ਰਾਜਿਆਂ ਨਾਲ ਮਿਲ ਕੇ ਅਹਿਮ ਭੂਮਿਕਾ ਨਿਭਾਈ। ਗੁਰੂ ਜੀ ਨੇ ਜਦੋਂ 5 ਅਤੇ 6 ਦਸੰਬਰ 1705 ਈਸਵੀ ਦੀ ਰਾਤ ਨੂੰ ਕਿਲ੍ਹਾ ਅਨੰਦਗੜ੍ਹ ਸਦਾ ਲਈ ਛੱਡ ਦਿੱਤਾ ਤਾਂ ਹੰਡੂਰੀਆ ਰਿਆਸਤ ਦਾ ਰਾਜਾ ਭੂਪ ਚੰਦ ਵੀ ਇਨ੍ਹਾਂ ਹਮਲਿਆਂ ਦੌਰਾਨ ਸ਼ਾਮਲ ਹੋਇਆ। ਨਵੰਬਰ 1710 ਈਸਵੀ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਨੇ ਪਹਾੜੀ ਰਾਜਿਆਂ ਤੋਂ ਈਨ ਮਨਵਾਉਣ ਲਈ ਜਦੋਂ ਪਹਾੜਾਂ ਵੱਲ ਕੂਚ ਕੀਤਾ ਤਾਂ ਹੰਡੂਰ ਰਿਆਸਤ ਦੇ ਰਾਜਾ ਭੂਪ ਚੰਦ ਹੰਡੂਰੀਆ ਨੇ ਸਿੱਖ ਫ਼ੌਜਾਂ ਨੂੰ ਡਰਦਿਆਂ ਆਪਣੀ ਰਿਆਸਤ ਵਿੱਚ ਪਨਾਹ ਦਿੱਤੀ।

ਅੰਗਰੇਜ਼ ਲਿਖਾਰੀ ਜੇਮਜ਼ ਬੇਲੀ ਫਰੇਜ਼ਰ ਨੇ ਨਾਲਾਗੜ੍ਹ ਰਿਆਸਤ ਵਿੱਚ ਅੰਗਰੇਜ਼ਾਂ ਅਤੇ ਗੋਰਖ਼ਿਆਂ ਦੇ ਹੋਏ ਯੁੱਧ ਨੂੰ ਅੱਖੀਂ ਵੇਖਿਆ ਹੈ। ਉਨ੍ਹਾਂ ਅਨੁਸਾਰ ਸੰਨ 1788 ਤੋਂ 1848 ਦੇ ਦੌਰ ਵਿੱਚ ਹੰਡੂਰ ਰਿਆਸਤ ਦਾ ਰਾਜਾ ਰਾਮਸ਼ਰਨ ਸਿੰਹੁ ਹੰਡੂਰੀਆ ਸੀ। ਗੋਰਖ਼ਿਆ ਨੇ ਰਾਮ ਸ਼ਹਿਰ ਦੇ ਕਿਲ੍ਹੇ ਨੂੰ ਤਿੰਨ ਸਾਲ ਤੱਕ ਘੇਰਾ ਪਾਈ ਰੱਖਿਆ। ਜਦੋਂ ਸੰਨ 1814-15 ਨੂੰ ਅੰਗਰੇਜ਼ ਹਕੂਮਤ ਨੇ ਗੋਰਖ਼ਿਆਂ ਵਿਰੁੱਧ ਜੰਗ ਸ਼ੁਰੂ ਕੀਤੀ, ਤਾਂ ਰਾਮਸ਼ਰਨ ਸਿੰਹੁ ਨੇ ਅੰਗਰੇਜ਼ਾਂ ਦਾ ਪੂਰਾ ਸਾਥ ਦਿੱਤਾ। ਇਸ ਸਮੇਂ ਮਲੌਨ ਦੀ ਲੜਾਈ ਦੌਰਾਨ ਗੋਰਖ਼ਾ ਨੇਤਾ ਭਗਤੀ ਥਾਪਾ ਅਤੇ ਅੰਗਰੇਜ਼ ਅਫ਼ਸਰ ਲੈਫ਼ਟੀਨੈਂਟ ਵਿਲੀਅਮਜ਼ ਰਾਮ ਸ਼ਹਿਰ ਵਿੱਚ ਮਾਰੇ ਗਏ ਸਨ। ਇਸ ਅੰਗਰੇਜ਼ ਅਫ਼ਸਰ ਦੀ ਕਬਰ ਅੱਜ ਵੀ ਇਤਿਹਾਸਕ ਯਾਦਗਾਰ ਵਜੋਂ ਉੱਥੇ ਮੌਜੂਦ ਹੈ। ਅੰਗਰੇਜ਼ ਹਕੂਮਤ ਨੇ ਗੋਰਖ਼ਿਆਂ ਨੂੰ ਭਜਾ ਕੇ ਹੰਡੂਰ ਰਿਆਸਤ 'ਤੇ ਕਬਜ਼ਾ ਕਰ ਲਿਆ। 20 ਅਕਤੂਬਰ 1815 ਨੂੰ ਅੰਗਰੇਜ਼ਾਂ ਨੇ ਇੱਕ ਅਧਿਕਾਰਤ ਦਸਤਾਵੇਜ਼ ਰਾਹੀਂ ਰਾਮਸ਼ਰਨ ਸਿੰਹੁ ਹੰਡੂਰੀਆ ਨੂੰ ਕੁਝ ਪਾਬੰਦੀਆਂ ਲਗਾ ਕੇ ਨਾਲਾਗੜ੍ਹ ਦਾ ਸ਼ਾਸਕ ਮੰਨ ਲਿਆ। ਇਨ੍ਹਾਂ ਪਾਬੰਦੀਆਂ ਵਿੱਚ ਇਹ ਵੀ ਸੀ ਕਿ ਰਾਜਾ ਅੰਗਰੇਜ਼ ਹਕੂਮਤ ਨੂੰ 5000 ਰੁਪਏ ਸਾਲਾਨਾ ਦੇਵੇਗਾ।

20ਵੀਂ ਸਦੀ ਵਿੱਚ ਰਾਜਾ ਸੁਰਿੰਦਰ ਸਿੰਘ ਦੇ ਰਾਜਕਾਲ ਦੌਰਾਨ ਵੀ ਹੰਡੂਰ ਰਿਆਸਤ ਅੰਗਰੇਜ਼ੀ ਰਾਜ ਅਧੀਨ ਸੀ। ਰਾਜਾ ਸੁਰਿੰਦਰ ਸਿੰਘ ਅੰਗਰੇਜ਼ਾਂ ਦੁਆਰਾ ਨਿਰਧਾਰਤ ਸੀਵਾਵਾਂ ਦੇ ਅੰਦਰ ਮੁੱਖ ਤੌਰ 'ਤੇ ਮਾਲੀਆ ਇਕੱਠ ਕਰਨ ਅਤੇ ਕਾਨੂੰਨੀ ਵਿਵਸਥਾ ਬਣਾਈ ਰੱਖਣ ਲਈ ਜ਼ਿੰਮੇਵਾਰੀ ਨਿਭਾਅ ਰਿਹਾ ਸੀ। ਹੰਡੂਰ ਰਿਆਸਤ ਵਿੱਚ ਭਾਰਤ ਦੀ ਤਰ੍ਹਾਂ ਅਜ਼ਾਦੀ ਦਾ ਸੰਘਰਸ਼ ਸਿੱਧਾ ਨਹੀਂ ਸੀ, ਸਗੋਂ ਇਹ ਪਰਜਾ ਮੰਡਲ ਦੇ ਰੂਪ ਵਿੱਚ ਹੋਇਆ ਸੀ। ਹੰਡੂਰ ਰਿਆਸਤ ਦੇ ਲੋਕਾਂ ਨੇ ਇਸ ਲਹਿਰ ਨਾਲ ਜੁੜ ਕੇ ਆਪਣੇ ਹੱਕਾਂ ਪ੍ਰਤੀ ਆਵਾਜ਼ ਉਠਾਈ। ਅਜ਼ਾਦੀ ਤੋਂ ਬਾਅਦ ਹੰਡੂਰ ਰਿਆਸਤ ਦੇ ਆਖਰੀ ਰਾਜਾ ਸੁਰਿੰਦਰ ਸਿੰਘ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋ ਗਏ। ਉਹ ਆਪਣੇ ਪੁਰਾਣੇ ਰਾਜ ਖੇਤਰ ਦੀ ਨੁਮਾਇੰਦਗੀ ਕਰਦਿਆਂ ਨਾਲਾਗੜ੍ਹ ਵਿਧਾਨ ਸਭਾ ਹਲਕੇ ਤੋਂ ਚੋਣ ਜਿੱਤ ਕੇ ਵਿਧਾਨ ਸਭਾ ਦੇ ਮੈਂਬਰ ਬਣੇ। ਉਨ੍ਹਾਂ ਨੇ ਹਿਮਾਚਲ ਪ੍ਰਦੇਸ਼ ਦੀ ਰਾਜ ਸਰਕਾਰ ਵਿੱਚ ਮੰਤਰੀ ਵਜੋਂ ਵੀ ਸੇਵਾਵਾਂ ਨਿਭਾਈਆਂ ਹਨ। ਰਾਜਾ ਸੁਰਿੰਦਰ ਸਿੰਘ ਦਾ ਵਿਆਹ ਪਟਿਆਲਾ ਦੇ ਸ਼ਾਹੀ ਪਰਵਾਰ ਵਿੱਚ ਹੋਇਆ ਸੀ, ਜਿਸ ਕਰਕੇ ਦੋਵੇਂ ਰਿਆਸਤਾਂ ਰਾਜਸੀ ਤੌਰ 'ਤੇ ਇੱਕ-ਦੂਜੇ ਨਾਲ ਜੁੜੀਆਂ ਰਹੀਆਂ ਹਨ। **ਮੋਬਾ. 94173-70699**

---

# ਫਿੱਕੇ ਪੈ ਗਏ ਗੁੜ ਵਰਗੇ ਮਿੱਠੇ ਰਿਸ਼ਤੇ !

### ਅਜੀਤ ਖੰਨਾ

ਅੱਜ ਰਿਸ਼ਤਿਆਂ ਦੀ ਮਿਠਾਸ ਫਿੱਕੀ ਪੈ ਗਈ ਤੇ ਇਹ ਬਕਬਕੇ ਜਾਪਣ ਲੱਗੇ ਹਨ। ਕਦੇ ਸਮਾਂ ਸੀ ਜਦੋਂ ਘਰ ਰਿਸ਼ਤੇਦਾਰ ਆਉਣ 'ਤੇ ਵਿਆਹ ਜਿੰਨਾ ਚਾਅ ਚੜ੍ਹ ਜਾਂਦਾ ਸੀ, ਪਰ ਅੱਜ ਜੇ ਕੋਈ ਰਿਸ਼ਤੇਦਾਰ ਘਰ ਆਉਣ ਬਾਰੇ ਆਖ ਦੇਵੇ ਤਾਂ ਇਕ ਬੋਝ ਜਿਹਾ ਲੱਗਣ ਲੱਗਦਾ ਹੈ। ਅੱਗੇ ਘਰ ਪ੍ਰਾਹੁਣਿਆਂ ਨੇ ਆਉਣਾ ਤਾਂ ਮਾਰੂ ਘਰਦਿਆਂ ਨੇ ਮਠਿਆਈ ਮੰਗਵਾਉਣੀ, ਉਨ੍ਹਾਂ ਦੀ ਰੱਜ ਕੇ ਖ਼ਾਤਰਦਾਰੀ ਕਰਨੀ ।ਰਾਤ ਰਹਿਣ 'ਤੇ ਵੱਖ-ਵੱਖ ਤਰ੍ਹਾਂ ਦੀਆਂ ਸਬਜ਼ੀਆਂ ਬਣਵਾਉਣੀਆਂ ਤੇ ਕਈ ਘਰਾਂ 'ਚ ਸਪੈਸ਼ਲ ਮੀਟ ਬਣਾਇਆ ਜਾਣਾ ਤੇ ਸ਼ਕਤੀ ਵਾਟਰ ਵੀ ਪ੍ਰਾਹੁਣਿਆਂ ਨੂੰ ਦਿੱਤਾ ਜਾਣਾ। ਫਿਰ ਕਈ ਪ੍ਰਾਹੁਣਿਆਂ ਨੇ ਤਾਂ ਕਈ-ਕਈ ਦਿਨ ਰਹਿਣਾ। ਬੱਚਿਆਂ ਨੇ ਵੀ ਛੁੱਟੀਆਂ 'ਚ ਨਾਨਕੇ ਰਹਿਣਾ।ਆਲੇ-ਦੁਆਲੇ ਸਾਰੇ ਰਿਸ਼ਤੇਦਾਰਾਂ ਬਾਰੇ ਦੇਰ ਰਾਤ ਰਜਾਈਆਂ 'ਚ ਬਹਿ ਵਿਚਾਰ ਸਾਂਝੇ ਕਰਨੇ। ਇਕ-ਦੂਜੇ ਦੀਆਂ ਚੁਗਲੀਆਂ ਵੀ ਕਰਨੀਆਂ, ਜਿੰਨਾ ਦਾ ਬੇਸ਼ੱਕ ਚੁਗਲੀਆਂ ਕਰਨੀਆਂ, ਪਰ ਇਸ ਦੇ ਬਾਵਜੂਦ ਕਦੇ ਕਿਸੇ ਰਿਸ਼ਤੇਦਾਰ ਦੇ ਮਨ 'ਚ ਇਕ-ਦੂਜੇ ਪ੍ਰਤੀ ਕੁੜੱਤਣ ਨਹੀਂ ਹੁੰਦੀ ਸੀ। ਬਸ ਟਾਈਮ ਪਾਸ ਕਰਨ ਲਈ ਕੁਝ ਵਕਤ ਦਾ ਸ਼ੁਗਲ ਹੁੰਦਾ ਸੀ ਤੇ ਇਸ ਤੋਂ ਵੱਧ ਕੁਝ ਨਹੀਂ ਹੁੰਦਾ ਸੀ।ਫੋਨ ਨਹੀਂ ਸਨ ਤੇ ਚਿੱਠੀ ਪੱਤਰ ਜਾਂ ਕਿਸੇ ਹੱਥ ਘੱਲੇ ਰੁੱਕੇ ਰਾਹੀਂ ਰਿਸ਼ਤੇਦਾਰਾਂ ਦਾ ਆਪਸ ਵਿੱਚ ਸੰਬੰਧ ਬਣਿਆ ਰਹਿੰਦਾ ਸੀ।ਸੁੱਖ-ਸਾਂਦ ਜਾਨਣ ਲਈ ਵੀ ਚਿੱਠੀ ਜਾ ਰੁੱਕਾ ਹੀ ਸਾਧਨ ਹੁੰਦੇ ਸਨ, ਪਰ ਉਸ ਸਮੇਂ ਰਿਸ਼ਤੇਦਾਰਾਂ 'ਚ ਮੋਹ ਅੰਤਾਂ ਦਾ ਹੁੰਦਾ ਸੀ, ਪਰ ਅੱਜ ਫੋਨਾਂ ਨੇ ਮੋਹ-ਮੁਹੱਬਤ ਖ਼ਤਮ ਕਰਨ ਦੇ ਨਾਲ ਰਿਸ਼ਤੇਦਾਰੀਆਂ ਵੀ ਖ਼ਤਮ ਕਰਕੇ ਰੱਖ ਦਿੱਤੀਆਂ ਹਨ। ਸਕੀਆਂ ਰਿਸ਼ਤੇਦਾਰੀਆਂ ਵਿਚਲਾ ਪਿਆਰ ਵੀ ਖੰਭ ਲਾ ਕੇ ਪਤਾ ਨਹੀਂ ਕਿੱਧਰ ਉੱਡ ਗਿਆ ।ਇਸ ਮੋਹ-ਮੁਹੱਬਤ ਉੱਡਣ ਦੇ ਕਈ ਕਰਨ ਹਨ।

ਸੱਚਮੁੱਚ ਪੁਰਾਣੇ ਸਮਿਆਂ 'ਚ ਹਰ ਰਿਸ਼ਤਾ ਗੁੜ ਵਾਂਗ ਮਿੱਠਾ ਹੁੰਦਾ ਸੀ ਤੇ ਹਰ ਰਿਸ਼ਤੇ ਦੀ ਆਪਣੀ ਅਹਿਮੀਅਤ ਹੁੰਦੀ ਸੀ ਤੇ ਹਰ ਰਿਸ਼ਤੇ ਨੂੰ ਬਾਖ਼ੂਬੀ ਨਿਭਾਇਆ ਜਾਂਦਾ ਸੀ।ਫੇਰ ਉਹ ਰਿਸ਼ਤਾ ਭੈਣ ਭਰਾ ਦਾ ਹੋਵੇ ਜਾਂ ਚਾਚੇ-ਤਾਏ ਦਾ, ਭੂਆ ਫੁੱਫੜ ਹੋਵੇ ਜਾਂ ਜੀਜਾ ਸਾਲ਼ੀ ਦਾ, ਦਿਓਰ ਭਰਜਾਈ ਦਾ ਹੋਵੇ ਜਾਂ ਫਿਰ ਮਾਮਾ ਮਾਮੀ ਦਾ ਹੋਵੇ।ਸਭ ਦੀ ਆਪਣੀ ਵੱਖਰੀ ਮਹੱਤਤਾ ਹੁੰਦੀ ਸੀ।ਵਕਤ ਦੇ ਕਰਵਟ ਲੈਣ ਨਾਲ ਹੌਲੀ-ਹੌਲੀ ਪੈਸੇ ਦੀ ਦੌੜ ਨੇ ਰਿਸ਼ਤਿਆਂ ਦਾ ਅਜਿਹਾ ਘਾਣ ਕੀਤਾ ਕਿ ਉਨ੍ਹਾਂ ਦੇ ਅਰਥ ਹੀ ਬਦਲ ਗਏ।

ਪੁਰਾਣੇ ਸਮੇਂ 'ਚ ਵਿਆਹ ਤੇ ਹੋਰ ਸਮਾਗਮ ਰਿਸ਼ਤਿਆਂ ਨੂੰ ਬਚਾਉਣ ਤੇ ਗੰਢਣ 'ਚ ਵੱਡੀ ਭੂਮਿਕਾ ਨਿਭਾਉਂਦੇ ਸਨ।ਜੇ ਕਦੇ ਰਿਸ਼ਤੇ 'ਚ ਮਾੜੀ-ਮੋਟੀ ਦਰਾੜ ਪੈਂਦੀ ਤਾਂ ਸਮਾਗਮਾਂ 'ਚ ਆਉਣ 'ਤੇ ਬਾਕੀ ਰਿਸ਼ਤੇਦਾਰ ਰਲ-ਮਿਲ ਕੇ ਉਸ ਦਰਾੜ ਨੂੰ ਭਰ ਦਿੰਦੇ, ਭਾਵ ਰਿਸ਼ਤੇ 'ਚ ਆਏ ਮਨ-ਮੁਟਾਵ ਜਾਂ ਗਿਲੇ-ਸ਼ਿਕਵੇ ਨੂੰ ਰਲ-ਮਿਲ ਕੇ ਦੂਰ ਕਰਵਾ ਦਿੰਦੇ।ਜੇ ਕਿਸੇ ਕਾਰਨ ਰਿਸ਼ਤਿਆਂ 'ਚ ਥੋੜ੍ਹੀ-ਬਹੁਤੀ ਦੂਰੀ ਪੈ ਵੀ ਜਾਂਦੀ ਤਾਂ ਜਦੋਂ ਕੋਈ ਵਿਆਹ, ਸ਼ਾਦੀ ਜਾਂ ਕੋਈ ਹੋਰ ਸਮਾਗਮ ਆਉਂਦਾ ਤਾਂ ਸਾਰੇ ਰਿਸ਼ਤੇਦਾਰ ਇਕੱਠੇ ਹੋ ਕੇ ਰੁੱਸੇ ਹੋਏ ਰਿਸ਼ਤੇਦਾਰ ਨੂੰ ਮਨਾ ਲੈਂਦੇ।ਜਿਸ ਨਾਲ ਉਹ ਰਿਸ਼ਤਾ ਕਿਰਨੋ ਭਾਵ ਟੁੱਟਣੋਂ ਬਚ ਜਾਂਦਾ, ਪਰ ਅੱਜਕੱਲ੍ਹ ਅਜਿਹਾ ਨਹੀਂ ਹੁੰਦਾ।ਅਜੋਕੇ ਕਮਰਸ਼ੀਅਲ ਯੁੱਗ 'ਚ ਰਿਸ਼ਤਿਆਂ 'ਚ ਐਨੀਆਂ ਦਰਾੜਾਂ ਪੈ ਜਾਂਦੀਆਂ ਹਨ ਕਿ ਪੁੱਛੋ ਕੁਛ ਨਾ, ਜਿਸ ਤੋਂ ਮਰਜ਼ੀ ਪੁੱਛ ਲਵੋ, ਹਰ ਕੋਈ ਆਪਣੇ ਰਿਸ਼ਤੇਦਾਰਾਂ ਦਾ ਨਾਂਅ ਲੈਣ ਨੂੰ ਤਿਆਰ ਨਹੀਂ। ਬਹੁਤ ਘੱਟ ਲੋਕ ਹੋਣਗੇ, ਜਿਨ੍ਹਾਂ ਨੇ ਰਿਸ਼ਤੇਦਾਰੀਆਂ ਬਚਾ ਕੇ ਰੱਖੀਆਂ ਹੋਈਆਂ ਹਨ।ਵਰਨਾ ਨਾ ਚਾਚੇ-ਤਾਏ, ਨਾ ਭੈਣ-ਭਰਾ ਤੇ ਨਾ ਹੋਰ ਕੋਈ ਰਿਸ਼ਤੇਦਾਰੀ। ਮਿਲਵਰਤਣ ਦੀ ਤਾਂ ਗੱਲ ਹੀ ਛੱਡੋ, ਕੋਈ ਕਿਸੇ ਨੂੰ ਚੱਜ ਨਾਲ ਬੁਲਾ ਕੇ ਵੀ ਰਾਜ਼ੀ ਨਹੀਂ।ਇਸੇ ਕਰਕੇ ਮੋਹ-ਮੁਹੱਬਤ ਦੀਆਂ ਤੰਦਾਂ ਐਨੀਆਂ ਮੋਕਲੀਆਂ ਹੋ ਚੁੱਕੀਆਂ ਹਨ ਕਿ ਲੋਕ ਆਪਣੇ ਰਿਸ਼ਤੇਦਾਰ ਨੂੰ ਤਰਜੀਹ ਦੇਣ ਦੀ ਬਜਾਏ ਯਾਰ-ਦੋਸਤ ਨੂੰ ਤਰਜੀਹ ਦਿੰਦੇ ਹਨ, ਜੋ ਕਿਰਦੇ ਰਿਸ਼ਤਿਆਂ ਦੀ ਦਾਸਤਾਨ ਹੈ।

ਇਹ ਵੇਖ ਕੇ ਇੰਝ ਜਾਪਦਾ ਹੈ ਜਿਵੇਂ ਰਿਸ਼ਤੇ ਸ਼ਬਦ ਦਾ ਅਰਥ ਹੀ ਬਦਲ ਗਿਆ ਹੋਵੇ।ਰਿਸ਼ਤਿਆਂ ਦਾ ਸਵਰੂਪ ਬਦਲਣ ਦੇ ਸਿੱਟੇ ਵਜੋਂ ਅਜਿਹੇ ਨਵੇਂ ਰਿਸ਼ਤਿਆਂ ਨੇ ਜਨਮ ਲੈ ਲਿਆ ਜਾਂ ਇਹ ਆਖ ਲਵੋ ਕਿ ਨਵੇਂ ਰਿਸ਼ਤੇ ਹੋਂਦ 'ਚ ਆ ਗਏ, ਜਿਨ੍ਹਾਂ ਨੇ ਪੁਰਾਣੇ ਰਿਸ਼ਤਿਆਂ ਨੂੰ ਹੜੱਪ ਲਿਆ ਹੈ।ਰਿਸ਼ਤਿਆਂ ਦੇ ਟੁੱਟਣ ਪਿੱਛੇ ਸਭ ਤੋਂ ਵੱਡਾ ਕਾਰਨ ਪੈਸੇ ਦੀ ਦੌੜ ਤੇ ਸ਼ਾਨੋ-ਸ਼ੌਕਤ ਦਾ ਟ੍ਰੈਂਡ ਹੈ। ਪੈਸੇ ਨੇ ਰਿਸ਼ਤਿਆਂ ਦਾ ਤਵਾਜ਼ਨ ਵਿਗਾੜ ਕੇ ਰੱਖ ਦਿੱਤਾ ਹੈ।ਬਹੁਤੇ ਰਿਸ਼ਤਿਆਂ ਨੂੰ ਹੁਣ ਇਕ ਨਾਂਅ ਨਾਲ ਹੀ ਬੁਲਾਇਆ ਜਾਣ ਲੱਗਾ ਹੈ ਤੇ ਉਹ ਨਾਂਅ ਹੈ ਆਂਟੀ ਅੰਕਲ। ਕੋਈ ਚਾਚਾ ਚਾਚੀ, ਤਾਇਆ ਤਾਈ ਜਾਂ ਮਾਮਾ ਮਾਮੀ, ਮਾਸੜ ਮਾਸੀ ਜਾਂ ਭੂਆ ਫੁੱਫੜ ਨਹੀਂ।ਸਭ ਵਾਸਤੇ ਅੰਕਲ ਜਾਂ ਆਂਟੀ ਕਹਿ ਕੇ ਬੁਲਾ ਸਕਦੇ ਹੋ।ਇਸ ਅੰਕਲ ਆਂਟੀ ਸ਼ਬਦ ਨੇ ਰਿਸ਼ਤਿਆਂ ਦੀ ਮਿਠਾਸ ਨੂੰ ਫਿੱਕਾ ਪਾ ਦਿੱਤਾ ਹੈ।ਰਿਸ਼ਤਿਆਂ ਵਿਚਲਾ ਫਰਕ ਮੁੱਕ ਗਿਆ ਹੈ।ਪਹਿਲੋਂ ਪਤਾ ਹੁੰਦਾ ਸੀ ਕਿ ਇਹ ਚਾਚਾ ਹੈ, ਇਹ ਤਾਇਆ ਹੈ ਤੇ ਇਹ ਮਾਮਾ ਹੈ, ਪਰੰਤੂ ਅੱਜ ਅੰਕਲ ਕਹਿ ਕੇ ਸਭ ਰਿਸ਼ਤਿਆਂ ਦਾ ਰਲਗੱਡ ਕਰ ਦਿੱਤਾ ਗਿਆ ਹੈ।ਕਿਉਂਕਿ ਅੰਕਲ ਆਂਟੀ ਸ਼ਬਦ ਬਾਕੀ ਸ਼ਬਦਾਂ ਦੀ ਤਰ੍ਹਾਂ ਬੇਸ਼ੱਕ ਪੰਜਾਬੀ ਭਾਸ਼ਾ 'ਚ ਫਿੱਟ ਹੋ ਗਿਆ ਹੈ, ਪਰ ਲੱਗਦਾ ਅੱਜ ਵੀ ਇਹ ਬਣਾਵਟੀ ਹੀ ਹੈ।ਇਹ ਸ਼ਬਦ ਅਣਜਾਣ ਬੰਦੇ ਲਈ ਵਰਤੋਂ 'ਚ ਲਿਆਂਦਾ ਜਾਂਦਾ ਸੀ, ਜਿਸ ਨੇ ਪੱਕੇ ਰਿਸ਼ਤਿਆਂ ਦੀ ਜਗ੍ਹਾ ਮਲੋਹਕ ਲਈ ਹੈ।ਇਸੇ ਸਦਕਾ ਅੱਜ-ਕੱਲ੍ਹ ਸਭ ਨੂੰ ਅੰਕਲ ਆਂਟੀ ਕਰਕੇ ਸੰਬੋਧਨ ਕੀਤਾ ਜਾਂਦਾ ਹੈ, ਜੋ ਸਹੀ ਨਹੀਂ ਕਿਹਾ ਜਾ ਸਕਦਾ।

ਪੁਰਾਣੇ ਵਕਤਾਂ 'ਚ ਹਰ ਸਮਾਗਮ 'ਚ ਰਿਸ਼ਤਿਆਂ ਦੀ ਮਿਠਾਸ ਤੇ ਅਹਿਮੀਅਤ ਖੁੱਲ੍ਹ ਕੇ ਵੇਖਣ ਨੂੰ ਮਿਲਦੀ ਸੀ।ਵਿਆਹਾਂ 'ਚ ਮੁੰਡੇ ਕੁੜੀ ਨੂੰ ਖਾਰੇ ਤੋਂ ਉਤਾਰਨ ਦੀ ਰਸਮ ਕੇਵਲ ਮਾਮਾ ਹੀ ਅਦਾ ਕਰਦਾ ਸੀ।ਦਿਓਰ ਦੀਆਂ ਅੱਖਾਂ 'ਚ ਸੁਰਮਾ ਪਾਉਣ ਦੀ ਰਸਮ ਭਾਬੀ ਨਿਭਾਉਂਦੀ ਸੀ।ਵਿਆਹ 'ਚ ਮੁੰਡੇ ਦੇ ਸਿਰ ਤੋਂ ਪਾਣੀ ਵਾਰਨ ਦੀ ਰਸਮ ਮਾਂ ਕਰਦੀ ਸੀ।ਗੀਬਨ ਕੱਟਣ ਦੀ ਰਸਮ ਸਾਲੀਆਂ ਨਿਭਾਉਂਦੀਆਂ ਸਨ, ਪਰ ਅੱਜਕੱਲ੍ਹ ਰਸਮਾਂ ਬਦਲ ਗਈਆਂ ਤਾਂ ਰਿਸ਼ਤੇ ਵੀ ਬਦਲ ਗਏ।ਜੇ ਕੋਈ ਰਿਸ਼ਤੇਦਾਰ ਸਮਾਗਮ 'ਚ ਗੁੱਸੇ-ਗਿਲੇ ਹੋਣ ਦੀ ਵਜ੍ਹਾ ਕਰਕੇ ਸ਼ਿਰਕਤ ਨਹੀਂ ਕਰਦਾ ਤਾਂ ਝੱਟ ਅੰਕਲ ਆਂਟੀ ਕੰਮ ਸਾਰ ਦਿੰਦੇ ਨੇ, ਪਰ ਪੁਰਾਣੇ ਵਕਤਾਂ 'ਚ ਅਜਿਹਾ ਨਹੀਂ ਹੁੰਦਾ ਸੀ। ਜਿੰਨਾ ਸਮਾਂ ਕੋਈ ਰਿਸ਼ਤੇਦਾਰ ਸਮਾਗਮ 'ਚ ਨਾ ਪਹੁੰਚਦਾ, ਓਨਾ ਟਾਈਮ ਰਸਮ ਪੂਰੀ ਨਹੀਂ ਕੀਤੀ ਜਾਂਦੀ ਸੀ। ਰੁੱਸਣਾ, ਰੁਸਾਨਾ ਅੱਜਕੱਲ ਤੋਂ ਕਿਤੇ ਜ਼ਿਆਦਾ ਸੀ, ਪਰ ਰਿਸ਼ਤਿਆਂ 'ਚ ਮੋਹ-ਮੁਹੱਬਤ ਏਨਾ ਜ਼ਿਆਦਾ ਹੁੰਦਾ ਸੀ ਕਿ ਰੁੱਸੇ ਬੰਦੇ ਨੂੰ ਮਨਾਉਣ ਸਾਰੇ ਰਿਸ਼ਤੇਦਾਰ ਰਲ ਕੇ ਮਨਾ ਲੈਂਦੇ, ਪਰ ਹੁਣ ਜੇ ਕੋਈ ਰਿਸ਼ਤੇਦਾਰ ਰੁੱਸ ਜਾਵੇ ਤਾਂ ਉਸ ਨੂੰ ਮਨਾਉਣ ਕੋਈ ਨਹੀਂ ਜਾਂਦਾ, ਸਗੋਂ ਆਖ ਦਿੰਦੇ ਨੇ, ਉਸ ਬਿਨ ਕਿਹੜਾ ਸਰਦਾ ਨਹੀਂ? ਰਹਿਣ ਦੋ ਉਸ ਨੂੰ? ਇਹੀ ਵਜ੍ਹਾ ਹੈ ਕਿ ਰਿਸ਼ਤੇ ਕਿਰ ਰਹੇ ਹਨ। ਮੋਹ ਖ਼ਤਮ ਹੁੰਦਾ ਜਾ ਰਿਹਾ ਹੈ।

ਅਸਲ 'ਚ ਰਿਸ਼ਤਿਆਂ ਦੀ ਥਾਂ ਪੈਸੇ ਨੇ ਲੈ ਲਈ ਹੈ।ਬੰਦਾ ਹਰ ਗੱਲ ਦੀ ਪੂਰਤੀ ਪੈਸੇ ਨਾਲ ਕਰਨ ਦਾ ਆਦੀ ਹੋ ਗਿਆ ਹੈ। ਇਹੀ ਕਾਰਨ ਹੈ ਕਿ ਹਰ ਵਿਅਕਤੀ ਟੈਂਸ਼ਨ 'ਚ ਨਜ਼ਰ ਆਉਂਦਾ ਹੈ, ਜਦ ਕਿ ਪਹਿਲਾਂ ਇਕ-ਦੂਜੇ ਨਾਲ ਗਿਲੇ-ਸ਼ਿਕਵੇ ਰਲ-ਮਿਲ ਮਿਟਾ ਲਏ ਜਾਂਦੇ ਸਨ। ਦੁੱਖ-ਸੁੱਖ ਸਾਂਝਾ ਕਰਕੇ ਰਲ-ਮਿਲ ਵੰਡਾਅ ਲਿਆ ਜਾਂਦਾ ਸੀ, ਜਿਸ ਨਾਲ ਮਨ ਹਲਕਾ ਹੋ ਜਾਂਦਾ ਤੇ ਕੋਈ ਟੈਂਸ਼ਨ ਨਾ ਹੁੰਦੀ, ਕਿਉਂਕਿ ਪਤਾ ਹੁੰਦਾ ਸੀ ਕਿ ਕੋਈ ਮੁਸੀਬਤ ਜਾਂ ਭੀੜ ਪਈ ਤਾਂ ਮਿਲ ਕੇ ਉਸ ਦਾ ਹੱਲ ਕੱਢ ਲਿਆ ਜਾਵੇਗਾ, ਪ੍ਰੰਤੂ ਅੱਜਕੱਲ੍ਹ ਰਿਸ਼ਤਿਆਂ ਦੇ ਕਿਰਨ (ਟੁੱਟਣ) ਕਰਕੇ ਸਮਾਜਿਕ ਤਾਣਾ-ਬਾਣਾ ਉਲਝਦਾ ਜਾ ਰਿਹਾ ਹੈ। ਜੇ ਸੱਚ ਪੁੱਛੋਂ ਤਾਂ ਅਸਲ 'ਚ ਰਿਸ਼ਤਿਆਂ ਦੇ ਮਾਇਨੇ ਹੀ ਬਦਲ ਗਏ ਹਨ।

ਸੋ ਲੋੜ ਹੈ ਸਮਾਜਿਕ ਤਾਣੇ-ਬਾਣੇ ਨੂੰ ਸੰਵਾਰਨ ਦੀ, ਰਿਸ਼ਤਿਆਂ ਦੀ ਅਹਿਮੀਅਤ ਨੂੰ ਸਮਝਣ ਦੀ, ਜ਼ਿੰਦਗੀ ਦੇ ਘਾਟੇ-ਵਾਧੇ ਜਰਦਿਆਂ ਵੱਖ-ਵੱਖ ਰਿਸ਼ਤਿਆਂ ਨੂੰ ਨਿਭਾਉਣ ਦੀ ।ਯਾਰਾਂ-ਦੋਸਤਾਂ ਨਾਲ ਯਾਰੀਆਂ ਨਿਭਾਉਂਦਿਆਂ ਬਾਕੀ ਰਿਸ਼ਤਿਆਂ ਨੂੰ ਵੀ ਬਰਕਰਾਰ ਰੱਖਣ ਦੀ।ਨਹੀਂ ਤਾਂ ਇਸੇ ਤਰ੍ਹਾਂ ਟੈਂਸ਼ਨਾਂ 'ਚ ਜ਼ਿੰਦਗੀ ਗੁਜ਼ਾਰਦਾ ਹੋਇਆ ਇਨਸਾਨ ਇਸ ਜਹਾਂ ਤੋਂ ਰੁਖ਼ਸਤ ਹੁੰਦਾ ਰਹੇਗਾ।ਆਓ ! ਦੂਰੀਆਂ ਨੂੰ ਦੂਰ ਕਰਕੇ ਗਲੇ ਮਿਲੀਏ ਅਤੇ ਮੋਹ-ਮੁਹੱਬਤਾਂ ਵੰਡਦੇ ਹੋਏ ਹਾਸੇ-ਠੱਠਿਆਂ 'ਚ ਖੁਸ਼ਗਵਾਰ ਰਹਿ ਕੇ ਅਨਮੋਲ ਜ਼ਿੰਦਗੀ ਦਾ ਮਜ਼ਾ ਲਾਈਏ ।

**ਮੋਬਾ. 76967-54669**

---

# ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਵੱਲੋਂ ਸਾਹਿਤਕ ਸਮਾਗਮ




**ਨਵੀਂ ਦਿੱਲੀ** : ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ ਵੱਲੋਂ ਪੰਜਾਬੀ ਭਵਨ ਵਿਖੇ ਇੱਕ ਵਿਸ਼ੇਸ਼ ਸਾਹਿਤਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਸਾਹਿਤ ਜਗਤ ਦੀਆਂ ਨਾਮਵਰ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ। ਇਸ ਸਮਾਗਮ ਦੀ ਪ੍ਰਧਾਨਗੀ ਦਿੱਲੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਪ੍ਰੋ. ਰਵਿੰਦਰ ਸਿੰਘ ਨੇ ਕੀਤੀ।ਸਭਾ ਦੇ ਡਾਇਰੈਕਟਰ ਕੇਸਰਾ ਰਾਮ ਨੇ ਆਏ ਹੋਏ ਮਹਿਮਾਨਾਂ ਦਾ ਰਸਮੀ ਸਵਾਗਤ ਕੀਤਾ ਅਤੇ ਸਮਾਗਮ ਵਿੱਚ ਸ਼ਾਮਲ ਸਾਹਿਤਕਾਰਾਂ ਦੀ ਜਾਣ-ਪਛਾਣ ਕਰਵਾਈ। ਉਨ੍ਹਾ ਦੱਸਿਆ ਕਿ ਦਿੱਲੀ ਵਿੱਚ ਪੰਜਾਬੀ ਦੇ ਬਹੁਤ ਹੀ ਜ਼ਰਖੇਜ਼ ਲੇਖਕ ਮੌਜੂਦ ਹਨ, ਜਿਨ੍ਹਾਂ ਦੀਆਂ ਸੱਠ-ਸੱਠ, ਸੱਤਰ-ਸੱਤਰ ਕਿਤਾਬਾਂ ਛਪ ਚੁੱਕੀਆਂ ਹਨ ਅਤੇ ਨਵੀਆਂ ਕਿਤਾਬਾਂ ਲਗਾਤਾਰ ਪ੍ਰਕਾਸ਼ਿਤ ਹੋ ਰਹੀਆਂ ਹਨ। ਇਸ ਮੌਕੇ ਸ਼ਾਮਲ ਸਾਹਿਤਕਾਰਾਂ ਨੂੰ ਪ੍ਰੋ. ਰਵੇਲ ਸਿੰਘ, ਪ੍ਰੋ. ਮਨਜੀਤ ਸਿੰਘ, ਡਾ. ਵਨੀਤਾ, ਮਨੀਸ਼ ਆਨੰਦ ਅਤੇ ਤ੍ਰਲੋਚਨ ਕੌਰ ਵੱਲੋਂ ਗੁਲਦਸਤੇ ਭੇਟ ਕਰਕੇ ਸਨਮਾਨਿਤ ਕੀਤਾ ਗਿਆ।ਇਸ ਰਸਮ ਅਦਾਇਗੀ ਉਪਰੰਤ ਕਾਵਿ-ਮਹਿਫ਼ਲ ਅਤੇ ਕਹਾਣੀ-ਪਾਠ ਦਾ ਦੌਰ ਚੱਲਿਆ। ਸਮਾਗਮ ਦੀ ਸ਼ੁਰੂਆਤ ਰਾਜਿੰਦਰ ਬਿਆਲਾ ਨੇ ਆਪਣੀਆਂ ਕਵਿਤਾਵਾਂ 'ਤੇਰਾ ਸੁਪਨਾ' ਅਤੇ 'ਨਿਸ਼ਬਦ ਕਵਿਤਾ' ਨਾਲ ਕੀਤੀ, ਜਿਸ ਨੇ ਸਰੋਤਿਆਂ ਦਾ ਧਿਆਨ ਖਿੱਚਿਆ। ਇਸ ਤੋਂ ਬਾਅਦ ਜਸਵਿੰਦਰ ਕੌਰ ਬਿੰਦਰਾ ਨੇ ਆਪਣੀਆਂ ਰਚਨਾਵਾਂ 'ਮੇਰਾ ਆਪਾ', 'ਅਣਕਹੇ ਵਿਚਾਰ' ਅਤੇ 'ਤੇਰਾ ਬੰਦਾ' ਰਾਹੀਂ ਖ਼ੂਬ ਰੰਗ ਬੰਨ੍ਹਿਆ। ਅਗਲੀ ਪੇਸ਼ਕਾਰੀ ਵਿੱਚ ਰਾਜੀਵ ਸੇਠ ਨੇ ਆਪਣੀਆਂ ਕਵਿਤਾਵਾਂ 'ਯੰਮੀ' ਤੇ 'ਰਾਗ ਸੰਧੂਰੀ' ਅਤੇ ਗ਼ਜ਼ਲਾਂ ਤਰੰਨਮ ਵਿਚ ਸੁਣਾ ਕੇ ਸਭ ਨੂੰ ਪ੍ਰਭਾਵਿਤ ਕੀਤਾ। ਸਮਾਗਮ ਦੇ ਮੁੱਖ ਆਕਰਸ਼ਣ ਵਜੋਂ ਸਾਹਿਤ ਅਕਾਦਮੀ ਪੁਰਸਕਾਰ ਜੇਤੂ ਕਹਾਣੀਕਾਰ ਤੇ ਨਾਵਲਕਾਰ ਨਛੱਤਰ ਨੇ ਆਪਣੀ ਚਰਚਿੱਤ ਕਹਾਣੀ 'ਮਹਿਕ ਦੀ ਮੌਤ' ਸੁਣਾਈ। ਲੰਬੀ ਹੋਣ ਦੇ ਬਾਵਜੂਦ ਇਸ ਕਹਾਣੀ ਨੇ ਪੂਰਾ ਸਮਾਂ ਸਰੋਤਿਆਂ ਨੂੰ ਕੀਲ ਕੇ ਰੱਖਿਆ।ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਪ੍ਰੋ. ਰਵਿੰਦਰ ਸਿੰਘ ਨੇ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਪ੍ਰਚਾਰ-ਪ੍ਰਸਾਰ ਲਈ ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ ਦੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸਭਾ ਵੱਲੋਂ ਲਗਾਤਾਰ ਕਰਵਾਏ ਜਾਂਦੇ ਅਜਿਹੇ ਸਾਹਿਤਕ ਸਮਾਗਮਾਂ ਅਤੇ ਸੈਮੀਨਾਰਾਂ ਨਾਲ ਦਿੱਲੀ ਦੇ ਪੰਜਾਬੀ ਸਾਹਿਤਕਾਰਾਂ ਨੂੰ ਬਹੁਤ ਹੌਸਲਾ ਮਿਲਦਾ ਹੈ।ਇਸ ਸਮਾਗਮ ਵਿੱਚ ਰਣਜੀਤ ਰਾਹੀ, ਗਗਨ ਮੀਤ, ਉਪਮਾ ਡਾਗਾ ਪਾਰਥ, ਰੂਪ ਸਿੰਘ, ਜਸਵੰਤ ਸਿੰਘ ਸੇਖਵਾਂ ਅਤੇ ਤਰਸੇਮ ਸਮੇਤ ਵੱਡੀ ਗਿਣਤੀ ਵਿੱਚ ਖੋਜਾਰਥੀ, ਵਿਦਿਆਰਥੀ ਅਤੇ ਪ੍ਰਕਾਸ਼ਨ ਜਗਤ ਦੇ ਨੁਮਾਇੰਦੇ ਵੀ ਮੌਜੂਦ ਸਨ।

## ਅਲਫ਼ਾਜ਼, ਰੂਹੀ ਸਿੰਘ ਨੂੰ ਪੁਰਸਕਾਰਾਂ ਦਾ ਐਲਾਨ



'ਮਹਿੰਦਰ ਸਾਥੀ ਯਾਦਗਾਰੀ ਮੰਚ (ਰਜਿ:) ਮੋਗਾ' ਵੱਲੋਂ 28 ਜੂਨ ਐਤਵਾਰ ਨੂੰ ਡੀ.ਐਮ. ਕਾਲਜ ਮੋਗਾ ਵਿਖੇ ਸਨਮਾਨ ਸਮਾਰੋਹ ਅਤੇ 'ਨਵੀਂ ਸ਼ਾਇਰੀ ਦੀ ਉਡਾਣ' ਬੈਨਰ ਹੇਠ ਕਵੀ ਦਰਬਾਰ ਕਰਵਾਉਣ ਦਾ ਐਲਾਨ ਕਰਨ ਦੇ ਨਾਲ ਨਾਲ ਦਿੱਤੇ ਜਾਣ ਵਾਲੇ ਪੁਰਸਕਾਰਾਂ ਦੀ ਵੀ ਘੋਸ਼ਣਾ ਕੀਤੀ ਹੈ।ਇਸ ਵਾਰ ਦਾ ਵੱਕਾਰੀ ਅਤੇ ਮਾਣਮੱਤਾ 'ਜਰਨੈਲ ਸਿੰਘ ਸੇਖਾ ਗਲਪ ਪੁਰਸਕਾਰ' ਕਹਾਣੀਕਾਰ 'ਅਲਫ਼ਾਜ਼' ਨੂੰ ਪ੍ਰਦਾਨ ਕੀਤਾ ਜਾ ਰਿਹਾ ਹੈ ।ਇਸੇ ਸਮਾਗਮ ਦੌਰਾਨ ਨਾਮਵਰ ਯੁਵਾ ਕਵਿੱਤਰੀ ਰੂਹੀ ਸਿੰਘ ਨੂੰ ਵੀ 'ਮਹਿੰਦਰ ਸਾਥੀ ਯੁਵਾ ਕਾਵਿ ਪੁਰਸਕਾਰ' ਨਾਲ ਨਿਵਾਜਿਆ ਜਾਵੇਗਾ।

---

# ਪਾਠਕਾਂ ਦੇ ਝਰੋਖੇ 'ਚੋਂ

## ਦ੍ਰਿਸ਼ਟੀਕੋਣ

14 ਜੂਨ ਦੇ 'ਐਤਵਾਰਤਾ' ਵਿਚ 'ਦ੍ਰਿਸ਼ਟੀਕੋਣ' ਨੇ ਪੰਜਾਬ ਵਿਚ ਚੱਲ ਰਹੀ ਐੱਸ ਆਈ ਆਰ ਪ੍ਰਕਿਰਿਆ ਦਾ ਖੁੱਲ੍ਹ ਕੇ ਜ਼ਿਕਰ ਕੀਤਾ ਹੈ। ਅਸਲ ਵਿਚ ਦੁੱਧ ਦਾ ਸੜਿਆ ਲੱਸੀ ਨੂੰ ਫੂਕਾਂ ਮਾਰ ਕੇ ਪੀਣ ਵਾਲੀ ਗੱਲ ਪੰਜਾਬ ਵਿਚ ਇਸ ਵਿਸ਼ੇ 'ਤੇ ਲੱਗਦੀ ਜਾਪਦੀ ਹੈ ।ਜਿਵੇਂ ਬੰਗਾਲ ਵਿਚ ਇਸ ਕੰਮ 'ਤੇ ਖਦਸ਼ੇ ਜ਼ਾਹਰ ਕੀਤੇ ਗਏ ਸਨ। ਉਹੀ ਸੋਚ ਸਿਆਸੀ ਪਾਰਟੀਆਂ ਦੀ ਪੰਜਾਬ ਬਾਰੇ ਵੀ ਹੈ, ਇਸ ਲਈ ਪੰਜਾਬ ਦੇ ਹਰੇਕ ਵੋਟਰ ਨੂੰ ਚੌਕਸ ਹੋਣਾ ਪਵੇਗਾ। ਖਾਸ ਕਰਕੇ ਪਰਵਾਸੀ ਲੋਕ ਜੋ ਬਾਹਰਲੇ ਸੂਬਿਆਂ ਤੋਂ ਪੰਜਾਬ ਵਿਚ ਆ ਕੇ ਕੰਮ ਕਰ ਰਹੇ ਹਨ।ਖੇਤੀ ਕੰਮਾਂ ਵਿਚ ਲੱਗੇ ਤੇ ਆਟੋ ਚਾਲਕ। ਪਰਵਾਸੀ ਲੁਧਿਆਣੇ, ਜਲੰਧਰ, ਅੰਮ੍ਰਿਤਸਰ ਜਿਹੇ ਸ਼ਹਿਰਾਂ ਵਿਚ ਆਮ ਹਨ ।ਇਹ ਲੋਕ 2003 ਵਾਲਾ ਰਿਕਾਰਡ ਕਿੱਥੋਂ ਲਿਆ ਕੇ ਦੇਣਗੇ? ਕੁਝ ਗੱਲਾਂ ਸ਼ੱਕ ਤਾਂ ਪੈਦਾ ਕਰਨ ਵਾਲੀਆਂ ਹਨ।ਜਿਹੜੇ ਪੰਜਾਬੀ ਵਿਦੇਸ਼ਾਂ ਵਿਚ ਜਾ ਬੈਠੇ ਹਨ, ਉਨ੍ਹਾ ਦੀ ਵੋਟ ਵੀ ਕੱਟੀ ਜਾਣੀ ਤਹਿ ਹੈ । ਲੋਕਤੰਤਰ ਵਿਚ ਖਾਲਸ ਤੇ ਅਸਲੀ ਵੋਟਰ ਹੀ ਰਹਿ ਜਾਵੇਗਾ।ਕਈ ਲੋਕ ਤੇ ਮਰਿਆਂ ਦੀ ਵੋਟ ਵੀ ਪਾ ਦਿੰਦੇ ਹਨ।ਮਰਿਆਂ ਦੀ ਵੋਟ ਕੱਟੀ ਜਾਣੀ ਜ਼ਰੂਰੀ ਹੈ। ਹਾਂ ਸਿਆਸੀ ਪਾਰਟੀਆਂ ਨੂੰ ਸਾਥ ਦੇਣਾ ਪਵੇਗਾ।ਚੌਕਸ ਵੀ ਰਹਿਣਾ ਹੋਵੇਗਾ।ਬਾਅਦ ਵਿਚ ਰੌਲਾ ਪਾਉਣ ਦਾ ਲਾਭ ਨ੍ਹੀ ਹੈ । ਸੁਰਜੀਤ ਸੁਮਨ ਨੇ ਸਵਰਨ ਭੰਗੂ ਨੂੰ ਯਾਦ ਕੀਤਾ।ਭੰਗੂ ਚੰਗਾ ਇਨਸਾਨ ਸੀ।ਲਿਖਤਾਂ ਵੀ ਚੰਗੀਆਂ ਲਿਖਦਾ ਸੀ, ਪਰ ਜਿਸ ਤਰ੍ਹਾਂ ਮੌਤ ਆਈ, ਕਿਸੇ ਦੇ ਜ਼ਿਹਨ ਵਿਚ ਵੀ ਨਹੀਂ ਸੀ। ਹੁਣ ਸਾਈਕਲ ਦੀ ਸਵਾਰੀ ਸੇਫ ਨਹੀਂ ਰਹਿ ਗਈ। ਲੋਕ ਭਾਵੇਂ ਸਾਈਕਲ ਦੀਆਂ ਲੱਖ ਸਿਫਤਾਂ ਕਰੀ ਜਾਣ। ਹੁਣ ਤਾਂ ਪੈਦਲ ਤੁਰਨਾ ਵੀ ਖਤਰੇ ਵਾਲੀ ਗੱਲ ਹੈ। ਨਿੰਦਰ ਘੁਗਿਆਣਵੀ ਨੇ ਪਿਤਾ ਜੀ ਨੂੰ ਸ਼ਰੀਕੇਬਾਜ਼ੀ ਦਾ ਸ਼ਿਕਾਰ ਹੁੰਦਾ ਵੇਖਿਆ। ਬਚਪਨ ਦੀ ਇਹ ਘਟਨਾ ਉਸ ਦੀ ਯਾਦ ਵਿੱਚ ਉੱਕਰੀ ਗਈ ਪੰਜਾਬ ਦੀ ਸ਼ਰੀਕੇਬਾਜ਼ੀ ਸੱਭਿਆਚਾਰ ਦਾ ਅਟੁੱਟ ਅੰਗ ਹੈ। ਪੰਚਮ ਗੁਰੂ ਸਾਹਿਬ ਵੀ ਆਪਣੇ ਭਰਾਵਾਂ ਵੱਲੋਂ ਬਾਦਸ਼ਾਹ ਕੋਲ ਕੰਨ ਭਰੇ ਜਾਣ ਕਰਕੇ ਹੀ ਸ਼ਹੀਦ ਕੀਤੇ ਗਏ।ਭਾਵੇਂ ਹੋਰ ਕੁਝ ਕਾਰਨ ਵੀ ਸਨ। ਅਜੋਕੀ ਪੰਜਾਬ ਦੀ ਸਿਆਸਤ ਸਾਰੀ ਦੀ ਸਾਰੀ ਸ਼ਰੀਕੇਬਾਜ਼ੀ ਵਿਚ ਉਲਝੀ ਹੋਈ ਹੈ। ਕੋਈ ਪਾਰਟੀ ਦੂਸਰੇ ਨੂੰ ਵੇਖ ਕੇ ਰਾਜ਼ੀ ਨਹੀਂ। ਬਲਵਿੰਦਰ ਭੁੱਲਰ ਦੀ ਮਿੰਨੀ ਕਹਾਣੀ ਮੇਮਣੇ, ਪੁੱਤਰ ਮੋਹ, ਸਮੇਂ ਦਾ ਸੱਚ ਵਧੀਆ ਕਹਾਣੀਆਂ ਹਨ। ਇਸ ਅੰਕ ਵਿਚ ਅਨੁਵਾਦਿਤ ਰਚਨਾ ਗਾਲਿਬ ਮੰਟੋ ਦੀ ਨਜ਼ਰ ਵਿਚ ਦਿਲਚਸਪ ਹੈ।ਗਾਲਿਬ ਉਰਦੂ ਸ਼ਾਇਰ ਸੀ, ਪਰ ਮੰਟੋ ਕਹਾਣੀਕਾਰ ਸੀ। ਭੂਪਿੰਦਰ ਮਾਨ ਦੀ ਯਾਤਰਾ ਜਾਣਕਾਰੀ ਵਾਲੀ ਹੈ। ਸੰਨ 1971 ਦੀ ਹਿੰਦ-ਪਾਕਿ ਜੰਗ ਦਾ ਜ਼ਿਕਰ ਪਰਮਜੀਤ ਮਾਨ ਦੇ ਹਵਾਲੇ ਨਾਲ ਹੈ। ਕਿਤਾਬਾਂ ਵਿਚ ਡਾ. ਸੁਰਜੀਤ ਬਰਾੜ ਦਾ ਸਮੀਖਿਆ 'ਨਲੂਆ ਜਰਨੈਲ ਬਾਝੋਂ' (ਬਲਦੇਵ ਸਿੰਘ ਦਾ ਇਤਿਹਾਸਕ ਨਾਵਲ) ਚੰਗਾ ਵਿਸ਼ਲੇਸ਼ਣ ਹੈ। ਹਰੀ ਸਿੰਘ ਨਲੂਆ ਬਾਰੇ ਹੋਰ ਵੀ ਜਾਣਕਾਰੀ ਮਿਲੀ, ਖਾਸ ਕਰਕੇ ਨਲਵਾ ਦੇ ਪੁੱਤਰਾਂ ਦੀ ਜਾਣਕਾਰੀ। ਸਾਹਿਤਕ ਸਰਗਰਮੀਆਂ ਰੀਝ ਨਾਲ ਪੜ੍ਹੀਆਂ।ਪੰਜਾਬੀ ਦੁਨੀਆ ਦੇ ਵੱਖ-ਵੱਖ ਨਵੇਂ ਅੰਕ ਛਾਪਣ ਦੀ ਖੁਸ਼ੀ ਹੈ।ਭਾਸ਼ਾ ਵਿਭਾਗ ਹਰਕਤ ਵਿਚ ਹੈ। ਇਹ ਅੰਕ ਜ਼ਿਲ੍ਹਾ ਪੱਧਰ 'ਤੇ ਵੀ ਭੇਜੇ ਜਾਣ। ਪਾਠਕ ਖਰੀਦ ਲੈਣਗੇ।

**— ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ**

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਕੇਵਲ ਮਾਰਕਸ ਨੂੰ ਯਾਦ ਕਰਨਾ ਕਾਫ਼ੀ ਨਹੀਂ : ਜਗਰੂਪ, ਕਿਸਤ-4

ਅੰਡੇਮਾਨ ਡਾਇਰੀਜ਼-3 : ਭੁਪਿੰਦਰ ਸਿੰਘ ਮਾਨ

'ਸਾਚੀ ਸਾਖੀ ਦਾ ਅਸਲੀ ਸੱਚ' : ਐਡੀਟਰ ਡਾ. ਭਗਵੰਤ ਸਿੰਘ,

(ਫੋਕਸ) ਡਾ. ਪਰਮਜੀਤ ਸਿੰਘ ਢੀਂਗਰਾ

ਮਨਜੀਤ ਮਾਨ ਦੀਆਂ ਮਿੰਨੀ ਕਹਾਣੀਆਂ ਤੇ ਹੋਰ ਬਹੁਤ ਕੁਝ


---

# ਸਮਕਾਲ

---- ਭਗਵੰਤ ਰਸੂਲਪੁਰੀ----

## ਕਾਵਿਲੋਕ : ਸੁਰਜੀਤ ਰਾਮਪੁਰੀ ਵਿਸ਼ੇਸ਼ ਅੰਕ

'ਕਾਵਿਲੋਕ' ਜੁਲਾਈ-ਸਤੰਬਰ,2026 ਦਾ ਅੰਕ 'ਸੁਰਜੀਤ ਰਾਮਪੁਰੀ ਵਿਸ਼ੇਸ਼ ਅੰਕ' ਵੱਜੋਂ ਪ੍ਰਕਾਸ਼ਤ ਕੀਤਾ ਗਿਆ ਹੈ। ਰਸਾਲੇ ਦੇ ਮੁੱਖ ਸੰਪਾਦਕ ਡਾ. ਲਖਵਿੰਦਰ ਸਿੰਘ ਜੌਹਲ ਹਨ। ਇਸ ਅੰਕ ਦੇ ਮਹਿਮਾਨ ਸੰਪਾਦਕ ਸੁਰਿੰਦਰ ਰਾਮਪੁਰੀ ਹਨ। ਕਾਵਿ ਲੋਕ ਦਾ ਆਲੋਚਨਾ ਦੇ ਖੇਤਰ ਵਿੱਚ ਮਹੱਤਵਪੂਰਨ ਯੋਗਦਾਨ ਹੈ। ਇਸ ਅੰਕ ਦੀਆਂ ਲਿਖਤਾਂ ਨਾਲ ਸੁਰਜੀਤ ਰਾਮਪੁਰੀ ਪ੍ਰਮੁੱਖ ਰੂਪ ਵਿੱਚ ਉਭਰ ਕੇ ਸਾਹਮਣੇ ਆਉਂਦਾ ਹੈ। ਹੱਥਲੇ ਅੰਕ ਦਾ ਮੁੱਲ : 200 ਰੁਪਏ ਅਤੇ ਸਫ਼ੇ : 178 ਹਨ। ਸੁਰਿੰਦਰ ਰਾਮਪੁਰੀ ਨੇ ਮਹਿਮਾਨ ਸੰਪਾਦਕੀ ਵਿੱਚ ਜ਼ਿਕਰ ਕੀਤਾ ਹੈ ਕਿ ਲੇਖਕ ਦੀ ਪਹਿਲੀ ਜਨਮ ਸ਼ਤਾਬਦੀ ਸਮੇਂ ਉਸ ਦੀ ਯਾਦ ਨੂੰ ਤਾਜ਼ਾ ਰੱਖਣ ਲਈ ਇਹ ਅੰਕ ਤਿਆਰ ਕੀਤਾ ਹੈ। ਸੰਪਾਦਕੀ ਵਿੱਚ ਡਾ. ਜੌਹਲ ਨੇ ਰਾਮਪੁਰੀ ਦੀ ਸ਼ਾਇਰੀ ਦੀ ਵਿਲੱਖਣਤਾ ਦੀ ਗੱਲ ਕਰਦਿਆਂ ਉਸ ਨੂੰ ਪ੍ਰਮੁੱਖ ਸ਼ਾਇਰ ਦਾ ਤੌਰ ਦੇ ਪੇਸ਼ ਕੀਤਾ ਹੈ। ਅੰਕ ਵਿੱਚ ਗੁਰਬਚਨ ਸਿੰਘ ਭੁੱਲਰ, ਡਾ. ਵਨੀਤਾ, ਧਰਮ ਸਿੰਘ ਕੰਮੇਆਣਾ, ਡਾ. ਪਰਮਿੰਦਰ ਸਿੰਘ ਬੈਨੀਪਾਲ, ਗਗਨ ਦੀਪ ਸ਼ਰਮਾ, ਡਾ. ਸਿਮਰਨਜੀਤ ਸਿੰਘ, ਆਤਮ ਹਮਰਾਹੀ, ਡਾ. ਸੁਖਪਾਲ ਕੌਰ ਸਮਰਾਲਾ, ਡਾ. ਸਰਬਜੀਤ ਸਿੰਘ, ਗੁਰਭਜਨ ਸਿੰਘ ਗਿੱਲ, ਕਮਲਪ੍ਰੀਤ ਕੌਰ, ਹਰਨੇਕ ਸਿੰਘ ਰਾਮਪੁਰੀ, ਰਾਮ ਸਰੂਪ ਅਣਖੀ, ਭੁਪਿੰਦਰ ਸਿੰਘ ਪੀ ਸੀ ਐੱਸ, ਤੇਲੂ ਰਾਮ ਕੁਹਾੜਾ, ਡਾ. ਰਣਧੀਰ ਸਿੰਘ ਚੰਦ, ਡਾ. ਸਰਦੂਲ ਸਿੰਘ ਔਜਲਾ, ਪ੍ਰਿੰਸੀ. ਤਖ਼ਤ ਸਿੰਘ, ਬ੍ਰਹਮਜਗਦੀਸ਼ ਸਿੰਘ, ਪ੍ਰਿੰ. ਕਰਤਾਰ ਸਿੰਘ ਕਾਲੜਾ, ਡਾ. ਬਲਜੀਤ ਕੌਰ ਰਿਆੜ, ਜਸਵੰਤ ਸਿੰਘ ਕੰਵਲ, ਅਜਾਇਬ ਚਿੱਤਰਕਾਰ, ਸੁਖਮਿੰਦਰ ਰਾਮਪੁਰੀ, ਭਗਵੰਤ ਸਿੰਘ, ਅਮਰ ਹਾਂਡਾ, ਡਾ. ਸ. ਨ. ਸੇਵਕ, ਗੁਰਦਿਆਲ ਦਲਾਲ, ਮਨਮੋਹਨ ਸਿੰਘ ਦਾਊਂ, ਪ੍ਰੋ. ਸੁਲੱਖਣ ਮੀਤ, ਸੁਰਿੰਦਰ ਰਾਮਪੁਰੀ, ਇੰਦਰਜੀਤ ਹਸਨਪੁਰੀ, ਦਲਜੀਤ ਕੌਰ ਚਾਨਾ, ਉਲਫ਼ਤ ਬਾਜਵਾ, ਰਵਿੰਦਰ ਭੱਠਲ, ਹਰਭਜਨ ਸਿੰਘ ਮਾਂਗਟ, ਸਾਧੂ ਰਾਮ ਸ਼ਰਮਾ ਰਾਮਪੁਰੀ, ਗੁਰਸੇਵਕ ਸਿੰਘ ਢਿੱਲੋਂ, ਗੁਰਚਰਨ ਰਾਮਪੁਰੀ, ਸਤੀਸ਼ ਗੁਲਾਟੀ ਆਦਿ ਨੇ ਉਸ ਦੀ ਕਵਿਤਾ ਦੀ ਪੜਚੋਲ ਕਰਦੇ ਖੋਜ ਪੇਪਰ, ਸ਼ਬਦ ਚਿੱਤਰ, ਕਾਵਿ ਚਿੱਤਰ, ਸੰਖੇਪ ਟਿੱਪਣੀਆਂ ਰਾਹੀ ਸੁਰਜੀਤ ਰਾਮਪੁਰੀ ਨੂੰ ਸਮਝਣ ਦਾ ਯਤਨ ਕੀਤਾ ਹੈ। ਸੁਰਜੀਤ ਰਾਮਪੁਰੀ ਦੀ ਸ਼ਬਦ ਸਾਧਨਾ ਦੀ ਗੱਲ ਪ੍ਰਸਿੱਧ ਲੇਖਕਾਂ ਨੇ ਕੀਤੀ ਹੈ। ਅੰਤਲੇ ਪੰਨਿਆਂ ਉੱਤੇ ਸੁਰਜੀਤ ਰਾਮਪੁਰੀ ਵੱਲੋਂ ਲਿਖੀਆਂ ਲਿਖਤਾਂ ਨੂੰ ਪੇਸ਼ ਕੀਤਾ ਗਿਆ ਹੈ। ਮੇਰੀ ਕਵਿਤਾ ਦਾ ਸਫ਼ਰ, ਫ਼ੌਜੀ ਜੀਵਨ ਦੀਆਂ ਯਾਦਾਂ, ਰਾਮਪੁਰ ਸਕੂਲ ਆਫ਼ ਪੋਇਟਰੀ ਵਿਸ਼ੇਸ਼ ਲੇਖ ਵੀ ਪੜ੍ਹਨ ਨੂੰ ਮਿਲ ਜਾਂਦੇ ਹਨ। 'ਕਾਵਿਲੋਕ' ਦਾ ਇਹ ਸਾਂਭਣਯੋਗ ਅੰਕ ਹੈ। ਹੱਥਲਾ ਅੰਕ ਪ੍ਰਾਪਤ ਕਰਨ ਲਈ ਲਖਵਿੰਦਰ ਸਿੰਘ ਜੌਹਲ (94171-94812), e-mail: kavlok2020@gmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।




## ਸ਼ਬਦ ਸਪਲੀਮੈਂਟ : ਗੁਰਪਾਲ ਲਿੱਟ ਵਿਸ਼ੇਸ਼ ਅੰਕ




ਸ਼ਬਦ ਸਪਲੀਮੈਂਟ-44 ਦਾ 'ਗੁਰਪਾਲ ਸਿੰਘ ਲਿੱਟ ਵਿਸ਼ੇਸ਼ ਅੰਕ' ਅਜਿਹਾ ਮਹੱਤਵਪੂਰਨ ਅੰਕ ਹੈ, ਜਿਸ ਵਿੱਚ ਲਿੱਟ ਦੀ ਕਹਾਣੀ ਨੇ ਸ਼ਖ਼ਸੀਅਤ ਬਾਰੇ ਲੇਖ ਪੜ੍ਹਨ ਨੂੰ ਮਿਲ ਜਾਂਦੇ ਹਨ। ਸ਼ਬਦ ਦੇ ਮੁੱਖ ਸੰਪਾਦਕ ਹਰਜੀਤ ਅਟਵਾਲ ਅਤੇ ਸੰਪਾਦਕ ਜਿੰਦਰ ਹਨ। 'ਮੇਰਾ ਪੰਨਾ' ਵਿੱਚ ਜਿੰਦਰ ਨੇ ਲਿੱਟ ਨੂੰ ਪ੍ਰਮੁੱਖ ਕਹਾਣੀਕਾਰ ਵਜੋਂ ਪੇਸ਼ ਕੀਤਾ ਹੈ। ਜਿਸ ਨੂੰ ਵੱਖਰੀ ਪਛਾਣ ਰੱਖਣ ਵਾਲਾ ਕਹਾਣੀਕਾਰ ਕਿਹਾ ਹੈ। ਤੇ ਉਸ ਨੂੰ ਲਗਾਤਾਰ ਨਜ਼ਰਅੰਦਾਜ਼ ਕਰਨ ਦੀ ਗੱਲ ਵੀ ਕਹੀ ਹੈ। ਜਿੰਦਰ ਨੇ ਲਿੱਟ ਦੀਆਂ ਕਈ ਕਹਾਣੀਆਂ ਦਾ ਜ਼ਿਕਰ ਕੀਤਾ ਜਿਸ ਨੂੰ ਪਾਠਕਾਂ ਵੱਲੋਂ ਭਰਪੂਰ ਹੁੰਗਾਰਾ ਮਿਲਦਾ ਰਿਹਾ। ਅੰਕ ਵਿੱਚ ਮੁਖਤਿਆਰ ਸਿੰਘ (ਮਨੋਵਿਗਿਆਨ ਦਾ ਕਹਾਣੀਕਾਰ ਗੁਰਪਾਲ ਲਿੱਟ), ਸੁਰਿੰਦਰ ਕੈਲੇ (ਜ਼ਿੰਦਗੀ ਦੇ ਇਕਬਾਲਨਾਮੇ ਵਾਲਾ ਕਹਾਣੀਕਾਰ), ਸਤੀਸ਼ ਕੁਮਾਰ ਵਰਮਾ (ਗੁਰਪਾਲ ਤੋਂ ਗੁਰਪਾਲ ਤੱਕ), ਜਤਿੰਦਰ ਸਿੰਘ ਹਾਂਸ (ਉੱਡਦੀ ਹੋਈ ਜ਼ਿੰਦਗੀ ਜੀਅ ਰਿਹਾ ਗੁਰਪਾਲ ਲਿੱਟ) ਆਦਿ ਸ਼ਬਦ ਚਿੱਤਰਾਂ ਨੂੰ ਪੜ੍ਹਦਿਆਂ ਗੁਰਪਾਲ ਲਿੱਟ ਨੂੰ ਨੇੜੇ ਤੋਂ ਦੇਖ ਸਕਦੇ ਹਾਂ। ਅਗਲੇ ਪੰਨਿਆਂ ਉੱਤੇ ਗੁਰਪਾਲ ਲਿੱਟ ਦੀਆਂ 6 ਪ੍ਰਸਿੱਧ ਕਹਾਣੀਆਂ ਨੂੰ ਪ੍ਰਕਸ਼ਤ ਕੀਤਾ ਗਿਆ ਹੈ। ਇਹ ਕਹਾਣੀਆਂ ਹਨ-ਨਹੀਂ, ਇਹ ਅੰਤ ਨਹੀਂ ਹੈ, ਇਕ ਸਟੀਲ ਫਰੇਮ, ਰੇਪ ਕੇਸ, ਮੁੱਠੀ ਵਿੱਚੋਂ ਕਿਰਦਾ ਮਾਰੂਥਲ, ਇਕ ਮਾਂ ਦਾ ਹਨੀਮੂਨ ਤੇ ਦੁਰਗ ਟੁੱਟਦੇ ਨੇ ਨੂੰ ਪਾਠਕ ਪੜ੍ਹ ਸਕਦੇ ਹਨ।

## ਅਰਮਾਨ : ਅਪ੍ਰੈਲ-ਜੂਨ, 2026

ਪੰਜਾਬੀ ਆਲੋਚਨਾ ਨੂੰ ਵਿਧੀਵਧ ਤਰੀਕੇ ਨਾਲ ਪ੍ਰਕਾਸ਼ਤ ਕਰਨ ਵਾਲਾ ਆਨ ਲਾਇਨ ਖੋਜ ਰਸਾਲਾ 'ਅਰਮਾਨ' ਦਾ ਅਪ੍ਰੈਲ-ਜੂਨ, 2026 ਅੰਕ ਤਿਆਰ ਹੋ ਕੇ ਪਾਠਕ ਤੱਕ ਪੁੱਜ ਗਿਆ ਹੈ। ਜਰਨਲ ਦੇ ਪੰਨੇ :158 ਹਨ। ਸੰਪਾਦਕੀ ਪੰਨੇ ਉੱਤੇ ਸੰਦੀਪ ਸਿੰਘ ਮੁੰਡੇ ਨੇ ਵਿਦਿਆਕ ਸੰਸਥਾਵਾਂ ਦੇ ਪ੍ਰਸੰਗ ਵਿੱਚ ਆਪਣੀ ਗੱਲ ਕੀਤੀ ਹੈ। ਹੱਥਲੇ ਅੰਕ ਵਿੱਚ ਡਾ. ਲਾਭ ਸਿੰਘ ਖੀਵਾ-ਡਾ. ਸੰਦੀਪ ਸਿੰਘ ਮੁੰਡੇ (ਨਾਵਲ 'ਹੋਇਆ ਦੇਸ ਪਰਾਇਆ'), ਡਾ. ਰਾਜਵਿੰਦਰ ਕੌਰ (ਗੁਰੂ ਤੇਗ ਬਹਾਦਰ ਦੀ ਬਾਣੀ), ਡਾ. ਜਸਪ੍ਰੀਤ ਕੌਰ (ਜਨਮ ਸਾਖੀ ਸਾਹਿਤ), ਡਾ. ਮਨਪ੍ਰੀਤ ਕੌਰ (ਸੁਰਿੰਦਰ ਨੀਰ ਦਾ ਨਾਵਲ 'ਮਾਇਆ' ), ਪਰਮਿੰਦਰ ਕੌਰ (ਵਿਸ਼ਵੀਕਰਣ ਤੇ ਪੰਜਾਬੀ ਸਭਿਆਚਾਰ), ਡਾ. ਬੀਰਬਲ ਸਿੰਘ (ਰਵਿਦਾਸ ਬਾਣੀ), ਡਾ. ਲਖਵਿੰਦਰ ਸਿੰਘ (ਦੰਡੀ ਕ੍ਰਿਤ ਕਾਵਿਯਾਦਰਸ਼), ਡਾ. ਕਿਰਨ ਗਰਗ (ਮਨੁੱਖੀ ਮਨ ਦਾ ਅਧਿਐਨ), ਡਾ. ਸੰਦੀਪ ਰਾਣਾ ('ਜ਼ੁਬਾਨ ਕੇਸਰੀ' ਕਹਾਣੀ) , ਸਿਮਰਜੀਤ ਕੌਰ (ਹਰਜੀਤ ਅਟਵਾਲ ਦਾ ਨਾਵਲ 'ਘਰ'), ਕਿਰਨਦੀਪ ਕੌਰ (ਅਜਮੇਰ ਔਲਖ ਦਾ ਨਾਟਕ), ਡਾ. ਪਵਨ ਟਿੱਬਾ (ਲੋਕਧਾਰਾ ਸ਼ਾਸਤਰੀ ਥਾਮਸ ਰੋਏਬੱਕ), ਗੁਰਪ੍ਰੀਤ ਸਿੰਘ (ਬਾਗੜੀ ਖਿੱਤੇ ਦੀਆਂ ਵਿਆਹ ਸੰਬੰਧਿਤ ਰਸਮਾਂ), ਡਾ. ਸੁਨੀਤਾ ਰਾਣੀ (ਵੀਨਾ ਵਰਮਾ ਦੀਆਂ ਕਹਾਣੀਆਂ), ਮਦਨ ਪਾਲ ਸਿੰਘ (ਆਰ ਸੀ ਟੈਂਪਲ ਦੀ ਪੰਜਾਬੀ ਲੋਕਧਾਰਾਈ ਸਮੱਗਰੀ), ਡਾ. ਗੁਰਪ੍ਰੀਤ ਕੌਰ (ਪੰਜਾਬ ਦੀਆਂ ਲੋਕ ਖੇਡਾਂ), ਡਾ. ਸੰਦੀਪ ਕੌਰ (ਸਰੂਪ ਸਿਆਲਵੀ ਦੀ ਕਥਾ ਸੰਵੇਦਨਾ), ਮਨਜੀਤ ਕੌਰ (ਪੰਜਾਬੀ ਲੋਕਗੀਤ ਦਾ ਸਭਿਆਚਾਰਕ ਅਧਿਐਨ), ਗੁਰਤੇਜ ਸਿੰਘ-ਡਾ. ਸਿਮਰਨਜੀਤ ਸਿੰਘ), ਪੰਜਾਬੀ ਲੋਕ ਕਹਾਣੀਆਂ), ਡਾ. ਅਕਾਲ ਅੰਮ੍ਰਿਤ ਕੌਰ (ਦ ਵੇਸਟ ਲੈਂਡ ਅਤੇ ਜੰਗ ਦੀ ਹਾਰ), ਜਗਮੋਹਨ ਸਿੰਘ (ਮਨੁ ਪੰਖੀ ਭਇਓ), ਡਾ. ਸ਼ਾਲੂ ਰਾਣੀ (ਕਿਰਪਾਲ ਕਜ਼ਾਕ ਦੇ ਸੰਗ੍ਰਹਿ (ਅੰਤਹੀਣ), ਹੰਸ ਰਾਜ (ਵਣਜਾਰਾ ਬੇਦੀ ਲੋਕ ਬੀਰ ਰਾਜਾ ਰਸਾਲੂ), ਮਨਪ੍ਰੀਤ ਕੌਰ (ਨਾਰੀ ਚੇਤਨਾ 'ਇਕ ਦਿਨ'), ਡਾ. ਸਰਵਰਿੰਦਰ ਸਿੰਘ (ਫ਼ਜ਼ਲ ਸ਼ਾਹ ਰਚਿਤ ਕਿੱਸਾ ਸੋਹਣੀ ਮਹੀਂਵਾਲ) ਡਾ. ਗੁਰਪ੍ਰੀਤ ਸਿੰਘ (ਯੁੱਗ ਅੰਤ, ਅਕਾਲ ਸਹਾਏ ਤੇ ਸੂਰਜ ਦੀ ਅੱਖ) ਅਤੇ ਅੰਮ੍ਰਿਤਪਾਲ ਸਿੰਘ (ਪੂਰਨ ਸਿੰਘ ਦੀ ਕਵਿਤਾ) ਆਦਿ ਦੇ ਮਹੱਤਵਪੂਰਨ ਖੋਜ ਪੇਪਰ ਪ੍ਰਕਾਸ਼ਤ ਕੀਤੇ ਗਏ ਹਨ। ਹਰ ਆਲੋਚਨਾ ਲੇਖ ਤੋਂ ਪਹਿਲਾਂ ਲੇਖ ਦਾ ਸਾਰ ਉਪਰੰਤ ਕੀਵਰਡ ਦਿੱਤਾ ਗਿਆ ਹੈ। 'ਅਰਮਾਨ' ਆਲੋਚਨਾ ਦਾ ਮਿਆਰੀ ਜਰਨਲ ਹੈ। ਜਿਸ ਵਿੱਚ ਪੂਰੀ ਪਰਖ ਪੜਚੋਲ ਨਾਲ ਪੇਪਰਾਂ ਦੀ ਚੋਣ ਕੀਤੀ ਜਾਂਦੀ ਹੈ। ਅਰਮਾਨ ਦੇ ਮੁੱਖ ਸੰਪਾਦਕ ਡਾ. ਸੰਦੀਪ ਸਿੰਘ ਮੁੰਡੇ (94136-52646), ਪ੍ਰਕਾਸ਼ਕ : ਗੁਰੂ ਹਰਗੋਬਿੰਦ ਸਾਹਿਬ ਪੀ. ਜੀ. ਕਾਲਜ, ਸੀ ਸੀ ਹੈਡ, ਸ੍ਰੀ ਗੰਗਾਨਗਰ (ਰਾਜ.), ਰਚਨਾਵਾਂ ਭੇਜਣ ਲਈ : e-mail: principal@ghscollege.ac.in




## ਪੰਖੜੀਆਂ : ਜੂਨ, 2026

ਪੰਖੜੀਆਂ ਦਾ ਨਵਾਂ ਅੰਕ ਵੰਨ ਸੁਵੰਨੀ ਸਮੱਗਰੀ ਲੈ ਕੇ ਹਾਜ਼ਰ ਹੋਇਆ ਹੈ। ਸੰਪਾਦਕੀ ਵਿੱਚ ਪਰਮਿੰਦਰ ਕੌਰ ਨੇ ਰਾਬਿੰਦਰ ਨਾਥ ਟੈਗੋਰ ਦੇ ਪ੍ਰਸੰਗ ਵਿੱਚ ਦੱਸਿਆ ਹੈ ਕਿ ਜਿਸ ਜਿਸ ਨੇ ਆਪਣੇ ਮੱਥੇ ਵਿੱਚ ਦੀਵਾ ਬਾਲਿਆ ਹੈ, ਉਹ ਬਾਕੀਆ ਲਈ ਚਾਨਣ ਮੁਨਾਰਾ ਬਣਿਆ ਹੈ। ਉਨ੍ਹਾਂ ਗਿਆਨ ਦੇ ਪ੍ਰਕਾਸ਼ ਦੀ ਗੱਲ ਕੀਤੀ ਹੈ। ਹੱਥਲੇ ਅੰਕ ਵਿੱਚ ਡਾ. ਰਾਜਿੰਦਰ ਸਿੰਘ, ਅਮਨਦੀਪ ਸਿੰਘ, ਸੁਰਿੰਦਰ ਮਕਸੂਦਪੁਰੀ, ਕੁਲਦੀਪ ਸਿੰਘ, ਗੁਰਐਨਮਪ੍ਰੀਤ ਕੌਰ, ਬਲਵਿੰਦਰ ਕੌਰ ਚੱਠਾ, ਮਨਮੋਹਨ ਦਾਊਂ, ਰਘੁਬੀਰ ਸਿੰਘ ਕਲੋਆ, ਦੇਸ ਰਾਜ ਬਾਲੀ, ਹਰਚਰਨ ਸਿੰਘ, ਕੁਲਵੰਤ ਸਿੰਘ ਢੰਡ, ਓਮ ਪ੍ਰਕਾਸ਼, ਗੁਰਪ੍ਰੀਤ ਸਿੰਘ ਬੀੜ ਕਿਸ਼ਨ, ਬਲਜੀਤ ਸ਼ਰਮਾ, ਕੁਲਵਿੰਦਰ ਕੌਰ ਮਹਿਕ, ਲਲਿਤ ਗੁਪਤਾ, ਜਗੀਰ ਮਾਣਕੀਆ, ਓਮ ਪ੍ਰਕਾਸ਼ ਗਾਸੋ, ਬਲਜਿੰਦਰ ਮਾਨ ਤੇ ਦਰਸ਼ਨ ਸਿੰਘ ਆਸ਼ਟ ਆਦਿ ਲੇਖਕਾਂ ਦੀਆਂ ਕਵਿਤਾਵਾਂ, ਕਹਾਣੀਆਂ ਅਤੇ ਲੇਖ ਪ੍ਰਕਾਸ਼ਤ ਕੀਤੇ ਗਏ ਹਨ। ਹਰ ਰਚਨਾ ਨਾਲ ਰੰਗੀਨ ਤਸਵੀਰ ਬੱਚਿਆਂ ਨੂੰ ਆਪਣੇ ਵੱਲ ਖਿੱਚਦੀ ਹੈ। ਬੱਚਿਆਂ ਲਈ ਭਰਪੂਰ ਸਮੱਗਰੀ ਪੜ੍ਹਨ ਨੂੰ ਮਿਲਦੀ ਹੈ।




ਇਸ ਅੰਕ ਦੇ ਸਫ਼ੇ : 40 ਅਤੇ ਮੁੱਲ : 20 ਰੁਪਏ ਹੈ। ਸੰਪਰਕ : ਸੰਪਾਦਕ ਪੰਖੜੀਆਂ , ਮੈਗਜ਼ੀਨ ਸੈੱਲ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8, ਮੁਹਾਲੀ-2, ਪਰਚੇ ਦੇ ਮੁੱਖ ਸੰਪਾਦਕ : ਉਪ ਸਕੱਤਰ ਅਕਾਦਮਿਕ, ਸੰਪਾਦਕ : ਪਰਮਿੰਦਰ ਕੌਰ, ਸੰਪਰਕ-0172-5227395, ਰਚਨਾਵਾਂ ਭੇਜਣ ਲਈ email: pankhrianpseb@gmail.com



ਮੈਂ ਸਰਬਾਂਗੀ ਲੇਖਕ ਰਣਜੀਤ ਆਜ਼ਾਦ ਕਾਂਝਲਾ (ਸੇਵਾ-ਮੁਕਤ ਲੈਕਚਰਾਰ) ਨੂੰ ਪਿਛਲੇ 40 ਸਾਲ ਤੋਂ ਜਾਣਦਾ ਹਾਂ। ਅਕਸਰ ਹੀ ਇਹਨਾਂ ਦੀਆਂ ਰਚਨਾਵਾਂ ਭਾਸ਼ਾ ਵਿਭਾਗ ਦੇ ਰਸਾਲੇ 'ਜਨ ਸਾਹਿਤ' ਵਿਚ ਛਪਦੀਆਂ ਰਹਿੰਦੀਆਂ ਸਨ। ਬੜੇ ਮਿਲਾਪੜੇ ਤੇ ਸਾਊ ਬਿਰਤੀ ਦੇ ਏਸ ਪ੍ਰਾਣੀ ਨਾਲ ਗੱਲ ਕਰੀਏ ਤਾਂ ਇੰਜ ਮਾਲੂਮ ਹੁੰਦਾ ਹੈ ਜਿਵੇਂ ਤੁਹਾਨੂੰ ਬੜੀ ਦੇਰ ਤੋਂ ਜਾਣਦਾ ਹੋਵੇ। ਸਪੱਸ਼ਟ ਗੱਲ ਮੂੰਹ 'ਤੇ ਕਹਿਣ ਵਾਲਾ ਇਹ ਸੰਜੀਦਾ ਸੱਜਣ ਜਦ ਵੀ ਮਿਲਦਾ ਹੈ ਤਾਂ ਬੜੇ ਅਦਬ, ਸਤਿਕਾਰ ਤੇ ਪਰ ਖਲੂਸ ਨਾਲ ਮਿਲਦਾ ਹੈ ਤੇ ਮਿਲ ਕੇ ਇੰਝ ਮਾਲੂਮ ਹੁੰਦਾ ਹੈ ਜਿਵੇਂ ਕੋਈ ਗੁਆਚੀ ਵਸਤੂ ਲੱਭ ਗਈ ਹੋਵੇ। ਇਹ ਖੁਦਦਾਰ ਲੇਖਕ ਆਪਣੀ ਲੇਖਣੀ ਨੂੰ ਧੁਰ ਅੰਦਰੋਂ ਘਰੋਚ ਕੇ ਫੇਰ ਕਾਗਜ਼ ਦੀ ਹਿੱਕ 'ਤੇ ਪੈੱਨ ਦੀ ਨੋਕ ਧਰ ਰਚਨਾ ਝਰੀਟਦਾ ਹੈ। ਰਣਜੀਤ ਆਜ਼ਾਦ ਕਾਂਝਲਾ ਨੇ ਲੱਗਭੱਗ ਹਰ ਵਿਧਾ ਵਿਚ ਲਿਖ ਕੇ ਸਾਹਿਤ ਵਿਚ ਜ਼ਿਕਰਯੋਗ ਯੋਗਦਾਨ ਪਾਇਆ ਹੈ ਤੇ ਇਹ ਸਿਲਸਿਲਾ ਜਾਰੀ ਹੈ। ਇਹ ਪੰਜਾਬੀ ਦੇ ਵੱਡੇ-ਛੋਟੇ 170 ਸਾਹਿਤਕ ਪੇਪਰਾਂ ਵਿਚ ਹੁਣ ਤੱਕ 4387 ਰਚਨਾਵਾਂ ਛਪ ਚੁੱਕੀਆਂ ਹਨ, ਜਿਹਨਾਂ ਨੂੰ ਕਟਿੰਗ ਰੂਪ ਵਿਚ ਸੰਭਾਲਿਆ ਹੋਇਆ ਹੈ। ਇਹਨਾਂ ਦੀਆਂ ਬਹੁਤ ਸਾਰੀਆਂ ਮਿੰਨੀ ਕਹਾਣੀਆਂ ਹੋਰ ਭਾਸ਼ਾਵਾਂ ਵਿਚ ਅਨੁਵਾਦ ਹੋ ਕੇ ਸਾਂਝੇ ਸੰਗ੍ਰਹਿਆਂ ਵਿਚ ਸ਼ਾਮਲ ਹੋ ਪਾਠਕਾਂ ਤੱਕ ਪਹੁੰਚ ਚੁੱਕੀਆਂ ਹਨ। ਇਹਨਾਂ ਦੀਆਂ ਤਿੰਨ ਪੁਸਤਕਾਂ ਅੱਲ੍ਹੇ ਜ਼ਖ਼ਮ, ਕੁਤਕੁਤਾਰੀਆਂ, ਅਰਸ਼ ਦੇ ਤਾਰੇ ਅਤੇ ਟਹਿਣੀਓਂ ਟੁੱਟੇ ਫੁੱਲ ਛਪ ਚੁੱਕੀਆਂ ਹਨ ਤੇ ਨੌਂ ਹੋਰ ਵੱਖ-ਵੱਖ ਵਿਧਾ ਦੇ ਖਰੜੇ ਛਪਣ ਲਈ ਤਿਆਰ ਪਏ ਹਨ। ਰੇਡੀਓ, ਟੀ. ਵੀ. ਕੇਂਦਰਾਂ 'ਤੇ ਵੀ ਹਾਜ਼ਰੀ ਭਰ ਪਾਠਕਾਂ, ਦਰਸ਼ਕਾਂ-ਸਰੋਤਿਆਂ ਦੇ ਵੀ ਰੂਬਰੂ ਹੁੰਦਾ ਆ ਰਿਹਾ ਹੈ। ਕਈ ਸਾਹਿਤਕ ਸਭਾਵਾਂ-ਸੰਗਠਨਾਂ ਵੱਲੋਂ ਸਨਮਾਨਿਤ ਹੋ ਚੁੱਕਾ ਹੈ। ਅਕਸਰ ਸਾਹਿਤਕ ਸਮਾਗਮਾਂ ਪੰਜਾਬ ਤੇ ਪੰਜਾਬ ਤੋਂ ਬਾਹਰ ਵੀ ਹਾਜ਼ਰੀ ਭਰਦਾ ਆ ਰਿਹਾ ਹੈ। ਇਹਦੇ ਮਨ ਦੀ ਇਕੋ ਇੱਛਾ ਹੈ ਕਿ ਇਹ ਮਾਂ ਬੋਲੀ ਪੰਜਾਬੀ, ਪੰਜਾਬ ਤੇ ਪੰਜਾਬੀਅਤ ਦੀ ਤੰਦਰੁਸਤ, ਨਰੋਏ ਤੇ ਪ੍ਰਗਤੀਵਾਦੀ ਸਾਹਿਤ ਦੁਆਰਾ ਨਿਰੰਤਰ ਮਰਦੇ ਦਮ ਤੱਕ ਸੇਵਾ ਕਰਦਾ ਰਹੇ। **— ਸਤਿੰਦਰ ਸਿੰਘ ਨੰਦਾ**

# ਰਣਜੀਤ ਆਜ਼ਾਦ ਕਾਂਝਲਾ ਦੀਆਂ .ਗ਼ਜ਼ਲਾਂ

ਬਾਪੂ ਦੀਆਂ ਅੱਖਾਂ ਵਿਚ, ਸਮੁੰਦਰ ਤਰਦਾ ਦੇਖਿਆ !
ਬਾਪੂ ਨੂੰ ਸਮੇਂ ਦੇ ਵਹਾਅ ਅੰਦਰ ਮੈਂ ਹੜ੍ਹਦਾ ਦੇਖਿਆ !

ਕਿਰਤ ਕਰਦੇ ਕਰਦੇ, ਢੂਹੀ ਵੀ ਟੇਢੀ ਹੋ ਗਈ ਕਿ,
ਦੁਪਹਿਰ ਸਮੇਂ ਉਸ ਨੂੰ ਇਬਾਦਤ ਕਰਦਾ ਦੇਖਿਆ !

ਗਿਲਾ ਨਾ ਰੰਜ ਕੋਈ, ਭਾਣੇ ਵਿਚ ਉਹ ਰਹਿ ਸਦਾ,
ਰੁੱਖਾ-ਮਿੱਸਾ ਖਾ ਕੇ ਖੁਸ਼ੀ ਵਿਚ ਹਸਦਾ ਦੇਖਿਆ !

ਕਿੰਨੇ ਤੂਫਾਨ ਝੁੱਲੇ, ਕਿੰਨੇ ਹੀ ਫਾਕੇ ਕੱਟ ਕੇ ਐਪਰ,
ਹੌਂਸਲਾ ਹਾਰ ਕੇ ਵੀ ਔਖੇ ਸਾਹ ਨਾ ਭਰਦਾ ਦੇਖਿਆ !

ਸੋਚਦਾ ਹਾਂ ਕਿਸ ਮਿੱਟੀ ਦਾ ਬਣਿਆ ਸੀ ਬਾਪੂ ਮੇਰਾ ?
ਪਹਾੜਾਂ ਸੰਗ ਮੱਥਾ ਲਾ ਵੀ ਕਦੇ ਨਾ ਹਰਦਾ ਦੇਖਿਆ !

ਲੱਕ ਬੰਨ੍ਹ ਕੇ ਖਲੋ ਜਾਣ ਦੀ, ਆਦਤ ਤੋਂ ਜਾਣੂ ਹਾਂ ਮੈਂ,
ਪਰ ਕਈ ਥਾਵਾਂ 'ਤੇ ਖੁਦ ਨੂੰ ਹਉਕੇ ਭਰਦਾ ਦੇਖਿਆ !

ਬੜੇ ਹੁੰਦੇ ਨੇ ਲੋਕ ਸਮੇਂ ਦੇ ਨਾਲ ਬਦਲਦੇ ਆਏ ਜੋ,
ਪਰ ਬਾਪੂ ਨੂੰ ਸਮੇਂ ਦਾ ਬਦਲਾਅ ਕਰਦਾ ਦੇਖਿਆ !

ਪੈਰ 'ਚ ਪੈਰ ਪਾ ਵਡੇਰਿਆਂ ਦੀ ਮੱਤ ਮਨ 'ਚ ਵਸਾ,
ਸਦਾ 'ਆਜ਼ਾਦ' ਰਹਿ ਪੱਬ ਅਗੇਰੇ ਧਰਦਾ ਦੇਖਿਆ !

(2)

ਕੰਡਿਆਂ ਸੰਗ ਜਦੋਂ ਦੀ ਪਾਈ ਹੈ ਦੋਸਤੀ।
ਦੁੱਖਾਂ ਨੂੰ ਕਦੇ ਨਾ, ਫੇਰ ਕੀਤੀ ਹੈ ਬੇਨਤੀ!

ਕਿਸ ਤਰ੍ਹਾਂ ਦਾ ਬਣ ਗਿਆ ਹੈ ਆਦਮੀ ?
ਕੇਹਾ ਰੰਗ ਵਿਖਾ, ਰਹੀ ਏ ਬਖਸ਼ੰਦਗੀ!

ਇੱਕ-ਦੂਜੇ ਤਾਈਂ, ਜਾਣਦੇ ਪਛਾਣਦੇ,
ਪਲ ਵਿੱਚ ਬਣ, ਜਾਂਦੇ ਹਾਂ ਅਜਨਬੀ!

ਕਿੱਦਾਂ ਫੇਰ ਦੇਸ਼, ਉਹ ਗੁਲਾਮ ਹੋਊਗਾ ?
ਸ਼ਹੀਦਾਂ ਦੀ ਲੋਕ ਜੋ ਉਤਾਰਦੇ ਨੇ ਆਰਤੀ !

ਭ੍ਰਿਸ਼ਟਾਚਾਰ, ਘੁਟਾਲੇ ਤੇ ਬਦਅਮਨੀਆਂ,
ਕਿਹੋ ਜਿਹੇ ਅਸੀਂ ਬਣ ਗਏ ਹਾਂ ਭਾਰਤੀ ?

ਭਾਈ ਭਾਈ ਤੋਂ ਹੋਇਆ ਯਕੀਨ ਕਤਲ ਹੈ,
ਇਖ਼ਲਾਕ ਦੇ ਕੰਢੇ ਖੜ੍ਹੀ ਕੁਰਲਾਵੇ ਇਸਤਰੀ !

ਘਰ ਦਾ ਬੱਚਾ ਵੀ, ਓਏ ਨਾ ਕਹਾਏ ਹੁਣ,
ਦੇਈਏ ਸਲਾਹ ਅੱਗੋਂ ਮਿਲਦੀ ਨਾਰਾਜ਼ਗੀ !

ਲਿਖ ਕੇ ਗ਼ਜ਼ਲਾਂ ਪੰਨੇ ਸਿਆਹ ਨਾ ਕਰ ਰਹੇ,
ਮਿਲਦੈ 'ਆਜ਼ਾਦ' ਕੁਝ ਸਕੂਨ ਤੇ ਤਾਜ਼ਗੀ !

(3)

ਹੈ ਕੂੜ ਦਾ ਬੋਲ ਬਾਲਾ-ਭਰੇ ਬਾਜ਼ਾਰ ਵਿੱਚ।
ਹੋ ਰਿਹਾ ਘਾਲਾ ਮਾਲਾ-ਭਰੇ ਬਾਜ਼ਾਰ ਵਿੱਚ।
ਲਿਬਾਸ ਪਹਿਨ ਕੇ ਸੁੱਚਾ ਕਰੇ ਜੋ ਖ਼ਰਮਸਤੀ,
ਉਹ ਊਣੀ ਅਕਲ ਵਾਲਾ-ਭਰੇ ਬਾਜ਼ਾਰ ਵਿੱਚ।
ਪਿਆ ਕਰੇ ਧੱਕਾ ਹੱਥ 'ਚ ਲੈ ਅਸੂਲ ਸਭ,
ਹੋ ਕੇ ਉਹ ਮਤਵਾਲਾ-ਭਰੇ ਬਾਜ਼ਾਰ ਵਿੱਚ।
ਲੋਕਾਂ ਦਾ ਹਜੂਮ ਜੋ ਸਭ ਕੁੱਝ ਵੇਖ ਰਿਹਾ,
ਲਾਊਗਾ ਮੂੰਹ ਨੂੰ ਤਾਲਾ-ਭਰੇ ਬਾਜ਼ਾਰ ਵਿੱਚ।
ਲੋਕਾਂ ਦੇ ਦੁਰਕਾਰੇ ਮਿੱਤਰ ਉਹਦੇ ਸਭ,
ਕਰਦੇ ਧੰਦਾ ਕਾਲਾ-ਭਰੇ ਬਾਜ਼ਾਰ ਵਿੱਚ।
ਪੰਚਾਂ ਦਾ ਕਹਿਣਾ ਸਿਰ-ਮੱਥੇ ਹੈ ਪਰ,
ਥਾਂਇ ਰੱਖੇ ਪਰਨਾਲਾ-ਭਰੇ ਬਾਜ਼ਾਰ ਵਿੱਚ।
ਸ਼ਰਮ ਹਯਾ ਨੂੰ ਉੱਕਾ ਹੀ ਮਨੋਂ ਵਿਸਾਰ ਕੇ,
ਕਰਦੈ ਸਾਂਝ ਪਿਆਲਾ-ਭਰੇ ਬਾਜ਼ਾਰ ਵਿੱਚ।
ਹੈ ਲੋਟੂ ਜਮਾਤ ਇੱਕ-ਕਿਰਤੀ ਖਿੰਡੇ ਪਏ,
ਦੇ ਦੋ ਦੇਸ਼ ਨਿਕਾਲਾ-ਭਰੇ ਬਾਜ਼ਾਰ ਵਿੱਚ।
ਮਾਰ ਦੁਗਾੜਾ ਕਹਿ ਦਿਓ ਲੋਟੂ ਜੋਕਾਂ ਨੂੰ,
ਛੱਡ'ਦੋ ਧੰਦਾ ਕਾਲਾ-ਭਰੇ ਬਾਜ਼ਾਰ ਵਿੱਚ।
ਕਿਰਤੀ ਵੀਰੋ, ਕਦ ਤੱਕ ਲੁੱਟਦੇ ਰਹਿਣਾ ਜੇ ?
ਫੜ ਲਓ ਲੋਟੂ ਕਾਲਾ-ਭਰੇ ਬਾਜ਼ਾਰ ਵਿੱਚ।
'ਅਜ਼ਾਦ' ਗੁਲਾਮੀ ਕੈਸੀ ਜੀਭਾ ਬੰਦ ਰਹੇ,
ਸੱਚ ਦੀ ਫੇਰੋ ਮਾਲਾ-ਭਰੇ ਬਾਜ਼ਾਰ ਵਿੱਚ।

(4)

ਹੁਣ ਸਭ ਫਿਰਦੇ ਪਏ ਮਾਰੇ-ਮਾਰੇ ਲੋਕ।
ਜਿੱਤ ਕੇ ਬਾਜ਼ੀ ਜਿਉਂ ਗਏ ਨੇ ਹਾਰੇ ਲੋਕ!

ਬਣ ਜਿਉਂਦੀਆਂ ਲਾਸ਼ਾਂ ਪਏ ਟੁਰਦੇ ਐ,
ਪੈਂਦੀ ਤੇਜ਼ ਮਹਿੰਗਾਈ ਨੇ ਸਭ ਮਾਰੇ ਲੋਕ!

ਅੱਜ-ਕੱਲ੍ਹ ਦੁੱਧ ਦੀ ਰਾਖੀ ਬਹਿੰਦੇ ਬਿੱਲੇ ਐ,
ਖਾ ਗਏ ਮਲਾਈ ਇਹ ਹਤਿਆਰੇ ਲੋਕ!

ਪੱਲੇ ਹੈ ਆਪਣੇ ਤਾਂ ਕੁਝ ਖਾ ਪੀ ਲਓ,
ਬੜੇ ਮਿਲਣਗੇ ਐਸੇ ਰੱਬ ਦੇ ਮਾਰੇ ਲੋਕ!

ਫੁੱਟਪਾਥਾਂ 'ਤੇ ਸੌਂਦੇ ਰੋਟੀ ਮਿਲਦੀ ਨਈਂ,
ਸਮਾਜਵਾਦ ਦੇ ਲਾਈ ਜਾਂਦੇ ਨਾਅਰੇ ਲੋਕ!

ਗੱਲ ਕਰਦੇ ਹੋ ਇੱਥੇ ਠੰਢੀਆਂ ਪੌਣਾਂ ਦੀ,
ਠੰਢ 'ਚ ਵੀ ਛੱਡਦੇ ਪਏ ਅੰਗਿਆਰੇ ਲੋਕ!

ਸਭ ਉਚੱਕੇ ਚੌਧਰੀ ਗੱਦੀ ਮੱਲੀ ਬੈਠੇ ਐ,
ਇਹ ਜਨਤਾ ਦੇ ਸੱਚੇ ਸੇਵਕ ਪਿਆਰੇ ਲੋਕ!

ਝਾਂਸੇ ਵਿੱਚ 'ਆਜ਼ਾਦ' ਕਿਤੇ ਨਾ ਆ ਜਾਵੀਂ,
ਉਪਰੋਂ ਮਿੱਠੇ ਵਿੱਚੋਂ ਬੜੇ ਨੇ ਖਾਰੇ ਲੋਕ।

## ਪਿੰਡ ਦਾ ਗੇੜਾ

ਪਿੰਡ ਦਾ ਗੇੜਾ ਲਾ ਆਇਆ ਹਾਂ।
ਬਚਪਨ ਚੇਤੇ ਕਰ ਆਇਆ ਹਾਂ।
ਦਿਸਿਆ ਨਾ ਕਿਤੇ ਬਾਣੀਆਂ ਵਾਲਾ ਖੂਹ,
ਜਿੱਥੇ ਠੰਡੇ ਪਾਣੀ ਨਾਲ ਨਹਾਉਂਦੇ ਸਾਂ।
ਇਕ ਦੂਜੇ ਤੋਂ ਅੱਗੇ ਹੋ ਹੋ ਤੜੀ ਨਾਲ
ਖੂਬ ਮਲ ਮਲ ਕੇ ਨਹਾਉਂਦੇ ਸਾਂ।
ਯਾਦਾਂ ਦੇ ਵਿਚ ਰਹਿ ਗਿਆ ਖੂਹ
ਅੱਖਾਂ ਨਾਲ ਦੇਖ ਆਇਆ ਹਾਂ।

ਤਾਈ ਕਿਸ਼ਨੋ ਦੀ ਭੱਠੀ ਗਾਇਬ ਸੀ
ਦਾਣੇ ਭਨਾ ਮਾਰ ਪਚਾ ਕੇ ਖਾਂਦੇ ਸੀ।
ਇਕ ਦੂਜੇ ਮੂਹਰੇ ਹੋ ਹੋ ਮੱਕੀ ਦੇ ਮੁਰਮਰੇ
ਛੋਲਿਆਂ ਦੀ ਦਾਲ ਬਣਾ ਖਾਂਦੇ ਸੀ।
ਦ੍ਰਿਸ਼ ਨੂੰ ਨੈਣਾਂ 'ਚ ਸਮੋਅ ਲਿਆਇਆ ਹਾਂ।

ਜੇਠੂ ਚਾਰਜ ਦੀ ਹੱਟ ਢਹਿ ਢੇਰੀ ਹੋ ਗਈ
ਪੱਗਾਂ ਰੰਗਾਉਣ ਲਈ ਮੇਲਾ ਜੁੜਦਾ ਸੀ।
ਕੰਨ ਪਾਈ ਨਾ ਸੁਣਦੀ ਸੀ ਉਦੋਂ
ਹਰੇਕ ਚੋਬਰ ਆ ਕੇ ਉੱਥੇ ਖੜ੍ਹਦਾ ਸੀ।
ਕਿੰਨੀ ਦੁਨੀਆ ਹੋ ਹੋ ਹੈ ਤੁਰਗੀ
ਵਿੱਛੜੀਆਂ ਰੂਹਾਂ ਨੂੰ ਚੇਤੇ ਕਰ ਆਇਆ ਹਾਂ।

ਗਲੀ ਮੁਹੱਲੇ ਤਾਂ ਸਭ ਖੁੱਲ੍ਹੇ ਹੋ ਗਏ
ਪਰ ਦਿਲ ਲੋਕਾਂ ਦੇ ਤੰਗ ਨੇ ਜਾਪੇ।
ਬਚਪਨ ਦੇ ਦਿਨਾਂ ਨੂੰ ਯਾਦ ਕਰਕੇ
ਮੋਹ ਨਾਲ ਪਾਲਦੇ ਚੇਤੇ ਆਏ ਮਾਪੇ।
ਨੈਣਾਂ 'ਚੋਂ ਵਹਿ ਤੁਰੇ ਹੰਝੂ ਖਾਰੇ
ਹੁੱਬਕੀ ਹੁੱਬਕੀ ਰੋਅ ਆਇਆ ਹਾਂ।

ਪੜ੍ਹਾਉਣ ਵਾਲੇ ਉਹ ਭਲੇ ਮਾਸਟਰ
ਜੋ ਕੁੱਟਦੇ ਘੱਟ ਪੜ੍ਹਾਉਂਦੇ ਵੱਧ ਸੀ।
ਪੁੱਤਰਾਂ ਵਾਂਗ ਪਿਆਰ ਸੀ ਕਰਦੇ
ਆਪਸੀ ਮੁਕਾਬਲੇ ਕਰਾਉਂਦੇ ਵੱਧ ਸੀ।
ਉਹਨਾਂ ਦੀ ਕੀਰਤੀ ਨੂੰ ਕਰ ਸਿਜਦਾ
ਸਕੂਲ ਨੂੰ ਵੀ ਸਿਜਦਾ ਕਰ ਆਇਆ ਹਾਂ।

ਕਿੰਨਾ ਕੁਝ ਪਿੱਛੇ ਰਹਿ ਗਿਆ
ਤੇ ਕਿੰਨਾ ਕੁਝ ਬਦਲ ਗਿਆ ਹੈ।
ਬੜੀ ਤਰੱਕੀ ਕੀਤੀ ਹੈ ਵੀਰੋ
ਪਿੰਡ ਦਾ ਨਕਸ਼ਾ ਬਦਲ ਗਿਆ ਹੈ।
ਬਚਪਨ ਦੇ ਬੇਲੀ ਸਾਥੀ ਸਾਰੇ
ਇਕ ਇਕ ਕਰ ਜਹਾਨੋ ਤੁਰ ਗਏ ਨੇ।
ਯਾਦਾਂ ਦੇ ਝੁਰਮਟ 'ਚ ਮਿੱਤਰੋ
ਉਹ ਰਾਂਗਲੇ ਦਿਨ ਭੁਰ ਗਏ ਨੇ।
ਸਭ ਨੂੰ ਆਪੋ ਆਪਣੀ ਥਾਂ 'ਤੇ ਜੀ
ਸਭ ਲਈ ਹਉਕਾ ਭਰ ਆਇਆ ਹਾਂ।

ਗੁਰਦੁਆਰੇ, ਮੰਦਰ, ਸ਼ਿਵ ਦਿਵਾਲੇ, ਪੀਰ ਖਾਨਾ,
ਮਸੀਤ, ਸਮਾਧਾਂ ਨੂੰ ਸਿੱਜਦਾ ਕਰ ਖੈਰ ਮਨਾਈ ਹੈ।
ਮਿਹਨਤ ਮੁਸ਼ੱਕਤ ਸਦਕਾ ਜੀਵਨ ਵਿਚ
ਇਕ ਵਿਲੱਖਣ ਤਰੱਕੀ ਪਾਈ ਹੈ।
ਰਗਾਂ ਵਿਚ ਰਮੇ ਪਿੰਡ ਕਾਂਝਲਾ ਨੂੰ
ਮੁੜ ਮੁੜ ਚੇਤੇ ਕਰ ਆਉਂਦਾ ਹਾਂ।
ਦਸਵੀ, ਮੱਸਿਆ, ਸੰਗਰਾਂਦ ਦਿਨਾਂ ਹੋਰ
ਬਰਸੀ ਸਮਾਗਮਾਂ 'ਤੇ ਹਾਜ਼ਰੀ ਭਰ ਆਇਆ ਹਾਂ।

ਜੜ੍ਹਾਂ ਨਾਲ ਸਦਾ ਜੁੜੇ ਹੀ ਰਹੀਏ
ਦਾਤੇ ਅੱਗੇ ਏਹੋ ਅਰਜ਼ ਗੁਜ਼ਾਰੀ ਹੈ।
ਲੱਖ ਤਰੱਕੀ ਪਾ ਜਾਈਏ ਭਾਵੇਂ ਪਰ
ਨਗਰ ਤੋਂ ਮੁੱਖ ਮੋੜਨ ਦੀ ਕਦੇ ਨਾ ਧਾਰੀ ਹੈ।
ਹੋਏ, ਬੀਤੇ, ਗੁਜ਼ਰੇ ਦੀਆਂ ਕਥਾ ਕਹਾਣੀਆਂ
ਦਿਮਾਗ ਵਿਚ ਭਰ ਲਿਆਇਆ ਹਾਂ।
ਅਪਣੇ ਪਿੰਡ ਦਾ ਗੇੜਾ ਲਾ ਆਇਆ ਹਾਂ।
ਬਚਪਨ ਦੇ ਦਿਨ ਚੇਤੇ ਕਰ ਆਇਆ ਹਾਂ।

**ਮੋਬਾ. 094646-97781**

ਸਫ਼ਾ 3 ਦੀ ਬਾਕੀ

## ਰਿਸ਼ਤਿਆਂ ਦੇ ਸਾਵੇਂਪਨ 'ਚ ਪਰਜੀਵੀ ਸੋਚ ਘਾਤਕ...

ਹਨ। ਬਹੁਤ ਸਾਰੇ ਨਿਰਮਾਤਾ ਜਾਂ ਅਜਿਹੇ ਲੋਕ ਜਿਨ੍ਹਾਂ ਨੂੰ ਫਿਲਮੀ ਦੁਨੀਆ ਦੀ ਚਮਕ-ਦਮਕ ਪ੍ਰਭਾਵਤ ਕਰਦੀ ਹੈ, ਉਹ ਹਰਨਾਮ ਦੀ ਕਿਸੇ-ਕਿਸੇ ਕਹਾਣੀ ਉਤੇ ਕੁਝ ਲੱਖ ਲਗਾਉਣ ਲਈ ਤਿਆਰ ਵੀ ਹੋ ਜਾਂਦੇ ਰਹੇ, ਪਰ ਨਤੀਜਾ ਕਦੇ ਵੀ ਚੰਗਾ ਨਾ ਨਿਕਲਿਆ। ਉਸ ਨੇ ਤਾਂ ਆਪਣੇ ਪੁਰਾਣੇ ਮਿੱਤਰ ਅੰਮ੍ਰਿਤ ਨੂੰ ਵੀ ਚੂਨਾ ਲਗਾਉਣ ਵਿੱਚ ਗੁਰੇਜ਼ ਨਹੀਂ ਕੀਤਾ। ਅੰਮ੍ਰਿਤ ਨੇ ਪੁਰਾਣੀ ਦੋਸਤੀ ਕਾਰਨ ਚਾਹੁੰਣ ਦੇ ਬਾਵਜੂਦ ਹਰਨਾਮ ਨਾਲੋਂ ਨਾਤਾ ਨਾ ਤੋੜਿਆ। ਭਾਵੇਂ ਉਹ ਵਿਚਕਾਰ ਕਈ ਸਾਲ ਇਕ-ਦੂਜੇ ਤੋਂ ਦੂਰ ਰਹੇ। ਹਰਨਾਮ ਨੂੰ ਆਪਣਾ ਝੂਠ-ਸੱਚ ਤੇ ਦੁੱਖ-ਦਰਦ ਦੱਸਣ ਲਈ ਸਿਰਫ਼ ਅੰਮ੍ਰਿਤ ਨਜ਼ਰ ਆਉਂਦਾ ਹੈ, ਉਸੇ ਤਰ੍ਹਾਂ ਜਸਮੀਨ ਉਸ ਅੱਗੇ ਖੁੱਲ੍ਹ ਕੇ ਹਰ ਗੱਲ ਕਰਦੀ ਹੈ। ਉਹ ਦੋਵਾਂ ਦੀ ਸੁਣਦਾ ਰਹਿੰਦਾ ਹੈ। ਜ਼ਿੰਦਗੀ ਵਿੱਚ ਅਜਿਹੇ ਦੋਸਤ ਹੋਣੇ ਬਹੁਤ ਜ਼ਰੂਰੀ ਹਨ, ਜੋ ਤੁਹਾਡੇ ਅੰਦਰਲੇ ਉਬਾਲ ਨੂੰ ਸਬਰ ਨਾਲ ਸੁਣ ਸਕਣ। ਉਹ ਜਾਣਦਾ ਦੋਵਾਂ ਨੂੰ ਹੈ, ਦੋਵੇਂ ਆਪਣੀ-ਆਪਣੀ ਥਾਂ ਠੀਕ ਵੀ ਹੋ ਸਕਦੇ ਹਨ ਤੇ ਆਪਣੇ ਸਵਾਰਥ ਨੂੰ ਮੁੱਖ ਰੱਖਦੇ ਹੋਏ ਆਪਣੇ ਦਾਮਨ ਉਤੇ ਕੋਈ ਦਾਗ਼ ਵੀ ਨਹੀਂ ਲੱਗਣ ਦੇਣਾ ਚਾਹੁੰਦੇ।

ਨਾਵਲ ਇਹ ਵੀ ਦੱਸਦਾ ਹੈ ਕਿ ਫਿਲਮੀ ਦੁਨੀਆ ਵਿੱਚ ਪੈਸਾ ਲਗਾਉਣ ਵਾਲੇ ਹਮੇਸ਼ਾ ਹੀ ਨਾਮਵਰ ਸ਼ਖਸੀਅਤਾਂ ਤੇ ਪੈਸੇ ਵਾਲੇ ਅਮੀਰ ਲੋਕ ਹੀ ਹੁੰਦੇ ਹਨ। ਜਿਨ੍ਹਾਂ ਕੋਲ ਬਥੇਰਾ ਪੈਸਾ ਹੈ ਤੇ ਉਹ ਬਸ ਉਸ ਨੂੰ ਇੱਧਰ-ਉੱਧਰ ਖੇਤਰਾਂ ਵਿੱਚ ਲਗਾ ਕੇ ਇਸ ਨੂੰ ਹੋਰ ਦੂਣਾ-ਚੌਗੁਣਾ ਕਰਨਾ ਚਾਹੁੰਦੇ ਹਨ। ਇਸ ਵਿੱਚ ਉਦਯੋਗਪਤੀ, ਫੈਕਟਰੀਆਂ ਵਾਲੇ, ਧਰਮ ਦੇ ਨਾਂਅ 'ਤੇ ਡੇਰੇ ਚਲਾਉਣ ਵਾਲੇ ਰਾਧੇ ਮਾਂ ਜਿਹੇ, ਗੁਰਦੁਆਰਿਆਂ ਦੇ ਵੱਡੇ ਪ੍ਰਧਾਨ, ਠੇਕੇਦਾਰ, ਰਾਜਨੀਤਕ ਆਦਿ ਸਭ ਸ਼ਾਮਲ ਹੁੰਦੇ ਹਨ, ਕਿਉਂਕਿ ਪੈਸਾ ਹੀ ਇਨ੍ਹਾਂ ਗਿਣੇ-ਚੁਣੇ ਲੋਕਾਂ ਕੋਲ ਹੈ ਤੇ ਫਿਲਮਾਂ ਉਤੇ ਕਈ-ਕਈ ਕਰੋੜਾਂ ਖ਼ਰਚ ਹੁੰਦੇ ਹਨ। ਜੇ ਇਕ ਵਾਰ ਕੋਈ ਫਿਲਮ ਕਾਮਯਾਬ ਹੋ ਗਈ ਤਾਂ ਉਹ ਕਈ ਸੌ ਗੁਣਾ ਬਣ ਕੇ ਵਾਪਸ ਆ ਜਾਂਦਾ ਹੈ।

'ਪਰਜੀਵੀ' ਰਾਹੀਂ ਨਾਵਲਕਾਰ ਨੇ ਫਿਲਮੀ ਦੁਨੀਆ ਦੇ ਅੰਦਰੂਨੀ ਪੱਖਾਂ, ਆਲੇ-ਦੁਆਲੇ ਦੇ ਮਾਹੌਲ, ਕਾਮਯਾਬੀ-ਨਾਕਾਮੀ, ਪੌੜੀ ਬਣਾ ਕੇ ਅੱਗੇ ਵਧਣ ਜਿਹੇ ਕਈ ਵਰਤਾਰਿਆਂ ਨੂੰ ਬਿਰਤਾਂਤ ਵਿੱਚ ਪਿਰੋ ਕੇ ਪੇਸ਼ ਕੀਤਾ। ਹਰ ਬੰਦਾ ਚੰਗੇ-ਮਾੜੇ ਹਾਲਾਤ ਦੀ ਉਪਜ ਹੈ। ਹਰਨਾਮ ਵਿੱਚ ਭਾਵੇਂ ਕਿੰਨੀਆਂ ਹੀ ਮਾੜੀਆਂ ਆਦਤਾਂ ਰਹੀਆਂ ਹੋਣ, ਪਰ ਉਸ ਨੇ ਖੁਸ਼ਬੂ ਨੂੰ ਆਪਣੀ ਧੀ ਵਾਂਗ ਹੀ ਪਿਆਰ ਕੀਤਾ। ਉਸ ਨੇ ਕਦੇ ਉਸ ਉਤੇ ਇਹ ਜ਼ਾਹਰ ਨਹੀਂ ਹੋਣ ਦਿੱਤਾ ਕਿ ਉਹ ਉਸ ਦਾ ਪਿਤਾ ਨਹੀਂ। ਜਿੱਥੋਂ ਤੱਕ ਹੋ ਸਕਿਆ, ਖੁਸ਼ਬੂ ਨੂੰ ਡਿਪਰੈਸ਼ਨ ਦੀ ਬਿਮਾਰੀ ਵਿੱਚੋਂ ਕੱਢਣ ਲਈ ਹਮੇਸ਼ਾ ਉਸ ਦਾ ਸਾਥ ਦਿੱਤਾ। ਉਸ ਨੂੰ ਆਪਣੇ ਆਫਿਸ ਵਿੱਚ ਬਿਠਾ ਕੇ ਉਸ ਦੇ ਆਤਮ-ਵਿਸ਼ਵਾਸ ਵਿੱਚ ਵਾਧਾ ਕਰਨਾ ਚਾਹਿਆ। ਉਸ ਦੇ ਵਿਆਹ ਵਿੱਚ ਬਾਪ ਹੋਣ ਦਾ ਫ਼ਰਜ਼ ਨਿਭਾਉਣ ਲਈ ਜਸਮੀਨ ਨਾਲ ਖੜਾ ਹੋਇਆ। ਹੁਣ ਜਦੋਂ ਫਿਰ ਸੰਜੀਵਨੀ ਦੇ ਫੋਨ ਤੋਂ ਉਸ ਦੇ ਡਿਪਰੈਸ਼ਨ ਦਾ ਸ਼ਿਕਾਰ ਹੋਣ ਤੇ ਹਸਪਤਾਲ ਵਿੱਚ ਦਾਖ਼ਲ ਹੋਣ ਦਾ ਪਤਾ ਲੱਗਾ ਤਾਂ ਉਸ ਨੇ ਤੁਰੰਤ ਜਲੰਧਰ ਤੋਂ ਮੁੰਬਈ ਜਾਣ ਦਾ ਫੈਸਲਾ ਕਰ ਲਿਆ। ਅਜਿਹੀ ਇਕ ਖ਼ੂਬੀ ਵੀ ਬੰਦੇ ਦੇ ਦਸ ਝੂਠ ਮਾਫ਼ ਕਰਨ ਲਈ ਕਾਫੀ ਹੋ ਸਕਦੀ ਹੈ, ਕਿਉਂਕਿ ਇਸ ਤੋਂ ਪਤਾ ਲੱਗਦਾ ਹੈ ਕਿ ਹਰਨਾਮ ਵੀ ਇਨਸਾਨ ਹੈ, ਜਿਸ ਅੰਦਰ ਦਿਲ ਹੈ, ਜਿਸ ਵਿੱਚ ਜਜ਼ਬਾਤ ਹਨ। ਉਸ ਨੇ ਸ਼ੁਰੂ ਤੋਂ ਖੁਸ਼ਬੂ ਨੂੰ ਧੀ ਮੰਨਿਆ, ਭਾਵੇਂ ਸੰਜੀਵਨੀ ਰਾਹੀਂ ਉਹ 'ਨੈਟਫਲਿਕਸ' ਤੱਕ ਦਾ ਦਾਂਵ ਲਗਾਏ ਬੈਠਾ ਹੈ, ਪਰ ਖੁਸ਼ਬੂ ਨਾਲ ਉਸ ਦਾ ਸਨੇਹ ਬਿਨਾਂ ਕਿਸੇ ਸਵਾਰਥ ਦਾ ਹੈ, ਕਿਉਂਕਿ ਖੁਸ਼ਬੂ ਦਾ ਉਸ ਉਤੇ ਆਪਣੇ ਬਾਪ ਵਜੋਂ ਭਰੋਸਾ ਕਰਨਾ ਹੀ ਉਸ ਲਈ ਵੱਡੀ ਪੂੰਜੀ ਹੈ। ਬਿਮਾਰੀ ਵੇਲੇ ਵੀ ਜੇ ਖੁਸ਼ਬੂ ਉਸ ਨੂੰ ਯਾਦ ਕਰਦੀ ਹੈ ਤਾਂ ਜ਼ਾਹਰ ਹੈ, ਹਰ ਰਿਸ਼ਤੇ ਦੀ ਬੁਨਿਆਦ ਵਿੱਚ ਸਵਾਰਥ ਨਹੀਂ ਭਰੋਸੇ ਹੀ ਜਿੱਤਦੇ ਹਨ।

ਸਮਾਜ ਵਿੱਚ ਅਸੀਂ ਸਾਰੇ ਹੀ ਇਕ-ਦੂਜੇ 'ਤੇ ਨਿਰਭਰ ਕਰਦੇ ਤੇ ਆਪਸੀ ਸਹਾਰਾ ਬਣਦੇ ਹਾਂ। ਪਰ ਜਦੋਂ ਬੰਦਾ ਆਪਣੇ ਹੀ ਸਹਾਰੇ ਨੂੰ ਹੀ ਖਾਣ ਲੱਗ ਜਾਏ, ਉਸ ਉੱਤੇ ਆਪਣਾ ਸਾਰਾ ਭਾਰ ਬੇਸ਼ਰਮੀ ਨਾਲ ਪਾ ਕੇ ਲਾਪਰਵਾਹ ਹੋ ਜਾਏ, ਤਾਂ ਇਹ 'ਪਰਜੀਵੀ' ਸਥਿਤੀ ਨਿਰਭਰ ਬੰਦੇ ਨੂੰ ਭਾਵੇਂ ਲਾਹੇਵੰਦ ਲੱਗੇ, ਪਰ ਇਸ ਨਾਲ ਸੰਬੰਧਾਂ ਦੇ ਬਦਤਰ ਹੋਣ ਵਿੱਚ ਦੇਰ ਨਹੀਂ ਲੱਗਦੀ।

ਲੇਖਕ ਤੇ ਫਿਲਮਾਂ ਅਕਸਰ ਘਟਨਾਵਾਂ ਤੇ ਪਾਤਰਾਂ ਦੇ ਮਨੋਕਲਪਿਤ ਹੋਣ ਦਾ ਸੰਦੇਸ਼ ਪ੍ਰਸਾਰਤ ਕਰਦੇ ਹਨ, ਪਰ ਮਨੁੱਖੀ ਜ਼ਿੰਦਗੀ ਦੇ ਵਰਤਾਰਿਆਂ ਦਾ ਤਾਣਾ-ਬਾਣਾ ਕਿਸੇ ਨਾ ਕਿਸੇ ਨਾਲ ਟਕਰਾ ਕੇ, ਕਿਧਰੇ ਤੇ ਕਿਸੇ ਨਾਲ ਮਿਲ ਵੀ ਸਕਦਾ ਹੈ। ਆਖ਼ਰ ਲੇਖਕ ਨੇ ਸਮਾਜ ਵਿੱਚੋਂ ਹੀ ਤਾਂ ਸਭ ਗ੍ਰਹਿਣ ਕਰਨਾ ਹੁੰਦਾ ਹੈ।

**ਮੋਬਾ. 98681-82835**

ਸਫ਼ਾ 1 ਦੀ ਬਾਕੀ

## ਆਰਥਿਕ ਸੰਕਟ, ਸਰਕਾਰ ਅਤੇ ਲੋਕ...

ਵਿਦੇਸ਼ੀ ਸਿੱਕਾ ਬਚਾਉਣਾ ਹੈ। ਇਸ ਦਾ ਅਧਾਰ ਹੈ ਕਿ ਜਨਵਰੀ 2026 ਵਿੱਚ ਵਿਦੇਸ਼ੀ ਸਿੱਕਾ ਭੰਡਾਰ 723.8 ਬਿਲੀਅਨ ਡਾਲਰ ਸਨ ਅਤੇ ਫਰਵਰੀ 728.5 ਬਿਲੀਅਨ ਡਾਲਰ ਸਨ, ਪਰ ਮਈ ਦੇ ਪਹਿਲੇ ਹਫਤੇ ਦੇ ਅਖੀਰ ਵਿੱਚ ਇਹ ਭੰਡਾਰ 690.7 ਬਿਲੀਅਨ ਡਾਲਰ ਚਲਿਆ ਗਿਆ। ਜਨਵਰੀ ਦੇ ਮੁਕਾਬਲੇ ਵਿਦੇਸ਼ੀ ਸਿੱਕਾ ਭੰਡਾਰਾਂ ਵਿੱਚ 33.1 ਬਿਲੀਅਨ ਡਾਲਰ ਦੀ ਕਮੀ ਆਈ ਹੈ। (ਪਾਠਕਾਂ ਦੀ ਸੌਖ ਲਈ ਇੱਕ ਹਜ਼ਾਰ ਲੱਖ ਦਾ ਇੱਕ ਬਿਲੀਅਨ)। ਇਸ ਸਮੇਂ ਕੌਮਾਂਤਰੀ ਬਾਜ਼ਾਰ ਵਿੱਚ ਜੋ ਹਾਲਾਤ ਬਣੇ ਹੋਏ ਹਨ, ਉਨ੍ਹਾਂ ਵਿੱਚ ਵਿਦੇਸ਼ੀ ਸਿੱਕੇ ਦੀ ਜ਼ਰੂਰਤ ਵਧ ਰਹੀ ਹੈ। ਵਿਦੇਸ਼ੀ ਸਿੱਕੇ ਦੀ ਘਾਟ ਦੇ ਦੋ ਵੱਡੇ ਕਾਰਨ ਹਨ। ਇੱਕ ਤਾਂ ਇਹ ਹੈ ਕਿ ਭਾਰਤੀ ਕਰੰਸੀ ਦੀ ਕਦਰ ਲਗਾਤਾਰ ਘਟ ਰਹੀ ਹੈ। ਇਸ ਸਮੇਂ ਅਮਰੀਕੀ ਡਾਲਰ ਦੀ ਕੀਮਤ 97 ਰੁਪਏ, ਯੂਰੋ ਦੀ 111 ਰੁਪਏ, ਬਰਤਾਨਵੀ ਪੌਂਡ ਦੀ 128 ਰੁਪਏ, ਕਨੇਡੀਅਨ ਡਾਲਰ 70 ਰੁਪਏ ਅਤੇ ਆਸਟਰੇਲੀਅਨ ਡਾਲਰ 69 ਰੁਪਏ ਹੈ। ਡਾਕਟਰ ਮਨਮੋਹਨ ਸਿੰਘ ਦੇ ਸਮੇਂ ਨਿਸ਼ਚਿਤ ਕਰੰਸੀ ਦਰ (ਜਿਸ ਵਿੱਚ ਸਰਕਾਰ ਕਰੰਸੀ ਦੀ ਕੀਮਤ ਤੈਅ ਕਰਦੀ ਸੀ) ਵਾਲਾ ਪ੍ਰਬੰਧ ਖ਼ਤਮ ਕਰ ਦਿੱਤਾ ਗਿਆ, ਉਸ ਦੀ ਥਾਂ ਖੁੱਲ੍ਹਾ ਕੀਮਤ ਪ੍ਰਬੰਧ (Floating) ਲਾਗੂ ਕਰ ਦਿੱਤਾ ਗਿਆ। ਇਸ ਅਨੁਸਾਰ ਖੁੱਲ੍ਹੀ ਕਰੰਸੀ ਮੰਡੀ ਵਿੱਚ, ਕਿਸੇ ਕਰੰਸੀ ਦੀ ਮੰਗ ਅਤੇ ਸਪਲਾਈ ਅਨੁਸਾਰ ਕਰੰਸੀ ਦੀ ਕੀਮਤ ਤੈਅ ਹੁੰਦੀ ਹੈ। ਹੁਣ ਕਰੰਸੀ ਦੀ ਕੀਮਤ ਨੂੰ ਸਰਕਾਰ ਤੈਅ ਤਾਂ ਨਹੀਂ ਕਰਦੀ, ਪਰ ਵਿੱਤੀ ਸਾਧਨਾਂ ਰਾਹੀਂ ਇਸ ਨੂੰ ਠੁੰਮ੍ਹਣਾ ਜ਼ਰੂਰ ਦੇ ਸਕਦੀ ਹੈ। ਭਾਰਤ ਸਰਕਾਰ ਆਪਣੀ ਕਰੰਸੀ ਦੀ ਲੁੜਕਣ ਨੂੰ ਠੁੰਮ੍ਹਣਾ ਦੇਣ ਲਈ ਵਿੱਤੀ ਬਾਜ਼ਾਰ ਵਿੱਚ ਵਿਦੇਸ਼ੀ ਸਿੱਕਾ ਸੁੱਟਦੀ ਰਹੀ ਹੈ। ਇਸ ਨਾਲ ਵਿਦੇਸ਼ੀ ਸਿੱਕੇ ਦੇ ਭੰਡਾਰਾਂ ਵਿੱਚ ਕਮੀ ਆਈ ਹੈ, ਪਰ ਕੇਵਲ ਇਹੋ ਇੱਕ ਕਾਰਨ ਨਹੀਂ ਹੈ।

ਇਸ ਦਾ ਦੂਸਰਾ ਕਾਰਨ ਹੈ, ਵਿਦੇਸ਼ੀ ਸਿੱਕੇ ਦੀ ਆਮਦ ਦਾ ਸਵਾਲ। ਵਿਦੇਸ਼ੀ ਸਿੱਕੇ ਦੀ ਆਮਦ ਦਾ ਇੱਕ ਸਾਧਨ ਵਿਦੇਸ਼ ਵਪਾਰ ਹੋ ਸਕਦਾ ਹੈ। ਪਰ ਇਹ ਤਦ ਹੀ ਹੋ ਸਕਦਾ ਹੈ ਜੇਕਰ ਆਯਾਤ ਨਾਲੋਂ ਨਿਰਯਾਤ ਵਧੇਰੇ ਹੋਵੇ ਅਤੇ ਵਪਾਰ ਵਿੱਚੋਂ ਲਾਭ ਹੋਵੇ, ਪਰ 2025-26 ਦੇ ਮਾਲੀ ਵਰ੍ਹੇ ਵਿੱਚ 979 ਬਿਲੀਅਨ ਡਾਲਰ ਦਾ ਆਯਾਤ ਹੋਇਆ ਅਤੇ 860 ਬਿਲੀਅਨ ਡਾਲਰ ਦਾ ਨਿਰਯਾਤ ਹੋਇਆ। ਇਸ ਦਾ ਅਰਥ ਹੈ ਕਿ ਵਿਦੇਸ਼ ਵਪਾਰ ਵਿੱਚ 119 ਬਿਲੀਅਨ ਡਾਲਰ ਦਾ ਘਾਟਾ ਰਿਹਾ। ਇਸ ਤਰ੍ਹਾਂ ਵਿਦੇਸ਼ ਵਪਾਰ ਵਿਦੇਸ਼ੀ ਸਿੱਕੇ ਦੇ ਭੰਡਾਰ ਨੂੰ ਵਧਾਉਣ ਦਾ ਸਾਧਨ ਨਾ ਹੋ ਕੇ ਘਟਾਉਣ ਦਾ ਸਾਧਨ ਬਣਿਆ। ਵਿਦੇਸ਼ੀ ਸਿੱਕੇ ਦਾ ਦੂਸਰਾ ਸਾਧਨ ਮਾਲੀ ਬਾਜ਼ਾਰ ਹੋ ਸਕਦਾ ਹੈ।

ਵਿੱਤੀ ਸਰਮਾਏ ਦੀ ਖਸਲਤ ਹੈ ਕਿ ਇਸ ਦੀ ਠੋਸ ਰੂਪ ਵਿੱਚ ਤਬਦੀਲੀ ਨਹੀਂ ਹੁੰਦੀ, ਜਿਸ ਨੂੰ ਲੈਨਿਨ ਨੇ ਕੂਪਨ ਕੱਟ ਕੇ ਸਰਮਾਇਆ ਲਾਉਣਾ ਕਿਹਾ ਹੈ, ਇਸ ਕਰਕੇ ਇਹ ਮੁਨਾਫ਼ੇ ਦੀ ਸੰਭਾਵਨਾ 'ਚ ਉੱਧਰ ਨੂੰ ਉਡਾਰੀ ਮਾਰ ਜਾਂਦਾ ਹੈ। ਇਹ ਇੱਕ ਉਡਾਰੀ ਮਾਰ ਸਰਮਾਇਆ ਹੁੰਦਾ ਹੈ। ਭਾਰਤ ਵਿੱਚ ਆ ਰਹੇ ਸੰਕਟ ਦੀ ਆਹਟ ਸੁਣ ਕੇ ਇਸ ਨੇ ਭਾਰਤ ਵਿੱਚੋਂ ਉਡਾਰੀ ਮਾਰਨੀ ਸ਼ੁਰੂ ਕਰ ਦਿੱਤੀ। ਵਿਦੇਸ਼ੀ ਪੋਰਟਫੋਲੀਓ ਨਿਵੇਸ਼, ਅਰਥਾਤ ਸ਼ੇਅਰ ਬਾਜ਼ਾਰ, ਬਾਂਡਜ਼, ਮਿਊਚਲ ਫੰਡਜ਼ ਆਦਿ ਵਿੱਚ ਨਿਵੇਸ਼ ਦੀ ਜੇਕਰ 2026 ਦੀ ਉਡਾਰੀ ਦੇਖੀਏ ਤਾਂ ਜਨਵਰੀ ਵਿੱਚ 35962 ਕਰੋੜ ਰੁਪਏ, ਮਾਰਚ ਵਿੱਚ 1.18 ਲੱਖ ਕਰੋੜ ਰੁਪਏ, ਅਪ੍ਰੈਲ 60847 ਕਰੋੜ ਰੁਪਏ ਅਤੇ ਅੱਧ ਮਈ ਤੱਕ 22660 ਕਰੋੜ ਰੁਪਏ ਦਾ ਸ਼ੇਅਰ ਵੇਚ ਕੇ ਉਡਾਰੀ ਮਾਰ ਗਿਆ। ਸਾਲ 2026 ਦੇ ਮਈ ਅੱਧ ਤੱਕ 2.15 ਲੱਖ ਕਰੋੜ ਪੋਰਟਫੋਲੀਓ ਸਰਮਾਇਆ ਉਡਾਰੀ ਮਾਰ ਗਿਆ। ਇਸ ਰਸਤੇ ਵਿਦੇਸ਼ੀ ਸਿੱਕਾ ਦੇਸ਼ 'ਚ ਆਉਣ ਦੀ ਥਾਂ ਬਾਹਰ ਗਿਆ ਹੈ। ਇੱਕ ਹੋਰ ਸੋਮੇ, ਫਾਰਚੂਨ ਅਨੁਸਾਰ 2026 ਵਿੱਚ 2.62 ਲੱਖ ਕਰੋੜ ਰੁਪਏ ਉਡਾਰੀ ਮਾਰ ਗਏ। ਕੇਵਲ ਅਪ੍ਰੈਲ ਮਹੀਨੇ ਵਿੱਚ 10 ਮੁੱਖ ਕੰਪਨੀਆਂ ਵਿੱਚੋਂ 17000 ਕਰੋੜ ਰੁਪਏ ਬਾਹਰ ਉਡਾਰੀ ਮਾਰ ਗਏ। ਸਾਲ 2025 ਵਿੱਚ 1.6 ਲੱਖ ਕਰੋੜ ਰੁਪਈਆ ਬਾਹਰ ਗਿਆ। ਇਹ ਸ਼ੇਅਰ ਵਿਕਣ ਨਾਲ ਸ਼ੇਅਰ ਬਾਜ਼ਾਰ ਵਿੱਚ ਵਿਕਰੀ ਦਾ ਦੌਰ ਹਾਵੀ ਰਿਹਾ। ਮਈ ਮਹੀਨੇ ਦੇ ਪਿਛਲੇ 3 ਸੈਸ਼ਨਾਂ ਵਿੱਚ ਸ਼ੇਅਰ ਬਾਜ਼ਾਰ ਵਿੱਚ 4 ਫੀਸਦੀ ਦੀ ਗਿਰਾਵਟ ਦਰਜ ਕੀਤੀ ਗਈ, ਇਸ ਨਾਲ ਨਿਵੇਸ਼ਕਾਂ ਦੇ 19 ਲੱਖ ਕਰੋੜ ਰੁਪਏ ਰੁੜ੍ਹ ਗਏ।

ਆਰਥਿਕ ਸੰਕਟ ਇੱਥੋਂ ਤੱਕ ਹੀ ਸੀਮਤ ਨਹੀਂ। ਬਹੁਤ ਆਰਥਿਕ ਮਾਹਿਰ ਕੁੱਲ ਘਰੇਲੂ ਪੈਦਾਵਾਰ ਘਟਣ ਦੇ ਅਨੁਮਾਨ ਲਾ ਰਹੇ ਹਨ। ਕੌਮਾਂਤਰੀ ਮੁਦਰਾ ਕੋਸ਼ ਅਨੁਸਾਰ 2027 ਵਿੱਚ ਭਾਰਤ ਦੀ ਕੁੱਲ ਘਰੇਲੂ ਪੈਦਾਵਾਰ ਵਾਧਾ 6.6 ਫੀਸਦੀ ਰਹਿ ਜਾਵੇਗਾ। ਏਸ਼ੀਆਈ ਵਿਕਾਸ ਬੈਂਕ ਅਨੁਸਾਰ ਇਸ ਵਰ੍ਹੇ ਕੁਲ ਘਰੇਲੂ ਪੈਦਾਵਾਰ 6.4 ਫੀਸਦੀ ਹੋਵੇਗੀ। ਜਦੋਂ ਦੇਸ਼ ਦੀ ਪੈਦਾਵਾਰ ਵਾਧਾ ਘਟ ਰਿਹਾ ਹੈ ਤਾਂ ਭਾਰਤੀ ਕਰੰਸੀ ਦੀ ਕੀਮਤ ਡਿੱਗ ਰਹੀ ਹੈ। ਵਿਦੇਸ਼ੀ ਵਪਾਰ ਵਿੱਚ ਘਾਟਾ ਵਧ ਰਿਹਾ ਹੈ। ਇਸ ਕਰਕੇ ਚਾਲੂ ਖਾਤੇ ਦਾ ਘਾਟਾ ਵਧ ਰਿਹਾ ਹੈ, ਇਹ ਕੁੱਲ ਘਰੇਲੂ ਪੈਦਾਵਾਰ ਦੇ 0.8 ਫੀਸਦੀ ਤੋਂ ਵਧ ਕੇ 2.2 ਫੀਸਦੀ ਹੋ ਜਾਵੇਗਾ।

ਪਹਿਲਾਂ ਵਾਂਗ ਇਹ ਸੰਕਟ ਵੀ ਸਰਕਾਰ ਦੀਆਂ ਨੀਤੀਆਂ ਕਾਰਨ ਹੈ। ਇਸ ਵਿੱਚ ਵੱਡਾ ਰੋਲ ਮੋਦੀ ਸਰਕਾਰ ਵੱਲੋਂ ਅਮਰੀਕੀ ਹਾਕਮਾਂ ਦੀ ਅਤੇ ਖਾਸ ਕਰਕੇ ਟਰੰਪ ਸਰਕਾਰ ਦੀ ਚਾਕਰੀ ਵਾਲੀਆਂ ਨੀਤੀਆਂ ਦਾ ਹੈ। ਇਹ ਸੰਕਟ ਜਿਸ ਤਰ੍ਹਾਂ ਦਾ ਨਜ਼ਰ ਆ ਰਿਹਾ ਹੈ, ਉਸ ਤੋਂ ਕਿਤੇ ਵਡੇਰਾ ਅਤੇ ਬਹੁਪਰਤੀ ਹੈ। ਪਹਿਲਾਂ ਤਾਂ ਸਰਕਾਰ ਇਸ ਨੂੰ ਲੁਕਾਉਂਦੀ ਰਹੀ ਅਤੇ ਹੁਣ ਅਚਾਨਕ ਇਸ ਦਾ ਸਾਰਾ ਬੋਝ ਲੋਕਾਂ 'ਤੇ ਸੁੱਟ ਦਿੱਤਾ ਹੈ। ਰਸੋਈ ਗੈਸ ਦੀਆਂ ਕੀਮਤਾਂ ਵਿੱਚ ਵਾਧਾ ਕਰ ਦਿੱਤਾ ਹੈ। ਇਸ ਦੇ ਬਾਵਜੂਦ ਗੈਸ ਮਿਲ ਨਹੀਂ ਰਹੀ। ਡੀਲਰਾਂ ਅੱਗੇ ਕਤਾਰਾਂ ਲੱਗੀਆਂ ਹਨ। ਢਾਬਿਆਂ-ਹੋਟਲਾਂ ਦੇ ਮੈਨੂੰ ਸੁੰਗੜ ਗਏ ਹਨ ਅਤੇ ਇਹ ਸਨਅਤ ਸੰਕਟ ਮੂੰਹ ਆ ਗਈ ਹੈ। ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ 'ਚ ਦੋ ਹਫਤਿਆਂ ਅੰਦਰ 5 ਰੁਪਏ ਪ੍ਰਤੀ ਲੀਟਰ ਵਾਧਾ ਕਰ ਦਿੱਤਾ ਗਿਆ ਹੈ। ਪੰਜਾਬ ਦਾ ਅਰਥਚਾਰਾ ਖੇਤੀ 'ਤੇ ਨਿਰਭਰ ਹੈ ਅਤੇ ਖੇਤੀ ਵਿੱਚ ਡੀਜ਼ਲ ਦੀ ਬਹੁਤ ਵਰਤੋਂ ਹੁੰਦੀ ਹੈ। ਇਹ ਸਿੱਧਾ ਭਾਰ ਕਿਸਾਨੀ 'ਤੇ ਪਵੇਗਾ ਅਤੇ ਮੱਧਵਰਗ ਵੀ ਇਸ ਦੀ ਮਾਰ ਹੇਠ ਆਵੇਗਾ। ਅੱਜ ਦੀ ਖੇਤੀ ਵਿੱਚ ਰਸਾਇਣਕ ਖਾਦ ਦਾ ਬਹੁਤ ਮਹੱਤਵ ਹੈ। ਭਾਰਤ ਆਪਣੀ ਖਪਤ ਦਾ ਵੱਡਾ ਹਿੱਸਾ ਬਾਹਰੋਂ ਮੰਗਵਾਉਂਦਾ ਹੈ। ਪੰਜਾਬ ਵਿੱਚ ਤਿੰਨ ਸਰਕਾਰੀ ਖਾਦ ਕਾਰਖਾਨਿਆਂ ਵਿੱਚ ਇੱਕ ਅੱਧਾ-ਪਚੱਧਾ ਚੱਲਦਾ ਹੈ। ਪੰਜਾਬ ਜਿੱਥੇ ਪ੍ਰਤੀ ਏਕੜ ਖਾਦ ਖਪਤ ਪੂਰੇ ਦੇਸ਼ ਨਾਲੋਂ ਵਧੇਰੇ ਹੈ, ਆਪਣੀ ਲੋੜ ਪੰਜਾਬ ਤੋਂ ਬਾਹਰੋਂ ਆਈ ਖਾਦ ਨਾਲ ਪੂਰੀ ਕਰਦਾ ਹੈ। ਵਿਦੇਸ਼ ਤੋਂ ਆਉਣ ਵਾਲੀ ਖਾਦ ਦਾ ਲੱਗਭੱਗ ਅੱਧ ਹਾਰਮੁਜ਼ ਜਲਡਮਰੂ ਰਾਹੀਂ ਆਉਂਦਾ ਹੈ, ਜੋ ਲਾਂਘਾ ਬੰਦ ਪਿਆ ਹੈ। ਜਦੋਂ ਝੋਨੇ ਦੀ ਲੁਆਈ ਦਾ ਸਮਾਂ ਆ ਰਿਹਾ ਹੈ ਤਾਂ ਪੰਜਾਬ ਦੀ ਕਿਸਾਨੀ ਨੂੰ ਖਾਦ ਦੀ ਕਿੱਲਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਡੀਜ਼ਲ ਕਿਉਂਕਿ ਵਸਤਾਂ ਦੀ ਢੋਆ-ਢੁਆਈ ਵਿੱਚ ਵਰਤਿਆ ਜਾਂਦਾ ਹੈ, ਇਸ ਕਰਕੇ ਢੋਆ-ਢੁਆਈ ਦਾ ਖਰਚਾ ਵਧੇਗਾ। ਇਸ ਨਾਲ ਵਸਤਾਂ ਦੀ ਮਹਿੰਗਾਈ ਵਧ ਰਹੀ ਹੈ। ਮਈ 2025 ਵਿੱਚ ਕੀਮਤ ਅੰਕ 2.8 ਸੀ, ਪਰ ਮਈ 2026 ਵਿੱਚ 4.6 ਹੋਣ ਦੀਆਂ ਰਿਪੋਰਟਾਂ ਹਨ। ਇਹ ਲੱਕਤੋੜ ਬੋਝ ਕਿਰਤੀ ਲੋਕਾਂ 'ਤੇ ਪਵੇਗਾ।

ਸਰਕਾਰ ਇਸ ਮਹਿੰਗਾਈ ਨੂੰ ਘਟਾਉਣ ਦਾ ਇੱਕ ਅਜੀਬ ਤਰੀਕਾ ਲਿਆਈ ਹੈ। ਬੈਂਕਾਂ ਅਤੇ ਏ.ਟੀ.ਐੱਮਜ਼ ਵਿੱਚ ਨਕਦੀ ਦਾ ਤੋੜਾ ਹੈ, ਜੋ ਥੋੜ੍ਹੀ ਨਕਦੀ ਬੈਂਕ ਦਿੰਦੀ ਹੈ, ਨਾਲ ਹੀ ਕਹਿੰਦੇ ਹਨ ਕਿ ਅੱਗੋਂ ਇਹ ਵੀ ਨਹੀਂ ਮਿਲਣੀ। ਆਖਰ ਨਕਦੀ ਗਈ ਕਿੱਥੇ ? ਸਰਕਾਰ ਦੀ ਨੀਤੀ ਜਾਪਦੀ ਹੈ ਕਿ ਜੇਕਰ ਲੋਕਾਂ ਕੋਲ ਪੈਸਾ ਨਹੀਂ ਹੋਵੇਗਾ, ਤਾਂ ਉਹ ਜ਼ਿਆਦਾ ਚੀਜ਼ਾਂ ਖਰੀਦ ਨਹੀਂ ਸਕਣਗੇ, ਵਸਤਾਂ ਖਰੀਦੀਆਂ ਨਹੀਂ ਜਾਣਗੀਆਂ ਤਾਂ ਮੰਡੀ ਵਿੱਚ ਮੰਗ ਆਪਣੇ ਆਪ ਸੁਸਤ ਪੈ ਜਾਵੇਗੀ। ਮੰਗ ਸੁਸਤ ਪਵੇਗੀ ਤਾਂ ਸਪਲਾਈ ਤੇ ਤਵਾਜ਼ਨ 'ਚ ਮੰਗ ਘਟਣ ਨਾਲ ਮਹਿੰਗਾਈ ਵਾਧਾ ਰੁਕ ਜਾਵੇਗਾ। ਜੇਕਰ ਸਰਕਾਰ ਦੀ ਇਹ ਸੋਚੀ-ਸਮਝੀ ਨੀਤੀ ਹੈ ਤਾਂ ਇਹ ਲੋਕ ਮਾਰੂ ਨੀਤੀ ਹੈ। ਇਹ ਫਾਸ਼ੀਵਾਦ ਦਾ ਆਰਥਿਕ ਹੱਲਾ ਹੈ। ਇਸ ਵਿਰੁੱਧ ਸਭ ਲੋਕ ਪੱਖੀ ਤਾਕਤਾਂ ਵੱਲੋਂ ਜ਼ੋਰਦਾਰ ਸੰਘਰਸ਼ ਵਿੱਢਣਾ ਸਮੇਂ ਦੀ ਅਣਸਰਦੀ ਲੋੜ ਹੈ।

**ਸੰਪਰਕ : 98152-11079**

ਸਫ਼ਾ 1 ਦੀ ਬਾਕੀ

## ਜੰਗੀ ਹਥਿਆਰਾਂ ਦਾ ਵਧਦਾ-ਫੁਲਦਾ ਆਲਮੀ ਕਾਰੋਬਾਰ...

ਹਥਿਆਰ ਮੁੱਹਈਆ ਕਰਵਾਏ। ਦੂਸਰੇ ਪਾਸੇ ਇਰਾਨ ਦਾ ਜੰਗੀ ਹਥਿਆਰ ਖਰੀਦਣ ਦਾ ਹਿੱਸਾ ਮੱਧ-ਪੂਰਬ ਦੇ ਦੇਸ਼ਾਂ ਵਿੱਚੋਂ ਸਿਰਫ਼ 0.2 ਪ੍ਰਤੀਸ਼ਤ ਸੀ ਜਿਹੜਾ 2016-20 ਦੇ 0.9% ਹਿੱਸੇ ਦੀ ਤੁਲਨਾ ਵਿੱਚ ਘੱਟ ਸੀ। ਇਰਾਨ ਨੇ ਅਮਰੀਕੀ -ਇਜਰਾਈਲੀ ਹਮਲਿਆਂ ਦਾ ਮੁਕਾਬਲਾ ਆਪਣੇ ਵੱਲੋਂ ਨਿਰਮਤ ਹਥਿਆਰਾਂ ਨਾਲ ਹੀ ਕੀਤਾ ਹੈ ਭਾਵੇਂ ਕਿ ਕੁੱਝ ਹਿੱਸਾ ਰੂਸ ਤੋਂ ਵੀ ਪ੍ਰਾਪਤ ਹੋਇਆ।

### ਜੰਗੀ ਹਥਿਆਰਾਂ ਦੀਆਂ ਕੰਪਨੀਆਂ

ਦੁਨੀਆਂ ਭਰ ਵਿੱਚ ਜੰਗੀ ਹਥਿਆਰਾਂ ਦਾ ਵਪਾਰ ਕਰਨ ਵਾਲੀਆਂ ਵੀਹ ਵੱਡੀਆਂ ਕੰਪਨੀਆਂ 2024 ਦੇ ਅੰਕੜਿਆਂ ਅਨਸਾਰ ਹੇਠ ਲਿਖੇ ਅਨੁਸਾਰ ਹਨ :

ਇਸ ਤਰ੍ਹਾਂ ਆਲਮੀ ਜੰਗੀ ਹਥਿਆਰਾਂ ਦੀਆਂ ਵੀਹ ਕੰਪਨੀਆਂ ਵਿੱਚੋਂ ਇਕੱਲੇ ਅਮਰੀਕਾ ਦੀਆਂ ਹੀ ਪਹਿਲੀਆਂ ਤਿੰਨ ਕੰਪਨੀਆਂ ਸਮੇਤ ਕੁੱਲ ਨੌਂ ਕੰਪਨੀਆਂ ਹਨ।ਇਹਨਾਂ ਅਮਰੀਕੀ ਕੰਪਨੀਆਂ ਦੇ ਡਾਇਰੈਕਟਰ ਨਾ ਸਿਰਫ਼ ਵੱਡੇ ਵੱਡੇ ਕਾਰਪੋਰੇਟ ਹਨ ਬਲਕਿ ਕਈ ਤਾਂ ਅਮਰੀਕੀ ਸਰਕਾਰ ਵਿੱਚ ਸਿਵਲੀਅਨ ਅਤੇ ਫ਼ੌਜੀ ਉੱਚ-ਆਹੁਦਿਆਂ ਤੇ ਵੀ ਨਿਯੁਕਤ ਹੁੰਦੇ ਹਨ।ਖੋਜ਼ੀ ਪੱਤਰਕਾਰਤਾ ਦੇ ਝੰਡਾਬਰਦਾਰ 'ਦ ਇੰਟਰਸੈਪਟ' ਦੇ ਜਾਨ ਸਵਾਰਥ ਲਿਖਦੇ ਹਨ, ਇਹ ਕਹਿਣਾ ਗਲਤ ਹੋਵੇਗਾ ਕਿ ਅਮਰੀਕਾ ਦਾ ਅਫ਼ਗ਼ਾਨਿਸਤਾਨ ਯੁੱਧ ਇੱਕ ਅਸਫ਼ਲ ਫੌਜੀ ਕਾਰਵਾਈ ਸੀ। ਬਲਕਿ ਅਮਰੀਕਾ ਦੇ ਤਾਕਤਵਰ ਲੋਕਾਂ ਲਈ ਇਹ ਇੱਕ ਅਥਾਹ ਸਫ਼ਲਤਾ ਸੀ। ਯਾਦ ਰਹੇ ਕਿ ਪੰਜ ਵੱਡੀਆਂ ਅਮਰੀਕੀ ਜੰਗੀ ਹਥਿਆਰਾਂ ਦੀਆਂ ਕੰਪਨੀਆਂ ਦੇ ਬੋਰਡ ਆਫ ਡਾਇਰੈਕਟਰਜ਼ ਵਿੱਚ ਸੇਵਾ ਮੁਕਤ ਵੱਡੇ ਫੌਜੀ ਅਧਿਕਾਰੀ ਸ਼ਾਮਲ ਹਨ। ਅਫਗਾਨਿਸਤਾਨ ਯੁੱਧ ਦਰਮਿਆਨ ਅਮਰੀਕਾ ਦੇ ਫ਼ੌਜੀ ਖੇਤਰ ਦੀ ਕਾਰਗੁਜ਼ਾਰੀ ਸਟਾਕ ਮਾਰਕੀਟ ਦੇ ਮੁਕਾਬਲੇ 58% ਵੱਧ ਰਹੀ ਹੈ।

| ਲੜੀ ਨੰ. | ਕੰਪਨੀ ਦਾ ਨਾਮ | ਦੇਸ਼ ਦਾ ਨਾਮ | ਕੁੱਲ ਮਾਲੀਆ (ਬਿਲੀਅਨ ਡਾਲਰ 'ਚ) | ਹਥਿਆਰਾਂ ਤੋਂ ਕਮਾਈ ਪ੍ਰਤੀਸ਼ਤ |
|---|---|---|---|---|
| 1 | ਲਾਕਹੀਡ ਮਾਰਟਿਨ | ਅਮਰੀਕਾ | 64.65 | 91 |
| 2 | ਆਰਟੀਐਕਸ ਕਾਰਪੋਰੇਸ਼ਨ | ਅਮਰੀਕਾ | 43.60 | 54 |
| 3 | ਨਾਰਥਰਾਪ ਗਰੂਮੈਨ | ਅਮਰੀਕਾ | 37.85 | 92 |
| 4 | ਬੀਏਈ ਸਿਸਟਮਜ਼ | ਇੰਗਲੈਂਡ | 33.79 | 95 |
| 5 | ਜਨਰਲ ਡਾਇਨਾਮਿਕਸ | ਅਮਰੀਕਾ | 33.63 | 70 |
| 6 | ਬੋਇੰਗ | ਅਮਰੀਕਾ | 30.55 | 46 |
| 7 | ਰੋਜਟੈੱਕ | ਰੂਸ | 27.12 | 70 |
| 8 | ਏਵੀਏਸਨ ਇੰਡ.ਕਾਰਪੋ. | ਚੀਨ | 20.32 | 25 |
| 9 | ਇਲੈ. ਟੈਕੀ. ਗਰੁੱਪ ਕਾਰਪੋ | ਚੀਨ | 18.92 | 34 |
| 10 | ਐੱਲ-3ਹੈਰਿਸ ਟੈਕ. | ਅਮਰੀਕਾ | 16.21 | 76 |
| 11 | ਨਰਿੰਕੋ | ਚੀਨ | 13.97 | 23 |
| 12 | ਲੀਓਨਾਰਡੋ | ਇਟਲੀ | 13.83 | 72 |
| 13 | ਏਅਰਬੱਸ | ਯੂਰਪ | 13.37 | 18 |
| 14 | ਸਟੇਟ ਸ਼ਿੱਪ ਬਿਲ. ਕਾਰਪੋ. | ਚੀਨ | 12.33 | 25 |
| 15 | ਥੇਲਸ | ਇਟਲੀ | 11.88 | 53 |
| 16 | ਹਟਿੰਗਟਨ ਇੰ. ਇੰਡ. | ਅਮਰੀਕਾ | 10.28 | 89 |
| 17 | ਏਅਰੋ. ਸਾਇੰਸ ਐਂਡ ਟੈਕ. | ਚੀਨ | 10.23 | 30 |
| 18 | ਲੀਓਡੋਸ | ਅਮਰੀਕਾ | 9.37 | 56 |
| 19 | ਐਮੈਂਟਨ | ਅਮਰੀਕਾ | 8.33 | 60 |
| 20 | ਰੀਹਨਮੈਟਲ | ਜਰਮਨੀ | 8.24 | 78 |

ਹਥਿਆਰਾਂ ਦੀ ਵਿਕਰੀ ਨੂੰ ਵਧਾਉਣ ਜਾਂ ਜੰਗ ਦੇ ਪ੍ਰਾਪੇਗੰਡੇ ਵਿੱਚ ਇਹਨਾਂ ਕੰਪਨੀਆਂ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ। ਜਿਵੇਂ ਜਦੋਂ ਇਰਾਕ ਤੇ ਅਮਰੀਕੀ ਹਮਲਾ ਕਰਨ ਸੀ ਤਾਂ ਇਹ ਫੈਲਾਇਆ ਗਿਆ ਕਿ ਸਦਾਮ ਹੁਸੈਨ ਕੋਲ ਮਨੁੱਖੀ ਤਬਾਹੀ ਦੇ ਵਿਆਪਕ ਹਥਿਆਰਾਂ ਦਾ ਜ਼ਖ਼ੀਰਾ ਹੈ। ਇਸ ਸਾਰੇ ਪ੍ਰਾਪੇਗੰਡੇ ਦਾ ਸੂਤਰਧਾਰ ਅਮਰੀਕਾ ਦਾ ਉਸ ਵੇਲੇ ਦਾ ਉੱਪ-ਰਾਸਟਰਪਤੀ ਡਿੱਕ ਚੈਨੀ ਸੀ। ਡਿੱਕ ਚੈਨੀ ਦੀ ਕੰਪਨੀ ਹੈਲੀਬਰਟਨ ਨੂੰ ਜੰਗ ਤੋਂ ਬਾਅਦ ਇਰਾਕ ਵਿੱਚ ਵੱਡੇ ਪੱਧਰ ਤੇ ਠੇਕੇ ਹਾਸਲ ਹੋਏ ਅਤੇ ਇਹਨਾਂ ਠੇਕਿਆਂ ਰਾਹੀਂ ਇਸ ਕੰਪਨੀ ਨੂੰ 39.5 ਬਿਲੀਅਨ ਡਾਲਰ ਦਾ ਮੁਨਾਫ਼ਾ ਹੋਇਆ ਸੀ। ਡਿੱਕ ਚੈਨੀ ਸਾਲ 1995 ਤੋਂ 2000 ਤੱਕ ਇਸ ਕੰਪਨੀ ਦਾ ਸੀਈਓ ਰਿਹਾ ਸੀ। ਸਾਲ 2011 ਵਿੱਚ 'ਯੂ ਐੱਸ ਏ ਟੂਡੇ' ਵਿੱਚ ਛਪੇ ਇੱਕ ਆਰਟੀਕਲ ਅਨੁਸਾਰ ਵਿਲੀਅਮ ਜੇ ਲਿਨ ਜਿਹੜਾ 2010 ਵਿੱਚ ਪੈਂਟਾਗਨ ਵਿੱਚ ਨੰਬਰ ਦੋ ਦੀ ਪੁਜੀਸ਼ਨ 'ਤੇ ਸੀ, ਉਸਤੋਂ ਪਹਿਲਾਂ ਉਹ ਜੰਗੀ ਹਥਿਆਰਾਂ ਦਾ ਵਪਾਰ ਕਰਨ ਵਾਲੀ ਕੰਪਨੀ ਰੇਥੀਓਨ( ਆਰਟੀਐਕਸ) ਲਈ ਲਾਬਿੰਗ ਕਰਦਾ ਰਿਹਾ ਸੀ।

ਗਲੋਬਲ ਫਿਨਾਂਸਲ ਇੰਟਗੈਰੇਸਨ ਮੁਤਾਬਿਕ ਜੰਗੀ ਹਥਿਆਰਾਂ ਦੀਆਂ ਕੰਪਨੀਆਂ ਲਾਬਿੰਗ ਦੇ ਨਾਂ ਥੱਲੇ ਰਿਸ਼ਵਤਖੋਰੀ ਨੂੰ ਵੀ ਵੱਡੇ ਪੱਧਰ ਤੇ ਅਮਲ ਵਿੱਚ ਲਿਆਂਦੀਆਂ ਹਨ ਜਿਵੇਂ ਸਾਲ 2010 ਨਾ ਸਿਰਫ਼ ਲਾਬਿੰਗ ਤੇ ਇਹਨਾਂ ਕੰਪਨੀਆਂ ਨੇ 144 ਮਿਲੀਅਨ ਡਾਲਰ ਅਤੇ 2020 ਵਿੱਚ 150 ਮਿਲੀਅਨ ਡਾਲਰ ਖਰਚੇ ਬਲਕਿ ਅਮਰੀਕੀ ਕਾਂਗਰਸ ਦੀ ਚੋਣ ਵਿੱਚ ਵੀ 22.6 ਮਿਲੀਅਨ ਡਾਲਰ ਚੰਦਾ ਦਿੱਤਾ। ਸਾਲ 2018 ਵਿੱਚ ਅਮਰੀਕੀ ਰੱਖਿਆ ਵਿਭਾਗ ਦੇ ਘੱਟੋ-ਘੱਟ 380 ਉੱਚ ਅਧਿਕਾਰੀਆਂ ਨੇ ਅਸਤੀਫ਼ਾ ਦੇ ਕੇ ਨਿੱਜੀ ਖੇਤਰ ਵਿੱਚ ਲੌਬਿੰਗ ਦੇ ਕਾਰੋਬਾਰ ਨਾਲ ਜੁੜ ਗਏ।ਇਹ ਰਵਾਇਤ ਅਮਰੀਕੀ ਸਾਮਰਾਜ ਦਾ ਪੁਰਾਣਾ ਦਸਤੂਰ ਰਹੀ ਹੈ।ਇੱਥੋਂ ਤੱਕ ਕਿ ਅਬਰਾਹਾਮ ਲਿੰਕਨ ਦੇ ਸੈਕਟਰੀ ਆਫ਼ ਵਾਰ ਸਾਈਮਨ ਕੈਮਰਾਨ ਨੂੰ ਜੰਗੀ ਹਥਿਆਰਾਂ ਦੇ ਵਪਾਰ ਵਿੱਚ ਸ਼ਾਮਲ ਹੋਣ ਲਈ 1862 ਵਿੱਚ ਅਸਤੀਫ਼ਾ ਦੇਣਾਂ ਪਿਆ ਸੀ। ਸਮੈਡਲੀ ਬਟਲਰ ਅਮਰੀਕੀ ਮੇਰੀਨ ਵਿੱਚ ਮੇਜਰ ਜਨਰਲ ਦੇ ਅਹੁਦੇ ਤੋਂ ਰਿਟਾਇਰ ਹੋਇਆ ਸੀ। ਉਸਨੇ ਆਪਣੀ ਕਿਤਾਬ 'ਵਾਰ ਇਜ਼ ਏ ਰੈਕੇਟ' ਵਿੱਚ ਖੁਲਾਸਾ ਕੀਤਾ ਕਿ ਪਹਿਲੀ ਸੰਸਾਰ ਜੰਗ ਵਿੱਚ ਅਮਰੀਕੀ ਜੰਗੀ ਕੰਪਨੀਆਂ ਦਾ ਮੁਨਾਫ਼ਾ ਪਹਿਲੀ ਸੰਸਾਰ ਜੰਗ ਵਿੱਚ ਸਤਾਰਾਂ ਸੌ ਪ੍ਰਤੀਸ਼ਤ ਵੱਧ ਗਿਆ ਸੀ। ਇਸ ਜੰਗ ਵਿੱਚ ਅਮਰੀਕੀ ਫ਼ੌਜ ਨੂੰ ਉਹ ਹਥਿਆਰ ਵੀ ਵੇਚ ਦਿੱਤੇ ਗਏ ਜਿਹਨਾਂ ਦੀ ਕੋਈ ਲੋੜ ਹੀ ਨਹੀਂ ਸੀ। ਇਸ ਕਿਤਾਬ ਅਨੁਸਾਰ ਪਹਿਲੀ ਸੰਸਾਰ ਜੰਗ ਵਿੱਚ ਅਮਰੀਕਾ ਨੇ ਬਵੰਜਾਂ ਅਰਬ ਡਾਲਰ ਖ਼ਰਚ ਕੀਤੇ। ਸਾਲ 1934 ਵਿੱਚ ਰਿਪਬਲਿਕਨ ਸੈਨੇਟਰ ਗੈਰਾਲਡ ਪੀ ਨਾਇ ਦੀ 39 ਜਿਲਦਾਂ ਵਿੱਚ ਇੱਕ ਰਿਪੋਰਟ ਪੇਸ਼ ਹੋਈ ਸੀ ਜਿਸ ਵਿੱਚ ਉਸਨੇ ਪਾਇਆ ਸੀ ਕਿ ਕਿਵੇਂ ਜੰਗੀ ਹਥਿਆਰਾਂ ਦੀ ਸਨਅਤ ਨੇ ਪਹਿਲੀ ਸੰਸਾਰ ਜੰਗ ਤੋਂ ਬਾਅਦ ਵੀ ਅਮਨ ਦੀਆਂ ਕੋਸ਼ਿਸ਼ਾਂ ਨੂੰ ਅਸਫ਼ਲ ਕਰਨ ਲਈ ਸਾਜ਼ਿਸ਼ਾਂ ਰਚੀਆਂ।ਇਸੇ ਤਰ੍ਹਾਂ 1925 ਦੀ ਜਨੀਵਾ ਆਰਮਜ਼ ਕੰਟਰੋਲ ਕਾਨਫਰੰਸ ਨੂੰ ਡੂਪੌਂਟ ਵਰਗੀਆਂ ਅਮਰੀਕਾ ਜੰਗੀ ਕੰਪਨੀਆਂ ਨੇ ਤਾਰਪੀਡੋ ਕੀਤਾ।ਸਾਲ 1947 ਵਿੱਚ ਕੈਨਟੁਕੀ ਤੋਂ ਅਮਰੀਕੀ ਕਾਂਗਰਸ ਦੇ ਮੈਂਬਰ ਅਤੇ ਫ਼ੌਜੀ ਮਾਮਲਿਆਂ ਸੰਬੰਧੀ ਕਮੇਟੀ ਦੇ ਚੇਅਰਮੈਨ ਐਂਡਰਿਊ ਜੇ ਮੇਅ ਨੂੰ ਜੰਗੀ ਹਥਿਆਰਾਂ ਦੀ ਖਰੀਦੋ- ਫਰੋਖ਼ਤ ਵਿੱਚ ਰਿਸ਼ਵਤਖੋਰੀ ਲਈ ਸਜ਼ਾ ਵੀ ਹੋਈ ਸੀ। ਗੁਆਟੇਮਾਲਾ ਦਾ ਕੇਸ ਇੱਕ ਹੋਰ ਉਦਾਹਰਣ ਹੈ ਜਿੱਥੇ ਅਮਰੀਕੀ ਯੂਨਾਈਟਿਡ ਫਰੂਟ ਕੰਪਨੀ ਦੇ ਆਰਥਿਕ ਹਿੱਤਾਂ ਨੂੰ ਸੁਰੱਖਿਅਤ ਰੱਖਣ ਲਈ ਰਾਸ਼ਟਰਪਤੀ ਜੈਕਬ ਆਰਬੈਨਜ਼ ਦੀ ਜਮਹੂਰੀ ਤਰੀਕਿਆਂ ਨਾਲ ਚੁਣੀ ਗੁਆਟੇਮਾਲਾ ਸਰਕਾਰ ਦਾ ਤਖਤਾ ਪਲਟਾਉਣ ਲਈ ਸੀਆਈਏ ਦੇ ਸਾਬਕਾ ਡਾਇਰੈਕਟਰ ਅਤੇ ਅਮਰੀਕੀ ਰਾਸ਼ਟਰਪਤੀ ਆਇਸਨਹਾਇਰ ਦੇ ਅੰਡਰ-ਸੈਕਟਰੀ ਆਫ਼ ਸਟੇਟ ਨੇ ਕਿਸ ਤਰ੍ਹਾਂ ਅਮਰੀਕੀ ਹਥਿਆਰਾਂ ਦਾ ਇਸਤੇਮਾਲ ਕੀਤਾ ਸੀ। ਓਟਾਵਾ ਕਾਨਫਰੰਸ (1997) ਵਿੱਚ ਬਾਰੂਦੀ ਸੁਰੰਗਾਂ ਤੇ ਪਾਬੰਦੀ ਲੱਗੀ ਜਿਹੜੀ ਹਾਲੇ ਵੀ ਅੱਸੀ ਪ੍ਰਤੀਸ਼ਤ ਦੇਸ਼ਾਂ ਵਿੱਚ ਲਾਗੂ ਹੈ, ਪਰ ਅਮਰੀਕਾ ਵਿੱਚ ਨਹੀਂ। ਕਲੱਸਟਰ ਬੰਬਾਂ ਦੀਆਂ ਨਿਰਮਾਤਾ ਕੰਪਨੀਆਂ ਵੀ ਜ਼ਿਆਦਾਤਰ ਅਮਰੀਕਾ ਵਿੱਚ ਹੀ ਹਨ।

ਯੂਕਰੇਨ ਤੋਂ ਪਹਿਲਾਂ ਸਾਊਦੀ ਅਰਬ ਦੁਨੀਆਂ ਦਾ ਸਭ ਤੋਂ ਵੱਡਾ ਖਰੀਦਦਾਰ ਸੀ (ਭਾਰਤ ਉਦੋਂ ਵੀ ਦੂਸਰੇ ਨੰਬਰ ਤੇ ਸੀ)। ਵੀਹ ਮਈ 2017 ਨੂੰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਸਾਊਦੀ ਕਿੰਗ ਸਲਮਾਨ-ਬਿਨ ਅਬਦੁੱਲਾ ਦਰਮਿਆਨ ਇੱਕ ਫੌਜੀ ਸਮਝੌਤਾ ਹੋਇਆ। ਇਸ ਅਨੁਸਾਰ ਸਾਊਦੀ ਅਰਬ ਨੇ ਫੌਰੀ ਤੌਰ ਤੇ 110 ਬਿਲੀਅਨ ਡਾਲਰ ਦੇ ਅਮਰੀਕੀ ਹਥਿਆਰਾਂ ਦੀ ਖਰੀਦ ਕੀਤੀ ਅਤੇ ਅਗਲੇ ਦਸ ਸਾਲਾਂ ਦੌਰਾਨ 350 ਬਿਲੀਅਨ ਡਾਲਰ ਦੇ ਹਥਿਆਰ ਖਰੀਦਣ ਲਈ ਪਾਬੰਦ ਹੋਇਆ।ਜਦੋਂ ਕਿ 2016 ਵਿੱਚ ਗੁਆਂਢੀ ਮੁਲਕ ਯਮਨ ਵਿੱਚ ਹਮਲੇ ਕਰਕੇ ਇੱਕ ਜਨਾਜ਼ੇ ਵਿੱਚ ਸ਼ਾਮਲ 140 ਸਮੇਤ ਬਹੁਤ ਸਾਰੇ ਸਿਵਲੀਅਨਾਂ ਨੂੰ ਮਾਰ ਦਿੱਤਾ ਸੀ। ਪਰ ਅਗਲੇ ਸਾਲ ਹੀ ਟਰੰਪ ਦੇ ਜਵਾਈ ਕੁਸਨਰ ਦੀ ਦਖਲ-ਅੰਦਾਜ਼ੀ ਨਾਲ ਉਪਰੋਕਤ ਸਮਝੌਤਾ ਸਿਰੇ ਚਾੜ੍ਹ ਦਿੱਤਾ ਗਿਆ।ਇਸ ਸਮਝੌਤੇ ਰਾਹੀਂ ਨਾ ਸਿਰਫ਼ ਲਾਕਹੀਡ ਮਾਰਟਿਨ, ਬੋਇੰਗ, ਰੇਥੀਓਨ, ਜਨਰਲ ਡਾਇਨਾਮਿਕ, ਨਾਰਥਰਾਪ ਗਰੂਮੈਨ ਵਰਗੀਆਂ ਜੰਗੀ ਕੰਪਨੀਆਂ ਨੂੰ ਫਾਇਦਾ ਹੋਇਆ ਬਲਕਿ ਬਾਲ-ਮਜਦੂਰੀ ਦੀ ਦੋਸ਼ੀ ਅਤੇ ਐਮਾਜ਼ਾਨ ਦੇ ਜੰਗਲਾਂ ਦੀ ਤਬਾਹੀ ਵਿੱਚ ਲੱਗੀ ਬਲੈਕਸਟੋਨ ਵਰਗੀ ਵਿੱਤੀ ਕੰਪਨੀ ਵੀ ਸ਼ਾਮਲ ਸੀ। ਇਸ ਕੰਪਨੀ ਦਾ ਸੀਈਓ ਸਟੀਫ਼ਨ ਸਕੈਵਰਜਮੈਨ ਟਰੰਪ ਦਾ ਸਲਾਹਕਾਰ ਜੋ ਸੀ। ਸਾਊਦੀ ਹਾਕਮਾਂ ਵੱਲੋਂ ਇੱਕ ਵਾਰ ਫਿਰ ਚਾਰ ਸਤੰਬਰ 2018 ਨੂੰ ਹਵਾਈ ਹਮਲਾ ਕਰਕੇ ਇੱਕ ਸਕੂਲੀ ਬੱਸ ਵਿੱਚ ਸਵਾਰ ਦਰਜਨਾਂ ਬੱਚਿਆਂ ਨੂੰ ਕਤਲ ਕਰ ਦਿੱਤਾ ਗਿਆ। ਇਹਨਾਂ ਮਾਸੂਮਾਂ ਅਤੇ ਪੱਤਰਕਾਰ ਜਮਾਲ ਖਸ਼ੋਗੀ ਦੇ ਕਤਲ ਤੋਂ ਬਾਅਦ ਦਸੰਬਰ 2018 ਵਿੱਚ ਸੈਨੇਟਰ ਬਰਨੀ ਸੈਂਡਰਸ ਵੱਲੋਂ ਇੱਕ ਮਤਾ ਸਫ਼ਲਤਾ ਪੂਰਵਕ ਅਮਰੀਕੀ ਕਾਂਗਰਸ ਵਿੱਚ ਪਾਸ ਹੋਇਆ।ਇਸ ਮਤੇ ਦੀ ਇਬਾਰਤ ਸੀ,'ਯੁੱਧ ਦੀ ਜ਼ਿੰਮੇਵਾਰੀ ਅਮਰੀਕੀ ਕਾਂਗਰਸ ਦੀ ਹੈ ਨਾ ਕਿ ਵਾਈਟ ਹਾਊਸ ਦੀ।ਅੱਜ ਅਸੀਂ ਸਾਊਦੀ ਅਰਬ ਦੇ ਤਾਨਾਸ਼ਾਹ ਹੁਕਮਰਾਨਾਂ ਨੂੰ ਦੱਸਣਾਂ ਚਾਹੁੰਦੇ ਹਾਂ ਕਿ ਅਸੀਂ ਉਹਨਾਂ ਦੇ ਜੰਗੀ ਜੁਰਮਾਂ ਦਾ ਹਿੱਸਾ ਨਹੀਂ ਬਣ ਸਕਦੇ।' ਪਰ ਡੋਨਾਲਡ ਟਰੰਪ ਨੇ ਇਸ ਮਤੇ ਨੂੰ ਵੀਟੋ ਕਰ ਦਿੱਤਾ। ਭਾਵੇਂ ਕਿ ਉਸਤੋਂ ਬਾਅਦ ਜਰਮਨੀ, ਨਾਰਵੇ, ਸਵੀਡਨ ਅਤੇ ਨੀਦਰਲੈਂਡ ਨੇ ਸਾਊਦੀ ਅਰਬ ਨੂੰ ਹਥਿਆਰ ਵੇਚਣਾ ਬੰਦ ਕਰ ਦਿੱਤਾ।

'ਵਰਲਡ ਜਸਟਿਸ ਪ੍ਰੋਜੈਕਟ' ਦੇ ਐਂਡੀ ਫੌਰਸੀ ਲਿਖਦੇ ਹਨ ਕਿ ਡੋਨਾਲਡ ਟਰੰਪ ਖੁਦ ਅਮਰੀਕੀ ਹਥਿਆਰਾਂ ਦੀ ਵਿਕਰੀ ਵਿੱਚ ਦਲਾਲ ਦਾ ਰੋਲ ਨਿਭਾਉਂਦੇ ਹਨ। ਕਿਉਂਕਿ ਜੰਗੀ ਕੰਪਨੀਆਂ ਦੇ ਸੌਦੇ ਅਮਰੀਕਾ ਸਰਕਾਰ ਰਾਹੀਂ ਸਿਰੇ ਚੜ੍ਹਦੇ ਹਨ, ਇਸ ਕਰਕੇ ਉਹ ਇਹਨਾਂ ਹਥਿਆਰਾਂ ਦੇ ਹੋਏ ਨੁਕਸਾਨ ਤੋਂ ਕੋਈ ਵੀ ਜ਼ਿੰਮੇਵਾਰੀ ਨਹੀਂ ਚੁੱਕਦੀਆਂ।ਯਮਨ ਵਿੱਚ ਹੋਈ ਕਤਲੋਗਾਰਦ ਤੋਂ ਬਾਅਦ ਆਈ 'ਹਿਊਮਨ ਰਾਇਟਸ ਵਾਚ' ਦੀ ਰਿਪੋਰਟ ਤੋਂ ਰੇਥੀਓਨ ਨੇ ਇਹ ਕਹਿਕੇ ਪੱਲਾ ਝਾੜ ਲਿਆ ਕਿ ਹਥਿਆਰਾਂ ਦੀ ਬਰਾਮਦ ਤੋਂ ਪਹਿਲਾਂ ਅਮਰੀਕੀ ਵਿਦੇਸ਼ ਅਤੇ ਰੱਖਿਆ ਵਿਭਾਗ ਪੂਰੀ ਤਰ੍ਹਾਂ ਜਾਂਚ ਕਰਦੇ ਹਨ।ਐਮਨੇਸਟੀ ਇੰਟਰਨੈਸ਼ਨਲ ਨੇ ਵੀ ਜੰਗੀ ਕੰਪਨੀਆਂ ਦੀ ਜ਼ਿੰਮੇਵਾਰੀ ਤਹਿ ਕਰਨ ਦੀ ਗੱਲ ਕੀਤੀ ਹੈ।

ਅਮਰੀਕੀ ਜੰਗੀ ਕੰਪਨੀਆਂ ਵਿੱਚ ਸਿਰਫ਼ ਨਿੱਜੀ ਵਿੱਤੀ ਫਰਮਾਂ ਹੀ ਪੈਸਾ ਨਹੀਂ ਲਗਾਉਂਦੀਆਂ ਬਲਕਿ ਜਨਤਕ ਖੇਤਰ ਦੀਆਂ ਕੰਪਨੀਆਂ ਨੂੰ ਇਹਨਾਂ ਜੰਗੀ ਕੰਪਨੀਆਂ ਵਿੱਚ ਨਿਵੇਸ਼ ਕਰਦੀਆਂ ਹਨ ਜਿਵੇਂ ਕੈਲੇਫੋਰਨੀਆ ਸਟੇਟ ਪੈਨਸ਼ਨ ਫੰਡ (ਜੋ ਅਮਰੀਕਾ ਵਿੱਚ ਸਭ ਤੋਂ ਵੱਡਾ ਪੈਨਸ਼ਨ ਫੰਡ ਹੈ) ਨੇ ਸੈਂਕੜੇ ਮਿਲੀਅਨ ਡਾਲਰ ਰੇਥੀਓਨ, ਨਾਰਥਰਾਪ ਗਰੂਮੈਨ ਅਤੇ ਲਾਕਹੀਡ ਮਾਰਟਿਨ ਵਰਗੀਆਂ ਕੰਪਨੀਆਂ ਵਿੱਚ ਨਿਵੇਸ਼ ਕੀਤਾ ਹੋਇਆ ਹੈ।ਇਹ ਜੰਗੀ ਕੰਪਨੀਆਂ ਦੀ ਆਨਲਾਈਨ ਜਾਣਕਾਰੀ ਵੀ ਅਕਸਰ ਗੁਮਰਾਹਕੁਨ ਹੁੰਦੀ ਹੈ। ਜਿਵੇਂ ਲਾਕਹੀਡ ਮਾਰਟਿਨ ਦੇ ਪੇਜ਼ 'ਅਬਾਊਟ ਅੱਸ' ਦੀ ਗੁਮਰਾਹਕੁਨ ਸਮੱਗਰੀ। ਪੇਜ਼ ਤੇ ਲਿਖਿਆ ਹੈ, 'ਮੈਰੀਲੈਂਡ ਦੇ ਬਥਿਸਠਾ ਵਿੱਚ ਹੈੱਡਕੁਆਰਟਰ, ਲਾਕਹੀਡ ਮਾਰਟਿਨ ਇੱਕ ਕੌਮਾਂਤਰੀ ਸਕਿਊਰਿਟੀ ਅਤੇ ਏਅਰੋਸਪੇਸ ਕੰਪਨੀ ਹੈ।ਇਸ ਵਿੱਚ ਦੁਨੀਆਂ ਭਰ ਵਿੱਚ ਤਕਰੀਬਨ ਇੱਕ ਲੱਖ ਦਸ ਹਜ਼ਾਰ ਬੰਦੇ ਕੰਮ ਕਰਦੇ ਹਨ। ਇਸ ਕੰਪਨੀ ਦਾ ਮੁੱਖ ਕੰਮ ਖੋਜ਼, ਡਿਜ਼ਾਈਨ, ਵਿਕਾਸ, ਉਸਾਰੀ, ਨਿਰਮਾਣ ਅਤੇ ਵਿਕਸਿਤ ਤਕਨੀਕ ਅਤੇ ਸੇਵਾਵਾਂ ਦੇਣਾਂ ਹੈ।'ਚੇਤਨ ਤੌਰ ਤੇ ਇਸ ਵਿੱਚੋਂ ਇਹ ਤੱਥ ਲੁਕਾਇਆ ਗਿਆ ਹੈ ਕਿ ਇਸ ਕੰਪਨੀ ਦੇ ਪ੍ਰੋਡਕਟ ਕੀ ਕਰਤੂਤਾਂ ਕਰਦੇ ਹਨ। ਜੰਗੀ ਹਥਿਆਰਾਂ ਅਤੇ ਜਹਾਜ਼ਾਂ ਨੂੰ 'ਵਿਕਸਤ ਤਕਨੀਕ ਅਤੇ ਗਲੋਬਲ ਸਕਿਊਰਿਟੀ' ਦੇ ਲਬਾਦੇ ਥੱਲੇ ਲੁਕੋ ਲਿਆ ਗਿਆ ਹੈ।

**ਸੰਪਰਕ 98728-44263**

# ਮਸਨੂਈ ਬੁੱਧੀ ਦੀਆਂ ਮਿੱਥਾਂ

ਹਰਵਿੰਦਰ ਭੰਡਾਲ



ਅਜੋਕੇ ਯੁੱਗ ਨੂੰ ਮਸਨੂਈ ਬੁੱਧੀ (Artificial Intelligence) ਜਾਂ ਮਸ਼ੀਨੀ ਬੁੱਧੀ ਦਾ ਯੁੱਗ ਕਿਹਾ ਜਾ ਰਿਹਾ ਹੈ। ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਦਹਾਕੇ ਤੱਕ ਜਿਸ ਨਵੇਂ ਇਨਕਲਾਬੀ ਪੈਦਾਵਾਰ ਦੇ ਸਾਧਨ ਦੀ ਉਡੀਕ ਕੀਤੀ ਜਾ ਰਹੀ ਸੀ, ਉਸ ਨੇ ਅਵਤਾਰ ਧਾਰ ਲਿਆ ਹੈ। ਮਸ਼ੀਨ ਦੀ ਮਨੁੱਖ ਵਰਗੀ ਇਸ ਮਸਨੂਈ ਬੁੱਧੀ ਨੇ ਮਨੁੱਖ ਵੱਲੋਂ ਕੀਤੀ ਜਾਂਦੀ ਸਰੀਰਕ ਅਤੇ ਬੌਧਿਕ ਕਿਰਤ ਦੀ ਲੋੜ ਖਤਮ ਕਰਕੇ ਮਨੁੱਖ ਦੇ ਜੀਵਨ ਨੂੰ ਅਨੰਦਮਈ ਬਣਾ ਦੇਣਾ ਹੈ। ਇਹ ਮਸਨੂਈ ਬੁੱਧੀ ਬੰਦੇ ਨੂੰ ਉਸ ਦੇ ਆਪਣੇ ਨਾਲੋਂ ਵੱਧ ਚੰਗੀ ਤਰ੍ਹਾਂ ਜਾਣਨ ਲੱਗੇਗੀ ਤੇ ਇਸ ਲਈ ਉਸ ਦੀ ਹਰੇਕ ਚੋਣ ਦਾ ਉਸ ਨਾਲੋਂ ਬਿਹਤਰ ਫੈਸਲਾ ਕਰਿਆ ਕਰੇਗੀ। ਇਹ ਬੁੱਧੀ ਮਨੁੱਖੀ ਬੁੱਧੀ ਵਾਂਗ ਹੀ ਕੰਮ ਕਰੇਗੀ, ਇਸ ਲਈ ਇਹ ਉਸੇ ਤਰ੍ਹਾਂ ਦੇ ਫੈਸਲੇ ਕਰੇਗੀ, ਜਿਸ ਤਰ੍ਹਾਂ ਦੇ ਮਨੁੱਖ ਚਾਹੁੰਦਾ ਹੈ, ਪ੍ਰੰਤੂ ਇਹ ਸਭ ਤੋਂ ਵਧੀਆ ਇਸ ਲਈ ਹੋਣਗੇ, ਕਿਉਂਕਿ ਇਹਨਾਂ ਦਾ ਅਧਾਰ ਸਾਰੇ ਮੁਹੱਈਆ ਅੰਕੜੇ ਹੋਣਗੇ, ਜਿਹਨਾਂ ਦੀ ਪ੍ਰੋਸੈਸਿੰਗ ਉਪਰੰਤ ਨਤੀਜੇ ਕੱਢੇ ਜਾਣਗੇ। ਇਹ ਭਰਮ ਫੈਲਾਇਆ ਜਾ ਰਿਹਾ ਹੈ ਕਿ ਇਹ ਬਹੁਤ ਸਾਫ਼ਸੁਥਰੀ ਤਕਨਾਲੋਜੀ ਹੈ, ਜੋ ਉਦਯੋਗਿਕ ਪ੍ਰਦੂਸ਼ਣ ਮੁਕਤ ਵੀ ਹੈ। ਕਲਾਊਡ ਜਿਹੇ ਸ਼ਬਦ ਵਰਤ ਕੇ ਇਸ ਨੂੰ ਕੁਦਰਤਮੁਖ ਦਰਸਾਉਣ ਦੀ ਕੋਸ਼ਿਸ਼ ਹੋ ਰਹੀ ਹੈ, ਜਿਵੇਂ ਇਸ ਤਕਨਾਲੋਜੀ ਦਾ ਧਰਤੀ ਉੱਤੇ ਕੋਈ ਟਿਕਾਣਾ ਹੀ ਨਾ ਹੋਵੇ। ਪੰਜਾਬ ਤੋਂ ਲੈ ਕੇ ਸਿਲੀਕਾਨ ਵੈਲੀ ਤੱਕ ਅਜਿਹੇ ਬੁੱਧੀਜੀਵੀਆਂ ਦੀਆਂ ਕਤਾਰਾਂ ਲੱਗ ਗਈਆਂ ਹਨ, ਜੋ ਇਸ ਨਵੀਂ ਤਕਨਾਲੋਜੀ ਨੂੰ ਮਨੁੱਖ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਕਰਨ ਵਾਲੀ ਆਖ ਕੇ ਇਸ ਦਾ ਢੋਲ ਵਜਾ ਰਹੇ ਹਨ। ਉਹਨਾਂ ਅਨੁਸਾਰ ਇਹ ਨਵੀਂ ਤਕਨਾਲੋਜੀ ਭਵਿੱਖ ਦੇ ਨਵੇਂ ਸਵਰਗਾਂ ਦਾ ਰਸਤਾ ਖੋਲ੍ਹਣ ਵਾਲੀ ਹੈ।

ਇਸ ਤਰ੍ਹਾਂ ਦਾ ਢੋਲ-ਢਮੱਕਾ ਦੋ ਮਿੱਥਾਂ ਨੂੰ ਸੱਚਾਈ ਮੰਨ ਕੇ ਚੱਲਦਾ ਹੈ। ਪਹਿਲੀ ਮਿੱਥ ਕਿ ਕੰਪਿਊਟਰ ਜਿਹੇ ਗੈਰ ਮਨੁੱਖੀ ਸਿਸਟਮ ਵੀ ਮਨੁੱਖੀ ਮਨ ਦੇ ਨਿਆਈਂ ਹੀ ਹੁੰਦੇ ਹਨ। ਇਹ ਪੱਖ ਇਹ ਮੰਨ ਕੇ ਚੱਲਦਾ ਹੈ ਕਿ ਲੋੜੀਂਦੇ ਸਰੋਤਾਂ ਦੇ ਮੁਹੱਈਆ ਹੋਣ ਉੱਤੇ ਸਿਫਰ ਤੋਂ ਸ਼ੁਰੂ ਕਰਕੇ ਮਨੁੱਖਾਂ ਜਿਹੀ ਬੁੱਧੀ ਪੈਦਾ ਕੀਤੀ ਜਾ ਸਕਦੀ ਹੈ। ਇਹ ਇਸ ਗੱਲ ਵੱਲ ਬਿਲਕੁਲ ਧਿਆਨ ਨਹੀਂ ਦਿੰਦਾ ਕਿ ਮਨੁੱਖ ਸਿਰਫ਼ ਹੱਡ-ਮਾਸ ਦਾ ਬਣਿਆ ਹੋਣ ਕਾਰਨ ਰਿਸ਼ਤਿਆਂ ਵਿੱਚ ਜਿਊਂਦਾ ਅਤੇ ਹੋਂਦ ਦੇ ਵਡੇਰੇ ਅਰਥਾਂ ਨੂੰ ਖੋਜਣ ਵਿੱਚ ਜੁਟਿਆ ਰਹਿੰਦਾ ਹੈ। ਦੂਸਰੀ ਮਿੱਥ ਇਹ ਹੈ ਕਿ ਬੁੱਧੀ ਕੋਈ ਕੁਦਰਤੀ ਸਰੋਤ ਅਤੇ ਅਜ਼ਾਦਾਨਾ ਚੀਜ਼ ਹੁੰਦੀ ਹੈ ਤੇ ਜਿਸ ਦਾ ਆਪਣੇ ਸਮੇਂ ਦੀਆਂ ਸਮਾਜਿਕ, ਸੱਭਿਆਚਾਰਕ, ਇਤਿਹਾਸਕ ਅਤੇ ਸਿਆਸੀ ਸ਼ਕਤੀਆਂ ਨਾਲ ਕੋਈ ਸੰਬੰਧ ਹੀ ਨਹੀਂ ਹੁੰਦਾ। ਅਸਲ ਵਿੱਚ ਇਸ ਮਿੱਥ ਨੇ ਪਿਛਲੀਆਂ ਸਦੀਆਂ ਦੌਰਾਨ ਮਨੁੱਖੀ ਗੁਲਾਮੀ ਨੂੰ ਜਾਇਜ਼ ਸਿੱਧ ਕਰਨ ਤੋਂ ਲੈ ਕੇ ਨਸਲ ਸੁਧਾਰ ਅਤੇ ਯੂਜੈਨਿਕਸ ਜਿਹੀਆਂ ਫ਼ਾਸ਼ੀਵਾਦੀ ਧਾਰਨਾਵਾਂ ਪੈਦਾ ਕੀਤੀਆਂ ਹਨ।

20ਵੀਂ ਸਦੀ ਤੋਂ ਹੀ ਤਕਨਾਲੋਜੀ ਅਤੇ ਸਿੱਖਿਆ ਸ਼ਾਸਤਰ ਦੋਹਾਂ ਖੇਤਰਾਂ ਅੰਦਰ ਇਹਨਾਂ ਮਿੱਥਾਂ ਦਾ ਬੋਲਬਾਲਾ ਰਿਹਾ ਹੈ। ਇਸੇ ਲਈ ਮਨੁੱਖ ਦੇ ਸਿੱਖਣ ਨੂੰ ਕੰਪਿਊਟਰ ਦੇ ਮਾਡਲ ਨਾਲ ਤਸ਼ਬੀਹ ਦਿੱਤੀ ਜਾਂਦੀ ਰਹੀ ਹੈ ਤੇ ਦੂਸਰੇ ਪਾਸੇ ਕੰਪਿਊਟਰ ਨੂੰ ਮਨੁੱਖ ਜਿਹੀ ਹੀ ਮਸਨੂਈ ਬੁੱਧੀ ਰੱਖਣ ਵਾਲਾ ਦੱਸਿਆ ਜਾਂਦਾ ਰਿਹਾ ਹੈ। 1961 ਵਿੱਚ ਅਮਰੀਕਾ ਦੇ ਮੈਸਾਚੂਸੈਟਸ ਇੰਸਟੀਟਿਊਟ ਆਫ ਟੈਕਨਾਲੋਜੀ (MIT) ਨੇ 'ਭਵਿੱਖ ਦੀ ਮੈਨੇਜਮੈਂਟ ਅਤੇ ਕੰਪਿਊਟਰ' ਵਿਸ਼ੇ ਉੱਤੇ ਲੈਕਚਰਾਂ ਦਾ ਸਿਲਸਿਲਾ ਚਲਾਇਆ, ਜਿਸ ਵਿੱਚ ਉਸ ਸਮੇਂ ਦੇ ਮਸ਼ਹੂਰ ਕੰਪਿਊਟਰ ਵਿਗਿਆਨੀਆਂ ਨੇ ਹਿੱਸਾ ਲਿਆ। ਇਸ ਦੇ ਅਖੀਰ ਵਿੱਚ ਇਹ ਸਿੱਟਾ ਕੱਢਿਆ ਗਿਆ ਕਿ ਮਨੁੱਖਾਂ ਅਤੇ ਮਸ਼ੀਨਾਂ ਦੇ ਸੋਚਣ ਵਿੱਚ ਫਰਕ ਮਹਿਜ਼ ਭਰਮ ਹੈ। ਸਿਰਫ਼ ਕੁਝ ਮਨੁੱਖੀ ਕੰਮ ਥੋੜ੍ਹੇ ਗੁੰਝਲਦਾਰ ਹਨ ਅਤੇ ਮਸ਼ੀਨਾਂ ਨੂੰ ਉਹਨਾਂ ਨੂੰ ਸਿੱਖਣ ਅਤੇ ਅਪਨਾਉਣ ਲਈ ਕੁਝ ਵਧੇਰੇ ਸਮਾਂ ਲੱਗ ਸਕਦਾ ਹੈ।

ਅਮਰੀਕਾ ਦੇ ਹੀ ਫਿਲਾਸਫ਼ੀ ਦੇ ਪ੍ਰੋਫੈਸਰ ਹਬਰਟ ਡਰੇਫਸ ਨੇ ਉਹਨਾਂ ਦੀ ਆਲੋਚਨਾ ਕਰਦਿਆਂ ਕਿਹਾ ਕਿ ਇਹ ਇਕੱਠੇ ਹੋਏ ਇੰਜੀਨੀਅਰ ਇਸ ਸੰਭਾਵਨਾ ਉੱਤੇ ਵਿਚਾਰ ਕਰਨ ਨੂੰ ਵੀ ਤਿਆਰ ਨਹੀਂ ਸਨ ਕਿ ਸ਼ਾਇਦ ਮਨੁੱਖੀ ਦਿਮਾਗ ਸੂਚਨਾਵਾਂ ਨਾਲ ਉਸ ਤੋਂ ਵੱਖਰੇ ਤਰੀਕੇ ਨਾਲ ਨਜਿੱਠਦਾ ਹੈ, ਜਿਵੇਂ ਕੰਪਿਊਟਰ ਪ੍ਰੋਸੈਸ ਕਰਦੇ ਹਨ। ਬਾਅਦ ਵਿੱਚ ਆਪਣੀ ਕਿਤਾਬ 'ਜੋ ਕੰਪਿਊਟਰ ਨਹੀਂ ਕਰ ਸਕਦੇ' (What Computers cant Do) ਵਿੱਚ ਉਸ ਨੇ ਦਲੀਲ ਦਿੱਤੀ ਕਿ "ਮਨੁੱਖੀ ਬੁੱਧੀ ਅਤੇ ਮੁਹਾਰਤ ਕਈ ਸੁਚੇਤ ਅਚੇਤ ਅਤੇ ਅਰਧ ਚੇਤਨ ਪ੍ਰਕਿਰਿਆਵਾਂ ਉੱਤੇ ਅਧਾਰਤ ਹੁੰਦੀ ਹੈ, ਜਦਕਿ ਕੰਪਿਊਟਰ ਨੂੰ ਸਿਰਫ਼ ਸਾਫ਼-ਸਪੱਸ਼ਟ ਅਤੇ ਰਸਮੀ ਕੀਤੇ ਹੋਏ ਅੰਕੜਿਆਂ ਅਤੇ ਪ੍ਰਕਿਰਿਆਵਾਂ ਦੀ ਲੋੜ ਹੁੰਦੀ ਹੈ।" ਇਸ ਲਈ ਕੰਪਿਊਟਰ ਸਥਿਤੀਆਂ ਬਾਰੇ ਉਸ ਤਰ੍ਹਾਂ ਫੈਸਲੇ ਨਹੀਂ ਲੈ ਸਕਦੇ ਜਿਵੇਂ ਮਨੁੱਖ ਲੈ ਸਕਦੇ ਹਨ।

ਹੁਣ 21ਵੀਂ ਸਦੀ ਵਿੱਚ ਫਿਰ ਵਾਰ ਫਿਰ ਡਰੇਫਸ ਦੀਆਂ ਦਲੀਲਾਂ ਨੂੰ ਨਜ਼ਰਅੰਦਾਜ਼ ਕਰਕੇ ਕੰਪਿਊਟਰ ਐਲਗੋਰਿਦਮਾਂ ਜਾਂ ਮਸਨੂਈ ਬੁੱਧੀ ਨੂੰ ਮਨੁੱਖੀ ਬੁੱਧੀ ਨਾਲੋਂ ਵਧੇਰੇ ਸਮਰੱਥਾ ਰੱਖਣ ਵਾਲੀ ਸਿੱਧ ਕੀਤਾ ਜਾ ਰਿਹਾ ਹੈ। 1961 ਦੇ ਅਮਰੀਕੀ ਇੰਜੀਨੀਅਰਾਂ ਦੀਆਂ ਗੱਲਾਂ ਨੂੰ ਮੁੜ ਦੁਹਰਾਇਆ ਜਾ ਰਿਹਾ ਹੈ। ਪ੍ਰੋਫ਼ੈਸਰ ਕੇਟ ਕਰਾਫ਼ਰਡ ਨੇ ਆਪਣੀ ਕਿਤਾਬ 'ਐਟਲਸ ਆਫ਼ ਏ ਆਈ' (Atlas of AI) ਵਿੱਚ ਬਹੁਤ ਵਿਸਥਾਰ ਨਾਲ ਦੱਸਿਆ ਹੈ ਕਿ ਕਿਵੇਂ ਇਹ ਮਸਨੂਈ ਬੁੱਧੀ ਨਾ ਤਾਂ ਮਸਨੂਈ ਹੈ ਤੇ ਨਾ ਹੀ ਬੁੱਧੀ ਹੈ। ਇਸ ਦੇ ਉਲਟ ਇਹ ਇੱਕ ਠੋਸ ਪਦਾਰਥ ਜਾਂ ਚੀਜ਼ ਹੈ ਜੋ ਕੁਦਰਤੀ ਸਰੋਤਾਂ, ਬਾਲਣ, ਮਨੁੱਖੀ ਕਿਰਤ, ਬੁਨਿਆਦੀ ਢਾਂਚਿਆਂ, ਮਾਲ ਅਸਬਾਬ ਦੀ ਢੋਆ-ਢੁਆਈ, ਇਤਿਹਾਸਾਂ ਅਤੇ ਤਰਤੀਬਾਂ ਤੋਂ ਬਣੀ ਹੈ। ਮਸਨੂਈ ਬੁੱਧੀ ਵਿਸ਼ਾਲ ਅੰਕੜਿਆਂ ਅਤੇ ਪਹਿਲਾਂ ਸਿਖਾਏ ਨੇਮਾਂ, ਨਿਯਮਾਂ ਤੋਂ ਬਿਨਾਂ ਖ਼ੁਦਮੁਖ਼ਤਿਆਰ ਜਾਂ ਤਰਕਸ਼ੀਲ ਨਹੀਂ ਬਣ ਸਕਦੀ। ਅੱਜ ਜੋ ਮਸਨੂਈ ਬੁੱਧੀ ਸਾਡੇ ਸਾਹਮਣੇ ਹੈ ਉਹ ਵਿਸ਼ਾਲ ਸਮਾਜਿਕ ਅਤੇ ਸਿਆਸੀ ਢਾਂਚਿਆਂ ਦੀ ਉਪਜ ਹੈ। ਇਸ ਨੂੰ ਬਣਾਉਣ ਲਈ ਜਿੰਨੇ ਸਰਮਾਏ ਦੀ ਲੋੜ ਪੈਂਦੀ ਹੈ ਅਤੇ ਜਿਸ ਤਰ੍ਹਾਂ ਦੇ ਤਰੀਕੇ ਇਸ ਨੂੰ ਬਣਾਉਣ ਲਈ ਵਰਤੇ ਜਾਂਦੇ ਹਨ, ਉਸ ਤੋਂ ਸਿੱਧ ਹੈ ਕਿ ਸਰਮਾਏਦਾਰੀ ਨਿਜ਼ਾਮ ਵਿੱਚ ਇਹ ਮਸਨੂਈ ਬੁੱਧੀ ਵੀ ਸਰਮਾਏਦਾਰੀ ਹਾਕਮ ਜਮਾਤਾਂ ਦੇ ਹਿੱਤਾਂ ਦੀ ਪੂਰਤੀ ਲਈ ਇੱਕ ਨਵਾਂ ਹਥਿਆਰ ਬਣੇਗੀ। ਇਹ ਮਸਨੂਈ ਬੁੱਧੀ ਸਰਮਾਏਦਾਰੀ ਦੀ ਅੰਨ੍ਹੀ ਤਾਕਤ ਦਾ ਹੀ ਪ੍ਰਗਟਾਵਾ ਹੈ।

ਇਹ ਮਸਨੂਈ ਬੁੱਧੀ ਬਣਦੀ ਕਿਵੇਂ ਹੈ? ਇਸ ਵੱਲ ਧਿਆਨ ਦੇਣ ਨਾਲ ਹੀ ਇਸ ਨਾਲ ਜੁੜੀਆਂ ਕਈ ਮਿੱਥਾਂ ਟੁੱਟ ਜਾਂਦੀਆਂ ਹਨ। ਇਹ ਮਸਨੂਈ ਬੁੱਧੀ ਕਿਸ ਨੇ ਬਣਾਈ ਹੋਵੇਗੀ? ਇਹ ਸਵਾਲ ਜ਼ਿਹਨ ਵਿੱਚ ਆਉਂਦਿਆਂ ਹੀ ਆਧੁਨਿਕ ਤਰੀਕੇ ਦੇ ਵਰਕ ਸਟੇਸ਼ਨ ਅੱਖਾਂ ਮੂਹਰੇ ਆ ਜਾਂਦੇ ਹਨ, ਜਿਹਨਾਂ ਵਿੱਚ ਕਈ ਨੌਜਵਾਨ ਮੁੰਡੇ-ਕੁੜੀਆਂ ਆਪੋ-ਆਪਣੇ ਲੈਪਟਾਪ ਉੱਤੇ ਉਂਗਲਾਂ ਮਾਰਦੇ ਦਿਸਦੇ ਹਨ। ਉਹਨਾਂ ਨੂੰ ਉਹਨਾਂ ਦੀਆਂ ਕੰਪਨੀਆਂ ਨੇ ਵਿਸ਼ਾਲ ਮਨੁੱਖੀ ਅੰਕੜੇ ਮੁਹੱਈਆ ਕਰਵਾਏ ਹੋਣਗੇ, ਜਿਹਨਾਂ ਦੇ ਅਧਾਰ ਉੱਤੇ ਉਹਨਾਂ ਨੇ ਕੰਪਿਊਟਰ ਨੂੰ ਉਹ ਕੰਮ ਮਨੁੱਖ ਨਾਲੋਂ ਵੀ ਤੇਜ਼ ਗਤੀ ਨਾਲ ਕਰਨੇ ਸਿਖਾਏ ਹੋਣਗੇ, ਜੋ ਪਹਿਲਾਂ ਮਨੁੱਖ ਹੀ ਕਰ ਸਕਦਾ ਸੀ। ਉਹਨਾਂ ਕੰਪਿਊਟਰ ਨੂੰ ਆਪਣੇ ਆਪ ਹੀ ਆਪਣੇ ਅਨੁਭਵਾਂ ਅਤੇ ਪ੍ਰਾਪਤ ਹੁੰਦੇ ਅੰਕੜਿਆਂ ਤੋਂ ਲਗਾਤਾਰ ਸਿੱਖਦੇ ਜਾਣਾ ਵੀ ਸਿਖਾਇਆ ਹੋਵੇਗਾ। ਸਾਡੇ ਜ਼ਿਹਨ ਵਿੱਚ ਐਲਗੋਰਿਦਮ, ਅੰਕੜੇ, ਕਲਾਊਡ ਇਤਿਆਦਿਸਾਜ਼ੀ ਜਿਹੇ ਸ਼ਬਦ ਉੱਭਰਦੇ ਹਨ।

ਪਰ ਜੋ ਸਾਡੇ ਜ਼ਿਹਨ ਵਿੱਚ ਨਹੀਂ ਆਉਂਦਾ, ਉਹ ਇਹ ਹੈ ਕਿ ਪ੍ਰਾਪਤ ਅਤੇ ਪ੍ਰੋਸੈੱਸ ਹੁੰਦੇ ਅੰਕੜੇ ਵੀ ਕਿਤੇ ਨਾ ਕਿਤੇ ਸਟੋਰ ਹੁੰਦੇ ਹਨ। 'ਕਲਾਊਡ' ਦਾ ਅਰਥ ਸੱਚਮੁੱਚ ਦੇ ਬੱਦਲ ਨਹੀਂ ਹੈ। ਹਰੇਕ ਕੰਪਨੀ ਦੇ ਆਪਣੇ ਵੱਡੇ ਡੇਟਾ ਸੈਂਟਰ ਹਨ, ਜਿਹਨਾਂ ਅੰਦਰ ਵਿਸ਼ਾਲ ਸਰਵਰ ਅੰਕੜਿਆਂ ਨੂੰ ਸੰਭਾਲਣ ਦਾ ਕੰਮ ਕਰਦੇ ਹਨ। ਆਮ ਤੌਰ ਉੱਤੇ ਇਹ ਡੇਟਾ ਸੈਂਟਰ ਮੁੱਖ ਸ਼ਹਿਰਾਂ ਤੋਂ ਦੂਰ ਲੋਕਾਂ/ਮੀਡੀਆ ਦੀਆਂ ਨਜ਼ਰਾਂ ਤੋਂ ਲੁਕੇ ਰਹਿੰਦੇ ਹਨ। ਇਸ ਲਈ ਸਾਡੇ ਜ਼ਿਹਨ ਵਿੱਚ ਕਲਾਊਡ ਦਾ ਅਰਥ ਬੱਦਲ ਹੀ ਬਣਿਆ ਰਹਿੰਦਾ ਹੈ। ਇਹਨਾਂ ਡੇਟਾ ਸੈਂਟਰਾਂ ਅੰਦਰ ਹੁੰਦੀ 'ਕੰਪਿਊਟੇਸ਼ਨ' ਵੱਡੀ ਪੱਧਰ ਉੱਤੇ ਪਾਣੀ ਅਤੇ ਬਿਜਲੀ ਦੀ ਖਪਤ ਦੇ ਨਤੀਜੇ ਵਜੋਂ ਹੁੰਦੀ ਹੈ। ਸਰਵਰਾਂ ਦੇ ਕੰਮ ਕਰਨ ਲਈ ਬਿਜਲੀ ਊਰਜਾ ਵਜੋਂ ਕੰਮ ਆਉਂਦੀ ਅਤੇ ਉਹਨਾਂ ਨੂੰ ਠੰਢੇ ਰੱਖਣ ਲਈ ਪਾਣੀ ਲੋੜੀਂਦਾ ਹੈ। ਬਿਜਲੀ ਅਤੇ ਪਾਣੀ ਦੀ ਖਪਤ ਦੇ ਸਟੀਕ ਅੰਕੜੇ ਕਿਸੇ ਕੋਲ ਨਹੀਂ ਹਨ, ਕਿਉਂਕਿ ਇਹਨਾਂ ਵੱਡੀਆਂ ਟੈੱਕ ਕੰਪਨੀਆਂ ਅੰਕੜਿਆਂ ਨੂੰ ਮੁਕੰਮਲ ਹਨੇਰੇ ਵਿੱਚ ਰੱਖ ਕੇ ਕੰਮ ਕਰਨ ਦੀਆਂ ਆਦੀ ਹਨ। ਇੱਕ ਅੰਦਾਜ਼ੇ ਵਜੋਂ ਅਮਰੀਕਾ ਦੀ ਨੈਸ਼ਨਲ ਸਕਿਉਰਿਟੀ ਏਜੰਸੀ (NSA) ਦੇ ਇੱਕ ਡੇਟਾ ਸੈਂਟਰ ਅੰਦਰ ਹਰ ਰੋਜ਼ 1.7 ਮਿਲੀਅਨ ਗੈਲਨ ਪਾਣੀ ਦੀ ਖਪਤ ਹੁੰਦੀ ਹੈ।

ਇਸ ਲਈ ਵਾਤਾਵਰਣ ਦੇ ਪੱਖ ਤੋਂ ਜਿਸ ਮਸਨੂਈ ਬੁੱਧੀ ਨੂੰ ਸਮੱਸਿਆਵਾਂ ਦੇ ਹੱਲ ਵਜੋਂ ਪੇਸ਼ ਕੀਤਾ ਜਾਂਦਾ ਸੀ, ਉਹ ਅੱਜ ਖ਼ੁਦ ਨਵੀਂ ਸਮੱਸਿਆ ਬਣ ਗਈ ਹੈ। ਇਹ ਖ਼ੁਦ ਵਾਤਾਵਰਣ ਨਾਲ ਜੁੜੀਆਂ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਪੈਦਾ ਕਰਕੇ ਉਹਨਾਂ ਨੂੰ ਲੋਕਾਂ ਦੀਆਂ ਨਜ਼ਰਾਂ ਤੋਂ ਛੁਪਾ ਲੈਂਦੀ ਹੈ। ਅੱਜ ਦੁਨੀਆਂ ਦੀਆਂ ਟੈੱਕ ਕੰਪਨੀਆਂ ਏਨਾ ਕਾਰਬਨ ਹਵਾ ਵਿੱਚ ਮਿਲਾ ਰਹੀਆਂ ਹਨ, ਜਿੰਨਾ ਹਵਾਈ ਜਹਾਜ਼ਾਂ ਦੀਆਂ ਕੰਪਨੀਆਂ ਆਪਣੇ ਸਿਖਰ ਸਮੇਂ ਹਵਾ ਵਿੱਚ ਘੋਲਦੀਆਂ ਸਨ। ਖ਼ਤਰਨਾਕ ਗੱਲ ਇਹ ਹੈ ਕਿ ਇਹਨਾਂ ਕੰਪਨੀਆਂ ਦਾ ਕਾਰਬਨ ਵਧੇਰੇ ਤੇਜ਼ ਰਫ਼ਤਾਰ ਨਾਲ ਵਧ ਰਿਹਾ ਹੈ। ਵਾਤਾਵਰਣ ਮਾਹਿਰਾਂ ਦਾ ਅੰਦਾਜ਼ਾ ਹੈ ਕਿ 2040 ਤੱਕ ਟੈੱਕ ਸੈਕਟਰ ਦੁਨੀਆ ਦੀਆਂ ਗਰੀਨ ਹਾਊਸ ਗੈਸਾਂ ਦੇ 14 ਫੀਸਦੀ ਹਿੱਸੇ ਲਈ ਜ਼ਿੰਮੇਵਾਰ ਹੋਵੇਗਾ। ਸਵੀਡਨ ਦੀ ਇੱਕ ਟੀਮ ਨੇ ਭਵਿੱਖਬਾਣੀ ਕੀਤੀ ਹੈ ਕਿ 2030 ਤੱਕ ਇਕੱਲੇ ਡੇਟਾ ਸੈਂਟਰਾਂ ਅੰਦਰ ਹੀ ਬਿਜਲੀ ਦੀ ਮੰਗ 15 ਗੁਣਾ ਵਧ ਜਾਵੇਗੀ।

ਇਹ ਟੈੱਕ ਕੰਪਨੀਆਂ ਇੱਕ ਹੋਰ ਤਰੀਕੇ ਨਾਲ ਵੀ ਧਰਤੀ ਦੇ ਕੁਦਰਤੀ ਸਰੋਤਾਂ ਦੇ ਸ਼ੋਸ਼ਣ ਵਿੱਚ ਹਿੱਸਾ ਪਾ ਰਹੀਆਂ ਹਨ। ਮਾਈਕਰੋਸਾਫਟ, ਗੂਗਲ ਤੇ ਐਮੇਜ਼ਨ ਜਿਹੀਆਂ ਕੰਪਨੀਆਂ ਆਪਣੇ ਏ ਆਈ ਪਲੇਟਫਾਰਮ, ਇੰਜੀਨੀਅਰ ਅਤੇ ਬੁਨਿਆਦੀ ਢਾਂਚੇ ਜੈਵਿਕ ਬਾਲਣ (Fossil fuel) ਕੰਪਨੀਆਂ ਨੂੰ ਮੁਹੱਈਆ ਕਰਵਾਉਂਦੀਆਂ ਹਨ। ਇਹ ਸਭ ਇਹਨਾਂ ਕੰਪਨੀਆਂ ਦੀ ਧਰਤੀ ਥੱਲਿਓਂ ਜੈਵਿਕ ਬਾਲਣ ਖੋਜਣ ਅਤੇ ਕੱਢਣ ਵਿੱਚ ਮਦਦ ਕਰਦੇ ਹਨ। ਨਤੀਜਾ ਵਾਤਾਵਰਣ ਦੀ ਹੋਰ ਖਰਾਬੀ ਵਿੱਚ ਨਿਕਲਦਾ ਹੈ।

ਇਸੇ ਤਰ੍ਹਾਂ ਦੀ ਕਹਾਣੀ ਦੁਰਲੱਭ ਧਰਤ ਤੱਤਾਂ (rare earth elements) ਦੀ ਹੈ, ਜੋ ਅਜੋਕੇ ਸਮੇਂ ਦੀ ਜੀਓ ਪੋਲਿਟਿਕਸ ਨੂੰ ਪ੍ਰਭਾਵਤ ਕਰਨ ਲੱਗੇ ਹਨ। ਤੇਲ ਅਤੇ ਪਾਣੀ ਤੋਂ ਬਾਅਦ ਇਹ ਦੁਰਲੱਭ ਤੱਤ ਭਵਿੱਖ ਵਿੱਚ ਦੁਨੀਆਂ ਅੰਦਰ ਨਵੀਆਂ ਜੰਗਾਂ ਦਾ ਕਾਰਨ ਬਣ ਰਹੇ ਪ੍ਰਤੀਤ ਹੋ ਰਹੇ ਹਨ। ਯਾਦ ਰਹੇ ਅਮਰੀਕਾ ਦਾ ਰਾਸ਼ਟਰਪਤੀ ਟਰੰਪ ਰੂਸ-ਯੂਕਰੇਨ ਜੰਗ ਅੰਦਰ ਯੂਕਰੇਨ ਦੀ ਮਦਦ ਦੇ ਇਵਜ਼ ਵਿੱਚ ਉਸ ਦੇ ਮੁਲਕ ਅੰਦਰਲੇ ਦੁਰਲੱਭ ਧਰਤ ਤੱਤਾਂ ਉੱਤੇ ਹੀ ਆਪਣਾ ਕਬਜ਼ਾ ਮੰਗ ਰਿਹਾ ਸੀ। ਇਹ ਦੁਰਲੱਭ ਧਰਤ ਤੱਤ ਕੀ ਹਨ? ਲੈਂਥਨਮ, ਸਰੀਅਮ, ਨਿਓਡੀਮੀਅਮ, ਸਕੈਂਡੀਅਮ, ਟਰਬੀਅਮ, ਥੂਲੀਅਮ, ਯਤਰੀਅਮ ਆਦਿ ਇਹ ਦਰਅਸਲ ਉਹ 17 ਧਾਤ ਦੇ ਤੱਤ ਹਨ ਜੋ ਸਮਕਾਲੀ ਟੈੱਕ ਉਦਯੋਗ ਦੇ ਚੱਲਣ ਲਈ ਬੇਹੱਦ ਲੋੜੀਂਦੇ ਹਨ। ਇਹਨਾਂ ਦੇ ਇਸਤੇਮਾਲ ਨਾਲ ਹੀ ਅਕਾਰ ਵਿੱਚ ਛੋਟੇ ਤੋਂ ਛੋਟਾ ਪੁਰਜ਼ਾ ਤੇ ਉਪਕਰਣ ਬਣਾ ਕੇ ਉਸ ਤੋਂ ਵੱਡੇ ਤੋਂ ਵੱਡਾ ਕੰਮ ਲਿਆ ਜਾਂਦਾ ਹੈ। ਬਿਜਲੀ ਅਤੇ ਕੰਪਿਊਟਰ ਉਦਯੋਗ ਦੇ ਖੇਤਰ ਲਈ ਇਹ ਬਹੁਤ ਅਹਿਮ ਹਨ। ਬਿਜਲਈ ਕਾਰਾਂ ਅਤੇ ਬੈਟਰੀਆਂ ਵਿੱਚ ਵੀ ਇਹਨਾਂ ਦੀ ਹੀ ਵਰਤੋਂ ਹੁੰਦੀ ਹੈ। ਇਹਨਾਂ ਨੂੰ ਦੁਰਲੱਭ ਇਸ ਲਈ ਮੰਨਿਆ ਜਾਂਦਾ ਹੈ ਕਿਉਂ ਕਿ ਇਹ ਕਦੇ ਵੀ ਵੱਡੇ ਭੰਡਾਰਾਂ ਵਜੋਂ ਇੱਕੋ ਥਾਂ ਨਹੀਂ ਮਿਲਦੇ। ਇਹ ਧਰਤੀ ਦੀ ਸਤਾਹ ਉੱਤੇ ਛੋਟੀ ਮਾਤਰਾ ਵਿੱਚ ਜਮ੍ਹਾਂ ਹਨ। ਰਸਾਇਣਕ ਤੌਰ ਉੱਤੇ ਵੀ ਇਹ ਲੱਗਭੱਗ ਇੱਕੋ ਜਿਹੇ ਹਨ, ਇਸ ਲਈ ਇਹਨਾਂ ਨੂੰ ਵੱਖ ਅਤੇ ਸ਼ੁੱਧ ਕਰਨ ਦੀ ਪ੍ਰਕਿਰਿਆ ਨਾ ਸਿਰਫ਼ ਬੇਹੱਦ ਔਖੀ ਅਤੇ ਖਰਚੀਲੀ ਹੈ ਸਗੋਂ ਵਾਤਾਵਰਣ ਪੱਖੋਂ ਘਾਤਕ ਵੀ ਹੈ।

ਚਲੋ ਇਸ ਪ੍ਰਕਿਰਿਆ ਨੂੰ ਹੋਰ ਵਿਸਥਾਰ ਵਿੱਚ ਸਮਝਦੇ ਹਾਂ। ਦੁਰਲੱਭ ਧਰਤ ਤੱਤ ਕੁਦਰਤੀ ਤੌਰ ਉੱਤੇ ਥੋਰੀਅਮ ਅਤੇ ਯੂਰੇਨੀਅਮ ਦੇ ਨਾਲ ਕੱਚੀ ਧਾਤ ਦੇ ਜ਼ਖੀਰੇ ਵਜੋਂ ਮੌਜੂਦ ਹੁੰਦੇ ਹਨ। ਥੋਰੀਅਮ ਅਤੇ ਯੂਰੇਨੀਅਮ ਦੋਵੇਂ ਰੇਡੀਓ ਐਕਟਿਵ ਹਨ। ਦੁਰਲੱਭ ਧਰਤ ਤੱਤਾਂ ਦੀ ਮਾਈਨਿੰਗ ਸਮੇਂ ਇਹਨਾਂ ਨੂੰ ਪ੍ਰੋਸੈਸਿੰਗ ਤੋਂ ਪਹਿਲਾਂ ਉਹਨਾਂ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਮਾਈਨਿੰਗ ਲਈ ਜਦੋਂ ਚੱਟਾਨਾਂ ਵਿੱਚ ਧਮਾਕੇ ਕੀਤੇ ਜਾਂਦੇ ਹਨ ਤਾਂ ਇਹ ਵੀ ਦੁਰਲੱਭ ਧਰਤ ਤੱਤਾਂ ਦੇ ਨਾਲ ਹੀ ਧਰਤੀ ਦੀ ਸਤ੍ਹਾ ਉੱਤੇ ਆ ਜਾਂਦੇ ਹਨ। ਜਦੋਂ ਕੱਚੀ ਧਾਤ ਨੂੰ ਚੂਰਾ ਚੂਰਾ ਕੀਤਾ ਜਾਂਦਾ ਹੈ ਤਾਂ ਇਹ ਰੇਡੀਓ ਐਕਟਿਵ ਪਦਾਰਥ ਵਾਤਾਵਰਣ ਵਿੱਚ ਫੈਲ ਕੇ ਹਵਾ ਨੂੰ ਭੈੜੇ ਰੂਪ ਵਿੱਚ ਪ੍ਰਦੂਸ਼ਿਤ ਕਰ ਦਿੰਦੇ ਹਨ। ਜਿਹਨਾਂ ਚੱਟਾਨਾਂ ਵਿੱਚ ਧਮਾਕੇ ਕੀਤੇ ਜਾਂਦੇ ਹਨ, ਉਹਨਾਂ ਦੀ ਸਤ੍ਹਾ ਤੋਂ ਵੀ ਜ਼ਹਿਰੀਲੇ ਮਾਦੇ ਵਰਖਾ ਸਮੇਂ ਪਾਣੀ ਵਿੱਚ ਘੁਲ ਕੇ ਪਾਣੀ ਨੂੰ ਵੀ ਪ੍ਰਦੂਸ਼ਿਤ ਕਰ ਦਿੰਦੇ ਹਨ। ਇਸ ਤਰ੍ਹਾਂ ਦੁਰਲੱਭ ਧਰਤ ਤੱਤਾਂ ਦੀ ਮਾਈਨਿੰਗ ਸਮੇਂ ਧਰਤੀ, ਹਵਾ ਤੇ ਪਾਣੀ ਤਿੰਨੋ ਬੁਰੀ ਤਰ੍ਹਾਂ ਪ੍ਰਦੂਸ਼ਿਤ ਹੁੰਦੇ ਹਨ। ਚੂਰਾ ਕੀਤੀ ਕੱਚੀ ਧਾਤ ਵਿੱਚੋਂ ਦੁਰਲੱਭ ਧਰਤ ਤੱਤ ਵੱਖਰੇ ਕਰਨ ਦੀ ਪ੍ਰਕਿਰਿਆ ਦੌਰਾਨ ਹੋਰ ਵੀ ਵਧੇਰੇ ਭਿਆਨਕ ਪ੍ਰਦੂਸ਼ਣ ਪੈਦਾ ਹੁੰਦਾ ਹੈ ਕਿਉਂ ਕਿ ਇਸ ਕੱਚੀ ਧਾਤ ਨੂੰ ਵੱਖ ਤੇਜ਼ਾਬਾਂ ਨਾਲ ਟਰੀਟ ਕੀਤਾ ਜਾਂਦਾ ਹੈ। ਪ੍ਰਕਿਰਿਆ ਦੇ ਹਰ ਪੜਾਅ ਉੱਤੇ ਜ਼ਹਿਰੀਲਾ ਤੇਜ਼ਾਬੀ ਮਾਦਾ ਕੂੜੇ ਦੇ ਰੂਪ ਵਿੱਚ ਨਿੱਕਲਦਾ ਹੈ।

ਇਸ ਸਾਰੀ ਪ੍ਰਕਿਰਿਆ ਵਿੱਚ ਜਿੰਨੇ ਦੁਰਲੱਭ ਧਰਤ ਤੱਤ ਪ੍ਰਾਪਤ ਹੁੰਦੇ ਹਨ, ਉਸ ਤੋਂ ਕਈ ਗੁਣਾ ਵੱਧ ਕੂੜਾ ਪੈਦਾ ਹੋ ਜਾਂਦਾ ਹੈ। ਕੁਦਰਤੀ ਸਰੋਤਾਂ ਦੇ ਮਾਹਿਰ ਡੇਵਿਡ ਅਬਰਾਹਮ ਨੇ ਚੀਨ ਦੇ ਜ਼ਿਆਂਗਜ਼ੀ ਵਿੱਚ ਕਈ ਹਾਈ ਟੈੱਕ ਯੰਤਰਾਂ ਵਿੱਚ ਵਰਤੇ ਜਾਣ ਵਾਲੇ ਡਿਸਪਰੋਸ਼ੀਅਮ ਅਤੇ ਟਰਬੀਅਮ ਦੀ ਕੀਤੀ ਜਾਣ ਵਾਲੀ ਮਾਈਨਿੰਗ ਬਾਰੇ ਦੱਸਦਿਆਂ ਲਿਖਿਆ ਹੈ ਕਿ "ਪੁੱਟੀ ਗਈ ਚੱਟਾਨੀ ਮਿੱਟੀ ਵਿੱਚ ਸਿਰਫ਼ 0.2 ਫੀਸਦੀ ਹੀ ਮੁੱਲਵਾਨ ਦੁਰਲੱਭ ਧਰਤ ਤੱਤ ਹੁੰਦੇ ਹਨ। ਇਸ ਦਾ ਅਰਥ ਇਹ ਹੈ ਕਿ ਦੁਰਲੱਭ ਧਰਤ ਤੱਤਾਂ ਦੀ ਮਾਈਨਿੰਗ ਲਈ ਪੁੱਟੀ ਗਈ ਮਿੱਟੀ ਦੇ 99.8 ਪ੍ਰਤੀਸ਼ਤ ਨੂੰ ਕੂੜਾ ਕਹਿ ਕੇ ਸੁੱਟ ਦਿੱਤਾ ਜਾਂਦਾ ਹੈ। ਇਸ ਕੂੜੇ ਨੂੰ 'ਟੇਲਿੰਗਜ਼' ਆਖਦੇ ਹਨ ਅਤੇ ਇਸ ਨੂੰ ਵਾਪਸ ਪਹਾੜਾਂ ਅਤੇ ਨਦੀਆਂ ਵਿੱਚ ਡੰਪ ਕਰ ਦਿੱਤਾ ਜਾਦਾ ਹੈ।" ਇਸ ਨਾਲ ਅਮੋਨੀਆ ਜਿਹੇ ਨਵੇਂ ਪ੍ਰਦੂਸ਼ਕ ਪੈਦਾ ਹੁੰਦੇ ਹਨ। ਚੀਨ ਦੀ ਦੁਰਲੱਭ ਧਰਤ ਤੱਤਾਂ ਸੰਬੰਧੀ ਸੋਸਾਇਟੀ ਦਾ ਅਨੁਮਾਨ ਹੈ ਕਿ ਇੱਕ ਟਨ ਦੁਰਲੱਭ ਧਰਤ ਤੱਤਾਂ ਨੂੰ ਸੋਧਣ ਦੌਰਾਨ 75000 ਲੀਟਰ ਤੇਜ਼ਾਬੀ ਪਾਣੀ ਅਤੇ ਇੱਕ ਟਨ ਰੇਡੀਓ ਐਕਟਿਵ ਕੂੜਾ ਨਿੱਕਲਦਾ ਹੈ।

ਇਸ ਵੇਲ਼ੇ ਚੀਨ ਕੋਲ ਦੁਨੀਆਂ ਦੀ 60 ਤੋਂ 70 ਫੀਸਦੀ ਮਾਈਨਿੰਗ ਦਾ ਨਿਯੰਤਰਣ ਹੈ ਅਤੇ ਉਹ ਸੰਸਾਰ ਦੀ ਪ੍ਰੋਸੈਸਿੰਗ ਸਮਰੱਥਾ ਦਾ 85 ਫੀਸਦੀ ਦਾ ਮਾਲਕ ਹੈ। ਇਸ ਲਈ ਉਹ ਸੰਸਾਰ ਪੱਧਰ ਉੱਤੇ ਇਹਨਾਂ ਦੁਰਲੱਭ ਧਰਤ ਤੱਤਾਂ ਦੀ ਸਪਲਾਈ ਉੱਤੇ ਦਬਦਬਾ ਰੱਖਦਾ ਹੈ। ਪ੍ਰੰਤੂ ਇਸ ਦੇ ਵਾਤਾਵਰਣਕ ਪ੍ਰਭਾਵਾਂ ਦੀ ਜਿਊਂਦੀ-ਜਾਗਦੀ ਉਦਾਹਰਣ ਵੀ ਚੀਨ ਦੇ ਬਟਾਊ ਦੀ ਹੈ। ਬਟਾਊ ਵਿੱਚ ਦੁਨੀਆ ਦਾ ਦੁਰਲੱਭ ਧਰਤ ਤੱਤਾਂ ਦਾ ਸਭ ਤੋਂ ਵੱਡਾ ਪ੍ਰੋਸੈਸਿੰਗ ਯੂਨਿਟ ਹੈ। ਏਥੇ ਮੁੱਖ ਰੂਪ ਵਿੱਚ ਸੀਰੀਅਮ ਅਤੇ ਨਿਓਡੀਮੀਅਮ ਦਾ ਉਤਪਾਦਨ ਹੁੰਦਾ ਹੈ। ਅੱਜ ਏਥੇ 10 ਵਰਗ ਕਿਲੋਮੀਟਰ ਦੀ ਕਾਲੀ ਝੀਲ ਬਣ ਚੁੱਕੀ ਹੈ ਜਿਸ ਵਿੱਚ 180 ਮਿਲੀਅਨ ਟਨ ਤੋਂ ਵੱਧ ਦਾ ਰੇਡੀਓ ਐਕਟਿਵ ਅਤੇ ਹੋਰ ਤੇਜ਼ਾਬੀ, ਜ਼ਹਿਰੀਲਾ ਕੂੜਾ ਕਰਕਟ ਹੈ। ਆਸੇ-ਪਾਸੇ ਦੇ ਪਿੰਡ ਉੱਜੜ ਚੁੱਕੇ ਹਨ। ਸ਼ਹਿਰ ਵਿੱਚ ਕਾਲੀ ਧੂੜ ਜੰਮੀ ਹੋਈ ਹੈ ਅਤੇ ਹਵਾ ਵਿੱਚੋਂ ਹਰ ਵੇਲੇ ਸਲਫਰ ਦੀ ਗੰਧ ਆਉਂਦੀ ਹੈ। ਇਸ ਝੀਲ ਦਾ ਕੋਈ ਕਿਨਾਰਾ ਨਹੀਂ ਹੈ। ਇਸ ਦਾ ਅਰਥ ਇਹ ਹੈ ਕਿ ਇਹ ਲਗਾਤਾਰ ਚਾਰੇ ਪਾਸੇ ਫੈਲ ਰਹੀ ਹੈ।

ਬਟਾਊ ਤੋਂ ਲੱਗਭੱਗ 3 ਹਜ਼ਾਰ ਮੀਲ ਦੱਖਣ ਵੱਲ ਇੰਡੋਨੇਸ਼ੀਆ ਦੇ ਛੋਟੇ ਟਾਪੂ ਬੰਗਕਾ ਤੇ ਬੇਲਿਟੁੰਗ ਹਨ। ਇਹਨਾਂ ਵਿੱਚੋਂ ਇੰਡੋਨੇਸ਼ੀਆ ਦਾ 90 ਫੀਸਦੀ ਟਿਨ ਨਿਕਲਦਾ ਹੈ, ਜਿਸ ਦਾ ਇਸਤੇਮਾਲ ਸੈਮੀਕੰਡਕਟਰ ਬਣਾਉਣ ਵਿੱਚ ਕੀਤਾ ਜਾਂਦਾ ਹੈ। ਚੀਨ ਤੋਂ ਬਾਅਦ ਇੰਡੋਨੇਸ਼ੀਆ ਟਿਨ ਦਾ ਦੂਸਰਾ ਸਭ ਤੋਂ ਵੱਡਾ ਉਤਪਾਦਕ ਹੈ। ਇੰਡੋਨੇਸ਼ੀਆ ਦੀ ਰਾਸ਼ਟਰੀ ਟਿਨ ਕਾਰਪੋਰੇਸ਼ਨ ਸਿੱਧੇ-ਅਸਿੱਧੇ ਸੈਮਸੰਗ, ਐਪਲ, ਟੈਸਲਾ ਅਤੇ ਐਮੇਜ਼ਨ ਜਿਹੀਆਂ ਕਾਰਪੋਰੇਸ਼ਨਾਂ ਨੂੰ ਟਿਨ ਸਪਲਾਈ ਕਰਦੀ ਹੈ, ਪਰ ਇਹਨਾਂ ਛੋਟੇ ਟਾਪੂਆਂ ਉੱਤੇ ਸਿਰਫ਼ ਸਰਕਾਰੀ ਕਾਰਪੋਰੇਸ਼ਨ ਹੀ ਟਿਨ ਨਹੀਂ ਲੱਭਦੀ। ਬਹੁਤ ਸਾਰੇ ਸਥਾਨਕ ਲੋਕ ਵੀ ਸਮੁੰਦਰ ਵਿੱਚ ਚੁੱਭੀਆਂ ਮਾਰ, ਵੱਡੀਆਂ ਖੱਡਾਂ ਵਿੱਚੋਂ ਟਿਊਬਾਂ ਆਸਰੇ ਸਾਹ ਲੈਂਦੇ ਬਾਂਸਾਂ ਨਾਲ ਸਮੁੰਦਰ ਤਲ ਤੋਂ ਟਿਨ ਖੁਰਚ ਕੇ ਲਿਆਉਣ ਦੇ ਕੰਮ ਵਿੱਚ ਲੱਗੇ ਹੋਏ ਹਨ। ਇਹ ਲੋਕ ਆਪਣੇ ਲੱਭੇ ਟਿਨ ਨੂੰ ਵਿਚੋਲਿਆਂ ਕੋਲ ਵੇਚ ਦਿੰਦੇ ਹਨ, ਜੋ ਅੱਗੇ ਇਸ ਟਿਨ ਨੂੰ ਵੀ ਕਾਰਪੋਰੇਸ਼ਨ ਦੇ ਟਿਨ ਨਾਲ ਹੀ ਮਿਲਾ ਕੇ ਵੇਚਦੇ ਹਨ। ਇਸ ਸਾਰੀ ਪ੍ਰਕਿਰਿਆ ਉੱਤੇ ਕੋਈ ਨਿਯੰਤਰਣ ਜਾਂ ਸੁਰੱਖਿਆ ਦਾ ਪ੍ਰਬੰਧ ਨਹੀਂ ਹੈ। ਇਸ ਬਾਰੇ ਇੱਕ ਪੱਤਰਕਾਰ ਕੇਟ ਹੋਡਲ ਦੀ ਰਿਪੋਰਟ ਹੈ, "ਟਿਨ ਦੀ ਮਾਈਨਿੰਗ ਬਹੁਤ ਲਾਭ ਵਾਲਾ ਪਰ ਤਬਾਹਕੁੰਨ ਵਪਾਰ ਹੈ, ਜਿਸ ਨੇ ਟਾਪੂ ਦੀ ਧਰਤੀ ਨੂੰ ਵਲੂੰਧਰ ਦਿੱਤਾ ਹੈ, ਇਸ ਦੇ ਖੇਤਾਂ ਅਤੇ ਜੰਗਲਾਂ ਨੂੰ ਤਬਾਹ ਕਰ ਦਿੱਤਾ ਹੈ, ਮੱਛੀ ਦੇ ਭੰਡਾਰਾਂ ਅਤੇ ਮੂੰਗੇ ਦੀਆਂ ਚੱਟਾਨਾਂ ਨੂੰ ਖਤਮ ਕਰ ਦਿੱਤਾ ਹੈ, ਇਸ ਦੇ ਪਿਆਰੇ ਧਾਮ ਦੇ ਰੁੱਖਾਂ ਨਾਲ ਭਰੇ ਸਮੁੰਦਰੀ ਕੰਢਿਆਂ 'ਤੇ ਸੈਲਾਨੀਆਂ ਨੂੰ ਪ੍ਰਭਾਵਤ ਕੀਤਾ ਹੈ। ਨੁਕਸਾਨ ਨੂੰ ਦੇਖਣ ਦਾ ਸਭ ਤੋਂ ਵਧੀਆ ਤਰੀਕਾ ਹੈ-ਅਸਮਾਨ ਵਿੱਚੋਂ ਦੇਖਣਾ। ਏਥੇ ਵਿਸ਼ਾਲ ਬੰਜਰ ਸੰਤਰੀ ਧਰਤੀ ਦੇ ਦਰਮਿਆਨ ਕਿਤੇ ਸੰਘਣੇ ਜੰਗਲ ਦੇ ਟੋਟੇ ਦਿਸਦੇ ਹਨ। ਜਿਸ ਧਰਤੀ ਉੱਤੇ ਮਾਈਨਾਂ ਦਾ ਦਬਦਬਾ ਨਹੀਂ ਦਿਸਦਾ, ਉੱਥੇ ਕਬਰਾਂ ਦਿਸਦੀਆਂ ਹਨ, ਜੋ ਉਹਨਾਂ ਮਾਈਨਰਾਂ ਦੀਆਂ ਹਨ, ਜੋ ਇਸ ਕੰਮ ਵਿੱਚ ਮਾਰੇ ਗਏ ਸਨ।"

ਇਹ ਸਾਰੇ ਦ੍ਰਿਸ਼ ਉਹਨਾਂ ਵਰਕ ਸਟੇਸ਼ਨਾਂ ਤੋਂ ਬਾਹਰ ਦੇ ਹਨ, ਜਿਹਨਾਂ ਅੰਦਰ ਮਸਨੂਈ ਬੁੱਧੀ ਸ਼ਿਖਰ ਦੇ ਹੁਨਰੀ ਕਾਮੇ ਕੰਮ ਕਰਦੇ ਦਿਸਦੇ ਹਨ। ਸਧਾਰਨ ਬੁੱਧੀ ਸਿਰਫ਼ ਉਸ ਉੱਤੇ ਫ਼ੋਕਸ ਕਰਦੀ ਹੈ, ਜੋ ਉਸ ਨੂੰ ਆਪਣੇ ਸਾਹਮਣੇ ਨਜ਼ਰ ਆ ਰਿਹਾ ਹੁੰਦਾ ਹੈ। ਕਿਹਾ ਜਾਂਦਾ ਸੀ ਅਤੇ ਹੈ ਕਿ ਮਸਨੂਈ ਬੁੱਧੀ ਤੋਂ ਲੈ ਕੇ ਡਿਜੀਟਲ ਲੈਣ-ਦੇਣ ਆਦਿ ਸਭ ਵਾਤਾਵਰਣ ਪੱਖੀ ਹਨ, ਕਿਉਂਕਿ ਇਹਨਾਂ ਨੇ ਕਾਗਜ਼ ਉੱਤੇ ਨਿਰਭਰਤਾ ਘਟਾ ਕੇ ਧਰਤੀ ਦੇ ਰੁੱਖਾਂ ਦੀ ਕਟਾਈ ਉੱਤੇ ਰੋਕ ਲਾਈ ਹੈ, ਪਰ ਇਸ ਨਵੀਂ ਤਕਨਾਲੋਜੀ ਨੂੰ ਸੰਭਵ ਬਣਾਉਣ ਲਈ ਜਿਹਨਾਂ ਨਵੇਂ ਧਰਤ ਤੱਤਾਂ ਦੀ ਲਾਜ਼ਮੀ ਲੋੜ ਪੈਂਦੀ ਹੈ, ਉਹਨਾਂ ਕਾਰਨ ਧਰਤੀ ਉੱਪਰ ਤਬਾਹੀ ਦੇ ਨਵੇਂ ਰੂਪ ਪੈਦਾ ਹੋ ਗਏ ਹਨ। ਇਹ ਤਬਾਹੀ ਹਰ ਉਸ ਥਾਂ ਹੈ, ਜਿੱਥੇ ਦੁਰਲੱਭ ਧਰਤ ਤੱਤਾਂ ਦੀ ਮਾਈਨਿੰਗ ਕੀਤੀ ਜਾ ਰਹੀ ਹੈ।

ਅਜਿਹੀ ਹੀ ਇੱਕ ਹੋਰ ਥਾਂ ਅਮਰੀਕਾ ਅੰਦਰ ਨੇਵਾਡਾ ਵਿਚਲੀ ਕਲੇਟਨ ਵੈਲੀ ਵਿੱਚ ਸਿਲਵਰ ਪੀਕ ਹੈ। 1848 ਵਿੱਚ ਇਹ ਵਾਦੀ ਅਮਰੀਕਾ ਨੇ ਮੈਕਸੀਕਨ-ਅਮਰੀਕਨ ਜੰਗ ਪਿੱਛੋਂ ਮੈਕਸੀਕੋ ਤੋਂ ਖੋਹੀ ਸੀ। ਇਸ ਦਾ ਕਾਰਨ ਏਥੇ ਸੋਨੇ ਅਤੇ ਚਾਂਦੀ ਦੇ ਵੱਡੇ ਭੰਡਾਰਾਂ ਦੀ ਮੌਜੂਦਗੀ ਸੀ। ਇਸ ਪਿੱਛੋਂ ਇਹਨਾਂ ਦੀ ਮਾਈਨਿੰਗ ਸ਼ੁਰੂ ਹੋਈ। ਕਹਿੰਦੇ ਹਨ ਕਿ ਸਾਨ ਫਰਾਂਸਿਸਕੋ ਸ਼ਹਿਰ ਕੈਲੀਫੋਰਨੀਆ ਅਤੇ ਨੇਵਾਡਾ ਦੀਆਂ ਧਰਤੀਆਂ ਵਿੱਚੋਂ ਕੱਢੇ ਗਏ ਸੋਨੇ-ਚਾਂਦੀ ਦੇ ਮੁਨਾਫ਼ਿਆਂ ਨਾਲ ਹੀ ਉੱਸਰਿਆ ਸੀ। ਜਿਵੇਂ ਨੇਵਾਡਾ ਦੀ ਧਰਤੀ ਦੇ ਟੋਏ ਗਹਿਰੇ ਹੁੰਦੇ ਗਏ, ਉਵੇਂ ਸਾਨ ਫਰਾਂਸਿਸਕੋ ਦੀਆਂ ਇਮਾਰਤਾਂ ਦੀਆਂ ਮੰਜ਼ਲਾਂ ਅਸਮਾਨ ਵੱਲ ਵਧਦੀਆਂ ਗਈਆਂ। ਲੱਖਾਂ ਲੋਕਾਂ ਨੂੰ ਇਸ ਖੇਤਰ ਤੋਂ ਉਜਾੜ ਦਿੱਤਾ ਗਿਆ ਅਤੇ ਉਹਨਾਂ ਦੀ ਥਾਂ ਧਰਤੀ ਪੁੱਟਣ ਵਾਲਿਆਂ ਨੇ ਲੈ ਲਈ। ਧਰਤੀ ਦੀ ਖੁਦਾਈ ਉਦੋਂ ਤੱਕ ਜਾਰੀ ਰਹੀ, ਜਦੋਂ ਤੱਕ ਸਾਰੇ ਪਾਣੀ ਪ੍ਰਦੂਸ਼ਿਤ ਅਤੇ ਆਲੇ-ਦੁਆਲੇ ਦੇ ਸਾਰੇ ਜੰਗਲ ਤਬਾਹ ਨਾ ਹੋ ਗਏ। 1917 ਵਿੱਚ ਸਿਲਵਰ ਪੀਕ ਨਾਂਅ ਦਾ ਸ਼ਹਿਰ ਲੱਗਭੱਗ ਉੱਜੜ ਗਿਆ।

ਹੁਣ ਇਸੇ ਸਿਲਵਰ ਪੀਕ ਵਿੱਚ ਧਰਤੀ ਦੇ ਥੱਲੇ ਬੇਹੱਦ ਵਿਸ਼ਾਲ ਲਿਥਿਅਮ ਦੀ ਝੀਲ ਲੱਭੀ ਹੈ ਅਤੇ ਇਸ ਝੀਲ ਵਿੱਚੋਂ ਲਿਥਿਅਮ ਕੱਢਣ ਦਾ ਕੰਮ ਐਲਨ ਮਸਕ ਕਰ ਰਿਹਾ ਹੈ। ਲਿਥਿਅਮ ਵੀ ਉਹਨਾਂ ਤੱਤਾਂ ਵਿੱਚੋਂ ਹੈ ਜੋ ਕੰਪਿਊਟਰ, ਸਮਾਰਟ ਫੋਨ ਅਤੇ ਬਿਜਲਈ ਕਾਰਾਂ ਦੀਆਂ ਬੈਟਰੀਆਂ ਲਈ ਬੇਹੱਦ ਲੋੜੀਂਦਾ ਹੈ। ਇਸ ਤਰ੍ਹਾਂ ਇੱਕ ਵਾਰ ਫਿਰ ਮਾਈਨਿੰਗ ਆਸਰੇ ਸਾਨ ਫਰਾਂਸਿਸਕੋ ਅਮੀਰ ਹੋ ਰਿਹਾ ਹੈ। ਇਸ ਵੇਲੇ ਸਰਮਾਏ ਦੇ ਹਿਸਾਬ ਨਾਲ ਦੁਨੀਆ ਦੀਆਂ ਪੰਜ ਸਭ ਤੋਂ ਵੱਡੀਆਂ ਕੰਪਨੀਆਂ ਦੇ ਦਫ਼ਤਰ ਸਾਨਫਰਾਂਸਿਸਕੋ ਵਿੱਚ ਹੀ ਹਨ। ਇਹ ਕੰਪਨੀਆਂ ਉਹੀ ਹਨ, ਜੋ ਮਸਨੂਈ ਬੁੱਧੀ ਦਾ ਵਿਕਾਸ ਕਰਨ ਵਿੱਚ ਲੱਗੀਆਂ ਹੋਈਆਂ ਹਨ : ਐਪਲ, ਮਾਈਕਰੋਸਾਫਟ, ਐਮੇਜ਼ਨ, ਮੈਟਾ ਅਤੇ ਗੂਗਲ। ਪਰ ਟੈੱਕ ਕੰਪਨੀਆਂ ਦੀ ਖ਼ੁਸ਼ਹਾਲੀ ਦੇ ਨਾਲ ਹੀ ਇੱਕ ਹੋਰ ਹਕੀਕਤ ਵੀ ਹੈ। ਸਾਨ ਫਰਾਂਸਿਸਕੋ ਅਮਰੀਕਾ ਦੇ ਉਹਨਾਂ ਸ਼ਹਿਰਾਂ ਵਿੱਚੋਂ ਵੀ ਇੱਕ ਹੈ, ਜਿਹਨਾਂ ਅੰਦਰ ਗਲੀਆਂ ਵਿੱਚ ਰੁਲਦੇ ਬੇਘਰਿਆਂ ਦੀ ਗਿਣਤੀ ਸਭ ਨਾਲੋਂ ਵੱਧ ਹੈ। ਜੇ ਇਸ ਸ਼ਹਿਰ ਵਿੱਚ ਖਰਬਪਤੀਆਂ ਦੀ ਰਿਕਾਰਡ ਗਿਣਤੀ ਹੈ ਤਾਂ ਉਹਨਾਂ ਦੇ ਐਨ ਨਜ਼ਦੀਕ ਉਹ ਲੋਕ ਵੀ ਹਨ, ਜਿਹਨਾਂ ਕੋਲ ਜਿਊਣ ਲਈ ਲੋੜੀਂਦੀਆਂ ਬੁਨਿਆਦੀ ਸਹੂਲਤਾਂ ਵੀ ਨਹੀਂ ਹਨ। ਸਾਂਝੀ ਧਰਤੀ ਦੀ ਖੁਦਾਈ ਦੇ ਲਾਭ ਵੀ ਥੋੜ੍ਹੇ ਜਿਹੇ ਟੈੱਕ ਸਰਮਾਏਦਾਰਾਂ ਨੇ ਹੀ ਹਥਿਆਏ ਹਨ।

ਇਸ ਤਰ੍ਹਾਂ ਵਿਸ਼ਾਲ ਪੱਧਰ ਦੇ ਕੰਪਿਊਟੇਸ਼ਨ ਦੇ ਅਸਰ ਪੂਰੀ ਦੁਨੀਆ ਵਿੱਚ ਦੇਖੇ ਮਹਿਸੂਸ ਕੀਤੇ ਜਾ ਸਕਦੇ ਹਨ। ਇਹ ਅਸਰ ਹਵਾ ਵਿੱਚ ਹਨ, ਸਮੁੰਦਰ ਵਿੱਚ ਹਨ, ਧਰਤੀ ਦੇ ਧਰਾਤਲ ਉੱਤੇ ਅਤੇ ਸਮਾਜ ਦੇ ਹਾਸ਼ੀਆਗਤ ਲੋਕਾਂ ਦੇ ਜੀਵਨ ਉੱਤੇ ਹਨ। ਪ੍ਰੰਤੂ ਇਹਨਾਂ ਸਾਰੇ ਪ੍ਰਭਾਵਾਂ ਨੂੰ ਉਹਨਾਂ ਲੋਕਾਂ ਦੀਆਂ ਅੱਖਾਂ ਤੋਂ ਓਝਲ ਕਰ ਦਿੱਤਾ ਗਿਆ ਹੈ, ਜੋ ਇਸ ਕੰਪਿਊਟੇਸ਼ਨ ਖੇਤਰ ਵਿੱਚ ਕੰਮ ਕਰਦੇ ਹਨ। ਮਸਨੂਈ ਬੁੱਧੀ ਦਾ ਪ੍ਰੋਜੈਕਟ ਕੁਝ 'ਮੈਨਹਟਨ ਪ੍ਰੋਜੈਕਟ' ਵਰਗਾ ਹੀ ਹੈ। ਦੂਸਰੀ ਸੰਸਾਰ ਜੰਗ ਦੌਰਾਨ ਅਮਰੀਕਾ ਨੇ ਐਟਮ ਬੰਬ ਬਣਾਉਣ ਲਈ ਵੱਡਾ ਮੈਨਹਟਨ ਪ੍ਰੋਜੈਕਟ ਸ਼ੁਰੂ ਕੀਤਾ ਸੀ, ਪ੍ਰੰਤੂ ਇਹ ਪ੍ਰੋਜੈਕਟ ਏਨਾ ਗੁਪਤ ਸੀ ਕਿ ਇਸ ਵਿੱਚ ਕੰਮ ਕਰਨ ਵਾਲੇ ਵਧੇਰੇ ਲੋਕਾਂ ਨੂੰ ਇਸ ਬਾਰੇ ਕੋਈ ਇਲਮ ਹੀ ਨਹੀਂ ਸੀ। ਇਹ ਪ੍ਰੋਜੈਕਟ ਇੱਕ ਮੈਗਾ ਮਸ਼ੀਨ ਸੀ। ਅੱਜ ਮਸਨੂਈ ਬੁੱਧੀ ਵੀ ਇੱਕ ਤਰ੍ਹਾਂ ਦੀ ਮੈਗਾ ਮਸ਼ੀਨ ਹੀ ਹੈ। ਇਹ ਅਜਿਹੀਆਂ ਤਕਨੀਕੀ ਪਹੁੰਚਾਂ ਦੀ ਬਣੀ ਹੋਈ ਹੈ, ਜੋ ਉਦਯੋਗਿਕ ਢਾਂਚਿਆਂ, ਸਪਲਾਈ ਲਾਈਨਾਂ ਜਾਂ ਚੇਨਾਂ ਅਤੇ ਅਜਿਹੀ ਮਨੁੱਖੀ ਕਿਰਤ ਉੱਤੇ ਨਿਰਭਰ ਹੈ, ਜੋ ਪੂਰੇ ਸੰਸਾਰ ਅੰਦਰ ਫੈਲੇ ਹੋਏ ਹਨ; ਪ੍ਰੰਤੂ ਜਿਹਨਾਂ ਨੂੰ ਨਜ਼ਰਾਂ ਤੋਂ ਓਹਲੇ ਰੱਖਿਆ ਜਾ ਰਿਹਾ ਹੈ। ਇਸ ਅੰਦਰ ਵੀ ਉਹ ਸਾਰੇ ਤੱਤ ਮੌਜੂਦ ਹਨ, ਜੋ ਰਵਾਇਤੀ ਉਦਯੋਗਾਂ ਲਈ ਲੋੜੀਂਦੇ ਹਨ। ਇਸ ਅੰਦਰ ਵੀ ਵਾਤਾਵਰਣ ਦਾ ਓਨਾ ਹੀ ਵਿਨਾਸ਼ ਹੋ ਰਿਹਾ ਹੈ, ਜਿੰਨਾ ਰਵਾਇਤੀ ਉਦਯੋਗਿਕ ਸਮਾਜ ਅੰਦਰ ਹੋਇਆ ਸੀ। ਮਸਨੂਈ ਬੁੱਧੀ ਵੀ ਪੈਦਾਵਾਰ ਦਾ ਨਵਾਂ ਸਾਧਨ ਹੋਣ ਦੇ ਨਾਲ ਇੱਕ ਹੋਰ ਸਰਮਾਏਦਾਰੀ ਜਿਣਸ ਹੀ ਹੈ; ਹਾਲਾਂਕਿ ਇਹ ਜਿਣਸ ਹੁਣ ਤੱਕ ਸਰਮਾਏਦਾਰੀ ਵੱਲੋਂ ਪੈਦਾ ਕੀਤੀਆਂ ਸਾਰੀਆਂ ਜਿਣਸਾਂ ਨਾਲੋਂ ਵੱਖਰੀ ਹੈ।

* * * * * *

ਸੰਚਾਰ ਅਤੇ ਐਲਗੋਰਿਦਮ ਮਸਨੂਈ ਬੁੱਧੀ ਦੀਆਂ ਧੁਰੀਆਂ ਹਨ। ਇਸ ਲਈ ਇਹਨਾਂ ਧੁਰੀਆਂ ਦੇ ਇਤਿਹਾਸ ਉੱਤੇ ਨਜ਼ਰ ਮਾਰਨ ਨਾਲ ਹੀ ਇਸ ਨਵੀਂ ਜਿਣਸ ਅਤੇ ਨਵੇਂ ਪੈਦਾਵਾਰੀ ਸਾਧਨ ਦੀ ਪ੍ਰਕਿਰਤੀ ਸਮਝ ਆ ਜਾਵੇਗੀ।

ਮਸਨੂਈ ਬੁੱਧੀ ਵਾਂਗ ਹੀ ਟੈਲੀਗਰਾਫ਼ ਦੀ ਕਾਢ ਨੂੰ ਵੀ ਇਨਕਲਾਬੀ ਐਲਾਨਿਆ ਗਿਆ ਸੀ, ਜਿਸ ਨੇ ਪੂਰੀ ਮਨੁੱਖਤਾ ਨੂੰ ਇੱਕ ਜੁੱਟ ਕਰ ਦੇਣਾ ਸੀ। 1854 ਵਿੱਚ ਪਹਿਲੀ ਟਰਾਂਸ ਐਟਲਾਂਟਿਕ ਕੇਬਲ ਵਿਛਾਈ ਗਈ ਅਤੇ ਇਸ ਪਿੱਛੋਂ 19ਵੀਂ ਸਦੀ ਦੌਰਾਨ ਟੈਲੀਗਰਾਮ ਰਾਹੀਂ ਸੰਚਾਰ ਸਮੇਂ ਵਿੱਚ ਬੇਹੱਦ ਤੇਜ਼ੀ ਆ ਗਈ। ਇਸ ਟੈਲੀਗਰਾਫ਼ ਨੇ ਇੱਕ-ਦੂਜੇ ਤੱਕ ਛੇਤੀ ਸੁਨੇਹਾ ਪਹੁੰਚਾਉਣਾ ਸੰਭਵ ਕੀਤਾ, ਪ੍ਰੰਤੂ ਆਮ ਲੋਕਾਂ ਤੋਂ ਵੱਧ ਇਸ ਦੀ ਵਰਤੋਂ ਯੂਰਪ ਦੀਆਂ ਬਸਤੀਵਾਦੀ ਹਕੂਮਤਾਂ ਨੇ ਆਪਣੀਆਂ ਬਸਤੀਆਂ ਉੱਤੇ ਹਕੂਮਤ ਕਰਨ ਅਤੇ ਉੱਥੋਂ ਦੇ ਲੋਕਾਂ ਦੀਆਂ ਬਗਾਵਤਾਂ ਨੂੰ ਦਬਾਉਣ ਲਈ ਕੀਤਾ। ਇਹ ਤਾਰਾਂ ਮਹਾਂਦੀਪਾਂ ਦੌਰਾਨ ਅੰਕੜਿਆਂ ਦੀ ਆਵਾਜਾਈ ਦਾ ਸਾਧਨ ਬਣ ਕੇ ਸੰਸਾਰ ਪੱਧਰ ਦੇ ਸੰਚਾਰ ਅਤੇ ਸਰਮਾਏ ਦਾ ਪ੍ਰਤੀਕ ਹਨ। ਅੱਜ ਵੀ ਸਮੁੰਦਰਾਂ ਵਿੱਚ ਵਿਛੀਆਂ ਤਾਰਾਂ ਰਾਹੀਂ ਡਿਜੀਟਲ ਅੰਕੜਿਆਂ ਨੂੰ ਪੂਰੇ ਸੰਸਾਰ ਅੰਦਰ ਸੰਚਾਰਿਆ ਜਾਂਦਾ ਹੈ। ਇਹ ਤਾਰਾਂ ਜਾਂ ਕੇਬਲਾਂ ਬਸਤੀਵਾਦ ਦੀ ਉਪਜ ਹਨ। ਸ਼ਾਇਦ ਇਹਨਾਂ ਤੋਂ ਬਿਨਾਂ ਯੂਰਪੀਅਨ ਬਸਤੀਵਾਦੀ ਮੁਲਕ ਆਪਣੀਆਂ ਏਸ਼ਿਆਈ ਅਤੇ ਅਫ਼ਰੀਕੀ ਬਸਤੀਆਂ ਉੱਤੇ ਏਨਾ ਲੰਬਾ ਸਮਾਂ ਹਕੂਮਤ ਨਹੀਂ ਸੀ ਕਰ ਸਕਦੇ, ਪ੍ਰੰਤੂ ਸਮੁੰਦਰ ਵਿੱਚ ਤਾਰਾਂ ਵਿਛਾਉਣੀਆਂ ਏਨਾ ਸੌਖਾ ਕੰਮ ਨਹੀਂ ਸੀ। ਸਮੁੰਦਰ ਦੀਆਂ ਛੱਲਾਂ ਅਤੇ ਠੰਢਾ ਗਰਮ ਮੌਸਮ ਇਹਨਾਂ ਤਾਰਾਂ ਨੂੰ ਨੁਕਸਾਨ ਪਹੁੰਚਾਉਂਦਾ ਸੀ। ਬਸਤੀਵਾਦੀ ਇੰਜੀਨੀਅਰਾਂ ਨੇ ਖੋਜ ਕੀਤੀ ਕਿ ਜੇਕਰ ਇਹਨਾਂ ਤਾਰਾਂ ਦੇ ਆਲੇ-ਦੁਆਲੇ 'ਪਲੈਕੁਇਮ ਗੱਟਾ' ਨਾਂਅ ਦੇ ਦੱਖਣ ਪੂਰਬੀ ਪੌਦੇ ਤੋਂ ਨਿਕਲਣ ਵਾਲੀ ਗੂੰਦ ਜਾਂ ਰਬੜ ਦੀਆਂ ਚਾਰ ਤਹਿਆਂ ਲਪੇਟ ਦਿੱਤੀਆਂ ਜਾਣ ਤਾਂ ਇਹ ਤਾਰਾਂ ਸੁਰੱਖਿਅਤ ਰਹਿ ਸਕਦੀਆਂ ਸਨ। ਸੋ ਜਿਵੇਂ ਦੁਨੀਆ ਦਾ ਸਬਮੈਰੀਨ ਟੈਲੀਗਰਾਫ਼ ਦਾ ਕਾਰੋਬਾਰ ਵਧਦਾ ਗਿਆ, ਉਸੇ ਤਰ੍ਹਾਂ ਇਸ ਪੌਦੇ ਦੀ ਮੰਗ ਵਧਦੀ ਗਈ। ਬਸਤੀਵਾਦੀ ਕਾਰੋਬਾਰੀਆਂ ਵੱਲੋਂ ਮਲਾਈ ਅਤੇ ਚੀਨੀ ਮਜ਼ਦੂਰਾਂ ਨੂੰ ਇਹਨਾਂ ਰੁੱਖਾਂ ਦੀ ਕਟਾਈ ਕਰਕੇ ਰਬੜ ਇਕੱਠੀ ਕਰਨ ਦੇ ਖਤਰਨਾਕ ਕੰਮ ਲਈ ਨਿਗੂਣੇ ਜਿਹੇ ਪੈਸੇ ਦਿੱਤੇ ਜਾਂਦੇ ਸਨ। ਰਬੜ ਨੂੰ ਪ੍ਰੋਸੈੱਸ ਕਰਕੇ ਸਿੰਗਾਪੁਰ ਦੀ ਮੰਡੀ ਰਾਹੀਂ ਬਰਤਾਨਵੀ ਮੰਡੀ ਵਿੱਚ ਪਹੁੰਚਾ ਦਿੱਤਾ ਜਾਂਦਾ ਸੀ। ਏਥੇ ਇਸ ਨੂੰ ਮਜ਼ਬੂਤ ਕੇਬਲ ਬਣਾਉਣ ਲਈ ਵਰਤਿਆ ਜਾਂਦਾ ਸੀ।

ਪੂਰੇ ਵੱਡੇ ਹੋਏ ਪੌਦੇ ਵਿੱਚੋਂ ਤਕਰੀਬਨ 11 ਆਊਂਸ ਰਬੜ ਨਿਕਲਦੀ ਸੀ, ਪ੍ਰੰਤੂ 1857 ਵਿੱਚ ਪਹਿਲੀ ਟਰਾਂਸ-ਅਟਲਾਂਟਿਕ ਕੇਬਲ ਕਰੀਬ 1800 ਮੀਲ ਲੰਬੀ ਅਤੇ 2 ਹਜ਼ਾਰ ਟਨ ਵਜ਼ਨ ਦੀ ਸੀ, ਜਿਸ ਲਈ ਲੱਗਭੱਗ 250 ਟਨ ਰਬੜ ਲੋੜੀਂਦੀ ਸੀ। ਇਸ ਪਦਾਰਥ ਦਾ ਸਿਰਫ ਇੱਕ ਟਨ ਪੈਦਾ ਕਰਨ ਲਈ 9 ਲੱਖ ਰੁੱਖਾਂ ਦੇ ਤਣਿਆਂ ਦੀ ਲੋੜ ਪੈਂਦੀ ਸੀ। ਫਿਰ ਕੀ ਸੀ, ਮਲੇਸ਼ੀਆ ਅਤੇ ਸਿੰਗਾਪੁਰ ਦੇ ਜੰਗਲਾਂ ਨੂੰ ਸਾਫ਼ ਕਰ ਦਿੱਤਾ ਗਿਆ। 1880ਵਿਆਂ ਦੇ ਸ਼ੁਰੂਆਤੀ ਸਾਲਾਂ ਤੱਕ ਇਹ ਰੁੱਖ ਧਰਤੀ ਤੋਂ ਗਾਇਬ ਹੋ ਗਿਆ। ਆਪਣੀ ਸਪਲਾਈ ਚੇਨ ਨੂੰ ਬਚਾਉਣ ਦੇ ਆਖਰੀ ਯਤਨ ਵਜੋਂ ਬਰਤਾਨੀਆ ਹਕੂਮਤ ਨੇ 1883 ਵਿੱਚ ਰਬੜ ਕੱਢਣ ਉੱਤੇ ਮੁਕੰਮਲ ਪਾਬੰਦੀ ਲਾ ਦਿੱਤੀ, ਪਰ ਉਦੋਂ ਤੱਕ ਰੁੱਖ ਅਲੋਪ ਹੋ ਚੁੱਕਾ ਸੀ। ਸੰਸਾਰ ਸੂਚਨਾ ਅਰਥਚਾਰਿਆਂ ਦੇ ਉਦੈ ਹੋਣ ਵਾਲੇ ਵਿਕਟੋਰੀਅਨ ਯੁੱਗ ਦੀ ਇਹ ਉਦਾਹਰਣ ਦਰਸਾਉਂਦੀ ਹੈ ਕਿ ਕਿਵੇਂ ਤਕਨਾਲੋਜੀ, ਇਸ ਨਾਲ ਸੰਬੰਧਤ ਮਾਲ ਅਸਬਾਬ, ਵਾਤਾਵਰਣ ਅਤੇ ਕਿਰਤ ਅਮਲ ਦੇ ਰਿਸ਼ਤੇ ਇੱਕ-ਦੂਜੇ ਨਾਲ ਜੁੜੇ ਹੁੰਦੇ ਹਨ। ਸੰਚਾਰ ਤਕਨਾਲੋਜੀ ਨੇ ਜੋ ਵਿਕਟੋਰੀਅਨ ਯੁੱਗ ਵਿੱਚ ਕੀਤਾ, ਉਹੀ ਹੁਣ ਅੱਜ ਦੇ ਮਸਨੂਈ ਬੁੱਧੀ ਦੇ ਯੁੱਗ ਵਿੱਚ ਹੋ ਰਿਹਾ ਹੈ। 19ਵੀਂ ਸਦੀ ਦੇ ਮਲੇਸ਼ੀਆ-ਸਿੰਗਾਪੁਰ ਦੇ ਸਾਫ਼ ਜੰਗਲ ਅਤੇ 21ਵੀਂ ਸਦੀ ਦੀਆਂ ਚੀਨੀ, ਅਮਰੀਕੀ ਕਾਲੀਆਂ ਝੀਲਾਂ ਸੰਸਾਰ ਸਰਮਾਏਦਾਰੀ ਵੱਲੋਂ ਕੁਦਰਤ ਦੀ ਲਈ ਗਈ ਬਲੀ ਦੀਆਂ ਹੀ ਪ੍ਰਤੀਕ ਹਨ।

ਇਸੇ ਤਰ੍ਹਾਂ ਅੱਜ ਦੀ ਸੰਸਾਰਕ ਕੰਪਿਊਟੇਸ਼ਨ ਜਿਸ ਦੇ ਆਸਰੇ ਮਸਨੂਈ ਬੁੱਧੀ ਜਾਂ ਐਲਗੋਰਿਦਮਾਂ ਕੰਮ ਕਰਦੀਆਂ ਹਨ, ਉਸ ਦੇ ਵੀ ਆਪਣੇ ਹਨੇਰੇ ਪੂਰਵ-ਇਤਿਹਾਸ ਹਨ। ਅੱਜ ਦੇ ਵਿਸ਼ਾਲ ਮਸਨੂਈ ਬੁੱਧੀ ਸਿਸਟਮ ਵਾਤਾਵਰਣ ਅਤੇ ਮਨੁੱਖੀ ਅੰਕੜਿਆਂ ਦਾ ਸ਼ਿਕਾਰ ਕਰ ਰਹੇ ਹਨ ਪ੍ਰੰਤੂ ਪਹਿਲਾਂ ਜ਼ਿਕਰ ਵਿੱਚ ਆਏ ਵਿਕਟੋਰੀਅਨ ਯੁੱਗ ਵਿੱਚ ਵੀ ਇਹਨਾਂ ਨਾਲ ਜੁੜੇ ਇਰਾਦੇ ਨੇਕ ਨਹੀਂ ਸਨ। ਐਲਗੋਰਿਦਮਕ ਕੰਪਿਊਟੇਸ਼ਨ ਦਾ ਅਰੰਭ ਵੀ ਵਿਕਟੋਰੀਅਨ ਯੁੱਗ ਵਿੱਚ ਹੀ ਹੋਇਆ ਸੀ, ਜਿਹਨਾਂ ਪਿਛਲਾ ਮਕਸਦ ਜੰਗਾਂ ਉੱਤੇ ਨਿਯੰਤਰਣ ਅਤੇ ਜਿੱਤ ਦੇ ਨਾਲ ਵਾਤਾਵਰਣ ਅਤੇ ਅਬਾਦੀਆਂ ਵਿੱਚ ਤਬਦੀਲੀ ਕਰਨੀ ਸੀ। ਇਤਿਹਾਸਕਾਰ ਥਿਓਡੋਰਾ ਡਰਾਇਰ ਨੇ ਐਲਗੋਰਿਦਮਕ ਕੰਪਿਊਟੇਸ਼ਨ ਦਾ ਇਤਿਹਾਸ ਬਿਆਨ ਕਰਦਿਆਂ ਦੱਸਿਆ ਹੈ ਕਿ ਅੰਕੜਾ ਵਿਗਿਆਨ (Statistics) ਦੀ ਨੀਂਹ ਰੱਖਣ ਵਾਲਾ ਅੰਗਰੇਜ਼ ਵਿਗਿਆਨੀ ਕਾਰਲ ਪੀਅਰਸਨ ਸਟੈਂਡਰਡ ਡੈਵੀਏਸ਼ਨ, ਕੋਰਿਲੇਸ਼ਨ ਅਤੇ ਰਿਗਰੈਸ਼ਨ ਜਿਹੀਆਂ ਅੰਕੜਾ ਵਿਗਿਆਨਕ ਤਕਨੀਕਾਂ ਨਾਲ ਯੋਜਨਾਵਾਂ ਅਤੇ ਪ੍ਰਸ਼ਾਸਨ ਵਿਚਲੀਆਂ ਅਨਿਸ਼ਚਿਤਤਾਵਾਂ ਦੂਰ ਕਰਨਾ ਚਾਹੁੰਦਾ ਸੀ। ਉਹ Eugenics ਭਾਵ ਨਸਲ ਵਿਗਿਆਨ ਜਿਹੇ ਜਾਅਲੀ ਵਿਗਿਆਨ ਦੀ ਨੀਂਹ ਰੱਖਣ ਵਾਲੇ ਸਰ ਫਰਾਂਸਿਸ ਗਾਲਟਨ ਦਾ ਚੇਲਾ ਸੀ। ਦੋਹਾਂ ਦਾ ਵਿਸ਼ਵਾਸ ਸੀ ਕਿ ਅੰਕੜਾ ਸ਼ਾਸਤਰ "ਕਿਸੇ ਨਸਲ ਦੀ ਇੱਕ ਖਾਸੀਅਤ ਉੱਤੇ ਪ੍ਰਭਾਵ ਪਾਉਣ ਦੇ ਰਸਤੇ ਦੀ ਪੜਤਾਲ ਵਿੱਚ ਪਹਿਲਾ ਕਦਮ ਹੋ ਸਕਦਾ ਸੀ।" ਡਰਾਇਰ ਨੇ ਹੀ ਲਿਖਿਆ ਹੈ ਕਿ 1930ਵਿਆਂ ਤੱਕ ਇਹ ਅੰਕੜਾ ਵਿਗਿਆਨਕ ਤਕਨੀਕਾਂ ਸੰਸਾਰ ਪੱਧਰ ਉੱਤੇ ਸਮਾਜਿਕ ਅਤੇ ਸਟੇਟ ਸਨਾਲ ਸੰਬੰਧਤ ਸੂਚਨਾਵਾਂ ਦੀ ਵਿਆਖਿਆ ਕਰਨ ਲਈ ਵਰਤੀਆਂ ਜਾਣ ਲੱਗੀਆਂ ਸਨ। ਦੂਸਰੀ ਸੰਸਾਰ ਜੰਗ ਵਿੱਚ ਇਹਨਾਂ ਨੂੰ ਜੰਗ ਸੰਬੰਧੀ ਸਟੀਕ ਅੰਦਾਜ਼ੇ ਲਾਉਣ ਲਈ ਵਰਤਿਆ ਗਿਆ ਅਤੇ ਜੰਗ ਤੋਂ ਬਾਅਦ ਇਹ ਨਵੇਂ ਕੰਪਿਊਟੇਸ਼ਨ ਮਾਡਲ ਮੌਸਮ ਦੀ ਭਵਿੱਖਬਾਣੀ ਕਰਨ ਜਿਹੇ ਨਵੇਂ ਖੇਤਰਾਂ ਵਿੱਚ ਪਰਖੇ ਗਏ ਤਾਂ ਜੋ ਉਤਪਾਦਨ ਵਧਾਉਣ ਲਈ ਖੇਤੀਬਾੜੀ ਜਿਹੇ ਸੈਕਟਰਾਂ ਵਿੱਚ ਸਹੀ ਫੈਸਲੇ ਕੀਤੇ ਜਾ ਸਕਣ।

ਇਸ ਤਰ੍ਹਾਂ ਸਪੱਸ਼ਟ ਹੈ ਕਿ ਸੰਚਾਰ ਅਤੇ ਐਲਗੋਰਿਦਮਾਂ ਸ਼ੁਰੂ ਤੋਂ ਹੀ ਹਾਕਮ ਵਿਚਾਰਾਂ ਦੀ ਸਰਦਾਰੀ ਅਧੀਨ ਕੰਮ ਕਰਦੀਆਂ ਰਹੀਆਂ ਹਨ। ਅੱਜ ਦੀ ਮਸਨੂਈ ਬੁੱਧੀ ਵੀ ਕੋਈ ਅਪਵਾਦ ਨਹੀਂ ਹੈ। ਇਸ ਬੁੱਧੀ ਨੂੰ ਬਣਾਉਣ ਵਾਲੀਆਂ ਕੁਝ ਗਿਣਤੀ ਦੀਆਂ ਕਾਰਪੋਰੇਸ਼ਨਾਂ ਹਨ ਅਤੇ ਉਹਨਾਂ ਦੇ ਗਿਣਤੀ ਦੇ ਮਾਲਕ ਹਨ। ਇਸੇ ਲਈ ਮਸਨੂਈ ਬੁੱਧੀ ਦੇ ਯੁੱਗ ਵਿੱਚ ਸਰਮਾਏ ਦਾ ਧਰੁਵੀਕਰਨ ਹੋਰ ਵੀ ਤੇਜ਼ ਹੋਇਆ ਹੈ। ਮਸਨੂਈ ਬੁੱਧੀ ਦੇ ਚਮਤਕਾਰਾਂ ਦੀਆਂ ਕਹਾਣੀਆਂ ਮਿੱਥਾਂ ਤੋਂ ਵੱਧ ਕੁਝ ਨਹੀਂ ਹਨ। ਬੰਦੇ ਦੀ ਸਿਰਜਣਾਤਮਕਤਾ ਦਾ ਪਾਰ ਕੋਈ ਮਸ਼ੀਨ ਨਹੀਂ ਪਾ ਸਕਦੀ। ਘੱਟੋ-ਘੱਟ ਉਦੋਂ ਤੱਕ ਨਹੀਂ, ਜਦੋਂ ਤੱਕ ਮਸ਼ੀਨਾਂ ਮਨ ਸਿਰਜਣ ਵਿੱਚ ਸਫ਼ਲ ਨਹੀਂ ਹੁੰਦੀਆਂ।

ਫੋਨ-98550-36890

# ਪਦਾਰਥਵਾਦ ਅਤੇ ਵਿਚਾਰਵਾਦ

ਅਤਰਜੀਤ

ਆਦਰਸ਼ਵਾਦੀਆਂ ਦੇ ਅਟਕਲ ਪੱਚੂ ਗਿਆਨ ਦੇ ਮੁਕਾਬਲੇ ਵਿਗਿਆਨਕ ਵਿਕਾਸ ਨੇ ਸਥਾਪਤ ਸੱਚ, ਜੋ ਸਦੀਆਂ ਤੋਂ ਜਿਉਂ ਦਾ ਤਿਉਂ ਸਥਾਈ ਮੰਨਿਆ ਜਾਂਦਾ ਸੀ, ਵਿਗਿਆਨ ਨੇ ਨਵੇਂ ਮਾਡਲ ਸਥਾਪਤ ਕੀਤੇ ਕਿ ਕੋਈ ਵੀ ਵਸਤੂ ਸਥਿਰਤਾ ਵਿੱਚ ਨਹੀਂ ਹੁੰਦੀ, ਇਸ ਵਿੱਚ ਹਮੇਸ਼ਾ ਤਬਦੀਲੀ ਦਾ ਸਿਧਾਂਤ ਲਾਗੂ ਹੁੰਦਾ ਰਹਿੰਦਾ ਹੈ। ਇਸੇ ਤਰ੍ਹਾਂ ਕੋਈ ਵੀ ਗਿਆਨ, ਸੱਚ ਦਾ ਵਿਚਾਰ ਸਥਾਈ ਨਹੀਂ ਹੁੰਦਾ, ਜੋ ਉਸ ਯੁੱਗ ਵਿੱਚ ਮੰਨਿਆ ਜਾਂਦਾ ਸੀ, ਯੁੱਗ ਤਬਦੀਲੀ ਨਾਲ ਪਹਿਲੇ ਅਰਥ ਗੁਆ ਕੇ ਨਵੇਂ ਅਰਥ ਗ੍ਰਹਿਣ ਕਰਦਾ ਰਹਿੰਦਾ ਹੈ। ਇਸ ਤਬਦੀਲੀ ਦਾ ਕਾਰਨ ਪਦਾਰਥਵਾਦ ਅਤੇ ਵਿਚਾਰਵਾਦ ਵਿੱਚ ਸਦੀਆਂ ਤੋਂ ਟਕਰਾਅ ਦੀ ਵਜ੍ਹਾ ਰਿਹਾ ਹੈ। ਪਦਾਰਥਵਾਦ ਦੇ ਪ੍ਰਚਾਰਕਾਂ ਨੂੰ ਜ਼ਹਿਰ ਦੇ ਪਿਆਲੇ ਪੀਣੇ, ਫ਼ਾਂਸੀ ਦੇ ਝੂਟੇ, ਬੰਦ ਬੰਦ ਕਟਾ ਕੇ ਸ਼ਹਾਦਤਾਂ ਦੇ ਜਾਮ ਪੀਣੇ ਪਏ। ਇਹ ਬ੍ਰਹਿਮੰਡ ਕਿਸੇ ਅਗੰਮੀ ਸ਼ਕਤੀ ਨੇ ਉਸਾਰਿਆ, ਤੇ ਉਸ ਦੇ ਹੁਕਮ ਵਿੱਚ ਹੀ ਸਭ ਕੁੱਝ ਗਤੀਸ਼ੀਲ ਹੈ, ਨਰਕ-ਸੁਰਗ, ਚੁਰਾਸੀ ਲੱਖ ਜੂਨਾਂ, ਆਤਮਾ - ਪਰਮਾਤਮਾ, ਥਮ੍ਹਲਿਆਂ ਤੋਂ ਬਿਨਾਂ ਅਸਮਾਨ ਦਾ ਖੜ੍ਹਨਾ, ਸੂਰਜ ਦਾ ਧਰਤੀ ਦੁਆਲੇ ਚੱਕਰ ਲਾਉਣਾ ਤੇ ਅਜਿਹਾ ਹੋਰ ਬਹੁਤ ਕੁੱਝ ਜਿਸ ਦਾ ਕੋਈ ਵਿਗਿਆਨਕ ਆਧਾਰ ਨਹੀਂ, ਅਜੇ ਵੀ ਕਾਫ਼ੀ ਹੱਦ ਤੱਕ, ਖਾਸ ਕਰਕੇ ਪੱਛੜੇ ਸਮਾਜਾਂ ਵਿੱਚ ਪ੍ਰਚੱਲਤ ਹੈ।

ਅਸੀਂ ਹੁਣ ਤੱਕ ਸੰਸਾਰ ਨੂੰ ਆਪਣੀ ਅੰਤਰ ਦ੍ਰਿਸ਼ਟੀ ਤੋਂ ਵੇਖਦੇ ਆ ਰਹੇ ਹਾਂ, ਖੁੱਲ੍ਹੀਆਂ ਅੱਖਾਂ ਨਾਲ ਸੰਸਾਰ ਦੇ ਬਾਹਰਮੁਖੀ ਠੋਸ ਆਧਾਰ ਨੂੰ ਸਮਝਣ ਦਾ ਯਤਨ ਕਰਦੇ ਆ ਰਹੇ ਹਾਂ। ਸਦੀਆਂ ਤੋਂ ਇੱਕ ਵਿਚਾਰ ਹਾਵੀ ਰਿਹਾ ਕਿ ਇਹ ਸੰਸਾਰ ਝੂਠਾ ਹੈ ਜਾਂ ਕਿਸੇ ਉਪਰਲੇ ਸੰਸਾਰ ਦਾ ਪਰਛਾਵਾਂ ਹੈ। ਬਾਹਰਮੁਖੀ ਤੇ ਅੰਤਰਮੁਖੀ ਹਾਲਤਾਂ ਬਾਰੇ ਵਿਗਿਆਨ ਦੇ ਵਿਕਸਤ ਹੋਣ ਨਾਲ ਹੀ ਵਿਗਿਆਨਕ ਸਮਝ ਬਣਾਉਣ ਲਈ ਪਦਾਰਥ ਅੰਦਰਲੀਆਂ ਸੰਚਾਲਕ ਸ਼ਕਤੀਆਂ ਬਾਰੇ ਸਮਝ ਬਣਾਉਣ ਦੀ ਜ਼ਰੂਰਤ ਅਨੁਭਵ ਹੋਣ ਲੱਗੀ। ਵਿਗਿਆਨ ਦੁਆਰਾ ਸੁਝਾਇਆ ਵਿਰੋਧਵਿਕਾਸੀ ਪਦਾਰਥਵਾਦ ਦਾ ਸਿਧਾਂਤ ਸਾਨੂੰ ਸਮਝਾਉਂਦਾ ਕਿ ਦੋ ਵਿਰੋਧੀ ਜੁਜ਼ ਹਰ ਜੋ ਹਰ ਪਲ ਟਕਰਾਅ ਯਾਨੀ ਵਿਰੋਧ ਵਿੱਚ ਰਹਿੰਦੇ ਹੋਏ ਵੀ ਇੱਕ-ਦੂਜੇ ਤੋਂ ਵੱਖ ਨਹੀਂ ਹੋ ਸਕਦੇ। ਚੁੰਬਕ ਦੀ ਮਿਸਾਲ ਲੈ ਕੇ ਸਮਝਿਆ ਜਾ ਸਕਦਾ ਹੈ ਕਿਵੇਂ ਉੱਤਰੀ-ਦੱਖਣੀ ਧਰੁਵ ਇਕੱਠੇ ਨਹੀਂ ਹੋ ਸਕਦੇ, ਇਸ ਦੇ ਨਾਲ ਹੀ ਇਹ ਇੱਕ-ਦੂਜੇ ਤੋਂ ਵੱਖ ਵੀ ਨਹੀਂ ਹੋ ਸਕਦੇ।

ਮਨ, ਆਤਮਾ-ਪਰਮਾਤਮਾ ਨੂੰ ਹੀ ਸਭ ਕੁੱਝ ਮੰਨਣ ਵਾਲੇ ਜਾਂ ਅੰਤਰਮੁਖਤਾ ਜਾਂ ਮੈਡੀਟੇਸ਼ਨ ਨੂੰ ਜੀਵਨ ਦਾ ਧੁਰਾ ਮੰਨਣ ਵਾਲੇ ਵਿਅਕਤੀ ਨਿੱਜੀ ਲਾਭ ਵਿੱਚ ਮਦਮਸਤ ਰਹਿ ਕੇ ਮਾਨਸਿਕ ਖਿਲਾਰੇ ਨੂੰ ਕੁੱਝ ਪਲਾਂ ਲਈ ਰੋਕ ਤਾਂ ਸਕਦੇ ਹਨ, ਪਰ ਇਹ ਕੋਈ ਪੱਕਾ ਹੱਲ ਨਹੀਂ ਹੈ। ਪੱਕਾ ਹੱਲ ਤਾਂ ਬਾਹਰਮੁਖੀ ਹਾਲਤਾਂ ਵਿੱਚ ਨਿਹਿਤ ਹੈ, ਨਾ ਕਿ ਮਨ ਅੰਦਰ। ਮਨ ਜਾਂ ਆਤਮਾ ਕੀ ਹੈ?- ਆਪਣੇ ਆਪ ਵਿੱਚ ਇਸ ਦੀ ਪਰਿਭਾਸ਼ਾ ਅਮੂਰਤ ਸ਼ਬਦ ਹੈ, ਜਿਸ ਦੀ ਕੋਈ ਹੋਂਦ ਨਹੀਂ, ਫਿਰ ਵੀ ਇਹ ਸੰਕਲਪ ਸਾਡੇ ਸਮਾਜਿਕ ਵਰਤਾਰਿਆਂ ਦਾ ਅਹਿਮ ਹਿੱਸਾ ਬਣਿਆ ਹੋਇਆ ਹੈ। ਸਾਡੇ ਅੰਤਰੀਵ ਉੱਪਰ ਬਾਹਰਮੁਖੀ ਹਾਲਤਾਂ ਦਾ ਪ੍ਰਭਾਵ ਤੇ ਉਸ ਦਾ ਦਿਮਾਗ ਦੁਆਰਾ ਮਹਿਸੂਸੀਕਰਨ ਮਨ ਦੀ ਪਰਿਭਾਸ਼ਾ ਨਿਸ਼ਚਿਤ ਕਰਦਾ ਹੈ। ਬਾਹਰਮੁਖੀ ਜਗਤ ਵਿੱਚ ਹੀ ਇਸ ਦਾ ਆਧਾਰ ਹੈ। ਅੰਤਰਮੁਖਤਾ ਆਪਣੇ ਆਪ ਵਿੱਚ ਕੋਈ ਅਰਥ ਨਹੀਂ ਰੱਖਦੀ, ਇਸ ਦੇ ਜੇ ਕੋਈ ਅਰਥ ਹਨ ਤਾਂ ਬਾਹਰਮੁਖਤਾ ਕਾਰਨ ਹੀ ਹਨ। ਇਸ ਦੇ ਨਾਲ ਜੀਵਨ ਮੁਕਤੀ ਦਾ ਵਿਚਾਰ ਜੁੜਿਆ ਹੋਇਆ ਹੈ ਕਿ ਆਪਣੇ-ਆਪ ਨੂੰ ਭੁੱਲ ਕੇ ਕਿਸੇ ਅਗੰਮ ਵਿੱਚ ਅਭੇਦ ਹੋਣਾ ਹੀ ਮੁਕਤੀ ਹੈ। ਵਿਚਾਰ ਵੀ ਪਦਾਰਥਵਾਦੀ ਵਿਕਾਸ ਪ੍ਰਕਿਰਿਆ ਤੋਂ ਪੈਦਾ ਹੋਇਆ ਹੈ, ਪਰ ਅਵਿਗਿਆਨਕ ਸਮਝ ਦੀ ਅਣਹੋਂਦ ਕਾਰਨ ਇਸ ਦੀਆਂ ਜੜ੍ਹਾਂ ਅਤੀਤ ਦੀਆਂ ਜੜ੍ਹਵਾਦੀ ਅੰਤਰਮੁਖਤਾ ਵਿੱਚ ਪਈਆਂ ਹਨ।

ਇਹ ਮੰਨ ਲਿਆ ਜਾਣਾ ਚਾਹੀਦਾ ਹੈ ਕਿ ਹਰ ਯੁੱਗ ਦਾ ਆਪਣਾ ਬਾਹਰਮੁਖੀ ਯਥਾਰਥ ਹੁੰਦਾ ਹੈ। ਸਮੇਂ ਦਾ ਆਪਣਾ ਸੱਚ ਹੁੰਦਾ, ਜੋ ਸਮੇਂ ਨਾਲ ਉਮਰ ਵਿਹਾ ਜਾਂਦਾ ਹੈ।ਮੈਂ ਇਸ ਵਰਤਾਰੇ ਨੂੰ ਇਤਿਹਾਸਕ ਵਿਕਾਸ ਪ੍ਰਕਿਰਿਆ ਵਿੱਚ ਦੇਖਦਾ ਹਾਂ। ਇੱਕ ਯੁੱਗ ਅਜਿਹਾ ਸੀ ਤਾਂ ਜੋ ਅੰਤਰਮੁਖਤਾ ਨੂੰ ਹੀ ਸੰਚਾਲਕ ਸ਼ਕਤੀ ਮੰਨਦਾ ਸੀ, ਜਿਸ ਮੁਤਾਬਕ ਇਹ ਦਰਸਾਉਣ ਦਾ ਵਿਚਾਰ ਪੈਦਾ ਹੋਇਆ ਕਿ ਵਿਅਕਤੀ ਦੇ ਹੱਥ ਵੱਸ ਕੁੱਝ ਨਹੀਂ, ਇਹ ਅਗੰਮ ਦੇ ਹੁਕਮ ਵਿੱਚ ਹੀ ਸਭ ਕੁੱਝ ਚੱਲਦਾ ਹੈ।

ਪਹਿਲਾਂ ਬਾਹਰਮੁਖੀ ਅਤੇ ਅੰਤਰਮੁਖੀ ਸ਼ਬਦਾਂ ਦੇ ਸੰਸਾਰ ਨੂੰ ਸਮਝਣ ਦਾ ਯਤਨ ਕਰੀਏ। ਬਾਹਰਮੁਖੀ ਹਾਲਤਾਂ ਪਦਾਰਥਵਾਦੀ ਜਗਤ ਨਾਲ ਸੰਬੰਧਤ ਹਨ ਅਤੇ ਇੱਕ-ਦੂਜੇ ਨਾਲ ਖਹਿਸਰ ਦੇ ਸਿਧਾਂਤ ਨਾਲ ਗਤੀਸ਼ੀਲ ਰਹਿੰਦੀਆਂ ਹਨ। ਵਿਰੋਧ ਵਿਕਾਸੀ ਪਦਾਰਥਵਾਦ ਦਾ ਸਿਧਾਂਤ ਸਾਨੂੰ ਸਮਝਾਉਂਦਾ ਹੈ ਕਿ ਮਾਦੇ ਦਾ ਵਿਕਾਸ ਉਸ ਦੀ ਅੰਦਰਲੀ ਸੰਚਾਲਕ ਸ਼ਕਤੀ ਦਾ ਚੁੰਬਕੀ ਸਿਧਾਂਤ ਅਨੁਸਾਰ ਦੋ ਵਿਰੋਧੀ ਜੁਜ਼ਾਂ ਦੀ ਖਹਿਸਰ ਕਾਰਨ ਹੀ ਹੁੰਦਾ ਹੈ।

ਸੈਂਕੜੇ ਸਾਲਾਂ ਤੋਂ ਇਹ ਗਿਆਨ ਹਾਵੀ ਰਿਹਾ ਕਿ ਵਿਚਾਰ ਹੀ ਅਸਲ ਸੰਚਾਲਕ ਸ਼ਕਤੀ ਹੈ, ਇਤਿਹਾਸ ਨੂੰ ਗਤੀਸ਼ੀਲ ਰੱਖਦਾ ਹੈ। ਵਿਚਾਰ ਦੇ ਇਸ ਗਿਆਨ ਨੂੰ ਉਲਟਾ ਕੇ ਵਿਗਿਆਨਕ ਸੱਚ ਨੂੰ ਉਜਾਗਰ ਕਰਨ ਵਾਲਾ ਸਿਧਾਂਤ ਹੋਂਦ ਵਿੱਚ ਆਇਆ ਤਾਂ ਇਹ ਗਿਆਨ ਸਾਹਮਣੇ ਆਇਆ ਕਿ ਪਦਾਰਥ ਹੀ ਗਿਆਨ ਦੇ ਵਿਕਾਸ ਦਾ ਰਥਵਾਨ ਹੈ, ਜੋ ਬ੍ਰਹਿਮੰਡ ਨੂੰ ਪਦਾਰਥਕ ਵਿਕਾਸ ਦੀ ਇਤਿਹਾਸਕ ਵਿਕਾਸ ਪ੍ਰਕਿਰਿਆ ਰਾਹੀਂ ਸਮਝਣ ਦਾ ਗਿਆਨ ਦਿੰਦਾ ਹੈ। ਕੋਈ ਵੀ ਗਿਆਨ ਕਿਸੇ ਵਿਅਕਤੀ ਦੇ ਅੰਦਰੋਂ ਪੈਦਾ ਨਹੀਂ ਹੁੰਦਾ, ਜਿਵੇਂ ਕਿ ਹੁਣ ਤੱਕ ਇਹ ਕਿਹਾ ਜਾਂਦਾ ਰਿਹਾ ਹੈ ਕਿ ਗਿਆਨ ਅਗੰਮ ਤੋਂ ਆਉਂਦਾ ਹੈ। ਪਦਾਰਥ ਯਾਨੀ ਬਾਹਰਮੁਖੀ ਯਥਾਰਥ ਹੀ ਮਨੁੱਖ ਦੀ ਸਮਝ, ਉਸ ਦੇ ਗਿਆਨ, ਪਦਾਰਥਵਾਦ ਅਤੇ ਵਿਚਾਰਵਾਦ ਦੀ ਸਮਝ ਵਿਕਸਤ ਕਰਦਾ ਹੈ। ਵਿਚਾਰਵਾਦ ਹੀ ਮਨੁੱਖ ਨੂੰ ਅੰਤਰਮੁਖਤਾ ਦਾ ਗੁਲਾਮ ਬਣਾਉਂਦਾ ਹੈ ਤੇ ਵਿਅਕਤੀ ਵਿਗਿਆਨਕ ਸੱਚ ਵੱਲ ਪਿੱਠ ਕਰਕੇ ਖੜ੍ਹ ਜਾਂਦਾ ਹੈ। ਵਿਗਿਆਨ ਕੀ ਹੈ? ਇਹ ਵਿਸ਼ਵ ਨੂੰ ਸਮਝਣ ਦਾ ਚਸ਼ਮਾ ਹੈ। ਜਿਵੇਂ ਇੱਕ ਫ਼ਲਸਫ਼ਾ ਸਦੀਆਂ ਤੋਂ ਹਾਵੀ ਰਿਹਾ ਕਿ ਇਹ ਸੰਸਾਰ ਝੂਠਾ ਹੈ, ਅਸਲ ਸੰਸਾਰ ਤਾਂ ਅਗੰਮ ਵਿੱਚ ਵਸਿਆ ਹੋਇਆ ਹੈ ਤੇ ਇਹ ਸੰਸਾਰ ਮਹਿਜ਼ ਉਸ ਦੀ ਪਰਛਾਈਂ ਹੈ।

ਵਿਗਿਆਨ ਸੱਚ ਦੇ ਵਿਦਵਾਨਾਂ ਨੇ ਫ਼ਲਸਫ਼ੇ ਦੀ ਕੰਗਾਲੀ ਦਾ ਜਵਾਬ ਦਿੰਦਿਆਂ ਇਹ ਗਿਆਨ ਵਿਕਸਤ ਕੀਤਾ ਕਿ ਉੱਪਰ ਕੋਈ ਸੰਸਾਰ ਨਹੀਂ ਹੈ, ਇਹ ਸੰਸਾਰ ਸੱਚਾਈ ਆਧਾਰਤ ਵਿਚਰ ਰਿਹਾ ਹੈ ਤੇ ਹਕੀਕੀ ਰੂਪ ਵਿੱਚ ਵਿਚਰ ਰਿਹਾ ਹੈ, ਨਾ ਕਿ ਪਰਛਾਂਈਂ ਦੇ ਰੂਪ ਵਿੱਚ। ਪਦਾਰਥਕ ਵਿਕਾਸ, ਇਤਿਹਾਸਕ ਵਿਕਾਸ ਪ੍ਰਕਿਰਿਆ ਅਤੇ ਵਿਚਾਰ ਵਿਕਾਸ ਦਾ ਲੱਖਾਂ ਤੇ ਕਰੋੜਾਂ ਸਾਲਾਂ ਦਾ ਇਤਿਹਾਸ ਹੈ ਜਦੋਂ ਤੋਂ ਮਨੁੱਖ ਨੇ ਮਾਸਾਹਾਰੀ ਜੀਵਨ ਤੋਂ ਅੱਗੇ ਸ਼ਾਕਾਹਾਰੀ ਜੀਵਨ ਦੀ ਸ਼ੁਰੂਆਤ ਕੀਤੀ। ਕੁਦਰਤ ਉੱਪਰ ਸੌ ਪ੍ਰਤੀਸ਼ਤ ਨਿਰਭਰਤਾ ਤੋਂ ਅੱਗੇ ਵਧ ਕੇ ਹੱਥੀਂ ਕਿਰਤ ਰਾਹੀਂ ਵਸਤਾਂ ਦੀ ਪੈਦਾਵਾਰ ਕਰਨ ਲੱਗਿਆ। ਕਿਰਤ ਦਾ ਇਹ ਵਿਕਾਸ ਹੀ ਇਤਿਹਾਸਕ ਵਿਕਾਸ ਦਾ ਰਥ ਹੈ, ਜਿਸ ਦੀ ਸਵਾਰੀ ਕਰਕੇ ਮਨੁੱਖ ਜੰਗਲੀ ਜੀਵ ਤੋਂ ਲੈ ਕੇ ਜਾਮੇ ਬਦਲਦਾ ਮਨੁੱਖੀ ਜਾਮੇ ਵਿੱਚ ਆਇਆ।

ਇਹ ਤਿੰਨੇ ਪਹਿਲੂ ਇੱਕ-ਦੂਜੇ ਦੇ ਪੂਰਕ ਹਨ, ਭਾਵ ਤਿੰਨੇ ਇੱਕ-ਦੂਜੇ ਦੇ ਨਾਲ ਕਰੰਘੜੀ ਪਾ ਕੇ ਚੱਲਦੇ ਹਨ। ਅਸਲ ਸੰਚਾਲਕ ਸ਼ਕਤੀ ਪਦਾਰਥ ਹੈ, ਜਿਵੇਂ-ਜਿਵੇਂ ਇਹ ਵਿਕਾਸ ਕਰਦਾ ਗਿਆ, ਮਨੁੱਖੀ ਇਤਿਹਾਸ ਇਸ ਦਾ ਅਨੁਸਾਰੀ ਹੋ ਕੇ ਵਿਕਾਸ ਕਰਦਾ ਰਿਹਾ ਤੇ ਇਸ ਵਿਕਾਸ ਪ੍ਰਕਿਰਿਆ ਨੇ ਹੀ ਸਾਡੇ ਗਿਆਨ ਨੂੰ ਪ੍ਰਭਾਵਿਤ ਕੀਤਾ ਹੈ। ਹਰ ਯੁੱਗ ਦੀਆਂ ਪਦਾਰਥਕ, ਇਤਿਹਾਸਕ ਹਾਲਤਾਂ ਨਾਲ ਹਮੇਸ਼ਾ ਤੋਂ ਗਿਆਨ ਵੀ ਬਦਲਦਾ ਰਿਹਾ ਹੈ। ਇਹ ਵੀ ਅਟੱਲ ਸਚਾਈ ਹੈ, ਬ੍ਰਹਿਮੰਡ ਖੜੋਤ ਵਿੱਚ ਨਹੀਂ। ਇਸ ਵਿਚਾਰ ਨੂੰ ਦੋ ਸੌਖਿਆਂ ਕਰਕੇ ਪੇਸ਼ ਕਰਨਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਕੁੱਝ ਵੀ ਖੜੋਤ ਵਿੱਚ ਨਹੀਂ। ਸਭ ਕੁੱਝ ਆਪਣੇ ਵਿਕਾਸ ਦੇ ਰਾਹ ਪਿਆ ਹੋਇਆ ਹੈ।

ਇਸ ਵਿਚਾਰ ਨੂੰ ਇਉਂ ਵੀ ਸਮਝਿਆ ਜਾ ਸਕਦਾ ਹੈ ਕਿ ਅੱਜ ਤੋਂ ਹਜ਼ਾਰਾਂ ਸਾਲ ਪਹਿਲਾਂ ਅੱਜ ਵਰਗਾ ਸੰਸਾਰ ਕਿਧਰੇ ਵੀ ਮੌਜੂਦ ਨਹੀਂ ਸੀ। ਬਹੁਤੀ ਦੂਰ ਨਾ ਵੀ ਜਾਈਏ, ਸੌ ਕੁ ਸਾਲ ਦੇ ਇਤਿਹਾਸ 'ਤੇ ਹੀ ਝਾਤੀ ਮਾਰ ਲਈਏ ਕਿ ਉਦੋਂ ਨਾਲੋਂ ਅੱਜ ਕਿੰਨਾ ਫ਼ਰਕ ਪਿਆ ਹੈ। ਇਹਨਾਂ ਵੀਹ ਕੁ ਸਾਲਾਂ ਦੇ ਵਕਫੇ ਵਿੱਚ ਪਦਾਰਥਕ ਵਿਕਾਸ ਨੇ ਉਂਗਲਾਂ ਦੰਦਾਂ ਵਿੱਚ ਟੁੱਕਣ ਦਾ ਦਿੱਤਾ ਹੈ। ਪਦਾਰਥਕ ਵਿਕਾਸ ਦੇ ਨਾਲ-ਨਾਲ ਜੀਵਨ ਵਿੱਚ ਆਈਆਂ ਤਬਦੀਲੀਆਂ ਤੇ ਇਸ ਤੋਂ ਅੱਗੇ ਸੀਮਾ ਭੰਗ ਕਰਨ ਵਾਲਾ ਗਿਆਨ ਦਾ ਵਿਕਾਸ ਅਮਲ ਵਿੱਚ ਪਏ ਮਨੁੱਖ ਦਾ ਹੀ ਕ੍ਰਿਸ਼ਮਾ ਹੈ। ਮੰਨ ਲਵੋ ਕਿ ਜੇਕਰ ਮਨੁੱਖ ਹੱਥ 'ਤੇ ਹੱਥ ਧਰ ਕੇ ਬੈਠਾ ਰਹੇ ਤਾਂ ਛੱਤੀ ਪ੍ਰਕਾਰ ਦੇ ਭੋਜਨ ਛੱਤ ਪਾੜ ਕੇ ਅਗੰਮ ਤੋਂ ਨਹੀਂ ਡਿੱਗਣਗੇ।

ਮਨੁੱਖੀ ਸਮਾਜ ਦੇ ਵਿਕਾਸ ਪਿੱਛੇ ਇੱਕ ਮਹੱਤਵਪੂਰਨ ਕਾਰਕ ਕਾਰਜਸ਼ੀਲ ਹੈ, ਉਹ ਇਹ ਕਿ ਮਨੁੱਖ ਨੇ ਕੁਦਰਤੀ ਵਰਤਾਰਿਆਂ ਨੂੰ ਸਮਝ ਕੇ ਉਨ੍ਹਾਂ ਨੂੰ ਆਪਣੀ ਕਾਰਜਸ਼ੈਲੀ ਦਾ ਹਿੱਸਾ ਬਣਾਇਆ ਤੇ ਅਮਲ ਵਿੱਚ ਲਿਆ ਕੇ ਸ਼ਿਲਪ ਸੱਭਿਆਚਾਰ ਸਿਰਜਿਆ। ਮੈਂ ਸਮਝਦਾ ਹਾਂ ਕਿ ਮਨੁੱਖ ਦੁਆਰਾ ਕੀਤੇ ਇਸ ਪਦਾਰਥਕ ਵਿਕਾਸ ਨੂੰ ਸ਼ਿਲਪ ਕਹਿਣਾ ਹੀ ਉਚਿੱਤ ਹੈ ਕਿਉਂਕਿ ਹਰ ਅਗਲੀ ਪੀੜ੍ਹੀ ਨੇ ਹਾਸਲ ਤਜਰਬੇ ਤੋਂ ਅੱਗੇ ਵਧ ਕੇ ਉਸ ਵਿੱਚ ਹੋਰ ਨਵੀਨਤਾ ਲਿਆਂਦੀ ਹੈ। ਇਹ ਨਵੀਨਤਾ ਦਰ ਨਵੀਨਤਾ ਦਾ ਸਿੱਟਾ ਹੀ ਹੈ ਅੱਜ ਤੱਕ ਦਾ ਹੈਰਾਨਕੁਨ ਵਿਕਾਸ। ਏਸ ਕਰਕੇ ਹੀ ਆਪਣੇ ਬਹੁਤ ਪੁਰਾਣੇ ਲੇਖ ਵਿੱਚ ਪਦਾਰਥਕ ਵਿਕਾਸ ਨੂੰ ਮੈਂ ਸ਼ਿਲਪ ਸੱਭਿਆਚਾਰ ਵਜੋਂ ਪਰਿਭਾਸ਼ਿਤ ਕੀਤਾ ਕਿ ਮਨੁੱਖ ਨੇ ਆਪਣੇ ਹੁਨਰ ਨੂੰ ਪਹਿਲੀ ਪੀੜ੍ਹੀ ਤੋਂ ਲਏ ਅਨੁਭਵ ਨੂੰ ਨਵੀਨਤਾ ਵਿੱਚ ਪੇਸ਼ ਕੀਤਾ।

ਇਸ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਅੱਜ-ਕੱਲ੍ਹ ਵਿਗਿਆਨ ਦਾ ਵਿਰੋਧ ਕਰਨ ਵਾਲੀਆਂ ਧਿਰਾਂ ਵਿਰੋਧ ਵੀ ਕਰਦੀਆਂ ਹਨ ਤੇ ਵਿਗਿਆਨ ਦੀਆਂ ਵਸਤਾਂ ਵੀ ਵਰਤ-ਵਿਹਾਰ ਦਾ ਹਿੱਸਾ ਬਣਾ ਕੇ ਰੱਖਦੀਆਂ ਹਨ। ਸਮਾਜਿਕ ਵਿਕਾਸ ਦੇ ਮਾਰਗ 'ਤੇ ਚੱਲਣ ਵਾਲੇ ਵਿਗਿਆਨਕ ਸੋਚ ਦੇ ਧਾਰਨੀ, ਵਿਕਾਸ ਦੇ ਵਿਰੋਧਵਿਕਾਸੀ ਸਿਧਾਂਤ ਨੂੰ ਲਾਗੂ ਕਰਨ ਲਈ ਅਮਲੀ ਤੌਰ 'ਤੇ ਸੰਘਰਸ਼ਸ਼ੀਲ ਹਨ। ਵਿਰੋਧ ਦੇ ਸਿਧਾਂਤ ਅਨੁਸਾਰ ਸਮਾਜ ਵਿਰੋਧੀ ਸ਼ਕਤੀਆਂ ਨੂੰ ਭਾਂਜ ਦੇਣ ਲਈ ਯਤਨਸ਼ੀਲ ਹਨ। ਇਸ ਵਕਤ ਮੁਲਕ ਜਿਸ ਤਰ੍ਹਾਂ ਦੇ ਨਾਂਹਪੱਖੀ ਦੌਰ 'ਚੋਂ ਲੰਘ ਰਿਹਾ ਹੈ, ਵਿਚਾਰਵਾਦੀਆਂ ਕੋਲ ਇਸ ਦਾ ਕੋਈ ਹੱਲ ਨਹੀਂ, ਜੇ ਹੱਲ ਹੈ ਤਾਂ ਵਿਗਿਆਨਕ ਪਦਾਰਥਵਾਦੀ ਦ੍ਰਿਸ਼ਟੀਕੋਣ ਨੂੰ ਹਥਿਆਰ ਬਣਾ ਕੇ ਤੁਰਨ ਵਾਲੇ ਉਨ੍ਹਾਂ ਸੰਘਰਸ਼ਸ਼ੀਲ ਤਬਕਿਆਂ ਕੋਲ ਹੀ ਹੈ, ਇਹ ਮੇਰਾ ਦਾਅਵਾ ਹੈ।

ਸੰਪਰਕ-94175-81936